ਕੁਲ ਸੰਸਾਰ ਇਕ ਪਰਿਵਾਰ....

# ਨਵੀਂ ਦੁਨੀਆ
# Nawi Dunia

Free


22 ਅਪ੍ਰੈਲ : ਕੌਮਾਂਤਰੀ ਧਰਤੀ ਦਿਵਸ

ਸਾਲ : 3 ਅੰਕ : 4 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਅਪ੍ਰੈਲ – 2012


ਏਸ਼ੀਅਨ ਮੂਲ ਦੇ 23 ਉਮੀਦਵਾਰ ਚੋਣ ਮੈਦਾਨ 'ਚ — ਪੰਨਾ-3

ਪੀ.ਪੀ.ਪੀ : ਪੈਰ ਪੁੱਟਦਿਆਂ ਹੀ ਲੜਕ ਗਈ — ਪੰਨਾ-9

ਮੈਂ ਦੂਰ-ਦੁਰਾਡੇ ਤੇ ਵਿਸਰੇ ਹੋਏ ਪਿੰਡ ਦਾ ਵਸਨੀਕ ਹਾਂ : ਮਹਿਮੂਦ ਦਰਵੇਸ਼ — ਪੰਨਾ-28

ਆਸਕਰ ਜੇਤੂ ਫਿਲਮਾਂ ਅਤੇ ਸਾਡੀ ਦੁਨੀਆ — ਪੰਨਾ-46


## ਅਲਬਰਟਾ ਸੂਬਾਈ ਚੋਣਾਂ 23 ਅਪ੍ਰੈਲ ਨੂੰ 87 ਸੀਟਾਂ 'ਤੇ ਕੁੱਲ 410 ਉਮੀਦਵਾਰ ਲੜਨਗੇ ਚੋਣ

ਐਡਮਿੰਟਨ, (ਨਦਬ) : ਜਿਉਂ-ਜਿਉਂ 23 ਅਪ੍ਰੈਲ ਦਾ ਦਿਨ ਨੇੜੇ ਆ ਰਿਹਾ ਹੈ, ਵੱਖੋ-ਵੱਖ ਪਾਰਟੀ ਉਮੀਦਵਾਰਾਂ ਦੀਆਂ ਅਲਬਰਟਾ ਵਿਧਾਨ ਸਭਾ ਲਈ ਚੋਣ ਸਰਗਮੀਆਂ ਪੂਰੇ ਜ਼ੋਰਾਂ ਤੇ ਹਨ। 1971 ਤੋਂ ਲਗਾਤਾਰ 11 ਵਾਰ ਅਲਬਰਟਾ ਦੀ ਸੱਤਾ 'ਤੇ ਕਾਬਜ਼ ਰਹੀ ਪ੍ਰੋਗਰੈਸਿਵ ਕੰਜਰਵੇਟਿਵ ਪਾਰਟੀ (ਪੀ.ਸੀ. ਪਾਰਟੀ), ਵਾਈਲਡਰੋਜ਼ ਪਾਰਟੀ ਮੁਕਾਬਲੇ 'ਚ ਆ ਜਾਣ ਕਾਰਨ 23 ਅਪ੍ਰੈਲ ਨੂੰ ਹੋਣ ਜਾ ਰਹੀਆਂ 27ਵੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਆਪਣਾ ਕਬਜ਼ਾ ਬਰਕਰਾਰ ਰੱਖਣ ਲਈ ਸਖ਼ਤ ਮੁਕਾਬਲੇ ਵਿਚ ਹੈ। ਪੀ ਸੀ ਪਾਰਟੀ ਅਤੇ ਵਾਈਲਡਰੋਜ਼ ਪਾਰਟੀ ਵਿਚਾਲੇ ਸੱਜੇ-ਪੱਖੀ ਵੋਟਾਂ ਦੀ ਦੁਫਾੜ ਦਾ, ਵਿਰੋਧੀ ਪਾਰਟੀਆਂ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.), ਲਿਬਰਲਜ਼ ਲਾਹਾ ਲੈਣ ਦੇ ਰੌਂਅ ਵਿਚ ਹਨ।

23 ਅਪ੍ਰੈਲ ਨੂੰ ਅਲਬਰਟਾ ਵਿਧਾਨ ਸਭਾ ਚੋਣ ਲਈ 87 ਸੀਟਾਂ 'ਤੇ ਹੋਣ ਜਾ ਰਹੀਆਂ ਚੋਣਾਂ ਵਿਚ ਕੁੱਲ 410 ਉਮੀਦਵਾਰ ਆਪੋ ਆਪਣੀ ਕਿਸਮਤ ਅਜ਼ਮਾਉਣਗੇ। ਇਨ੍ਹਾਂ ਉਮੀਦਵਾਰਾਂ ਵਿਚੋਂ 33 ਅਲਬਰਟਾ ਪਾਰਟੀ, 2 ਕਮਿਊਨਿਸਟ ਪਾਰਟੀ, 25 ਐਵਰਗ੍ਰੀਨ ਪਾਰਟੀ, 87



ਲਿਬਰਲ ਪਾਰਟੀ, 87 ਪੀ.ਸੀ. ਪਾਰਟੀ, 87 ਵਾਈਲਡਰੋਜ਼ ਪਾਰਟੀ ਅਤੇ 2 ਉਮੀਦਵਾਰ ਸ਼ੋਸਲ ਕਰੈਡਿਟ ਪਾਰਟੀ ਦੇ ਹੋਣਗੇ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸੰਨ 2008 ਦੀ ਅਲਬਰਟਾ ਵਿਧਾਨ ਸਭਾ ਦੇ ਕੁੱਲ 81 ਹਲਕੇ ਸਨ, ਜਿਨ੍ਹਾਂ ਨੂੰ ਇਸ ਵਾਰ ਵਧਾ ਕੇ 87 ਕਰ ਦਿੱਤਾ ਗਿਆ ਹੈ। ਵਧਾਏ ਹੋਏ ਹਲਕਿਆਂ ਵਿਚੋਂ 2 ਐਡਮਿੰਟਨ ਅਤੇ 4 ਹਲਕੇ ਕੈਲਗਰੀ ਤੋਂ ਨਵੇਂ ਜੋੜੇ ਗਏ ਹਨ ਅਤੇ ਹੁਣ ਸਰਕਾਰ ਬਣਾਉਣ ਲਈ ਘੱਟੋ-ਘੱਟ 44 ਸੀਟਾਂ ਪ੍ਰਾਪਤ ਕਰਨੀਆਂ ਹੋਣਗੀਆਂ।

ਬਾਕੀ ਸਫ਼ਾ 3 'ਤੇ

## ਕੈਨੇਡਾ ਮੋੜੇਗਾ ਹੁਨਰਮੰਦ ਸ਼੍ਰੇਣੀ ਦੀਆਂ 2 ਲੱਖ ਅਰਜ਼ੀਆਂ ਤੇ ਫੀਸਾਂ

ਟੋਰਾਂਟੋ, (ਨਦਬ): ਜਦ ਤੋਂ ਕੰਜ਼ਰਵੇਟਿਵ ਪਾਰਟੀ ਨੇ ਬਹੁਮੱਤ ਵਿਚ ਆ ਕੇ ਸੱਤਾ ਹਥਿਆਈ ਹੈ ਨਿੱਤ ਨਵੇਂ ਰੰਗ ਵਿਖਾ ਰਹੀ ਹੈ ਅਤੇ ਖਾਸ ਕਰ ਪਰਵਾਸ ਦੇ ਕਾਨੂੰਨਾਂ ਵਿੱਚ ਭਾਰੀ ਫੇਰਬਦਲ ਕੀਤੇ ਜਾ ਰਹੇ ਹਨ। ਹੁਣ ਫੇਰ ਸਰਕਾਰ ਨੇ ਅਹਿਮ ਫੈਸਲੇ ਵਿੱਚ ਹੁਨਰਮੰਦ ਸ਼੍ਰੇਣੀ ਵਿੱਚ ਕੈਨੇਡਾ ਆਉਣ ਦੀ ਉਡੀਕ ਕਰਨ ਵਾਲੇ ਕੋਈ 2 ਲੱਖ ਲੋਕਾਂ ਦੀਆਂ ਦਰਖਾਸਤਾਂ ਮੋੜਨ ਦਾ ਐਲਾਨ ਕਰਕੇ ਵੱਡਾ ਝਟਕਾ ਦਿੱਤਾ ਹੈ। 27 ਫਰਵਰੀ, 2008 ਤੋਂ ਪਹਿਲਾਂ ਦਰਖਾਸਤਾਂ ਦੇਣ ਵਾਲਿਆਂ ਦੀਆਂ ਫੀਸਾਂ ਵੀ ਵਾਪਸ ਮੋੜ ਦੇਣ ਦਾ ਐਲਾਨ ਹੋਇਆ ਹੈ ਅਤੇ ਇਹ ਮੋੜ ਮੁੜਾਈ ਕੈਨੇਡਾ ਨੂੰ 13 ਕਰੋੜ ਡਾਲਰਾਂ 'ਚ ਪਵੇਗੀ, ਪਰ ਦਰਖਾਸਤਕਾਰਾਂ ਦੀ ਸਾਲਾਂਬੱਧੀ ਉਡੀਕ ਅਤੇ ਖੱਜਲ-ਖੁਆਰੀ ਦਾ ਕੋਈ ਮੁੱਲ ਨਹੀ ਮੋੜਿਆ ਜਾ ਰਿਹਾ। ਇਨ੍ਹਾਂ ਲੋਕਾਂ ਨੂੰ ਹੁਣ ਨਵੇਂ ਪ੍ਰੋਗਰਾਮ ਤਹਿਤ ਨਵੇਂ ਸਿਰਿਉਂ ਅਰਜ਼ੀਆਂ ਦੇਣ ਲਈ ਕਿਹਾ ਗਿਆ ਹੈ ਅਤੇ ਇਸ ਦੀ ਸੀਮਾ ਵੀ ਨਿਰਧਾਰਤ ਕੀਤੀ ਗਈ ਹੈ।

ਪਿਛਲੇ ਸਾਲ ਸਰਕਾਰ ਨੇ ਮਾਪਿਆਂ ਅਤੇ ਬਜ਼ੁਰਗਾਂ ਦੀਆਂ ਦਰਖਾਸਤਾਂ ਰੋਕ ਦਿੱਤੀਆਂ ਸਨ ਅਤੇ ਹੁਣ ਹੁਨਰਮੰਦ ਸ਼੍ਰੇਣੀ ਤਹਿਤ 2008 ਤੋਂ ਪਹਿਲਾਂ ਵਾਲੀਆਂ ਦਰਖਾਸਤਾਂ ਵਾਪਸ ਕਰਕੇ ਨਵਾਂ ਪੈਂਤੜਾ ਦਿਖਾਇਆ ਹੈ। ਬੀਤੇ ਦਿਨ ਪੇਸ਼ ਕੀਤੇ ਬਜਟ ਵਿੱਚ ਕਿਹਾ ਗਿਆ ਹੈ ਕਿ ਅਰਜ਼ੀਆਂ ਦੇ ਢੇਰ ਨੂੰ ਮੁਕਾਉਣ ਦਾ ਹੋਰ ਕੋਈ ਰਾਹ ਨਹੀ ਸੀ । ਜੇਸਨ ਕੈਨੀ ਦੀ ਇਸ ਪਰਵਾਸ ਪ੍ਰਣਾਲੀ ਸੋਧ ਮੁਹਿੰਮ ਤਹਿਤ ਕੈਨੇਡਾ ਵਿੱਚ ਕਾਮਿਆਂ ਦੀ ਭਵਿੱਖੀ ਥੁੜ੍ਹ ਨੂੰ ਪੂਰਨ ਵਾਸਤੇ ਹੁਨਰਮੰਦ ਅਤੇ ਮਾਹਰ ਆਵਾਸੀਆਂ ਨੂੰ ਸੱਦਣ ਦਾ ਤਹੱਈਆ ਕੀਤਾ ਗਿਆ ਹੈ ।

ਇਸ ਬੱਜਟ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਸਰਕਾਰ ਦਾ ਇਰਾਦਾ ਬਾਹਰ ਤੋਂ ਆਵਾਸੀ ਸੱਦਣ ਦੀ ਬਜਾਏ ਬੇਰੁਜ਼ਗਾਰੀ ਦੀ ਮਾਰ ਸਹਿ ਰਹੇ ਸਥਾਨਕ ਕੈਨੇਡੀਅਨਾਂ ਨੂੰ ਤਰਜੀਹ ਦੇ ਆਧਾਰ 'ਤੇ ਕੰਮ ਦਿੱਤੇ ਜਾਣ। ਆਵਾਸ ਮਹਿਕਮੇ ਵੱਲੋਂ ਅਜਿਹਾ ਢਾਂਚਾ ਬਣਾਇਆ ਜਾ ਰਿਹਾ ਹੈ ਜਿਸ ਤਹਿਤ ਨੌਕਰੀਦਾਤਾ ਵਿਦੇਸ਼ਾਂ ਤੋਂ ਕੱਚੇ ਕਾਮਿਆਂ ਨੂੰ ਉਸ ਸੂਰਤ ਵਿਚ ਇੱਥੇ ਸੱਦ ਕੇ ਕੰਮ ਨਾ ਦੇਣ, ਜਿਸ ਵਾਸਤੇ ਸਥਾਨਕ ਕਾਮੇ ਉਪਲੱਬਧ ਹੋਣ।


ਅਲਬਰਟਾ ਸੂਬੇ ਦੀ ਬੇਹਤਰੀ, ਵਧੀਆ ਸਿਹਤ ਸੇਵਾਵਾਂ, ਸਿਖਿਆ ਅਤੇ ਬੱਚਿਆਂ ਦੇ ਉੱਜਲ ਭਵਿੱਖ ਲਈ ✓ ਸੁਹੇਲ ਕਾਦਰੀ

ELECT

PC Alberta

✓Sohail Quadri

PC Alberta Candidate, Edmonton-Mill Woods

"I'm running to keep our province on the right track by Investing in Healthcare, Education and Our Children's Future."

Proven Track Record in Leadership & Entrepreneurship

To share your views and concerns please call me at 780.850.4080

squadri@shaw.ca quadri.votepc.ca

Roof Trusses
Floor Systems
Lumber - Stairs

ZyTech BUILDING SYSTEMS INC.

High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter

ਰਘੁਬੀਰ ਸਿੰਘ ਭੰਡਾਲ 780 554 9192

ਜਸਪਾਲ ਸਿੰਘ ਭੰਡਾਲ 403 226 7136






3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
BETTYGILL@DOMINIONLENDING.CA
WWW.BETTYGILL.CA

LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation
Sarjan Luthra B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh

On April 23rd vote
MIKE SHAIKH FOR SENATE
FOR A STRONG, SECURE ALBERTA
It's vital for Canadians to understand the importance of securing markets for Alberta's natural resources. I'll represent your interests in Ottawa.
ELECTED EFFECTIVE
PC Alberta | MIKEFORSENATE.CA



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal In Town
3 For 1
Any 3 Toppings 12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza ✪ Vegetarian ✪ Supreme Special ✪ Chicken Special ✪ The Pasta Niche



Kuldip S. Powar

# POWAR HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# HARRY`S EXCAVATING
PH: 780-918-2252



**Specialist in :**
**Digging Basements & All Kind Of Services**

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

# EXCEL TAX & BUSINESS SOLUTIONS INC.

Our Goal : Client Satisfaction | Net Filling, Quick Refund

**Specializing:**
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

## Call: Pritpal Kooner

Ph: 780-469-4985 Fax: 780-469-4926 Cell: 780-952-2860
exceltax@yahoo.ca
Unit# 207 9254 - 34A Ave, Edmonton AB T6E 5P4
(Above Sabji Mandi)

Evening & Weekend with Appointments only

# DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication

Do Service on Remote Locations Including Weighing Scales
Vehicle Inpection By Certified Mechanics

Enough Parking Space

Call: Manjit S.Khosa, Garry Dhaliwal
**Ph: 780-298-1114, 780-993-4441**
6609 34 St. Edmonton. Alberta.

Eagle Rock Golf Course

# EAGLEROCK GOLF COURSE
50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# WILDROSE MASONARY & STONE WORKS



Commertial & Residential

Ph: 780 340 1400
Off: 780 450 1413
Fax: 780 490 4888

Dave Johal

Culture Stone | Bricks
Blocks | Glass Blocks



ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ

email:wildrosemasonary@live.ca ✦ 1404-69th St. SW Edmonton, AB T6L 1L4

# STP ELECTRIC LTD.

stpelectric@hotmail.com
Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ



# ALPHA
Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**





Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**

ਸਫ਼ਾ 1 ਦੀ ਬਾਕੀ






ਪਾਰਟੀ ਲੀਡਰਾਂ ਦੀ ਸਥਿਤੀ 'ਤੇ ਝਾਤ ਮਾਰਦਿਆਂ ਇਕ ਗੱਲ ਸਪਸ਼ਟ ਹੈ ਕਿ ਪੀ.ਸੀ ਪਾਰਟੀ ਦੀ ਲੀਡਰ ਐਲੀਸਨ ਰੈਡਫੋਰਡ ਜਿਸ ਨੇ ਇਸ ਵਾਰ ਸੱਤਾਧਾਰੀ ਪਾਰਟੀ ਦੀ ਵਾਗਡੋਰ ਸੰਭਾਲੀ ਹੈ, ਨੇ ਵਾਈਲਡਰੋਜ, ਐਨ.ਡੀ.ਪੀ ਤੇ ਲਿਬਰਲ ਪਾਰਟੀਆਂ ਨੂੰ ਸਖ਼ਤ ਚਣੌਤੀ ਮੰਨਦਿਆਂ ਆਪਣੀ ਚੋਣ ਮੁਹਿੰਮ ਨੂੰ ਯੋਜਨਾ-ਬੱਧ ਢੰਗ ਨਾਲ ਚਲਾਇਆ ਜਾ ਰਿਹਾ ਹੈ। ਉਹ ਵਾਰ-ਵਾਰ ਅਲਬਰਟਾ ਵਾਸੀਆਂ ਨੂੰ ਸੂਬੇ ਦੀ ਖੁਸ਼ਹਾਲੀ ਤੇ ਵਿਕਾਸ ਲਈ ਪੀ.ਸੀ ਪਾਰਟੀ ਨੂੰ 12ਵੀਂ ਵਾਰ ਸੱਤਾ ਵਿਚ ਲਿਆਉਣ ਦੀਆਂ ਅਪੀਲਾਂ ਕਰ ਰਹੇ ਹਨ। ਜਦ ਕਿ ਵਾਇਲਡਰੋਜ਼ ਪਾਰਟੀ ਦੀ ਲੀਡਰ ਡੈਨੀਅਲ ਸਮਿੱਥ ਵੀ ਆਪਣੀ ਤੇਜ਼ ਤਰਾਰੀ ਕਰਕੇ ਪੀ.ਸੀ. ਪਾਰਟੀ ਨੂੰ ਭਾਂਜ ਦੇਣ ਦੇ ਯਤਨਾਂ ਵਿਚ ਹਨ। ਡੈਨੀਅਲ ਸਮਿੱਥ ਵੱਲੋਂ ਪੀ.ਸੀ ਪਾਰਟੀ 'ਤੇ ਸੱਤਾ ਵਿਚ ਰਹਿੰਦਿਆਂ ਆਪਣੇ ਵਾਅਦੇ ਪੂਰੇ ਨਾ ਕਰਨ ਦੇ ਮੋੜਵੇਂ ਜਵਾਬ ਦਿੱਤੇ ਜਾ ਰਹੇ ਹਨ। ਇਸ ਦੇ ਨਾਲ ਹੀ ਇਨ੍ਹਾਂ ਦੋਹਾਂ ਪਾਰਟੀਆਂ ਨੂੰ ਇਕੋ ਪਹਿਲੂ ਦੇ ਦੋ ਸਿੱਕੇ ਮੰਨਣ ਵਾਲੇ ਐਨ.ਡੀ.ਪੀ ਆਗੂ ਬਰਾਇਨ ਮੈਗਸਨ ਇਨ੍ਹਾਂ ਦੋਹਾਂ ਦੀ ਦੋਫ਼ਾੜ 'ਚੋ ਆਪਣਾ ਸਿੱਧਾ-ਸਿੱਧਾ ਫਾਇਦਾ ਹੁੰਦਾ ਵੇਖ ਰਹੇ ਹਨ। ਬਰਾਇਨ ਦਾ ਮੰਨਣਾ ਹੈ ਕਿ ਵਾਈਲਡਰੋਜ਼ ਤੇ ਪੀ.ਸੀ ਪਾਰਟੀ ਇਕੋ ਸਿੱਕੇ ਦੇ ਦੋ ਪਹਿਲੂ ਹਨ, ਇਸ ਲਈ ਇਨ੍ਹਾਂ ਦੇ ਵੋਟਰ ਵੰਡੇ ਜਾਣ ਨਾਲ ਐਨ.ਡੀ.ਪੀ ਨੂੰ ਸਿੱਧਾ ਲਾਭ ਹੋਵੇਗਾ। ਉਧਰ ਲਿਬਰਲ ਆਗੂ ਡਾ. ਰਾਜ ਸਰਮਨ ਵੀ ਵੋਟ-ਵੰਡ ਦੇ ਗਣਿਤ ਸਹਾਰੇ ਫਾਇਦਾ ਲੈਣ ਦੀ ਤਾਕ 'ਚ ਹਨ। ਰਾਜ ਘਰ-ਘਰ ਪ੍ਰਚਾਰ ਕਰਨ ਨੂੰ ਅਹਿਮੀਅਤ ਦੇ ਰਹੇ ਹਨ।

## ਏਸ਼ੀਅਨ ਮੂਲ ਦੇ 23 ਉਮੀਦਵਾਰ ਵੱਖੋ-ਵੱਖ ਰਾਜਨੀਤਿਕ ਪਾਰਟੀਆਂ ਵਲੋਂ ਚੋਣ ਮੈਦਾਨ 'ਚ

ਅਲਬਰਟਾ ਵਿਧਾਨ ਸਭਾ ਚੋਣਾਂ 'ਚ ਇਸ ਵਾਰ ਏਸ਼ੀਅਨ ਮੂਲ ਦੇ ਕਰੀਬ 23 ਉਮੀਦਵਾਰ ਵੱਖੋ-ਵੱਖ ਰਾਜਨੀਤਿਕ ਪਾਰਟੀਆਂ ਵਲੋਂ ਚੋਣ ਮੈਦਾਨ 'ਚ ਹਨ। ਜੇਕਰ ਪੁਰਾਣੇ ਵਿਧਾਨਕਾਰਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਵਿਚ ਐਡਮਿੰਟਨ ਦੇ ਹਲਕਾ ਐਲਰਸਲੀ ਤੋਂ ਨਰੇਸ਼ ਭਾਰਦਵਾਜ, ਮੈਡੋਲਾਰਕ ਤੋਂ ਡਾ. ਰਾਜ ਸ਼ਰਮਨ, ਮੈਨਿੰਗ ਤੋਂ ਪੀਟਰ ਸੰਧੂ, ਕੈਲਗਿਰੀ ਦੇ ਹਲਕਾ ਮੈਕਾਲ ਤੋਂ ਦਰਸ਼ਨ ਸਿੰਘ ਕੰਗ, ਗਰੀਨ ਵੇਅ ਤੋਂ ਮਨਮੀਤ ਸਿੰਘ ਭੁੱਲਰ ਸ਼ਾਮਿਲ ਹਨ। ਜਦ ਕਿ ਨਵੇਂ ਚਿਹਰਿਆਂ ਵਿਚ ਐਡਮਿੰਟਨ ਦੇ ਹਲਕਾ ਮਿਲਵੁਡਜ਼ ਤੋਂ ਸੁਹੇਲ ਕਾਦਰੀ, ਐਡਮਿੰਟਨ ਸੈਂਟਰ ਤੋਂ ਆਕਾਸ਼ ਖੋਖਰ, ਰਿਵਰ ਵਿਊ ਤੋਂ ਆਰਿਫ਼ ਖ਼ਾਨ, ਕੈਲਗਰੀ ਦੇ ਹਲਕਾ ਮੈਕਾਲ ਤੋਂ ਮੁਹੰਮਦ ਰਸ਼ੀਦ, ਕਰਾਸ ਤੋਂ ਹੈਪੀ ਮਾਨ, ਈਸਟ ਤੋਂ ਜੱਸੀ ਮਿਨਹਾਸ, ਫੋਰਟ ਤੋਂ ਜੀਵਨ ਮਾਂਗਟ, ਬਫ਼ਲੋ ਤੋਂ ਜੈਮੀ ਲਾਲ, ਫ਼ਿਸ਼ ਕਰਿਕ ਤੋਂ ਨਾਜ਼ੀਰ ਰਹਿਮਤੁੱਲਾ, ਗਰਨਿ ਵੇਅ ਤੋਂ ਇਕਤਿਆਰ ਅਵਨ, ਸ਼ਾਅ ਤੋਂ ਫਾਰੁਖ ਅਦਿਤਿਆ, ਕੈਲਗਰੀ ਨਾਰਥ ਹਿੱਲ ਤੋਂ ਪ੍ਰਸ਼ਾਦ ਪਾਂਡਾ, ਡਰੰਮ ਹਿਲ ਤੋਂ ਆਦਿਤਿਆ ਰਾਓ, ਲਿੱਥ ਬਰਿਜ਼ ਵੈਸਟ ਤੋਂ ਬੱਲ ਬੂਰਾ, ਸੇਂਟ ਅਲਬਰਟ ਤੋਂ ਸਟਿਫ਼ਨ ਖ਼ਾਨ ਸ਼ਾਮਿਲ ਹਨ।


ਦਰਸ਼ਨ ਕੰਗ


ਸੁਹੇਲ ਕਾਦਰੀ


ਪੀਟਰ ਸੰਧੂ


ਨਰੇਸ਼ ਭਾਰਦਵਾਜ


ਆਕਾਸ਼ ਖੋਖਰ


ਆਦਿਤਿਆ ਰਾਓ


ਹੈਪੀ ਮਾਨ


ਮਨਮੀਤ ਭੁੱਲਰ

## ਕੈਨੇਡਾ ਦੇ ਬਜਟ 'ਚ 19 ਹਜ਼ਾਰ ਨੌਕਰੀਆਂ ਦੀ ਕਟੌਤੀ

ਕੈਨੇਡਾ ਦੇ ਸਾਲ 2012 ਦੇ ਬਜਟ ਵਿਚ ਆਗਾਮੀ ਤਿੰਨ ਸਾਲਾਂ ਦੌਰਾਨ ਜਨਤਕ ਸੇਵਾਵਾਂ ''ਚ 19 ਹਜ਼ਾਰ ਤੋਂ ਵੱਧ ਨੌਕਰੀਆਂ ਕੱਟਣ, ਪੈਨੀ ਦੇ ਸਿੱਕੇ ਬੰਦ ਕਰਨ, ਵਿਭਾਗੀ ਖਰਚਿਆਂ ਨੂੰ 5.2 ਡਾਲਰ ਘਟਾਉਣ, ਬੁਢਾਪਾ ਭੱਤੇ ਲਈ ਉਮਰ ਯੋਗਤਾ 'ਚ ਵਾਧੇ ਤੇ ਸੇਵਾਮੁਕਤ ਉਮਰ ਤਬਦੀਲੀ ਕਰਨ ਵਰਗੇ ਅਹਿਮ ਮੁੱਦੇ ਸ਼ਾਮਲ ਕੀਤੇ ਗਏ ਹਨ। ਵਿੱਤ ਮੰਤਰੀ ਜਿੰਮ ਫਲਾਹਰਟੀ ਨੇ ਕਿਹਾ ਕਿ ਬਜਟ ਸਮੇਂ ਦੀ ਨਬਜ਼ ਟਟੋਲ ਕੇ ਉਲੀਕਿਆ ਗਿਆ ਹੈ ਅਤੇ ਇਹ ਸਾਰੇ ਮੁੱਦੇ ਘਾਟੇ ਨੂੰ ਘਟਾਉਣ ਲਈ ਜ਼ਰੂਰੀ ਸਨ। ਮੰਤਰੀ ਮੁਤਾਬਕ ਇਹ ਕਟੌਤੀਆਂ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਲਈ ਕੀਤੀਆਂ ਗਈਆਂ ਹਨ। ਉਧਰ ਵਿਰੋਧੀ ਧਿਰਾਂ ਨੂੰ ਇਹ ਬਜਟ ਪ੍ਰਵਾਨ ਨਹੀਂ, ਸਰਕਾਰ ਹੁਣ ਬਹੁਮਤ ਵਿਚ ਹੈ ਇਸ ਲਈ ਉਸ ਨੂੰ ਵਿਰੋਧ ਦਾ ਕੋਈ ਫਰਕ ਨਹੀਂ ਪੈਣ ਵਾਲਾ।

ਇਸ ਸਾਲ ਦੇ ਕੇਂਦਰੀ ਬਜਟ ਵਿਚ 21 ਅਰਬ ਡਾਲਰ ਦਾ ਘਾਟਾ ਵਿਖਾਇਆ ਗਿਆ ਹੈ ਜਿਸ ਨੂੰ ਵਿੱਤ ਮੰਤਰੀ ਵੱਲੋਂ 2016 ਤੱਕ ਸਾਵਾਂ ਕਰ ਲੈਣ ਦੀ ਗੱਲ ਕਹੀ ਗਈ ਹੈ। ਇਸ ਬਜਟ ਮੁਤਾਬਕ ਵਿਦੇਸ਼ਾਂ ਵਿਚ ਮੌਜੂਦ 8.0 ਕਰੋੜ ਡਾਲਰ ਕੀਮਤ ਦੀਆਂ ਕੁਝ ਰਿਹਾਇਸ਼ਾਂ ਵੇਚੀਆਂ ਜਾਣਗੀਆਂ। ਵਿਦੇਸ਼ੀ ਇਮਦਾਦ ਲਈ ਦਿੱਤੀ ਜਾਂਦੀ ਰਾਸ਼ੀ ਵਿਚ 37.8 ਕਰੋੜ ਡਾਲਰ ਕੱਟੇ ਜਾਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਕੌਮੀ ਰੱਖਿਆ ਮੰਤਰਾਲੇ ਦੇ ਬਜਟ ਨੂੰ 32.6 ਕਰੋੜ ਡਾਲਰ ਘਟਾਇਆ ਜਾਵੇਗਾ। ਬਜ਼ੁਰਗਾਂ ਨੂੰ ਮਿਲਦੇ ਭੱਤੇ 'ਓਲਡ ਏਜ ਸਕਿਉਰਿਟੀ' ਲਈ ਯੋਗਤਾ ਦੀ ਉਮਰ 65 ਤੋਂ ਵਧਾ ਕੇ 67 ਸਾਲ ਕਰ ਦਿੱਤੀ ਗਈ ਹੈ ਇਸ ਤੋਂ ਇਲਾਵਾ ਕੇਂਦਰੀ ਜਨਤਕ ਸੇਵਾ ਕਰਮੀਆਂ ਦੀ ਸੇਵਾਮੁਕਤੀ ਦੀ ਉਮਰ 60 ਤੋਂ 65 ਸਾਲ ਕਰਨ ਦੀ ਵੀ ਯੋਜਨਾ ਹੈ। ਮੁਲਕ ਦੀ ਕਰੰਸੀ ਦੇ ਸਭ ਤੋਂ ਛੋਟੇ ਸਿੱਕੇ 'ਪੈਨੀ' ਨੂੰ ਬਣਾਉਣਾ ਬੰਦ ਕਰਨ ਦਾ ਐਲਾਨ ਵੀ ਅਹਿਮ ਹੈ ਜਿਸ ਨਾਲ ਇਸ 'ਤੇ ਆਉਂਦੀ ਡੇਢੀ ਲਾਗਤ ਬਚਾਈ ਜਾਵੇਗੀ।

# ਵਿਸ਼ਵ ਪ੍ਰਸਿੱਧ ਵੈਕਸਿਨ ਰੀਸਰਚ ਲਈ ਅਲਬਰਟਾ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਦਾ ਸਨਮਾਨ

ਐਡਮਿੰਟਨ (ਨਦਬ): ਆਪਣੇ ਪਰਿਵਾਰ ਨਾਲ 1978 ਦੀ ਕ੍ਰਿਸਮਸ ਦੀਆਂ ਮਿਠਾਈਆਂ ਦਾ ਸੁਆਦ ਮਾਨਣ ਦੀ ਬਜਾਏ ਲੋਰਨ ਬੈਬੀਉਕ ਨੇ ਸਾਲ ਦੇ ਉਹ ਆਖਰੀ ਹਫ਼ਤੇ ਲੈਬ ਦੇ ਅੰਦਰ ਹੀ ਬਿਤਾਏ। ਸੈਸਕੈਚਵਨ ਦੀ ਯੂਨੀਵਰਸਿਟੀ ਦੇ ਵਿਰੋਲਾਜੀ ਵਿਭਾਗ ਦੇ ਪ੍ਰੋਫੈਸਰ ਵਿਸ਼ਵ ਭਰ 'ਚ ਬੱਚਿਆਂ ਤੇ ਮਾਲ ਡੰਗਰਾਂ 'ਚ ਗੰਭੀਰ ਰੂਪ 'ਚ ਦਸਤ ਦੀ ਬਿਮਾਰੀ ਲਈ ਜ਼ਿੰਮੇਵਾਰ ਸੁਖ਼ਮ ਰੋਗਾਣੂ ਰੋਟਾ ਵਾਇਰਸ, ਨੂੰ ਪੈਦਾ ਕਰਨ ਲਈ ਦ੍ਰਿੜ ਨਿਸ਼ਚਈ ਸਨ। ਬਿਜਲਾਣੂ ਖੁਰਦਬੀਨ ਨਾਲ ਹੀ ਦੇਖੀ ਜਾ ਸਕਣ ਵਾਲੇ ਇਸ ਵਾਇਰਸ ਨੂੰ ਵੱਡਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ, ਜੋ ਇਸ ਵੈਕਸਿਨ ਨੂੰ ਇਜਾਦ ਕਰਨ ਲਈ ਅਹਿਮ ਸੀ। ਭਾਵੇਂ ਇਹ ਕੋਸ਼ਿਸ਼ਾਂ ਨਾਕਾਮ ਹੀ ਰਹੀਆਂ। ਅੰਤੜੀਆਂ 'ਚ ਬਰਾਮਦ ਹੋਣ ਵਾਲੇ ਐਨਜ਼ਾਈਮ ਟ੍ਰਾਇਪਸਿਨ 'ਤੇ ਬਹੁਤ ਟੈਸਟ ਕੀਤੇ ਗਏ। ਨਤੀਜੇ ਵਜੋਂ ਮਨੁੱਖਾਂ ਤੇ ਜਾਨਵਰਾਂ ਲਈ ਵੈਕਸਿਨਾਂ ਨੂੰ ਇਜਾਦ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ ਅਤੇ ਬੈਬੀਉਕ ਦੇ ਕੈਰੀਅਰ 'ਚ ਵੀ ਨਵੇਂ ਆਯਾਮ ਪੈਦਾ ਹੋਏ। ਉਨ੍ਹਾਂ ਨੂੰ ਅਲਬਰਟਾ ਯੂਨੀਵਰਸਿਟੀ ਵਿਖੇ ਰਿਸਰਚ ਦੀ ਵਾਈਸ ਪ੍ਰੈਜ਼ੀਡੈਂਸੀ ਤੇ ਆਰਡਰ ਆਫ਼ ਕੈਨੇਡਾ ਨਾਲ ਨਿਵਾਜ਼ਿਆ ਗਿਆ।

ਬੈਬੀਉਕ ਨੇ ਆਪਣੇ ਇਸ ਸ਼ਾਹਕਾਰ ਬਾਰੇ ਬੋਲਦਿਆਂ ਕਿਹਾ ਕਿ ਕਦੇ ਕਦਾਈ ਅਸੀਂ ਇਸ ਦੇ ਸਾਕਾਰ ਹੋਣ ਬਾਰੇ ਸੋਚ ਵੀ ਨਹੀਂ ਪਾਉਂਦੇ ਹਾਂ। ਅਸੀਂ ਇਸ ਨੂੰ ਅੰਜਾਮ ਦੇਣ ਦੀ ਕੋਸ਼ਿਸ਼ 'ਚ ਲਗਾਤਾਰ ਰੁੱਝੇ ਰਹਿੰਦੇ ਹਾਂ ਕਿਉਂ ਕਿ ਸਾਨੂੰ ਇਹ ਲਗਦਾ ਹੈ ਕਿ ਇਹ ਅਹਿਮ ਹੈ ਅਤੇ ਸਮਾਜ ਨੂੰ ਇਸ ਦੀ ਜ਼ਰੂਰਤ ਹੈ। ਦਸ ਸਾਲਾਂ ਬਾਅਦ ਜਾ ਕੇ ਇਹ ਸਾਕਾਰ ਹੁੰਦਾ ਹੈ। ਬੱਛੜਿਆਂ ਨੂੰ ਰੋਟਾ ਵਾਇਰਸ ਦੀ ਬਿਮਾਰੀ ਹੋਣ ਕਰਕੇ ਹਰ ਸਾਲ ਦੁਧਾਰੂ ਪਸ਼ੂਆਂ ਦੀ ਸਨਅਤ ਨੂੰ 300 ਮੀਲੀਅਨ ਡਾਲਰ ਦਾ ਖਰਚਾ ਝੱਲਣਾ ਪੈਂਦਾ ਸੀ। ਪਿਛਲੇ 33 ਸਾਲਾਂ ਤੋਂ ਬੈਬੀਉਕ ਲਗਾਤਾਰ ਇਸ ਬਿਮਾਰੀ ਦੀ ਵੈਕਸਿਨ ਬਣਾਉਣ 'ਚ ਮਦਦ ਕਰਦੇ ਰਹੇ ਹਨ। 2007 'ਚ ਅਲਬਰਟਾ ਆਉਣ ਤੋਂ ਪਹਿਲਾਂ ਬੈਬੀਉਕ ਨੇ ਸੈਸਕੈਚਵਨ 'ਚ ਵੈਕਸਿਨ ਐਂਡ ਇਨਫੈਕਸ਼ੀਅਸ ਡੀਸੀਜ਼ ਆਰਗੇਨਾਈਜ਼ੇਸ਼ਨ ਨਾਂ ਦੇ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਵੈਕਸਿਨ ਦੇ ਵਿਕਾਸ ਸਬੰਧੀ ਇਕ ਕੇਂਦਰ ਦੀ ਸਥਾਪਨਾ ਕੀਤੀ। ਇਸ ਕੇਂਦਰ ਨੂੰ ਸੱਤ ਤਰ੍ਹਾਂ ਦੀਆਂ ਵੈਕਸੀਨਾਂ ਇਜਾਦ ਕਰਨ ਦਾ ਮਾਣ ਪ੍ਰਾਪਤ ਹੈ। ਬੀਤੇ ਦਿਨੀ ਉਨ੍ਹਾਂ ਨੂੰ ਟੋਰਾਂਟੋ 'ਚ ਸਥਾਪਤ ਸੰਸਥਾ ਵਲੋਂ ਵੱਖ-ਵੱਖ ਪ੍ਰਾਪਤੀਆਂ ਲਈ ਦਿੱਤੇ ਜਾਂਦੇ ਸੱਤ ਤਰ੍ਹਾਂ ਦੇ ਅਵਾਰਡਾਂ 'ਚੋਂ ਇਕ ਅਵਾਰਡ 2012 ਕੈਨੇਡਾ ਗਾਇਰਡਨਰ ਵਿਘਟਮੈਨ ਅਵਾਰਡ ਨਾਲ ਸਨਮਾਨਿਆ ਗਿਆ। ਕੈਨੇਡੀਅਨ ਖੋਜਆਰਥੀਆਂ ਨੂੰ ਸਮਰਪਿਤ ਬੈਬੀਉਕ ਦੇ ਇਸ ਅਵਾਰਡ ਦੇ ਨਾਲ ਉਸ ਨੂੰ ਵਿਅਕਤੀਗਤ ਤੌਰ 'ਤੇ 100,00 ਡਾਲਰ ਦੀ ਰਾਸ਼ੀ ਵੀ ਇਨਾਮ ਵਜੋਂ ਮਿਲੀ ਹੈ। ਗਾਇਰਡਨਰ ਵਿਘਟਮੈਨ ਅਵਾਰਡ ਪ੍ਰਾਪਤ ਕਰ ਚੁੱਕੇ 78 ਵਿਗਿਆਨੀਆਂ 'ਚੋਂ ਤਕਰੀਬਨ ਚੌਥਾਈ ਵਿਗਿਆਨੀਆਂ ਨੂੰ, ਜਿਨ੍ਹਾਂ 'ਚ ਹੁਣ ਬੈਬੀਉਕ ਵੀ ਸ਼ਾਮਲ ਹੋਣ ਵਾਲਾ ਹੈ, ਨੂੰ ਨੋਬਲ ਪੁਰਸਕਾਰ ਮਿਲ ਚੁਕਾ ਹੈ। ਗਾਇਰਡਨਰ ਫ਼ਾਉਂਡੇਸ਼ਨ ਦੀ ਬੋਰਡ ਦੇ ਚੇਅਰਮੈਨ ਅਤੇ ਬੈਬੀਉਕ ਦੇ ਸਾਥੀ ਡਾ. ਲੌਰਨ ਟਾਇਰੈਲ ਦਾ ਕਹਿਣਾ ਹੈ ਕਿ ਵਿਗਿਆਨ ਦੇ ਖੇਤਰ 'ਚ ਉਹ ਇਕ ਬੇਮਿਸਾਲ ਆਗੂ ਹੈ। ਬੈਬੀਉਕ ਨੇ ਨੋਬਲ ਪੁਰਸਕਾਰ ਜਾਂ ਜਿੱਤੀ ਰਕਮ ਬਾਰੇ ਨਹੀਂ ਸੋਚਿਆ ਪਰ ਇਸ ਸਨਮਾਨ ਨਾਲ ਭਵਿੱਖ 'ਚ ਹੋਣ ਵਾਲੀਆਂ ਨਵੀਆਂ ਖੋਜਾਂ 'ਚ ਮਦਦ ਜ਼ਰੂਰ ਮਿਲੇਗੀ।


Great rates. Low fees. Expert advice.

- What's the best option for me, an open or closed mortgage?
- Should I choose a fixed or a variable interest rate?
- Is my downpayment enough for a conventional mortgage?

Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.

Let's talk.

**Anjali Agarwal**, Mortgage Development Manager 780.718.7217 anjali.agarwal@servus.ca servus.ca



servus credit union

feel good about your money.

Canada's Best Managed Companies Platinum Member

# ਆਨਰੇਰੀ ਕੈਨੇਡੀਅਨ ਨਾਗਰਿਕਤਾ ਨਾਲ ਸਨਮਾਨਿਤ ਸਖ਼ਸ਼ੀਅਤਾਂ

ਵਿਲੱਖਣ ਗੁਣਾਂ ਤੇ ਖ਼ੂਬੀਆਂ ਵਾਲੀਆਂ ਅਹਿਮ ਹਸਤੀਆਂ ਨੂੰ ਕੈਨੇਡਾ ਵਿਸ਼ੇਸ਼ ਤੌਰ ਉੱਤੇ ਆਨਰੇਰੀ ਕੈਨੇਡੀਅਨ ਨਾਗਰਿਕਤਾ ਦਿੰਦਾ ਹੈ। ਇਹ ਇੱਕ ਸੰਕੇਤਾਤਮਕ ਸਨਮਾਨ ਹੈ ਤੇ ਇਸ ਨੂੰ ਹਾਸਲ ਕਰਨ ਵਾਲਿਆਂ ਨੂੰ ਕੋਈ ਖਾਸ ਕਿਸਮ ਦੇ ਉਹ ਅਧਿਕਾਰ, ਸਹੂਲਤਾਂ ਜਾਂ ਜ਼ਿੰਮੇਵਾਰੀਆਂ ਨਹੀਂ ਮਿਲਦੀਆਂ ਜਿਹੜੀਆਂ ਆਮ ਤੌਰ 'ਤੇ ਕੈਨੇਡਾ ਦੇ ਨਾਗਰਿਕਾਂ ਨੂੰ ਹਾਸਲ ਹੁੰਦੀਆਂ ਹਨ। ਕੈਨੇਡਾ ਨੇ ਇਹ ਸਨਮਾਨ ਪੰਜ ਵਿਅਕਤੀਆਂ ਨੂੰ ਦਿੱਤਾ ਹੈ।



**ਰਾਊਲ ਵਾਲਨਬਰਗ:** ਰਾਊਲ ਵਾਲਨਬਰਗ ਸਵੀਡਨ ਦੇ ਇੱਕ ਕਾਰੋਬਾਰੀ ਸਨ ਤੇ 1944 ਵਿੱਚ ਉਦੋਂ ਸਫੀਰ ਵੀ ਰਹੇ ਜਦੋਂ ਨਾਜ਼ੀਆਂ ਦੇ ਸਤਾਏ ਹੰਗਰੀ ਦੇ ਯਹੂਦੀਆਂ ਨੂੰ ਬਚਾਉਣ ਲਈ ਵਾਰ ਰਫਿਊਜੀ ਬੋਰਡ ਨੇ ਉਨ੍ਹਾਂ ਨੂੰ ਨਿਯੁਕਤ ਕੀਤਾ। ਉਨ੍ਹਾਂ ਬੁਡਾਪੈਸਟ ਵਿੱਚ 100,000 ਹੰਗਰੀ ਦੇ ਯਹੂਦੀਆਂ ਨੂੰ ਬਚਾਇਆ। ਉਨ੍ਹਾਂ ਨੂੰ 17 ਜਨਵਰੀ, 1945 ਵਿੱਚ ਸੋਵੀਅਤ ਸਰਕਾਰ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਤੇ ਉਹ ਕੈਦ ਵਿੱਚ ਹੀ 47 ਸਾਲ ਦੀ ਉਮਰ ਵਿੱਚ 17 ਜੁਲਾਈ, 1947 ਨੂੰ ਦੁਨੀਆ ਨੂੰ ਅਲਵਿਦਾ ਆਖ ਗਏ। 1985 ਵਿੱਚ ਕੈਨੇਡਾ ਨੇ ਵਾਲਨਬਰਗ ਨੂੰ ਮਰਨੋਪਰੰਤ ਆਨਰੇਰੀ ਸਿਟੀਜ਼ਨਸ਼ਿਪ ਨਾਲ ਨਵਾਜਿਆ। ਇਹ ਸਨਮਾਨ ਹਾਸਲ ਕਰਨ ਵਾਲੇ ਉਹ ਪਹਿਲੇ ਵਿਅਕਤੀ ਸਨ 17 ਜਨਵਰੀ ਨੂੰ ਕੈਨੇਡਾ ਵਿੱਚ ਰਾਊਲ ਵਾਲਨਬਰਗ ਦਿਵਸ ਵਜੋਂ ਮਨਾਇਆ ਜਾਂਦਾ ਹੈ।



**ਨੈਲਸਨ ਮੰਡੇਲਾ** : ਜਿਊਂਦੇ ਜੀਅ ਆਨਰੇਰੀ ਕੈਨੇਡੀਅਨ ਸਿਟੀਜ਼ਨਸ਼ਿਪ ਹਾਸਲ ਕਰਨ ਵਾਲੇ ਨੈਲਸਨ ਮੰਡੇਲਾ ਪਹਿਲੇ ਵਿਅਕਤੀ ਬਣੇ। ਕੈਨੇਡਾ ਵੱਲੋਂ ਨੈਲਸਨ ਮੰਡੇਲਾ ਨੂੰ 2001 ਵਿੱਚ ਉਦੋਂ ਇਹ ਆਨਰੇਰੀ ਕੈਨੇਡੀਅਨ ਸਿਟੀਜ਼ਨਸ਼ਿਪ ਦਿੱਤੀ ਗਈ ਜਦੋਂ ਉਹ 83 ਸਾਲਾਂ ਦੇ ਸਨ। 7 ਜੂਨ, 2001 ਨੂੰ ਸੰਸਦ ਵੱਲੋਂ ਮਤਾ ਪਾਸ ਕਰਕੇ ਮੰਡੇਲਾ ਵੱਲੋਂ ਦੱਖਣੀ ਅਫਰੀਕਾ ਤੇ ਮਨੁੱਖਤਾ ਨੂੰ ਦਿੱਤੀ ਗਈ ਨਵੀਂ ਸੇਧ ਦਾ ਮਾਣ ਰੱਖਿਆ ਗਿਆ। ਦੱਖਣੀ ਅਫਰੀਕਾ ਦੇ ਇਸ ਸਾਬਕਾ ਰਾਸ਼ਟਰਪਤੀ ਨੂੰ 1993 ਵਿੱਚ ਨੋਬਲ ਪ੍ਰਾਈਜ਼ ਨਾਲ ਵੀ ਨਿਵਾਜਿਆ ਜਾ ਚੁੱਕਿਆ ਹੈ। ਰੰਗ-ਭੇਦ ਦਾ ਫ਼ਰਕ ਕਰਨ ਵਾਲਿਆਂ ਦੇ ਉਲਟ ਮੁਹਿੰਮ ਵਿੱਢਣ ਵਾਲੇ ਇਸ ਸ਼ਖਸ ਨੇ ਜਮਹੂਰੀ ਚੋਣਾਂ ਜਿੱਤਣ ਤੋਂ ਪਹਿਲਾਂ 27 ਸਾਲ ਤੱਕ ਜੇਲ੍ਹ ਵਿੱਚ ਗੁਜ਼ਾਰੇ।



**ਤੈਨਜਿਨ ਗਿਆਤਸੋ, 14ਵੇਂ ਦਲਾਈ ਲਾਮਾ** : ਤੈਨਜਿਨ ਗਿਆਤਸੋ, ਜੋ ਕਿ 14ਵੇਂ ਦਲਾਈ ਲਾਮਾ ਹਨ, ਨੂੰ ਆਨਰੇਰੀ ਕੈਨੇਡੀਅਨ ਸਿਟੀਜ਼ਨਸ਼ਿਪ ਉਦੋਂ ਦਿੱਤੀ ਗਈ ਜਦੋਂ ਸਤੰਬਰ 2006 ਵਿੱਚ ਉਹ ਵੈਨਕੂਵਰ ਵਿੱਚ ਸਨ। ਇਹ ਐਵਾਰਡ ਜਲਾਵਤਨ ਤਿੱਬਤੀ ਬੋਧੀ ਆਗੂ ਨੂੰ ਦਿੱਤੇ ਜਾਣ ਦੀ ਚੀਨ ਵੱਲੋਂ ਕਾਫੀ ਆਲੋਚਨਾ ਕੀਤੀ ਗਈ। ਜ਼ਿਕਰਯੋਗ ਹੈ ਕਿ ਤਿੱਬਤ ਉੱਤੇ ਚੀਨ ਦੀ ਹਕੂਮਤ ਹੈ। ਇਸ ਉੱਤੇ ਕੈਨੇਡਾ ਵੱਲੋਂ ਇਹ ਪ੍ਰਤੀਕਿਰਿਆ ਪ੍ਰਗਟਾਈ ਗਈ ਕਿ ਕੈਨੇਡਾ ਚੀਨ ਨੂੰ ਚੀਨ ਤੇ ਤਿੱਬਤ ਦੀ ਸਰਕਾਰ ਵਜੋਂ ਮਾਨਤਾ ਦਿੰਦਾ ਹੈ ਪਰ ਦਲਾਈ ਲਾਮਾ ਦੀ ਵੀ ਪੂਰੀ ਇੱਜ਼ਤ ਕਰਦਾ ਹੈ। ਦਲਾਈ ਲਾਮਾ ਉਸ ਸਮੇਂ ਵੈਨਕੂਵਰ ਵਿੱਚ ਦਲਾਈ ਲਾਮਾ ਸੈਂਟਰ ਫੌਰ ਪੀਸ ਐਂਡ ਐਜੂਕੇਸ਼ਨ ਖੋਲ੍ਹਣ ਆਏ ਸਨ। ਇਹ ਉਨ੍ਹਾਂ ਦੇ ਨਾਂ ਵਾਲਾ ਆਪਣੀ ਕਿਸਮ ਦੀ ਪਹਿਲੀ ਸੰਸਥਾ ਹੈ।



**ਆਂਗ ਸਾਨ ਸੂ ਕੀ** : ਬਰਮਾ ਦੀ ਜਮਹੂਰੀਅਤ ਪੱਖੀ ਆਗੂ ਆਂਗ ਸਾਨ ਸੂ ਕੀ 2007 ਤੋਂ ਹੀ ਆਨਰੇਰੀ ਕੈਨੇਡੀਅਨ ਸਿਟੀਜ਼ਨ ਹੈ। ਉਸ ਨੂੰ ਨੋਬਲ ਐਵਾਰਡ ਵੀ ਮਿਲ ਚੁੱਕਿਆ ਹੈ। ਬਰਮਾ ਜਿਸ ਨੂੰ ਮਿਆਂਮਾਰ ਵੀ ਆਖਿਆ ਜਾਂਦਾ ਹੈ, ਉੱਤੇ ਰਾਜ ਕਰਨ ਵਾਲੇ ਫੌਜੀ ਪ੍ਰਸ਼ਾਸਨ ਜੰਟਾ ਵੱਲੋਂ ਪਿਛਲੇ 23 ਸਾਲਾਂ ਵਿੱਚੋਂ 15 ਸਾਲਾਂ ਤੋਂ ਸੂ ਕੀ ਨੂੰ ਨਜ਼ਰਬੰਦ ਕਰਕੇ ਰੱਖਿਆ ਗਿਆ ਸੀ। 1990 ਵਿੱਚ ਚੋਣਾਂ ਜਿੱਤਣ ਤੋਂ ਬਾਅਦ ਸੂ ਕੀ ਦਾ ਪ੍ਰਧਾਨ ਮੰਤਰੀ ਬਣਨਾ ਤੈਅ ਸੀ ਪਰ ਫੌਜ ਨੇ ਉਸ ਨੂੰ ਸੱਤਾ ਸੌਂਪਣ ਤੋਂ ਇਨਕਾਰ ਕਰ ਦਿੱਤਾ। 2007 ਵਿੱਚ ਇਹ ਐਵਾਰਡ ਦੇਣ ਦਾ ਸੰਸਦ ਵੱਲੋਂ ਮਤਾ ਪਾਸ ਕਰ ਦਿੱਤੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਸੂ ਕੀ ਨੂੰ ਬਰਮਾ ਦੇ ਲੋਕਾਂ ਦੀ ਸਿਆਸੀ ਅਜ਼ਾਦੀ ਦਾ ਸੁਪਨਾ ਪੂਰਾ ਕਰਨ ਵਾਲਾ ਪ੍ਰਤੀਕ ਦੱਸਿਆ। ਵਿਦੇਸ਼ ਮੰਤਰੀ ਜੌਹਨ ਬੇਅਰਡ ਨੇ ਬਰਮਾ ਦੇ ਇਤਿਹਾਸਕ ਦੌਰੇ ਦੌਰਾਨ ਸੂ ਕੀ ਨੂੰ 8 ਮਾਰਚ, 2012 ਨੂੰ ਆਨਰੇਰੀ ਕੈਨੇਡੀਅਨ ਸਿਟੀਜ਼ਨਸ਼ਿਪ ਦਾ ਸਰਟੀਫਿਕੇਟ ਸੌਂਪਿਆ।



**ਆਗਾ ਖਾਨ** : ਦੁਨੀਆ ਭਰ ਵਿੱਚ ਮੌਜੂਦ 15 ਮਿਲੀਅਨ ਇਸਮਾਇਲ ਮੁਸਲਮਾਨਾਂ ਦੇ ਆਗੂ ਆਗਾ ਖਾਨ 2009 ਵਿੱਚ ਆਨਰੇਰੀ ਕੈਨੇਡੀਅਨ ਸਿਟੀਜ਼ਨ ਬਣੇ। ਉਹ 1957 ਤੋਂ ਸ਼ੀਆ ਇਸਮਾਇਲੀ ਮੁਸਲਮਾਨਾਂ ਦੇ ਇਮਾਮ ਹਨ ਤੇ ਇਮਾਮ ਦਾ ਇਹ ਦਰਜਾ ਉਨ੍ਹਾਂ ਨੂੰ ਆਪਣੇ ਦਾਦਾ ਦਾ ਜਾਨਸ਼ੀਨ ਹੋਣ ਕਾਰਨ ਹਾਸਲ ਹੋਇਆ। ਆਗਾ ਖਾਨ ਏਸ਼ੀਆ ਤੇ ਅਫਰੀਕਾ ਵਿੱਚ ਮਾਨਵਤਾਵਾਦੀ ਤੇ ਵਿਕਾਸ ਸਬੰਧੀ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ। ਪੈਗੰਬਰ ਮੁਹੰਮਦ ਦੇ ਵੰਸ਼ਜ ਤੇ ਬਹੁ ਕਰੋੜੀ ਸੰਪਤੀ ਦੇ ਮਾਲਕ ਆਗਾ ਖਾਨ ਫਰਾਂਸ ਵਿੱਚ ਰਹਿੰਦੇ ਹਨ। ਆਗੂ ਖਾਨ ਨੂੰ ਇਹ ਸਨਮਾਨ ਆਗਾ ਖਾਨ ਡਿਵੈਲਪਮੈਂਟ ਨੈਟਵਰਕ ਦੇ ਕੈਨੇਡੀਅਨ ਸੈਨਾਵਾਂ ਨਾਲ ਰਲ ਕੇ ਅਫਗਾਨਿਸਤਾਨ ਵਿੱਚ ਕੀਤੇ ਗਏ ਕੰਮ ਮਗਰੋਂ ਦਿੱਤਾ ਗਿਆ। (ਨਦਬ)

## ਬੱਚਿਆਂ ਵਾਲੀ ਕਾਰਾਂ 'ਚ ਸਿਗਰਟਨੋਸ਼ੀ 'ਤੇ ਪਾਬੰਦੀ ਦੀਆਂ ਤਿਆਰੀਆਂ

ਐਡਮਿੰਟਨ (ਨਦਬ): ਸੂਬਾਈ ਚੋਣਾਂ ਤੋਂ ਪਹਿਲਾਂ ਇਕ ਸਮਝੌਤੇ ਤਹਿਤ ਦੀ ਵਿਰੋਧੀ ਧਿਰ ਵਲੋਂ ਪੇਸ਼ ਕੀਤੇ ਇਕ ਬਿਲ ਨੂੰ ਅਲਬਰਟਾ ਸਰਕਾਰ ਨੇ ਮੰਜ਼ੂਰੀ ਦਿੱਤੀ ਹੈ ਜਿਸ 'ਚ ਕਾਰਾਂ 'ਚ ਬੱਚਿਆਂ ਦੀ ਮੌਜੂਦਗੀ ਦੌਰਾਨ ਸਿਗਰਟਨੋਸ਼ੀ ਨੂੰ ਗ਼ੈਰ ਕਾਨੂੰਨੀ ਕਰਾਰ ਦਿੱਤਾ ਜਾਵੇਗਾ।

ਬੀਤੇ ਦਿਨੀਂ ਲਿਬਰਲ ਪਾਰਟੀ ਦੇ ਆਗੂ ਰਾਜ ਸ਼ਰਮਨ ਦੀ ਪ੍ਰਧਾਨਗੀ ਹੇਠ ਵਿਧਾਨ ਸਭਾ 'ਚ ਤੀਜੀ ਵਾਰ ਵਾਚਣ ਤੋਂ ਬਾਅਦ ਇਸ ਬਿਲ ਨੂੰ ਪਾਸ ਕਰ ਦਿੱਤਾ ਗਿਆ ਹੈ। ਸ਼ਰਮਨ ਨੇ ਕਿਹਾ, "ਸਾਡੇ 'ਚ ਕਈ ਗੱਲਾਂ 'ਤੇ ਮਤਭੇਦ ਸਨ ਪਰ ਮੇਰੀ ਸਾਰਿਆਂ ਨੂੰ ਗੁਜ਼ਾਰਿਸ਼ ਸੀ ਕਿ ਇਸ ਬਿਲ 'ਚ ਕੋਈ ਲੁੱਕਿਆ ਨੁਕਤਾ ਨਹੀਂ ਹੈ ਤੇ ਇਸ ਨੂੰ ਸਹਿਮਤੀ ਦੇਣਾ ਸਾਰਿਆਂ ਲਈ ਹੀ ਚੰਗਾ ਹੋਵੇਗਾ।" ਅਜੇ ਇਸ ਕਾਨੂੰਨ ਦੇ ਲਾਗੂ ਹੋਣ ਬਾਰੇ ਕੋਈ ਵਕਤ ਨਿਰਧਾਰਤ ਨਹੀਂ ਕੀਤਾ ਗਿਆ ਹੈ। ਪਹਿਲਾਂ ਸ਼ਰਮਨ ਨੇ ਇਸ ਬਿਲ ਨੂੰ ਪਹਿਲੀ ਜਨਵਰੀ 2013 ਨੂੰ ਲਾਗੂ ਕਰਨ ਦਾ ਸੱਦਾ ਦਿੱਤਾ ਸੀ ਪਰ ਬਾਅਦ ਵਿਚ ਇਸ 'ਚ ਕੁਝ ਤਬਦੀਲੀਆਂ ਤੋਂ ਬਾਅਦ ਲਾਗੂ ਕਰਨ ਦੀ ਕੋਈ ਮਿਤੀ ਨਿਰਧਾਰਤ ਨਹੀਂ ਕੀਤੀ ਗਈ।

ਸਿਹਤ ਮੰਤਰੀ ਫ੍ਰੈਡ ਹੋਰਨ ਸਮੇਤ ਕੁਝ ਕੰਜ਼ਰਵੇਟਿਵ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਸਿਗਰਟਨੋਸ਼ੀ ਨੂੰ ਘਟਾਉਣ ਸਬੰਧੀ ਹੋਰ ਨਿਯਮਾਂ ਨੂੰ ਵੀ ਇਸ ਦੇ ਨਾਲ ਹੀ ਲਾਗੂ ਕਰਨਾ ਚਾਹੁੰਦੇ ਹਨ। ਸਰਕਾਰ ਮੌਜੂਦਾ ਸਮੇਂ 'ਚ ਤੰਬਾਕੂ 'ਤੇ ਵਾਧੂ ਟੈਕਸ, ਨਾਬਾਲਗ ਬੱਚਿਆਂ ਨੂੰ ਲੁਭਾਉਣ ਵਾਲੇ ਤੰਬਾਕੂ ਵਾਲੇ ਪਦਾਰਥਾਂ 'ਤੇ ਸਖ਼ਤ ਰੋਕਾਂ ਤੇ ਨਾਬਾਲਗ ਬੱਚਿਆਂ 'ਚ ਤੰਬਾਕੂ ਵਾਲੇ ਪਦਾਰਥਾਂ ਦੀ ਵਿਕਰੀ 'ਤੇ ਠਲ੍ਹ ਪਾਉਣ ਦੇ ਸਬੰਧੀ ਉਪਰਾਲਿਆਂ ਸਬੰਧੀ ਨੀਤੀਆਂ 'ਤੇ ਕੰਮ ਕਰ ਰਹੀ ਹੈ। ਜੇਕਰ ਇਹ ਬਿਲ ਲਾਗੂ ਹੋ ਜਾਂਦਾ ਹੈ ਤਾਂ ਵਾਹਨਾਂ 'ਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਜੂਦਗੀ 'ਚ ਸਿਗਰਟਨੋਸ਼ੀ ਕਰਨ 'ਤੇ ਪੂਰੀ ਤਰ੍ਹਾਂ ਪਾਬੰਦੀ ਲੱਗ ਜਾਵੇਗੀ। ਜੇਕਰ ਇਸ ਬਿਲ ਨੂੰ ਅੰਤਮ ਸਹਿਮਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਅਲਬਰਟਾ ਇਹੋ ਜਿਹਾ ਕਾਨੂੰਨ ਲਾਗੂ ਕਰਨ ਵਾਲਾ ਨੌਵਾਂ ਸੂਬਾ ਬਣ ਜਾਵੇਗਾ।

## ਸਿਹਤ ਅਧਿਕਾਰੀਆਂ ਵਲੋਂ ਚੇਤਾਵਨੀ : ਐਡਮਿੰਟਨ 'ਚ ਖਸਰੇ ਨੇ ਪੈਰ ਪਸਾਰੇ

ਐਡਮਿੰਟਨ (ਨਦਬ) : ਭਾਰਤ ਦਾ ਦੌਰਾ ਕਰਕੇ ਐਡਮਿੰਟਨ ਪੁੱਜੀ ਇਕ ਮਹਿਲਾ ਨੂੰ ਖਸਰਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਅਲਬਰਟਾ ਦੇ ਸਿਹਤ ਅਧਿਕਾਰੀਆਂ ਨੇ ਜਨਤਾ ਨੂੰ ਇਸ ਸਬੰਧੀ ਸਾਵਧਾਨ ਰਹਿਣ ਲਈ ਕਿਹਾ ਹੈ। ਉਹਨਾਂ ਮੁਤਾਬਕ ਉਕਤ ਮਹਿਲਾ ਨੂੰ ਇਥੇ ਪੁੱਜ ਕੇ ਤੇਜ਼ ਬੁਖ਼ਾਰ ਹੋ ਗਿਆ ਜਿਸ 'ਤੇ ਡਾਕਟਰਾਂ ਨੇ ਖਸਰਾ ਹੋਣ ਦੀ ਪ੍ਰਸ਼ਟੀ ਕੀਤੀ ਹੈ। ਲਾਲ ਰੰਗਾਂ ਦੇ ਦਾਣਿਆਂ ਵਾਲਾ ਇਹ ਖਸਰਾ ਹਵਾ, ਖੰਘ ਤੇ ਨਿੱਛਾਂ ਰਾਹੀਂ ਫ਼ੈਲਦਾ ਹੈ। ਐਡਮਿੰਟਨ ਜ਼ੋਨ ਲਈ ਅਲਬਰਟਾ ਸਿਹਤ ਸੇਵਾਵਾਂ ਸਬੰਧੀ ਸਿਹਤ ਅਧਿਕਾਰੀ ਡਾ. ਕ੍ਰਿਸਟੋਫਰ ਸੀਕੋਰਾ ਦਾ ਕਹਿਣਾ ਹੈ ਕਿ ਜਿਹੜੇ ਲੋਕ ਇਸ ਦੀ ਲਪੇਟ 'ਚ ਆ ਗਏ ਹਨ ਉਨ੍ਹਾਂ ਨੂੰ ਇਸ ਦੇ ਲੱਛਣਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਜੇਕਰ ਉਨ੍ਹਾਂ ਨੂੰ ਖਾਂਸੀ, ਬੁਖਾਰ ਜਾਂ ਜ਼ੁਕਾਮ ਦੇ ਨਾਲ-ਨਾਲ ਅੱਖਾਂ 'ਚ ਲਾਲੀ ਤੇ ਬੁਖਾਰ ਹੋਣ ਤੋਂ ਤਿੰਨ ਤੋਂ ਲੈਕੇ ਸੱਤ ਦਿਨਾਂ ਬਾਅਦ ਕੰਨਾਂ ਦੇ ਪਿੱਛੇ ਜਾਂ ਮੂੰਹ 'ਤੇ ਲਾਲ ਰੰਗ ਦੇ ਛਾਲੇ ਨਜ਼ਰ ਆਉਣੇ ਸ਼ੁਰੂ ਹੋਣ ਤਾਂ ਉਹ ਸਿਹਤ ਸੇਵਾਵਾਂ ਵਿਭਾਗ ਨਾਲ ਤੁਰੰਤ ਸੰਪਰਕ ਕਰਨ। ਇਸ ਦੇ ਨਾਲ ਉਹ ਦੂਸਰੇ ਲੋਕਾਂ ਤੋਂ ਵੀ ਦੂਰ ਹੀ ਰਹਿਣ। ਉਨ੍ਹਾਂ ਦੱਸਿਆ ਕਿ ਇਕ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਇਸ ਤੋਂ ਵਧੇਰੇ ਖਤਰਾ ਹੈ।

## ਪੀ.ਸੀ.ਏ. ਵੱਲੋਂ ਮੇਲਾ 'ਮਾਵਾਂ-ਧੀਆਂ ਦਾ' 13 ਮਈ ਨੂੰ

ਐਡਮਿੰਟਨ (ਨਦਬ)-ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਆਪਣੇ ਸਲਾਨਾ ਸਮਾਗਮਾਂ ਦੀ ਸ਼ੁਰੂਆਤ ਕਰਦਿਆਂ ਇਸ ਸਾਲ ਦਾ ਪਹਿਲਾਂ ਸਮਾਗਮ ਮੇਲਾ 'ਮਾਵਾਂ-ਧੀਆਂ ਦਾ' 13 ਮਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀ.ਸੀ.ਏ. ਦੀ ਸਭਿਆਚਾਰ ਨਿਰਦੇਸ਼ਕਾ ਬਖ਼ਸ਼ ਸੰਘਾ, ਸਭਿਆਚਾਰ ਨਿਰਦੇਸ਼ਕ ਸੁਖਦੇਵ ਧੰਨੋਆ, ਪ੍ਰਧਾਨ ਗੁਰਚਰਨ ਬਰਾੜ ਨੇ ਦੱਸਿਆ ਕਿ 13 ਮਈ ਐਤਵਾਰ ਨੂੰ ਕਰਵਾਏ ਜਾਣ ਵਾਲਾ ਇਹ ਮੇਲਾ ਕੈਪੀਲੈਨੋ ਕਾਨਫ਼ਰੈਂਸ ਹਾਲ 4960-93 ਐਵੀਵਿਊ ਐਡਮਿੰਟਨ ਵਿਖੇ ਦੁਪਿਹਰ 2 ਤੋਂ ਸ਼ਾਮ 5 ਵਜੇ ਕਰਵਾਇਆਂ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਵਧੇਰੇ ਜਾਣਕਾਰੀ ਲਈ ਬਖ਼ਸ਼ ਸੰਘਾ ਨਾਲ 780-660-7520, ਸੁਖਦੇਵ ਧੰਨੋਆ 780-700-5022 ਜਾਂ ਗੁਰਚਰਨ ਬਰਾੜ ਨਾਲ 780-265-3752 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਐਕਸ ਸਰਵਿਸ ਮੈਨਜ਼ ਐਸੋਸੀਏਸ਼ਨ ਨੂੰ ਚੈਕ ਭੇਂਟ



ਐਡਮਿੰਟਨ (ਨਦਬ)- ਮਿਲਵੁੱਡਜ ਐਕਸ ਸਰਵਿਸ ਮੈਨਜ ਐਸੋਸ਼ੀਏਸ਼ਨ ਨੂੰ ਯੋਗਾ ਅਭਿਆਸ (ਟੂ ਕੀਪ ਫਿੱਟ) ਤੇ ਹੋਰ ਐਕਸਰਸਾਈਜਾਂ ਲਈ ਐਮ ਐਲ ਏ ਨਰੇਸ਼ ਭਾਰਦਵਾਜ ਤੇ ਜੀਨ ਜੈਡਵੈਸਕੀ ਵੱਲੋਂ ਡਾਲਰ 19,562 ਦਾ ਚੈਕ ਭੇਂਟ ਕੀਤਾ ਗਿਆ। ਇਸ ਮੌਕੇ ਐਸੋਸ਼ੀਏਸ਼ਨ ਦੇ ਦਫ਼ਤਰ ਵਿਖੇ ਇੱਕ ਸਾਦਾ ਸਮਾਗਮ ਦੌਰਾਨ ਇਕੱਤਰ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਐਮ.ਐਲ.ਏ. ਨਰੇਸ਼ ਭਾਰਦਵਾਜ ਨੇ ਕਿਹਾ ਕਿ ਅਲਬਰਟਾ ਸਰਕਾਰ ਵੱਲੋਂ ਐਸੋਸ਼ੀਏਸ਼ਨ ਨੂੰ ਦਿੱਤੀ ਗਈ ਇਹ ਰਾਸ਼ੀ ਪ੍ਰੋਜੈਕਟ 'ਟੂ ਕੀਪ ਫਿੱਟ' ਜਿਸ ਵਿੱਚ ਯੋਗਾ ਅਭਿਆਸ ਤੇ ਹੋਰ ਐਕਸਰਸਾਈਜਾਂ ਸ਼ਾਮਲ ਹੋਣਗੀਆਂ, ਲਈ ਹੈ। ਇਸ ਮੌਕੇ ਐਮ.ਐਲ.ਏ. ਜੀਨ ਜੈਡਵੈਸਕੀ ਨੇ ਕਿਹਾ ਕਿ ਅਲਬਰਟਾ ਸਰਕਾਰ ਸਮੇਂ-ਸਮੇਂ ਤੇ ਐਸੋਸ਼ੀਏਸ਼ਨ ਦੀ ਮਦਦ ਕਰਦੀ ਰਹੀ ਹੈ ਤੇ ਕਰਦੀ ਰਹੇਗੀ। ਐਸੋਸ਼ੀਏਸ਼ਨ ਨੂੰ ਚੈਕ ਮਿਲਣ ਤੇ ਪ੍ਰਧਾਨ ਸਵਰਨ ਸਿੰਘ ਖੰਘੁੜਾ ਤੇ ਸਕੱਤਰ ਮਨਮੋਹਨ ਸਿੰਘ ਭਰਮਾਰ ਨੇ ਕਿਹਾ ਕਿ ਉਹ ਨਰੇਸ਼ ਭਾਰਦਵਾਜ ਤੇ ਜੀਨ ਜੈਡਵੈਸਕੀ ਦਾ ਐਸੋਸੀਏਸ਼ਨ ਵੱਲੋਂ ਧੰਨਵਾਦ ਕਰਦੇ ਹਨ। ਉਨਾਂ ਅੱਗੇ ਕਿਹਾ ਕਿ ਐਮ.ਐਲ.ਏ. ਨਰੇਸ਼ ਭਾਰਦਵਾਜ ਵੱਲੋਂ ਐਸੋਸ਼ੀਏਸ਼ਨ ਦੀ ਸਮੇਂ-ਸਮੇਂ ਕੀਤੀ ਮਦਦ ਦਾ ਵੀ ਧੰਨਵਾਦ ਕਰਦੇ ਹਾਂ। ਇਸ ਮੌਕੇ ਪ੍ਰਕਾਸ਼ ਸਿੰਘ ਮੱਲੀ, ਮਹਿੰਦਰ ਸਿੰਘ ਕੈਬੋ, ਪ੍ਰੀਤਮ ਸਿੰਘ ਢਿੱਲੋਂ (ਚੰਡੀਗੜ੍ਹੀਆ), ਰਾਮ ਚੰਦ, ਕੁਲਵੰਤ ਸਿੰਘ ਕਾਲਰਾ, ਗੱਜਣ ਸਿੰਘ ਪੰਧੇਰ, ਹਰਭਜਨ ਸਿੰਘ ਅਠਵਾਲ, ਨਿਰਮਲ ਸਿੰਘ ਗਰੇਵਾਲ, ਮਹਿੰਦਰ ਸਿੰਘ ਭੁੱਲਰ, ਆਸਾ ਸਿੰਘ ਬਾਠ (ਸਾਬਕਾ ਪ੍ਰਧਾਨ) ਤੇ ਸੱਤਪਾਲ ਗੁਜਰਾਲ ਆਦਿ ਵੀ ਹਾਜ਼ਰ ਸਨ।

## ਮਿਲਵੁਡਜ਼ ਸੀਨੀਅਰ ਸੈਂਟਰ ਨੇ ਮਨਾਇਆ 29ਵਾਂ ਸਥਾਪਨਾ ਦਿਵਸ

ਐਡਮਿੰਟਨ (ਨਦਬ)-ਮਿਲਵੁਡਜ਼ ਕਲਚਰਲ ਸੋਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਡ (ਸੀਨੀਅਰ ਸੈਂਟਰ) ਵੱਲੋਂ ਆਪਣੇ ਦਫ਼ਤਰ ਵਿਖੇ 29ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਸੋਸਾਇਟੀ ਦੇ ਇਸ 29ਵੇਂ ਸਥਾਪਨਾ ਦਿਵਸ ਵਿੱਚ ਸਰੂਪ ਸਿੰਘ ਥਿੰਦ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ ਜਦਕਿ ਪ੍ਰਧਾਨਗੀ ਮੰਡਲ ਵਿੱਚ ਰਾਜ ਮੰਤਰੀ ਨਰੇਸ਼ ਭਾਰਦਵਾਜ ਤੇ ਸੋਸਾਇਟੀ ਦੇ ਪ੍ਰਧਾਨ ਸ੍ਰੀ ਦੁਸ਼ਾਂਝ ਨੇ ਸ਼ਮੂਲੀਅਤ ਕੀਤੀ। ਸਟੇਜ ਸਕੱਤਰ ਦੀ ਭੂਮਿਕਾ ਨਿਭਾਉਦਿਆਂ ਸਮਾਜ ਸੇਵੀ ਜੋਰਾ ਸਿੰਘ ਝੱਜ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਉਪਰੰਤ ਸਮਾਗਮ ਦੀ ਸ਼ੁਰੂਆਤ ਕੈਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਨਾਲ ਕੀਤੀ ਗਈ। ਸੋਸਾਇਟੀ ਦੇ ਪ੍ਰਧਾਨ ਦੁਸ਼ਾਂਝ ਨੇ ਆਪਣੇ ਭਾਸ਼ਣ ਵਿੱਚ ਜਿੱਥੇ ਸੋਸਾਇਟੀ ਦੀ ਸਥਾਪਨਾ ਤੋਂ ਬਾਅਦ ਇਮਾਰਤ ਹਾਸਲ ਕਰਨ ਲਈ ਕੀਤੀ ਜਦੋ-ਜਹਿਦ 'ਤੇ ਚਾਨਣਾ ਪਾਇਆ, ਉਥੇ ਹੀ ਉਨਾਂ ਨੇ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਵਿਸ਼ੇਸ਼ ਕਾਰਜਾਂ ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਇਆ। ਮੁੱਖ ਮਹਿਮਾਨ ਸਰੂਪ ਸਿੰਘ ਥਿੰਦ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਕਿਵੇਂ ਸਰੂਪ ਸਿੰਘ ਥਿੰਦ ਨੇ ਆਪਣੇ ਬੱਚਿਆਂ ਨੂੰ ਉੱਚ ਵਿਦਿਆ ਹਾਸਲ ਕਰਵਾਈ ਅਤੇ ਸਮੇਂ-ਸਮੇਂ 'ਤੇ ਸਮਾਜ ਸੇਵੀ ਕੰਮਾਂ ਵਿੱਚ ਵੀ ਵੱਧ-ਚੜ੍ਹ ਕੇ ਯੋਗਦਾਨ ਪਾਇਆ। ਇਸ ਤੋਂ ਬਾਅਦ ਐਡਮਿੰਟਨ ਰਹਿੰਦੇ ਗੀਤਕਾਰ ਲਾਡੀ ਸੂਸ ਵੱਲੋਂ ਆਪਣੇ ਲਿਖੇ ਚਰਚਿਤ ਗੀਤ 'ਨਨਕਾਣਾ ਓਧਰ ਆ' ਤੇ ਭਾਰਤ ਵਿੱਚ ਹੋ ਰਹੀਆਂ ਘਟਨਾਵਾਂ ਨੂੰ ਦਰਸਾਉਂਦਾ ਗੀਤ 'ਸੁਨੇਹਾ' ਵੀ ਸਾਂਝਾ ਕੀਤਾ ਗਿਆ। ਮਹਿੰਦਰ ਸਿੰਘ ਨੇ ਲੰਮੀ ਤੇ ਸ਼ਾਨਦਾਰ ਕਵਿਤਾ ਰਾਹੀਂ ਆਪਣੀ ਹਾਜ਼ਰੀ ਲਗਵਾਈ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਰਾਜ ਮੰਤਰੀ ਨਰੇਸ਼ ਭਾਰਦਵਾਜ ਨੇ ਆਪਣੇ ਭਾਸ਼ਣ ਵਿੱਚ ਜਿਥੇ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਸਲਾਹਾਂ ਬਾਰੇ ਦੱਸਿਆ, ਉਥੇ ਹੀ ਸੁਸਾਇਟੀ ਦੇ ਮੈਂਬਰਾਂ ਦੇ ਚੜਦੀ ਕਲਾ ਵਿੱਚ ਰਹਿਣ ਲਈ ਅਰਦਾਸ ਕੀਤੀ। ਐਮ ਐਲ ਏ ਜੀਨ ਜਵੈਜਡੈਸਕੀ ਨੇ ਸੁਸਾਇਟੀ ਵੱਲੋਂ ਉਨਾਂ ਨੂੰ ਸਮਾਗਮ ਵਿੱਚ ਸ਼ਾਮਲ ਕਰਨ ਤੇ ਧੰਨਵਾਦ ਕੀਤਾ ਤੇ ਅੱਗੇ ਤੋਂ ਵੀ ਸੁਸਾਇਟੀ ਦੇ ਕੰਮਾਂ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦਾ ਅਹਿਦ ਕੀਤਾ। ਸਾਬਕਾ ਵਿਧਾਇਕ ਡਾ. ਰਾਜ ਪਨੂੰ ਨੇ ਸੁਸਾਇਟੀ ਦੇ ਸਥਾਪਨਾ ਦਿਵਸ ਲਈ ਵਧਾਈ ਦਿੱਤੀ ਅਤੇ ਮੈਂਬਰਾਂ ਨੂੰ ਵਲੰਟੀਅਰ ਕੰਮਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਬਾਰੇ ਅਪੀਲ ਕੀਤੀ। ਇਸ ਮੌਕੇ ਸਮਾਗਮ ਵਿੱਚ ਸਿਟੀ ਕੌਂਸਲਰ ਅਮਰਜੀਤ ਸੋਹੀ, ਪੀ.ਸੀ.ਪਾਰਟੀ ਦੇ ਹਲਕਾ ਮਿਲਵੁਡਜ਼ ਤੋਂ ਉਮੀਦਵਾਰ ਸੁਹੇਲ ਕਾਦਰੀ ਅਤੇ ਹੋਰ ਆਗੂ ਵੀ ਹਾਜ਼ਰ ਸਨ।



# ਸੁਰਿੰਦਰ ਧੰਜਲ ਦੀ ਕਾਵਿ-ਪੁਸਤਕ 'ਕਵਿਤਾ ਦੀ ਲਾਟ' ਦਾ ਰੀਲੀਜ਼ ਸਮਾਰੋਹ

ਸਰ੍ਹੀ (ਨਦਬ)-ਬੀ ਸੀ ਪੰਜਾਬੀ ਕਲਚਰਲ ਫਾਊਂਡੇਸ਼ਨ ਵੈਨਕੂਵਰ ਵੱਲੋਂ ਕੈਮਲੂਪਸ ਵਾਸੀ ਨਾਮਵਰ ਕਵੀ ਡਾ. ਸੁਰਿੰਦਰ ਧੰਜਲ ਦੀ ਨਵੀਂ ਕਾਵਿ-ਪੁਸਤਕ ਕਵਿਤਾ ਦੀ ਲਾਟ, 31 ਮਾਰਚ,2012 ਨੂੰ ਨਿਊਟਨ ਰੈਕਰੀਏਸ਼ਨਲ ਸੈਂਟਰ ਸਰੀ ਵਿਚ ਰੀਲੀਜ਼ ਕੀਤੀ ਗਈ। ਨਦੀਮ ਪਰਮਾਰ ਨੇ ਸਮਾਗਮ ਦੇ ਆਰੰਭ ਵਿਚ ਆਏ ਸਰੋਤਿਆਂ ਨੂੰ ਜੀ ਆਇਆਂ ਕਹਿਣ ਮਗਰੋਂ ਸੰਖੇਪ ਵਿਚ ਅੱਜ ਦੇ ਸਮਾਗਮ ਦੀ ਰੂਪ ਰੇਖਾ ਦੱਸੀ ਅਤੇ ਡਾ. ਸਾਧੂ ਸਿੰਘ, ਮੰਗਾ ਬਾਸੀ, ਡਾ. ਸੁਰਿੰਦਰ ਧੰਜਲ, ਡਾ. ਹਰਿਭਜਨ ਸਿੰਘ ਢਿੱਲੋਂ, ਇਕਬਾਲ ਖਾਨ (ਕੈਲਗਰੀ) ਅਤੇ ਜਰਨੈਲ ਸਿੰਘ ਸੇਖਾ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ।



ਪਾਲ ਢਿੱਲੋਂ (ਵਰਨਨ) ਨੇ ਬੀ ਸੀ ਕਲਚਰਲ ਫਾਊਂਡੇਸ਼ਨ ਦੀਆਂ ਸਰਗਰਮੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਜਸਵਿੰਦਰ ਹੇਅਰ ਨੇ ਗੁਰਚਰਨ ਰਾਮਪੁਰੀ ਅਤੇ ਮੋਹਣ ਗਿੱਲ ਨੇ ਇਕਬਾਲ ਰਾਮੂਵਾਲੀਆ ਦਾ ਸੁਨੇਹਾ ਪੜ੍ਹ ਕੇ ਸੁਣਾਇਆ। ਜਰਨੈਲ ਸਿੰਘ ਸੇਖਾ ਨੇ ਆਪਣੇ ਪਰਚੇ , ਸੁਰਿੰਦਰ ਧੰਜਲ ਦੀ ਪੁਸਤਕ 'ਕਵਿਤਾ ਦੀ ਲਾਟ': ਚੇਤਨਾ ਤੇ ਚਿੰਤਨ ਦੀ ਕਵਿਤਾ ਅਤੇ ਡਾ. ਹਰਿਭਜਨ ਸਿੰਘ ਢਿੱਲੋਂ ਨੇ ਆਪਣੇ ਪਰਚੇ, ਡਾ. ਸੁਰਿੰਦਰ ਧੰਜਲ ਦੀ ਕਵਿਤਾ ਦੇ ਸਰੋਕਾਰ ਵਿਚ ਸੁਰਿੰਦਰ ਧੰਜਲ ਦੀ ਕਵਿਤਾ ਦੀਆਂ ਵਿਸ਼ੇਸ਼ਤਾਈਆਂ ਬਾਰੇ ਵਿਸਥਾਰ-ਪੂਰਬਕ ਚਾਨਣਾ ਪਾਇਆ। ਇਕਬਾਲ ਸੁਮਲ ਨੇ ਸੁਰਿੰਦਰ ਧੰਜਲ ਦੀ ਰਚਨਾ 'ਮਿੱਤਰ' ਮਧੁਰ ਅਵਾਜ਼ ਵਿਚ ਗਾ ਕੇ ਰੰਗ ਬੰਨ੍ਹ ਦਿੱਤਾ ਅਤੇ ਰੁਪਿੰਦਰ ਰੂਪੀ ਨੇ ਸੁਰਿੰਦਰ ਧੰਜਲ ਦੀ ਰਚਨਾ 'ਔਰਤ' ਦੇ ਕੁਝ ਅੰਸ਼ ਸੁਣਾਏ। ਬੁਲਾਰਿਆਂ ਦੀ ਲੰਮੀ ਸੂਚੀ ਵਿਚ ਮਹਿੰਦਰ ਸੁਮਲ, ਹਰਜਿੰਦਰ ਥਿੰਦ (ਰੇਡੀਉ ਹੋਸਟ), ਅਜਮੇਰ ਰੋਡੇ, ਅਸ਼ੋਕ ਭਾਰਗਵ, ਸੁਰਿੰਦਰ ਚਾਹਲ (ਓਮਨੀ ਟੀ ਵੀ), ਦਰਸ਼ਨ ਚਾਹਲ, ਕੇਸਰ ਸਿੰਘ ਨੀਰ (ਕੈਲਗਰੀ), ਮਲੂਕ ਚੰਦ ਕਲੇਰ (ਰੇਡੀਉ ਹੋਸਟ) ਸੁਰਜੀਤ ਕਲਸੀ, ਡਾ. ਗੁਰਦੇਵ ਸਿੰਘ ਚੰਦੀ, ਸਤਿੰਦਰ ਸਿੱਧੂ, ਮਨਜੀਤ ਕੰਗ (ਰੇਡੀਉ ਹੋਸਟ), ਤਨਦੀਪ ਤਮੰਨਾ (ਐਡੀਟਰ ਆਰਸੀ) ਡਾ. ਪ੍ਰਿਥੀਪਾਲ ਸਿੰਘ ਸੋਹੀ (ਓਮਨੀ ਟੀ ਵੀ) ਦੇ ਨਾਮ ਸ਼ਾਮਲ ਸਨ। ਡਾ. ਸੁਰਿੰਦਰ ਧੰਜਲ ਨੇ ਆਪਣੀਆਂ ਚਾਰ ਨਜ਼ਮਾਂ, 'ਕਵਿਤਾ ਦੀ ਲਾਟ', 'ਕਬਰਸਤਾਨ ਹੈਰਾਨ ਹੈ', ਭਾਬੀ ਅਤੇ ਗੁਆਂਢੀ ਮੁੰਡਾ' ਅਤੇ 'ਔਰਤ' ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਨਾਲ ਸਮਾਗਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਵਕਤ ਦੀ ਕਮੀ ਕਾਰਨ ਸਰੋਤੇ ਨਾਮਵਰ ਸ਼ਖਸੀਅਤਾਂ ਦੇ ਵਿਚਾਰ ਸੁਣਨ ਤੋਂ ਵਾਂਝੇ ਰਹਿ ਗਏ। ਫਾਊਂਡੇਸ਼ਨ ਦੇ ਪ੍ਰਧਾਨ ਮੰਗਾ ਬਾਸੀ ਨੇ ਸਮਾਪਤੀ ਭਾਸ਼ਨ ਵਿਚ ਰਹਿ ਗਏ ਬੁਲਾਰਿਆਂ ਭੁਪਿੰਦਰ ਸਿੰਘ ਧਾਲੀਵਾਲ, ਡਾ. ਪਰਮਜੀਤ ਸਿੰਘ ਗਿੱਲ (ਕਲੋਨਾ) ਪ੍ਰੋ. ਗੁਰਮੀਤ ਸਿੰਘ ਟਿਵਾਣਾ, ਸਾਧੂ ਬਿਨਿੰਗ, ਸੁਖਵੰਤ ਹੁੰਦਲ, ਸੋਹਣ ਪੂਨੀ, ਰਵਿੰਦਰ ਰਵੀ, ਇਕਬਾਲ ਖਾਨ ਅਤੇ ਡਾ. ਸਾਧੂ ਸਿੰਘ ਤੋਂ ਮੁਆਫੀ ਮੰਗਦਿਆਂ ਸਰੋਤਿਆਂ ਦਾ ਧੰਨਵਾਦ ਕੀਤਾ। ਫੋਟੋਗ੍ਰਾਫੀ ਦੀ ਜ਼ਿੰਮੇਵਾਰੀ ਨਵਰੀਤ ਸੇਖਾ ਅਤੇ ਬਲਦੇਵ ਧੰਜਲ ਨੇ ਅਤੇ ਵੀਡੀਓਗ੍ਰਾਫੀ ਦੀ ਜ਼ਿਮੇਵਾਰੀ ਭੁਪਿੰਦਰ ਧਾਲੀਵਾਲ ਨੇ ਨਿਭਾਈ। ਪ੍ਰੋਗ੍ਰਾਮ ਦਾ ਸਮਾਂ ਇਕ ਤੋਂ ਸਾਢੇ ਚਾਰ ਵਜੇ ਦਾ ਸੀ। ਦੋ ਸੌ ਤੋਂ ਵਧੀਕ ਚੋਣਵੇਂ ਸਰੋਤਿਆਂ ਨੇ ਇਸ ਲੰਮੇ ਸਾਹਿਤ-ਸਮਾਗਮ ਨੂੰ ਇਕਾਗਰਤਾ ਨਾਲ ਸੁਣਿਆ ਅਤੇ ਮਾਣਿਆ। ਇਹ ਸਫਲ ਪ੍ਰੋਗ੍ਰਾਮ ਪੰਜਾਬੀ ਸਾਹਿਤ ਅਤੇ ਸਭਿਆਚਾਰ ਪ੍ਰੇਮੀਆਂ ਦੀ ਸਿਮ੍ਰਤੀ ਵਿਚ ਲੰਮਾ ਸਮਾਂ ਉਕਰਿਆ ਰਹੇਗਾ।

# ਹੁਣ ਘਰ ਦੀਆਂ ਚਾਬੀਆਂ ਹੋਣਗੀਆਂ ਤੁਹਾਡੇ ਮੋਬਾਈਲ ਕੋਲ

ਟਰਾਂਟੋ (ਨਦਬ)-ਕੀ ਤੁਸੀਂ ਭਵਿੱਖ ਵਿਚ ਆਪਣੇ ਘਰ ਦੀਆਂ ਚਾਬੀਆਂ ਜਾਂ ਪਾਸਵਰਡ ਆਪਣੇ ਸੈਲ ਫੋਨ ਨੂੰ ਫੜਾ ਸਕਦੇ ਹੋ? ਅਗਲੇ ਕੁਝ ਸਾਲਾਂ ਵਿਚ ਤੁਹਾਡਾ ਜਵਾਬ ਪਹਿਲਾਂ ਵਾਲਾ ਨਹੀਂ ਹੋਵੇਗਾ। ਮੋਬਾਈਲ ਦੇ ਭਵਿੱਖ ਬਾਰੇ ਇਕ ਰਿਪੋਰਟ ਅਨੁਸਾਰ ਲੋਕਾਂ ਦੀ ਪਛਾਣ ਆਪਣੇ ਫੋਨਾਂ ਨਾਲ ਹੋਣ ਜਾ ਰਹੀ ਹੈ। ਮੋਬਾਈਲ ਫੋਨਾਂ 'ਤੇ ਮਨੁੱਖ ਦੀ ਨਿਰਭਰਤਾ ਏਨੀ ਹੋ ਜਾਵੇਗੀ ਕਿ ਉਨ੍ਹਾਂ ਦੇ ਵਿੱਤੀ, ਨਿੱਜੀ, ਪ੍ਰੋਫੈਸ਼ਨਲ ਮਾਮਲਿਆਂ ਨੂੰ ਕੰਟਰੋਲ ਕਰਨ ਦੀ ਚਾਬੀ ਉਸ ਕੋਲ ਹੋਵੇਗੀ। ਤੁਸੀਂ ਇਹ ਸੋਚੋ ਕਿ ਤੁਹਾਡਾ ਜੀਵਨ ਪਹਿਲਾਂ ਹੀ ਫੋਨ 'ਤੇ ਨਿਰਭਰ ਹੈ। ਆਉਣ ਵਾਲੇ ਸਮੇਂ ਦਾ ਸਹਿਜੇ ਹੀ ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਕੌਮਾਂਤਰੀ ਮਾਰਕਿਟਿੰਗ ਸੰਚਾਰ ਫਰਮ ਜੇ.ਡਬਲਯੂ.ਟੀ. ਵਿਖੇ ਇੰਟਰਨੈਸ਼ਨਲ ਬਿਜ਼ਨਸ ਡਿਵੈਲਪਮੈਂਟ ਬਾਰੇ ਪਲਾਨਿੰਗ ਡਾਇਰੈਕਟਰ ਅਲੈਕਸ ਪੈਲਟੇ ਨੇ ਕਿਹਾ, 'ਪਹਿਲੀ ਵਾਰ ਤੁਹਾਡੀ ਸਾਰੀ ਪਛਾਣ ਇਕ ਆਈਟਮ ਵਿਚ ਸਿਮਟਣ ਜਾ ਰਹੀ ਹੈ। ਅਸੀਂ ਅਜਿਹਾ ਇਸ ਲਈ ਕਰਨ ਜਾ ਰਹੇ ਹਾਂ ਕਿਉਂਕਿ ਇਸ ਨਾਲ ਤੁਹਾਡੀ ਜ਼ਿੰਦਗੀ ਹੋਰ ਵੀ ਆਸਾਨ ਹੋ ਜਾਵੇਗੀ। ਅਸੀਂ ਇਕੋ ਵੇਲੇ ਪੰਜ-ਪੰਜ ਚੀਜ਼ਾਂ ਆਪਣੀ ਜੇਬ ਵਿਚ ਨਹੀਂ ਰੱਖ ਸਕਾਂਗੇ ਕਿਉਂਕਿ ਇਹ ਸਭ ਮੋਬਾਈਲ ਵਿਚ ਸਮਾ ਜਾਣਗੀਆਂ। ਇਹ ਮੋਬਾਈਲ ਹੀ ਕਾਰ ਨੂੰ ਸਟਾਰਟ ਕਰਨ, ਘਰ ਨੂੰ ਖੋਲ੍ਹਣ ਤੇ ਘਰ ਦੇ ਸਾਮਾਨ ਨੂੰ ਚਲਾਉਣ ਵਿਚ ਤੁਹਾਡੀ ਮਦਦ ਕਰਨਗੇ। ਹਾਲ ਹੀ ਵਿਚ ਬਾਰਸੀਲੋਨਾ ਵਿਚ ਮੋਬਾਈਲ ਵਰਲਡ ਕਾਂਗਰਸ ਦੌਰਾਨ ਵੀਜ਼ਾ ਤੇ ਗੂਗਲ ਵਰਗੇ ਬਰਾਂਡਾਂ ਦੇ ਅਧਿਕਾਰੀਆਂ ਨੇ ਨੇੜ ਭਵਿੱਖ ਵਿਚ ਅਜਿਹੇ ਮੋਬਾਈਲ ਫੋਨਾਂ ਦੀ ਆਮਦ ਦਾ ਐਲਾਨ ਕੀਤਾ।




# 'ਬੇਬੇ ਮੈਂ ਸੰਤ ਬਣੂੰਗਾ' ਦੀ ਪੇਸ਼ਕਾਰੀ 15 ਜੁਲਾਈ ਨੂੰ



ਐਡਮਿੰਟਨ (ਨਦਬ)- ਕੈਪੀਟਲ ਕਾਰ ਐਂਡ ਟਰੱਕ ਸੇਲ ਵੱਲੋਂ 15 ਜੁਲਾਈ ਨੂੰ ਕਮੇਡੀ ਸ਼ੋਅ 'ਬੇਬੇ ਮੈਂ ਸੰਤ ਬਣੂੰਗਾ' ਕਰਵਾਇਆ ਜਾ ਰਿਹਾ ਹੈ। ਸ਼ੇਰਵੁੱਡ ਪਾਰਕ ਦੇ ਫ਼ੈਸਟੀਵਲ ਪਲੇਸ 'ਚ ਕਰਵਾਏ ਜਾਣ ਵਾਲੇ ਇਸ ਸ਼ੋਅ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕ ਪਰਮਿੰਦਰ ਬੱਦੋਵਾਲ ਨੇ ਦੱਸਿਆ ਕਿ ਕਮੇਡੀ ਸ਼ੋਅ 'ਬੇਬੇ ਮੈਂ ਸੰਤ ਬਣੂੰਗਾ' ਗੁਰਤੇਜ ਚਿੱਤਰਕਾਰ, ਭਜਨਾ ਅਮਲੀ ਸਮੇਤ ਹੋਰ ਵੀ ਪ੍ਰਮੁੱਖ ਕਲਾਕਾਰ ਭਾਗ ਲੈ ਰਹੇ ਹਨ। ਹੋਰ ਜਾਣਕਾਰੀ ਲਈ ਪਰਮਿੰਦਰ ਬੱਦੋਵਾਲ ਨਾਲ 780-264-2300 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਪੋਸਟ ਪਰਿਵਾਰ ਵਿੱਚ ਇੱਕ ਹੋਰ ਵਾਧਾ ਨਵੇਂ ਟੈਲੀਵੀਜ਼ਨ ਸ਼ੋਅ ਦੀ ਦਸਤਕ ਅਗਲੇ ਅਪਰੈਲ ਤੋਂ

ਟੋਰਾਂਟੋ (ਨਦਬ): ਕੈਨੇਡੀਅਨ ਪੰਜਾਬੀ ਪੋਸਟ ਦੀ ਮੂਲ ਕੰਪਨੀ ਸੀ ਪੀ ਮੀਡੀਆ ਗਰੁੱਪ ਵੱਲੋਂ ਦਿਨ ਸ਼ਨਿਚਰਵਾਰ ਤੋਂ ਇੱਕ ਨਵੇਂ ਟੈਲੀਵੀਜ਼ਨ ਸ਼ੋਅ ਕੀਤਾ ਜਾਵੇਗਾ। ਇਸ ਸ਼ੋਅ ਦਾ ਨਾਮ ਸਾਊਥ ਏਸ਼ੀਅਨ ਅਬਰੌਡ ਹੋਵੇਗਾ। ਕੈਨੇਡਾ ਦੇ ਮੁੱਖ ਧਾਰਾ ਦੇ ਪ੍ਰਮੁੱਖ ਟੀ ਵੀ ਚੈਨਲ CHEX TV ਤੋਂ ਪ੍ਰਸਾਰਣ ਹੋਣ ਵਾਲਾ ਇਹ ਸ਼ੋਅ ਪੰਜਾਬੀ ਕਮਿਉਨਿਟੀ ਦੀ ਜਾਣੀ ਪਹਿਚਾਣੀ ਮੀਡੀਆ ਸਖਸ਼ੀਅਤ ਜਗਦੀਸ਼ ਗਰੇਵਾਲ ਵੱਲੋਂ ਹੋਸਟ ਕੀਤਾ ਜਾਵੇਗਾ। ਪੰਜਾਬੀ ਵਿੱਚ ਪ੍ਰਮੁੱਖਤਾ ਹੋਣ ਵਾਲੇ ਸਾਊਥ ਏਸ਼ੀਅਨ ਅਬਰੌਡ ਸ਼ੋਅ ਵਿੱਚ ਅੰਗਰੇਜ਼ੀ, ਹਿੰਦੀ ਅਤੇ ਉਰਦੂ ਦੇ ਅੰਸ਼ ਵੀ ਸ਼ਾਮਲ ਕੀਤੇ ਜਾਣਗੇ। ਇਹ ਸ਼ੋਅ ਹਰ ਸ਼ਨਿਚਰਵਾਰ ਸਵੇਰੇ 9 ਵਜ਼ੇ ਤੋਂ 10 ਵਜ਼ੇ ਤੱਕ ਰੌਜ਼ਰਸ 129, ਬੈੱਲ 217 ਅਤੇ ਸਟਾਰ ਚੋਆਇਸ 348 ਉੱਤੇ ਵੇਖਿਆ ਜਾ ਸਕੇਗਾ।

ਜਗਦੀਸ਼ ਗਰੇਵਾਲ ਨੇ ਦੱਸਿਆ ਕਿ ਇਸ ਟੀ ਵੀ ਸ਼ੋਅ ਨੂੰ ਸ਼ੁਰੂ ਕਰਨ ਪਿੱਛੇ ਉਦੇਸ਼ ਉਸ ਖੱਪੇ ਨੂੰ ਪੂਰਾ ਕਰਨਾ ਹੈ ਜੋ ਕਿ ਸਾਊਥ ਏਸ਼ੀਅਨ ਭਾਈਚਾਰੇ ਵਿੱਚ ਗੁਣਵੱਤਾ ਵਾਲੇ ਖਬਰਾਂ, ਰੋਚਕ ਮੁਲਾਕਾਤਾਂ ਅਤੇ ਮਨੋਰੰਜਨ ਵਾਲੇ ਪ੍ਰੋਗਰਾਮਾਂ ਦੀ ਘਾਟ ਕਾਰਣ ਪਾਇਆ ਜਾ ਰਿਹਾ ਹੈ। ਵਰਨਣਯੋਗ ਹੈ ਕਿ ਜਗਦੀਸ਼ ਗਰੇਵਾਲ ਵੱਲੋਂ ਅੱਜ ਤੋਂ ਦਸ ਸਾਲ ਪਹਿਲਾਂ ਕੈਨੇਡਾ ਵਿੱਚ ਪੰਜਾਬੀ ਦਾ ਅਖਬਾਰ ਕੈਨੇਡੀਅਨ ਪੰਜਾਬੀ ਪੋਸਟ ਕੱਢਿਆ ਗਿਆ ਜੋ ਅੱਜ ਸਫਲਤਾ ਨਾਲ ਚੱਲ ਰਿਹਾ ਹੈ। ਵਧੇਰੇ ਜਾਣਕਾਰੀ ਲਈ 905 793 2202 ਜਾਂ 214 970 5005 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਵੀਂ ਸਿੱਖਿਆ ਨੀਤੀ 'ਤੇ ਬਹਿਸ ਜਰੂਰੀ

ਐਡਮਿੰਟਨ (ਨਦਬ.): ਸਿੱਖਿਆ ਮੰਤਰੀ ਥਾਮਸ ਲੁਕਸਜੁਕ ਨੂੰ ਬੀਤੇ ਕਈ ਦਿਨਾਂ ਤੋਂ ਧਮਕੀ ਭਰੀਆਂ ਈ-ਮੇਲਾਂ ਦਾ ਮਾਮਲਾ ਸਾਹਮਣੇ ਆਇਆ ਹੈ। ਲੁਕਸਜੁਕ ਮੁਤਾਬਕ ਧਮਕੀਆਂ ਭਰੀਆਂ ਇਹ ਈ-ਮੇਲਾਂ ਅਲਬਰਟਾ ਦੀ ਨਵੀਂ ਸਿੱਖਿਆ ਨੀਤੀ ਦੇ ਵਿਰੋਧ ਵਜੋਂ ਕੈਨੇਡਾ ਤੇ ਅਮਰੀਕਾ ਦੇ ਹੋਮ-ਸਕੂਲਰਸ ਵਲੋਂ ਮਿਲ ਰਹੀਆਂ ਹਨ। ਕਈ ਹੋਮ ਸਕੂਲਰਸ ਬੇਹਦ ਨਾਰਾਜ਼ ਹਨ। ਉਹ ਰੋਸ ਵਜੋਂ ਵਿਧਾਨ ਸਭਾ ਅੱਗੇ ਮੁਜਾਹਰੇ ਕਰ ਰਹੇ ਹਨ ਤੇ ਨਵੇਂ ਸਕੂਲ ਐਕਟ ਦੀ ਇਕ ਵੈਬ-ਸਾਈਟ ਬਣਾਕੇ ਇਸ ਦੀ ਨਿਖੇਧੀ ਕੀਤੀ ਹੈ। ਪਰ ਲੋਕਾਂ 'ਚ ਐਨਾ ਰੋਸ ਕਿਸ ਗੱਲ ਦਾ ਹੈ?

ਪਿੱਛਲੇ ਸਾਲ ਧਰਮ, ਫਲਸਫੇ ਤੇ ਹੋਰ ਵਿਹਾਰਕ ਕਾਰਣਾਂ ਕਰਕੇ ਅਲਬਰਟਾ ਦੇ ਪਰਿਵਾਰਾਂ ਨੇ ਹੋਮ ਸਕੂਲਾਂ ਦੀ ਚੋਣ ਕੀਤੀ ਸੀ। ਜ਼ਿਕਰਯੋਗ ਹੈ ਕਿ ਉੱਤਰੀ ਅਮਰੀਕਾ ਦੇ ਅਲਬਰਟਾ 'ਚ ਹੋਮ ਸਕੂਲ ਸਬੰਧੀ ਸਭ ਤੋਂ ਵੱਧ ਨਰਮ ਨੀਤੀਆਂ ਹਨ। ਮਾਂਪਿਆਂ ਨੂੰ ਕਿਸੇ ਵੀ ਸੂਬਾਈ ਪਾਠਕ੍ਰਮ ਦੀ ਬੰਦਿਸ਼ ਨਹੀਂ ਹੁੰਦੀ। ਬੱਚਿਆਂ ਨੂੰ ਇਮਤਿਹਾਨ ਵੀ ਨਹੀਂ ਦੇਣੇ ਪੈਂਦੇ। ਇਸ ਤੋਂ ਇਲਾਵਾ ਅਲਬਰਟਾ ਉਨ੍ਹਾਂ ਦੋ ਸੂਬਿਆਂ 'ਚੋਂ ਇਕ ਸੂਬਾ ਹੈ ਜਿਥੇ ਬੱਚਿਆਂ ਨੂੰ ਘਰ ਪੜ੍ਹਾਉਣ ਲਈ ਸਰਕਾਰ ਮਾਂਪਿਆਂ ਦੀ ਮਾਲੀ ਮਦਦ ਵੀ ਕਰਦੀ ਹੈ। ਨਵੀਂ ਸਿੱਖਿਆ ਨੀਤੀ ਤਹਿਤ ਭਾਵੇਂ ਇਨ੍ਹਾਂ ਅਧਿਕਾਰਾਂ ਨੂੰ ਕੋਈ ਖਤਰਾ ਨਹੀਂ ਹੈ, ਪਰ ਨਵੇਂ ਐਕਟ ਦਾ ਸੈਕਸ਼ਨ 16 ਵਿਵਾਦ ਦਾ ਮੁੱਦਾ ਬਣਿਆ ਹੋਇਆ ਹੈ। ਇਸ ਨਵੇਂ ਐਕਟ ਦੇ ਤਹਿਤ ਹੋਮ ਸਕੂਲਾਂ ਸਮੇਤ ਸਾਰੇ ਸਕੂਲਾਂ 'ਚ ਅਲਬਰਟਾ ਦੀ ਵੰਨ-ਸੁਵੰਨਾ ਭਰਭੂਰ ਵਿਰਸੇ ਦੀ ਝਲਕ ਪ੍ਰਾਪਤ ਹੋਣੀ ਜ਼ਰੂਰੀ ਹੈ। ਇਸ ਦੇ ਨਾਲ ਅਧਿਕਾਰਾਂ ਤੇ ਆਜ਼ਾਦੀ ਸਬੰਧੀ ਕੈਨੇਡੀਅਨ ਚਾਰਟਰ ਤੇ ਅਲਬਰਟਾ ਦੇ ਮਨੁੱਖੀ ਅਧਿਕਾਰ ਸਬੰਧੀ ਐਕਟ ਨੂੰ ਇਜ਼ੱਤ-ਮਾਣ ਦੇਣ, ਆਪਸੀ ਤਾਲਮੇਲ ਨੂੰ ਵਧੇਰੇ ਹੱਲਾਸ਼ੇਰੀਦੇਣ ਸਬੰਧੀ ਨਿਰਦੇਸ਼ ਦਿੱਤੇ ਗਏ ਹਨ। ਭਾਵੇਂ ਇਹ ਸਭ ਕਾਫ਼ੀ ਚੰਗਾ ਪ੍ਰਤੀਤ ਹੋ ਰਿਹਾ ਹੈ, ਪਰ ਕੁਝ ਹੋਮ ਸਕੂਲਜ਼ ਦਾ ਮੰਨਣਾ ਹੈ ਕਿ ਅਧਿਕਾਰਾਂ ਤੇ ਆਜ਼ਾਦੀ ਸਬੰਧੀ ਕੈਨੇਡੀਅਨ ਚਾਰਟਰ ਤੇ ਅਲਬਰਟਾ ਦੇ ਮਨੁੱਖੀ ਅਧਿਕਾਰ ਸਬੰਧੀ ਐਕਟ ਨੂੰ ਇਜ਼ੱਤ-ਮਾਣ ਦੇਣ ਸਬੰਧੀ ਭਾਸ਼ਾ ਬੜੀ ਰਹੱਸਮਈ ਹੈ ਜਿਸ 'ਚ ਬਾਈਬਲ ਪੜ੍ਹਾਉਣ ਅਤੇ ਹੋਰ ਧਾਰਮਿਕ ਕਾਰਵਾਈਆਂ 'ਤੇ ਰੋਕ ਪ੍ਰਤੀਤ ਹੁੰਦੀ ਹੈ ਅਤੇ ਸਮਲਿੰਗੀ ਅਧਿਕਾਰਾਂ ਸਬੰਧੀ ਲਾਜ਼ਮੀ ਨਿਰਦੇਸ਼ਾਂ ਵੱਲ ਉਂਗਲੀ ਕਰਦੀ ਹੈ।

# ਲੇਖਕ ਸੁਖਬੀਰ ਨੂੰ ਸ਼ਰਧਾਂਜਲੀ ਭੇਟ

ਕੈਲਗਰੀ (ਇਕਬਾਲ ਖ਼ਾਨ) ਅਰਪਨ ਲਿਖਾਰੀ ਸਭਾ,ਕੈਲਗਰੀ ਦੀ ਮਾਰਚ ਮਹੀਨੇ ਦੀ ਇਕੱਤਰਤਾ ਕੋਸੋ ਦੇ ਹਾਲ ਵਿਚ ਕੇਸਰ ਸਿੰਘ ਨੀਰ, ਹਰਨੇਕ ਸਿੰਘ ਬੱਧਣੀ ਅਤੇ ਕੰਵਲਜੀਤ ਕੌਰ ਸ਼ੇਰਗਿੱਲ ਦੇ ਪ੍ਰਧਾਨਗੀ ਮੰਡਲ਼ ਹੇਠ ਹੋਈ। ਇਕਬਾਲ ਖ਼ਾਨ ਨੇ ਪੰਜਾਬੀ ਦੇ ਸਿਰਮੌਰ ਲੇਖਕ ਸੁਖਬੀਰ ਦੇ ਸਦੀਵੀ ਵਿਛੋੜਾ ਦੇਣ ਬਾਰੇ ਖ਼ਬਰ ਸੁਣਾਈ।

ਸੁਖਬੀਰ ਨੂੰ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿਤੀ ਗਈ। ਇਸ ਉਪਰੰਤ ਕੇਸਰ ਸਿੰਘ ਨੀਰ ਅਤੇ ਡਾ.ਹਰਭਜਨ ਸਿੰਘ ਢਿੱਲੋਂ ਨੇ ਸੁਖਬੀਰ ਦੇ ਜੀਵਨ ਅਤੇ ਰਚਨਾ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ। ਪ੍ਰਕਿਮਲਜੀਤ ਕੌਰ ਸ਼ੇਰਗਿਲ ਨੇ 'ਸਮਾਜ ਦਾ ਗੰਧ਼ਲਾਪਨ' ਨਾਂ ਦੀ ਕਵਿਤਾ ਸੁਣਾਈ। ਸਰੂਪ ਸਿੰਘ ਮੰਡੇਰ ਨੇ ਆਪਣੀ ਕਵੀਸ਼ਰੀ ਗਾ ਕੇ ਪੇਸ਼ ਕੀਤੀ।

ਪੈਰੀ ਮਾਹਿਲ ਨੇ ਕੁੱਝ ਅਹਿਮ ਨੁਕਤਿਆਂ ਵੱਲ ਧਿਆਨ ਦਵਾਉਂਦਿਆਂ ਕਿਹਾ,"ਸਾਨੂੰ ਕਿਰਾਏ 'ਤੇ ਮਕਾਨ ਦੇਣ ਵੇਲੇ ਕਿਰਾਏਦਾਰ ਵਾਰੇ ਪੂਰੀ ਜਾਣਕਾਰੀ ਲੈਣੀ ਚਾਹੀਦੀ ਹੈ, ਨਹੀਂ ਤਾਂ ਅਸੀਂ ਕਿਸੇ ਸਮੱਸਿਆ ਵਿਚ ਫੱਸ ਸਕਦੇ ਹਾਂ। ਅਜਾਇਬ ਸਿੰਘ ਸੇਖੋਂ ਨੇ ਆਪਣੀ 'ਹੱਥ' ਨਾਂ ਦੀ ਕਵਿਤਾ ਸਰੋਤਿਆਂ ਨਾ਼ਲ ਸਾਂਝੀ ਕੀਤੀ। ਕਲਵੀਰ ਸਿੰਘ ਸ਼ੇਰਗਿੱਲ ਨੇ 'ਮੈਂ ਔਰਤ ਹਾਂ' ਕਵਿਤਾ ਸਰੋਤਿਆਂ ਸਨਮੁਖ ਰੱਖੀ। ਸੋਹਣ ਮਾਨ, ਸੁਰਿੰਦਰ ਸਿੰਘ ਢਿੱਲੋਂ, ਗੁਰਚਰਨ ਕੌਰ ਥਿੰਦ, ਪ੍ਰਸ਼ੋਤਮ ਦਾਸ ਭਾਰਦਵਾਜ਼, ਗੁਰਨਾਮ ਸਿੰਘ ਗਿੱਲ, ਮਨਜੋਤ ਗਿੱਲ ਅਤੇ ਕੁਲਦੀਪ ਕੌਰ ਘਟੌੜਾ ਨੇ ਵੀ ਆਪਣੀਆਂ ਕਵਿਤਾਵਾਂ ਅਤੇ ਵਿਚਾਰ ਪੇਸ਼ ਕੀਤੇ। ਅੰਤ ਵਿਚ ਕੇਸਰ ਸਿੰਘ ਨੀਰ ਨੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ।




Now More Locations To Serve You Better

Preparing you for a safe & healthy journey

Offering National & International Travel Vaccines

ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ੂਰੂਰ ਲਵਾਓ।

Atlas Immunization Services

Phone: 780 465 5150

www.atlasimmunization.com

Suite 104, 7633-50 St. Edmonton (Meridian Place)

''ਕਿਸੇ ਅਧਿਐਨ ਦੇ ਨਤੀਜਿਆਂ ਉਤੇ ਸਵਾਲ ਉਠਦੇ ਹਨ ਤਾਂ ਸਭ ਤੋਂ ਪਹਿਲਾਂ ਖੋਜ ਦੇ ਤਰੀਕੇ ਨੂੰ ਦੇਖਣਾ ਹੋਵੇਗਾ ਕਿ ਕੀ ਉਸ ਵਿਚ ਕੋਈ ਕਮੀ ਹੈ। ਇਸ ਗੱਲ ਨੂੰ ਤਾਂ ਰੱਦ ਨਹੀਂ ਕੀਤਾ ਜਾ ਸਕਦਾ ਕਿ ਕੁਝ ਤਾਂ ਗਰੀਬੀ ਜ਼ਰੂਰ ਘੱਟ ਹੋਈ ਹੈ। ਅੰਕੜੇ ਕਿਵੇਂ ਤਿਆਰ ਹੁੰਦੇ ਹਨ, ਇਸ ਤੋਂ ਵੀ ਦੇਸ਼ ਵਿਚ ਵੱਡੇ ਬਦਲਾਅ ਦੀ ਦਿਸ਼ਾ ਤੈਅ ਹੁੰਦੀ ਹੈ।''



ਪ੍ਰੋ. ਰੋਹਿਣੀ ਸੋਮਨਾਥਨ, ਦਿੱਲੀ ਸਕੂਲ ਆਫ ਇਕੋਨਮਿਕਸ

''ਸੈਂਪਲ ਸਰਵੇ ਦੇ ਅੰਕੜੇ ਕੇਵਲ ਸੰਕੇਤਕ ਹੁੰਦੇ ਹਨ ਕਿ ਦੇਸ਼ ਵਿਚ ਕਿੰਨੀ ਗਰੀਬੀ ਹੈ, ਯੋਜਨਾਵਾਂ ਲਾਗੂ ਕਰਨ ਵਿਚ ਇਨ੍ਹਾਂ ਅੰਕੜਿਆਂ ਦੀ ਵਰਤੋਂ ਠੀਕ ਨਹੀਂ ਹੈ। ਗਰੀਬੀ ਦੀ ਰੇਖਾ ਤੈਅ ਕਰਨ ਲਈ ਕੀਮਤ ਸੂਚਕ ਅੰਕ ਨੂੰ ਵੀ ਧਿਆਨ ਵਿਚ ਰੱਖ ਕੇ ਸਰਵੇਖਣ ਹੋਣਾ ਚਾਹੀਦਾ ਹੈ।''



ਮਹੇਸ਼ ਸੀ. ਪੁਰੋਹਿਤ, ਨਿਰਦੇਸ਼ਕ-ਫਾਊਂਡੇਸ਼ਨ ਫਾਰ ਪਬਲਿਕ ਇਕੋਨਮਿਕਸ ਐਂਡ ਪਾਲਿਬੀ ਰਿਸਰਚ

''ਵਿਸ਼ਵ ਬੈਂਕ ਅਤੇ ਆਈ.ਐਮ.ਐਫ. ਵਰਗੀਆਂ ਸੰਸਥਾਵਾਂ ਦੇ ਇਸ਼ਾਰੇ ਉਤੇ ਚੱਲਣ ਦੀ ਬਜਾਏ ਗਰੀਬੀ ਰੇਖਾ ਤੈਅ ਕਰਨ ਦਾ ਮਾਪਦੰਡ ਅਸਲੀਅਤ ਨੂੰ ਦਰਸਾਉਣ ਵਾਲਾ ਹੋਣਾ ਚਾਹੀਦਾ ਹੈ, ਪਰ ਸਰਕਾਰ ਦਰਸਾਉਣਾ ਚਾਹੁੰਦੀ ਹੈ ਕਿ ਪਿਛਲੇ 5-6 ਸਾਲ ਵਿਚ ਜੋ ਵਿਕਾਸ ਹੋਇਆ ਹੈ, ਉਸ ਨਾਲ ਗਰੀਬੀ ਘੱਟ ਹੋਈ ਹੈ।''



ਜੇ.ਡੀ. ਅਗਰਵਾਲ, ਨਿਰਦੇਸ਼ਕ ਇੰਡੀਅਨ ਇੰਸਟੀਚਿਊਟ ਆਫ ਫਾਈਨਾਂਸ

# ਗਰੀਬੀ ਨੂੰ ਗਰੀਬ ਦੇ ਚਸ਼ਮੇ ਨਾਲ ਦੇਖੋ...



ਗਰੀਬੀ ਨੂੰ ਮਾਪਣ 'ਤੇ ਇਕ ਵਾਰ ਫੇਰ ਬਹਿਸ ਅਤੇ ਸਿਆਸਤ ਗਰਮਾ ਗਈ ਹੈ। ਇਕ ਵਿਅਕਤੀ ਨੂੰ ਪੌਸ਼ਟਿਕ ਭੋਜਨ ਨਾਲ ਠੀਕ-ਠਾਕ ਜੀਵਨ ਜਿਉਣ ਲਈ 28 ਜਾਂ 22 ਰੁਪਏ ਕਾਫੀ ਹੋਣਗੇ ਜਾਂ ਨਾਕਾਫੀ ਜਾਂ ਫਿਰ ਇਹ ਗਰੀਬੀ ਨਹੀਂ ਭੁੱਖਮਰੀ ਦੀ ਰੇਖਾ ਹੈ। ਇਸ ਤਰ੍ਹਾਂ ਦੀਆਂ ਬਹਿਸਾਂ ਦੇ ਇਸ ਹੋ-ਹੱਲੇ ਵਿਚ ਅਸੀਂ ਕਿੰਨੇ ਸਮੇਂ ਤੋਂ ਬੁਨਿਆਦੀ ਗੱਲਾਂ ਤੋਂ ਮੂੰਹ ਮੋੜ ਰਹੇ ਹਨ, ਇਹ ਹੈਰਾਨੀਜਨਕ ਹੈ। ਗਰੀਬੀ ਕੀ ਇਕ ਰੇਖਾ ਹੈ, ਇਕ ਹੀ ਆਯਾਮ ਹੈ ਇਸ ਦਾ? ਕਿਸੇ ਗਰੀਬ ਦੀ ਝੁੱਗੀ ਵਿਚ ਜਾ ਕੇ ਦੇਖੋ ਤਾਂ ਉਸ ਦੇ ਆਸਪਾਸ ਜ਼ਰੂਰਤਾਂ ਦੀ ਦਾਸਤਾਨ ਦੀਆਂ ਪਰਤਾਂ ਖੁੱਲਣੀਆਂ ਸ਼ੁਰੂ ਹੋਣਗੀਆਂ। ਗਰੀਬੀ ਰੇਖਾ ਤੋਂ ਹੇਠਾਂ ਜਾਂ ਥੋੜ੍ਹਾ ਉਪਰ ਵਾਲਿਆਂ ਦੇ ਨੇੜੇ ਖੜੇ ਹੋ ਕੇ ਦੇਖੋ। ਗਰੀਬ ਦੀ ਰਸੋਈ ਦੇ ਧੂੰਏ ਤੋਂ ਸ਼ੁਰੂ ਕਰੋ ਅਤੇ ਦੇਖਦੇ ਜਾਓ ਕਿ ਗਰੀਬ ਦੇ ਘਰ ਵਿਚ ਪਾਣੀ ਕਿਹੋ ਜਿਹਾ ਅਤੇ ਕਿਥੋਂ ਆਉਂਦਾ ਹੈ, ਉਸ ਦੇ ਪਰਿਵਾਰ ਦੇ ਬੱਚਿਆਂ ਅਤੇ ਮਹਿਲਾਵਾਂ ਨੂੰ ਕਿਸ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਉਪਲਬਧ ਹਨ, ਪਰਿਵਾਰ ਦੇ ਲੜਕੇ ਅਤੇ ਲੜਕੀ ਨੂੰ ਜੋ ਸਿੱਖਿਆ ਮਿਲ ਰਹੀ ਹੈ, ਉਹ ਗਰੀਬੀ ਦੀ ਵੱਸ ਤੋਂ ਬਾਹਰ ਨਿਕਲਣ ਵਿਚ ਪਰਿਵਾਰ ਦੀ ਮਦਦ ਕਰਨ ਵਾਲੀ ਹੈ ਕਿ ਉਸ ਨੂੰ ਹੋਰ ਵਧਾਉਣ ਵਾਲੀ ਹੈ। ਇਨ੍ਹਾਂ ਗੱਲਾਂ ਉਤੇ ਗੌਰ ਕਰਾਂਗੇ ਤਾਂ ਗਰੀਬਾਂ ਦੀ ਸਿਹਤ, ਸਿੱਖਿਆ ਅਤੇ ਵਾਤਾਵਰਣ, ਘਰ ਦੇ ਅੰਦਰ ਬਾਹਰ ਦੇ ਪ੍ਰਦੂਸ਼ਣ ਨਾਲ ਸਬੰਧ ਸਾਹਮਣੇ ਆਉਣਗੇ।

ਤੁਸੀਂ ਅਰਥ ਸ਼ਾਸਤਰ ਦਾ 'ੳ' ਵੀ ਨਹੀਂ ਪੜ੍ਹਿਆ ਹੈ। ਪਰ ਚਿੱਤਕੂਟ ਖੇਤਰ ਦੇ ਆਸ-ਪਾਸ ਦੇ ਯੂ.ਪੀ.-ਐਮ.ਪੀ ਵਿਚ ਪੈਣ ਵਾਲੇ ਪਿੰਡਾਂ ਵਿਚ ਸੱਤ ਸਾਲ ਕੰਮ ਕਰਕੇ ਅਤੇ ਮੱਧ ਪ੍ਰਦੇਸ਼ ਦੇ ਸ਼ਹਿਡੋਲ-ਉਮਰਿਆ ਜ਼ਿਲ੍ਹੇ ਵਿਚ ਜਾਂ ਫਿਰ ਉਤਰਾਖੰਡ ਦੇ ਮਸੂਰੀ ਜਾਂ ਅਲਮੋੜਾ ਵਿਚ ਭਟਕੋਟ ਦੇ ਆਸ-ਪਾਸ ਦੇ ਪਿੰਡਾਂ ਦੇ ਜੀਵਨ ਨੂੰ ਵਾਰ-ਵਾਰ ਜਾ ਕੇ ਨੇੜੇ ਤੋਂ ਦੇਖਣ ਦੀ ਖੁਸ਼ਕਿਸਮਤੀ ਜ਼ਰੂਰ ਅੱਖਾਂ ਵਿਚ ਵਸੀ ਹੈ ਅਤੇ ਇਸੇ ਚਸ਼ਮੇ ਤੋਂ ਗਰੀਬੀ ਦੇ ਕੇਵਲ ਆਰਥਿਕ ਪਹਿਲੂ ਨੂੰ ਧਿਆਨ ਵਿਚ ਰੱਖ ਕੇ ਨੀਤੀਆਂ ਬਣਾਉਣ ਵਿਚ ਛੁਪਿਆ ਅਧੂਰਾਪਣ ਜਾਂ ਕਹਿ ਲਈਏ, ਬੇਈਮਾਨੀ ਹੋਰ ਵੀ ਜ਼ਿਆਦਾ ਸਾਫ ਦਿਖਾਈ ਦਿੰਦੀ ਹੈ।

ਵਿਕਾਸ ਦੇ ਕੌਮੀ ਵਿਚਾਰ ਵਿਚ ਤਾਂ ਬੇਹੱਦ ਘੱਟ ਪਰ ਕੌਮਾਂਤਰੀ ਵਿਚਾਰ ਵਿਚ ਵੀ ਪਿਛਲੇ ਕੁਝ ਸਾਲਾਂ ਤੋਂ ਗਰੀਬੀ ਅਤੇ ਇਸ ਦੇ ਸੂਚਕ ਅੰਕ (ਮਲਟੀ ਡਾਈਮੈਂਸ਼ਨਲ ਪਾਵਰਟੀ ਇੰਡੈਕਸ ਭਾਵ ਐਮ.ਪੀ.ਆਈ) ਦੀ ਗੱਲ ਸ਼ੁਰੂ ਹੋ ਗਈ ਹੈ। ਯੂ.ਐਲ.ਡੀ.ਪੀ. ਦੀ 2011 ਦੀ ਮਨੁੱਖੀ ਵਿਕਾਸ ਰਿਪੋਰਟ ਵਿਚ ਬਹੁਤ ਹੀ ਵਿਸਥਾਰ ਵਿਚ ਜਾ ਕੇ ਗਰੀਬੀ ਨਾਲ ਸਿਹਤ, ਸਿੱਖਿਆ ਅਤੇ ਜੀਵਨ ਪੱਧਰ ਦੇ ਰਿਸ਼ਤਿਆਂ ਨੂੰ ਉਜਾਗਰ ਕੀਤਾ ਗਿਆ ਹੈ। ਗਰੀਬੀ ਦਾ ਪੈਮਾਨਾ ਉਸ ਨਜ਼ਰੀਏ ਨੂੰ ਵਿਕਸਿਤ ਕਰਨ ਵਿਚ ਮਦਦ ਕਰਦਾ ਹੈ, ਜਿਸ ਦੇ ਆਧਾਰ ਉਤੇ ਥੁੜ੍ਹਾਂ ਮਾਰੇ ਲੋਕਾਂ ਉਤੇ ਪੈਣ ਵਾਲੇ ਪ੍ਰਭਾਵਾਂ, ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ, ਕੁਦਰਤੀ ਵਸੀਲਿਆਂ ਉਤੇ ਉਨ੍ਹਾਂ ਦੀ ਨਿਰਭਰਤਾ ਦੇ ਆਪਸੀ ਰਿਸ਼ਤਿਆਂ ਨੂੰ ਸਹੀ ਰੂਪ ਵਿਚ ਦੇਖਣ ਵਿਚ ਵੀ ਮਦਦ ਮਿਲਦੀ ਹੈ। ਇਸੇ ਨਜ਼ਰੀਏ ਦਾ ਵਿਸਥਾਰ ਕਰਦੇ ਹੋਏ ਟਿਕਾਊ ਅਤੇ ਵਿਕਾਸ ਦੀਆਂ ਚੁਣੌਤੀਆਂ ਉਤੇ ਕਾਰਗਰ ਢੰਗ ਨਾਲ ਕੰਮ ਕਰਨ ਦੀ ਨੀਤੀਗਤ ਕੁਸ਼ਲਤਾ ਅਤੇ ਆਪਣੀਆਂ ਸੰਸਥਾਗਤ ਕਮੀਆਂ ਨੂੰ ਦੂਰ ਕਰਨ ਦੇ ਸੂਤਰ ਵੀ ਹੱਥ ਲੱਗ ਸਕਦੇ ਹਨ। ਭਾਰਤ ਦੇ ਇਤਿਹਾਸ ਅਤੇ ਇਸ ਦੀ ਸੰਸਕ੍ਰਿਤੀ ਦੇ ਮੂਲ ਮਿਜਾਜ ਵਿਚ ਵਾਤਾਵਰਣ ਤੋਂ ਲੈ ਕੇ ਟਿਕਾਊ ਵਿਕਾਸ ਹਾਸਿਲ ਕਰਨ ਤੱਕ ਦੇ ਸੂਤਰ ਬਿਖਰੇ ਪਏ ਹਨ। ਹੁਣ ਤਾਂ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਭਾਵ ਯੂ.ਐਨ.ਡੀ.ਪੀ. ਵਰਗੀ ਸੰਸਥਾ ਵੀ ਜ਼ੋਰ-ਸ਼ੋਰ ਨਾਲ ਇਨ੍ਹਾਂ ਦੀ ਵਕਾਲਤ ਕਰਨ ਲੱਗੀ ਹੈ।

## ਤਾਂ ਬੋਲੇ ਮੋਨਟੇਕ ਸਿੰਘ



ਮਕਸਦ ਇਹ ਤੈਅ ਕਰਨਾ ਨਹੀਂ ਹੈ ਕਿ ਗਰੀਬੀ ਰੇਖਾ ਦੇ ਅੰਕੜੇ ਸਹੀ ਹਨ ਜਾਂ ਗਲਤ ਜਾਂ ਗਰੀਬੀ ਰੇਖਾ ਨੂੰ ਹੋਰ ਉਪਰ ਕਰਨਾ ਚਾਹੀਦਾ ਹੈ। ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦਾ ਅਸਲ ਮਕਸਦ ਇਹ ਜਾਨਣਾ ਹੁੰਦਾ ਹੈ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਜ਼ਿੰਦਗੀ ਵਿਚ ਸਰਕਾਰੀ ਯੋਜਨਾਵਾਂ ਦਾ ਕੋਈ ਸਹਾਰਾਤਮਕ ਅਸਰ ਹੋ ਰਿਹਾ ਹੈ ਜਾਂ ਨਹੀਂ।

# ਗੱਲ ਸਿਰਫ ਰੋਟੀ ਦੀ ਨਹੀਂ ਹੈ!

**ਪ੍ਰੋ. ਅਰੁਣ ਕੁਮਾਰ**

ਸਾਡੇ ਦੇਸ਼ ਵਿਚ ਜਦੋਂ ਗਰੀਬੀ ਦੀ ਗੱਲ ਹੁੰਦੀ ਹੈ ਤਾਂ ਅਸੀਂ ਅਤਿ ਗਰੀਬ ਦੀ ਗੱਲ ਕਰਦੇ ਹਾਂ। ਆਜ਼ਾਦੀ ਤੋਂ ਬਾਅਦ ਆਧੁਨਿਕੀਕਰਨ ਦਾ ਨਹਿਰੂਵਾਦੀ ਮਾਡਲ ਅਪਣਾਇਆ ਗਿਆ, ਪਰ 1991 ਵਿਚ ਨਵੀਂ ਆਰਥਿਕ ਨੀਤੀ ਆਉਣ ਤੋਂ ਬਾਅਦ ਤਾਂ ਗਰੀਬਾਂ ਦੀ ਗੱਲ ਕਰਨ ਵਾਲਾ ਕੋਈ ਨਹੀਂ ਬਚਿਆ। ਹੁਣ ਸਮਾਜ ਵਿਚ ਆਪਣੀਆਂ ਜ਼ਿੰਮੇਵਾਰੀਆਂ ਤੋਂ ਪੱਲਾ ਝਾੜ ਲਿਆ ਗਿਆ ਅਤੇ ਸਭ ਕੁਝ ਬਾਜ਼ਾਰ ਤੁਆਰਾ ਤੈਅ ਕੀਤਾ ਜਾਣਾ ਲੱਗਾ। ਨਵੀਂ ਆਰਥਿਕ ਨੀਤੀ ਤੋਂ ਬਾਅਦ ਆਈਆਂ ਸਰਕਾਰਾਂ ਨੇ ਨਤੀਜਿਆਂ ਦੀ ਪ੍ਰਵਾਹ ਕੀਤੇ ਬਿਨਾਂ ਹਰ ਕੀਮਤ ਉਤੇ ਬਿਹਤਰ ਵਿਕਾਸ ਦਰ ਹਾਸਿਲ ਕਰਨ ਦੀ ਰਣਨੀਤੀ ਉਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। ਗਰੀਬੀ ਬਣੀ ਰਹੀ, ਗਰੀਬੀ ਵਧ ਜਾਵੇ ਜਾਂ ਫਿਰ ਵਾਤਾਵਰਣ ਦੂਸ਼ਿਤ ਹੋ ਜਾਵੇ, ਇਸ ਤੋਂ ਕਿਸੇ ਨੂੰ ਕੋਈ ਮਤਲਬ ਨਹੀਂ ਹੈ। ਦਰਅਸਲ ਸਾਡੇ ਇਥੇ ਗਰੀਬੀ ਦੀ ਜੋ ਰੇਖਾ ਤੈਅ ਕੀਤੀ ਗਈ ਹੈ, ਉਸ ਵਿਚ ਜੀਵਨ ਦੀਆਂ ਬੁਨਿਆਦੀ ਚੀਜ਼ਾਂ ਠੀਕ ਤਰ੍ਹਾਂ ਪ੍ਰਭਾਸ਼ਿਤ ਨਹੀਂ ਹਨ। ਇਸ ਵਿਚ ਸਿੱਖਿਆ, ਸਿਹਤ ਅਤੇ ਰੁਜ਼ਗਾਰ ਵਰਗੀਆਂ ਚੀਜ਼ਾਂ ਨਾ ਦੇ ਬਰਾਬਰ ਹਨ। ਗਰੀਬੀ ਦਾ ਨਿਰਧਾਰਨ ਸਮਾਜਿਕ ਤੌਰ 'ਤੇ ਹੀ ਹੋਣਾ ਚਾਹੀਦਾ ਹੈ। ਗਰੀਬੀ ਦੀ ਰੇਖਾ ਵੀ ਅਲੱਗ-ਅਲੱਗ ਸਮਾਜ ਅਤੇ ਅਲੱਗ-ਅਲੱਗ ਸਮੇਂ ਅਤੇ ਸਥਾਨ ਦੇ ਅਨੁਸਾਰ ਵੱਖ ਹੋ ਸਕਦੀ ਹੈ। ਜਿਵੇਂ ਲੱਦਾਖ ਦੀ ਸਰਦੀ ਵਿਚ ਜਿਉਂਦੇ ਰਹਿਣ ਲਈ ਚੰਗਾ ਘਰ ਅਤੇ ਕੱਪੜੇ ਬੇਹੱਦ ਜ਼ਰੂਰੀ ਹਨ, ਪਰ ਤਾਮਿਲਨਾਡੂ ਦਾ ਗਰੀਬ ਵਿਅਕਤੀ ਬਨੈਣ-ਲੂੰਗੀ ਪਹਿਨ ਕੇ ਅਤੇ ਕੇਲਾ ਖਾ ਕੇ ਵੀ ਜਿਉਂਦਾ ਰਹਿ ਸਕਦਾ ਹੈ। ਹਾਲਾਂਕਿ ਸਿਰਫ ਇਸ ਨਾਲ ਹੀ ਕੰਮ ਨਹੀਂ ਚਲਦਾ। ਗਰੀਬੀ ਤੋਂ ਉਭਰਨ ਲਈ ਚੰਗੀ ਸਿੱਖਿਆ ਵੀ ਬੇਹੱਦ ਜ਼ਰੂਰੀ ਹੈ, ਨਹੀਂ ਤਾਂ ਗਰੀਬ ਦਾ ਬੱਚਾ ਗਰੀਬ ਹੀ ਬਣਿਆ ਰਹੇਗਾ। ਸਵਾਲ ਇਹ ਹੈ ਕਿ ਕਿਸੇ ਦੇ ਕੋਲ ਜੇਕਰ 2000 ਕੈਲੋਰੀ ਵਾਲਾ ਭੋਜਨ ਹੈ ਤਾਂ ਕੀ ਉਹ ਗਰੀਬੀ ਰੇਖਾ ਤੋਂ ਉਪਰ ਹੋਵੇਗਾ? ਸਮੇਂ ਦੇ ਨਾਲ ਗਰੀਬੀ ਦੀ ਪਰਿਭਾਸ਼ਾ ਵੀ ਬਦਲਦੀ ਹੈ। ਇਕ ਪਾਸੇ ਤਾਂ ਸਰਕਾਰ ਕਾਰਪੋਰੇਟ ਸੈਕਟਰ ਨੂੰ ਪੰਜ ਲੱਖ ਕਰੋੜ ਤੋਂ ਵੀ ਜ਼ਿਆਦਾ ਰਿਆਇਤਾਂ ਦੇ ਰਹੀ ਹੈ, ਪਰ ਗਰੀਬਾਂ ਦੇ ਨਾਮ ਉਤੇ ਇਕ ਲੱਖ ਕਰੋੜ ਰੁਪਏ ਦੇਣ ਦੀ ਗੱਲ ਆਉਂਦੀ ਹੈ ਤਾਂ ਸਰਕਾਰ ਪੱਲਾ ਝਾੜ ਲੈਂਦੀ ਹੈ। ਸਰਕਾਰ ਦਾ ਇਰਾਦਾ ਇਹ ਵੀ ਹੈ ਕਿ 'ਖੁਰਾਕ ਸੁਰੱਖਿਆ ਬਿਲ' ਵਿਚ ਉਸ ਨੂੰ ਸਬਸਿਡੀ ਜ਼ਿਆਦਾ ਨਾ ਦੇਣੀ ਪਵੇ। ਇਸ ਲਈ ਗਰੀਬੀ ਘੱਟ ਦਿਖਾਈ ਜਾ ਰਹੀ ਹੈ। ਅਸਲ ਗਰੀਬ ਕੌਣ ਹੈ, ਇਸ ਦੀ ਗੱਲ ਕੋਈ ਨਹੀਂ ਕਰਨਾ ਚਾਹੁੰਦਾ, ਜਦੋਂ ਕਿ ਗਰੀਬੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਰਾਜਨੀਤੀ ਵਿਚ ਗਰੀਬਾਂ ਦੀ ਨੁਮਾਇੰਦਗੀ ਜ਼ਰੂਰੀ ਹੈ, ਜੋ ਅੱਜ ਕਿਸੇ ਪਾਰਟੀ ਵਿਚ ਨਹੀਂ ਦਿਖਦੀ। ਜਦੋਂ ਤੱਕ ਸਿਆਸੀ ਦਬਾਅ ਨਹੀਂ ਹੋਵੇਗਾ, ਬਦਲਾਅ ਦੀ ਉਮੀਦ ਵੀ ਨਹੀਂ ਕੀਤੀ ਜਾ ਸਕਦੀ।

# ਵਿਹੜੇ 'ਚ ਬੰਨ੍ਹੀ ਇਕ ਡੋਰ ਹੈ ਗਰੀਬੀ ਦੀ ਰੇਖਾ



**ਸ਼ਰਦ ਜੋਸ਼ੀ**

ਸੱਤਾਧਾਰੀ, ਜਿਵੇਂ ਦਾ ਮੌਸਮ ਹੁੰਦਾ ਹੈ, ਰੇਖਾ ਦੀ ਉਚਾਈ-ਡੂੰਘਾਈ ਉਂਝ ਹੀ ਮਾਪਦੇ ਹਨ। ਜਦੋਂ ਉਹ ਭੀਖ ਮੰਗਣ ਜਾਂ ਉਧਾਰ ਲੈਣ ਵਿਦੇਸ਼ ਜਾਂਦੇ ਹਨ ਤਾਂ ਉਹ ਦੱਸਦੇ ਹਨ ਕਿ ਰੇਖਾ ਉਪਰ ਹੈ ਅਤੇ ਭਾਰਤ ਦੇ ਲੋਕ ਉਸ ਦੇ ਕਾਫੀ ਹੇਠਾਂ ਹਨ। ਜਦੋਂ ਉਹ ਚੋਣਾਂ ਲੜਣ ਆਉਂਦੇ ਹਨ, ਉਹ ਕਹਿੰਦੇ ਹਨ ਕਿ ਰੇਖਾ ਕਾਫੀ ਹੇਠਾਂ ਹੈ ਅਤੇ ਅਸੀਂ ਉਸ ਦੇ ਉਪਰ ਆ ਗਏ ਹਾਂ। -ਹੁਣੇ-ਹੁਣੇ ਆਏ ਹਾਂ। ਇਨ੍ਹਾਂ ਪੰਜ ਸਾਲਾਂ ਵਿਚ ਹੀ ਆਏ ਹਾਂ। ਅਤੇ ਸੱਤਾਧਾਰੀ ਇਨ੍ਹਾਂ ਦੋਨਾਂ ਗੱਲਾਂ ਵਿਚੋਂ ਕਿਸੇ ਇਕ ਉਤੇ ਉਲਝੇ ਰਹਿੰਦੇ ਹਨ। ਜਾਂ ਤਾਂ ਉਹ ਉਧਾਰ ਮੰਗਦੇ ਰਹਿੰਦੇ ਹਨ ਜਾਂ ਚੋਣਾਂ ਦੀਆਂ ਤਿਆਰੀਆਂ ਕਰਦੇ ਰਹਿੰਦੇ ਹਨ। ਇਸ ਲਈ ਕਦੇ ਸਮਝ ਨਹੀਂ ਆਉਂਦਾ ਕਿ ਗਰੀਬੀ ਦੀ ਰੇਖਾ ਸਾਡੀ ਕਮੀਜ਼ ਜਾਂ ਪਤਲੂਨ ਦੀ ਜੇਬ ਤੋਂ ਕਿੰਨੀ ਉਪਰ ਜਾਂ ਕਿੰਨੀ ਹੇਠਾਂ ਖਿੱਚੀ ਗਈ ਹੈ। ਗਰੀਬੀ ਦੀ ਇਹ ਰੇਖਾ ਬੜੀ ਅਜੀਬ ਰੇਖਾ ਹੈ। ਗਰੀਬ ਕਿੰਨੇ ਹਨ, ਪਤਾ ਨਹੀਂ, ਅਜੀਬ ਜ਼ਰੂਰ ਹਨ।

ਸਾਡਾ ਜੀਵਨ ਗਰੀਬੀ ਦੀ ਰੇਖਾ ਨਾਲ ਪਰੋਇਆ ਜਿਹਾ ਲੱਗਦਾ ਹੈ। ਜੇਕਰ ਇਸ ਰੇਖਾ ਨੂੰ ਇਕ ਡੋਰ ਮੰਨ ਲਈਏ ਤਾਂ ਸਾਡਾ ਸਭ ਕੁਝ ਉਸ ਨਾਲ ਬਝਿਆ ਹੋਇਆ ਹੈ।

ਵਿਹੜੇ ਵਿਚ ਬੰਨੀ ਇਕ ਡੋਰ ਹੈ ਗਰੀਬੀ ਦੀ ਰੇਖਾ। ਮੱਧਵਰਗ ਇਕ ਕੁੜਤੇ ਜਾਂ ਕਿਸੇ ਪਜਾਮੇ ਦੀ ਤਰ੍ਹਾਂ ਉਸ ਡੋਰ ਉਤੇ ਲਟਕਿਆ ਹੋਇਆ ਹੈ। ਉਸ ਦਾ ਜ਼ਿਆਦਾਤਰ ਹਿੱਸਾ ਹੇਠਾਂ ਹੈ, ਫਿਰ ਵੀ ਕਹਿਣ ਨੂੰ ਉਹ ਡੋਰ ਹੈ। ਬੜੀ ਮਜ਼ੇਦਾਰ ਸਥਿਤੀ ਹੈ।

– ਕਿਤਾਬ 'ਨਾਨਕ ਕੇ ਤੀਰ' ਤੋਂ ਧੰਨਵਾਦ ਸਹਿਤ

# ਉਮੀਦਾਂ ਅਤੇ ਸੁਫਨਿਆਂ ਦੀ ਲਕਸ਼ਮਣ ਰੇਖਾ



ਗਰੀਬੀ ਰੇਖਾ ਆਮਦਨ ਦੇ ਉਸ ਪੱਧਰ ਨੂੰ ਕਹਿੰਦੇ ਹਨ, ਜਿਸ ਤੋਂ ਘੱਟ ਆਮਦਨੀ ਹੋਣ ਉਤੇ ਇਨਸਾਨ ਆਪਣੀਆਂ ਭੌਤਿਕ ਲੋੜਾਂ ਪੂਰੀਆਂ ਨਹੀਂ ਕਰ ਪਾਉਂਦਾ। ਗਰੀਬੀ ਰੇਖਾ ਵੱਖ-ਵੱਖ ਦੇਸ਼ਾਂ ਵਿਚ ਅਲੱਗ-ਅਲੱਗ ਹੁੰਦੀਆਂ ਹਨ। ਉਦਾਹਰਣ ਲਈ ਅਮਰੀਕਾ ਵਿਚ ਗਰੀਬੀ ਰੇਖਾ, ਭਾਰਤ ਵਿਚ ਗਰੀਬੀ ਰੇਖਾ ਤੋਂ ਕਾਫੀ ਉਪਰ ਹੈ। ਜੇਕਰ ਅਸੀਂ ਗਰੀਬੀ ਦੀ ਪੈਮਾਇਸ਼ ਦੇ ਕੌਮਾਂਤਰੀ ਪੈਮਾਨਿਆਂ ਦੀ ਗੱਲ ਕਰੀਏ, ਜਿਸ ਦੇ ਤਹਿਤ ਰੋਜ਼ਾਨਾ 1.25 ਅਮਰੀਕੀ ਡਾਲਰ (ਲਗਪਗ 60 ਰੁਪਏ) ਖਰਚ ਕਰ ਸਕਣ ਵਾਲਾ ਵਿਅਕਤੀ ਗਰੀਬ ਹੈ ਤਾਂ ਆਪਣੇ ਦੇਸ਼ ਵਿਚ 465 ਮਿਲੀਅਨ (ਲਗਪਗ 45 ਕਰੋੜ 60 ਲੱਖ) ਤੋਂ ਜ਼ਿਆਦਾ ਲੋਕ ਗਰੀਬ ਹਨ।

**ਕਿਵੇਂ ਤੈਅ ਹੁੰਦੇ ਹਨ ਗਰੀਬ**

ਯੋਜਨਾ ਕਮਿਸ਼ਨ ਤੇਂਦੂਲਕਰ ਕਮੇਟੀ ਵਲੋਂ ਸੁਝਾਏ ਗਏ ਪੈਮਾਨਿਆਂ ਦੇ ਆਧਾਰ 'ਤੇ ਕਿਸੇ ਪਰਿਵਾਰ ਦੀ ਗਰੀਬੀ ਦਾ ਅੰਦਾਜ਼ਾ ਲਗਾਉਂਦਾ ਹੈ। ਪੈਮਾਨੇ ਵਿਚ ਕਿਸੇ ਪਰਿਵਾਰ ਵੱਲੋਂ ਸਿਹਤ ਅਤੇ ਸਿੱਖਿਆ ਉਤੇ ਕੀਤੇ ਜਾ ਰਹੇ ਖਰਚ ਸਮੇਤ ਭੋਜਨ ਵਿਚ ਕੈਲੋਰੀ ਦੀ ਵੀ ਗਿਣਤੀ ਹੋ ਜਾਂਦੀ ਹੈ। ਯੋਜਨਾ ਕਮਿਸ਼ਨ ਨੇ ਦਸੰਬਰ 2005 ਵਿਚ ਤੇਂਦੂਲਕਰ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਦੇ ਮਾਪਦੰਡਾਂ ਅਤੇ ਉਨ੍ਹਾਂ ਦੇ ਆਧਾਰ 'ਤੇ ਕੱਢੇ ਗਏ ਨਤੀਜਿਆਂ 'ਤੇ ਸਮੇਂ-ਸਮੇਂ ਉਤੇ ਸਵਾਲ ਉੱਠਦੇ ਰਹੇ ਹਨ।

**ਕਿੰਨੇ ਹਨ ਗਰੀਬ**

ਯੋਜਨਾ ਕਮਿਸ਼ਨ ਨੇ ਗਰੀਬੀ ਨਾਪਣ ਦੇ ਆਪਣੇ ਪੈਮਾਨੇ ਦੇ ਆਧਾਰ 'ਤੇ ਜਾਰੀ ਆਪਣੀ ਰਿਪੋਰਟ ਵਿਚ ਕਿਹਾ ਕਿ ਸ਼ਹਿਰ ਵਿਚ ਰੋਜ਼ਾਨਾ 28 ਰੁਪਏ 65 ਪੈਸੇ ਖਰਚ ਕਰਨ ਵਾਲਾ ਵਿਅਕਤੀ ਗਰੀਬ ਨਹੀਂ ਹੈ। ਜਦੋਂ ਕਿ ਪਿੰਡਾਂ ਵਿਚ ਰੋਜ਼ਾਨਾ 22 ਰੁਪਏ 42 ਪੈਸੇ ਖਰਚ ਕਰਨ ਵਾਲੇ ਨੂੰ ਗਰੀਬ ਨਹੀਂ ਕਿਹਾ ਜਾ ਸਕਦਾ। ਦੂਸਰੇ ਪਾਸੇ ਮਹੀਨੇ ਵਿਚ 859 ਰੁਪਏ 60 ਪੈਸੇ ਖਰਚ ਕਰਨ ਵਾਲਾ ਸ਼ਹਿਰੀ ਵਿਅਕਤੀ ਅਤੇ 672 ਰੁਪਏ 80 ਪੈਸੇ ਖਰਚ ਕਰਨ ਵਾਲਾ ਪੇਂਡੂ ਵਿਅਕਤੀ ਗਰੀਬ ਦੀ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ। ਇਸ ਦੇ ਆਧਾਰ 'ਤੇ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਬੀਤੇ ਪੰਜ ਸਾਲਾਂ ਵਿਚ ਗਰੀਬੀ ਘਟੀ ਹੈ। ਰਿਪੋਰਟ ਅਨੁਸਾਰ 2004-05 ਦੇ ਮੁਕਾਬਲੇ 2010-11 ਵਿਚ ਗਰੀਬੀ 7.3 ਫੀਸਦੀ ਘੱਟ ਹੋਈ ਹੈ। 2010-11 ਵਿਚ ਦੇਸ਼ ਵਿਚ ਗਰੀਬੀ ਦੀ ਦਰ 29.8 ਫੀਸਦੀ ਰਹਿ ਗਈ। ਜਦਕਿ ਪੰਜ ਸਾਲ ਪਹਿਲਾਂ ਇਹ 37.2 ਫੀਸਦੀ ਸੀ। ਰਿਪੋਰਟ ਅਨੁਸਾਰ ਦੇਸ਼ ਵਿਚ ਕਰੀਬ 34.37 ਕਰੋੜ ਲੋਕ ਗਰੀਬ ਹਨ, ਜਦੋਂ ਕਿ 2004-05 ਵਿਚ ਇਹ ਅੰਕੜਾ 40.72 ਕਰੋੜ ਸੀ।

**ਖੇਡ ਲੰਬੀ ਹੈ**

ਕੁਝ ਦਿਨ ਪਹਿਲਾਂ ਗਰੀਬੀ ਰੇਖਾ ਦੀ ਨਵੀਂ ਪਰਿਭਾਸ਼ਾ ਤੈਅ ਕਰਦੇ ਹੋਏ ਯੋਜਨਾ ਕਮਿਸ਼ਨ ਨੇ ਕਿਹਾ ਸੀ ਕਿ ਸ਼ਹਿਰ ਵਿਚ 32 ਰੁਪਏ ਅਤੇ ਪਿੰਡ ਵਿਚ ਹਰ ਰੋਜ਼ 26 ਰੁਪਏ ਖਰਚ ਕਰਨ ਵਾਲਾ ਵਿਅਕਤੀ ਬੀ.ਪੀ.ਐਲ ਪਰਿਵਾਰ ਨੂੰ ਮਿਲਣ ਵਾਲੀ ਸਹੂਲਤ ਨੂੰ ਪਾਉਣ ਦਾ ਹੱਕਦਾਰ ਨਹੀਂ ਹੈ। ਆਪਣੀ ਇਹ ਰਿਪੋਰਟ ਯੋਜਨਾ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ ਹਲਫਨਾਮੇ ਦੇ ਤੌਰ 'ਤੇ ਦਿੱਤੀ। ਇਸ ਰਿਪੋਰਟ ਉਤੇ ਖੁਦ ਪ੍ਰਧਾਨ ਮੰਤਰੀ ਨੇ ਦਸਤਖ਼ਤ ਕੀਤੇ ਸਨ। ਕਮਿਸ਼ਨ ਨੇ ਗਰੀਬੀ ਰੇਖਾ ਉਤੇ ਨਵਾਂ ਮਾਨਦੰਡ ਸੁਝਾਉਂਦਿਆਂ ਕਿਹਾ ਕਿ ਦਿੱਲੀ, ਮੁੰਬਈ, ਬੰਗਲੌਰ ਅਤੇ ਚੇਨੱਈ ਵਿਚ ਚਾਰ ਮੈਂਬਰਾਂ ਵਾਲਾ ਪਰਿਵਾਰ ਜੇਕਰ ਮਹੀਨੇ ਵਿਚ 3,860 ਰੁਪਏ ਖਰਚ ਕਰਦਾ ਹੈ ਤਾਂ ਉਹ ਗਰੀਬ ਨਹੀਂ ਕਿਹਾ ਜਾ ਸਕਦਾ। ਬਾਅਦ ਵਿਚ ਜਦੋਂ ਇਸ ਬਿਆਨ ਦੀ ਆਲੋਚਨਾ ਹੋਈ ਤਾਂ ਯੋਜਨਾ ਕਮਿਸ਼ਨ ਨੇ ਫਿਰ ਤੋਂ ਗਰੀਬੀ ਰੇਖਾ ਲਈ ਸਰਵੇ ਦੀ ਗੱਲ ਕਹੀ।

# ਗਰੀਬੀ ਦਾ ਮਜ਼ਾਕ

ਹਾਲ ਹੀ ਵਿਚ ਯੋਜਨਾ ਕਮਿਸ਼ਨ ਨੇ ਗਰੀਬੀ ਦੇ ਜਿਹੜੇ ਅੰਕੜੇ ਪੇਸ਼ ਕੀਤੇ ਹਨ, ਉਹ ਤਾਂ ਇਸ ਵੱਲ ਇਸ਼ਰਾ ਕਰਦੇ ਹਨ ਕਿ ਸਰਕਾਰ ਨੂੰ ਗਰੀਬਾਂ ਨਾਲ ਕੋਈ ਹਮਦਰਦੀ ਨਹੀਂ ਹੈ। ਤਦ ਹੀ ਤਾਂ ਸਰਕਾਰ ਕਹਿ ਰਹੀ ਹੈ ਕਿ ਸ਼ਹਿਰਾਂ ਵਿਚ 28 ਅਤੇ ਪਿੰਡਾਂ ਵਿਚ 22 ਰੁਪਏ ਕਮਾਉਣ ਵਾਲਾ ਵਿਅਕਤੀ ਗਰੀਬ ਨਹੀਂ ਹੈ। ਹੁਣ ਭਲਾ ਉਸ ਨੂੰ ਕੋਈ ਇਹ ਦੱਸੇ ਕਿ ਇੰਨੇ ਨਾਲ ਤਾਂ ਦੋ ਟੁੱਕ ਰੋਟੀ ਵੀ ਨਸੀਬ ਨਹੀਂ ਹੁੰਦੀ, ਸੁੱਖ-ਸਹੂਲਤਾਂ ਤਾਂ ਦੂਰ ਦੀ ਗੱਲ ਹੈ।



ਕੁਰਬਾਨ ਅਲੀ

ਮਸ਼ਹੂਰ ਸ਼ਾਇਰ ਸਾਹਿਰ ਲੁਧਿਆਣਵੀ ਨੇ ਕਦੇ ਤਾਜ ਮਹਿਲ 'ਤੇ ਇਕ ਨਜ਼ਮ ਲਿਖੀ ਸੀ 'ਇਕ ਸਹੰਸ਼ਾਹ ਨੇ ਦੌਲਤ ਕਾ ਸਹਾਰਾ ਲੇਕਰ, ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ।' ਸਾਹਿਰ ਅੱਜ ਜਿਉਂਦੇ ਹੁੰਦੇ ਤਾਂ ਉਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਉਨ੍ਹਾਂ ਦੀ ਸਰਕਾਰ ਨੂੰ ਕਹਿੰਦੇ 'ਅੰਕੜਿਆਂ ਦਾ ਸਹਾਰਾ ਲੈ ਕੇ ਨਾ ਉੜਾਓ ਗਰੀਬਾਂ ਦੀ ਗੁਰਬਤ ਦਾ ਮਜ਼ਾਕ।'

ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਆਜ਼ਾਦ ਭਾਰਤ ਵਿਚ ਗਰੀਬੀ ਅਤੇ ਗਰੀਬਾਂ ਦਾ ਮਜ਼ਾਕ ਉਡਾਇਆ ਗਿਆ ਹੋਵੇ। ਸਮਾਜਵਾਦੀ ਨੇਤਾ ਡਾ. ਰਾਮਮਨੋਹਰ ਲੋਹੀਆ ਨੇ ਸੰਨ 1963 ਵਿਚ ਜਦੋਂ ਤਿੰਨ ਆਨਾ ਬਨਾਮ ਪੰਦਰਾਂ ਆਨਾ ਦੀ ਬਹਿਸ ਸੰਸਦ ਵਿਚ ਚਲਾਈ ਸੀ ਤਾਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਨ੍ਹਾਂ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਜਦੋਂ ਖੁਦ ਉਨ੍ਹਾਂ ਦੇ ਯੋਜਨਾ ਮੰਤਰੀ ਗੁਲਜਾਰੀ ਲਾਲ ਨੰਦਾ ਨੂੰ ਸਹੀ ਅੰਕੜੇ ਦੇਣ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਸਹੀ ਅੰਕੜਾ ਰੋਜ਼ਾਨਾ ਸੱਤ ਆਨੇ ਆਮਦਨੀ ਦਾ ਹੈ। ਇਸ 'ਤੇ ਪੰਡਿਤ ਜੀ ਚੁੱਪ ਹੋ ਗਏ।

1969 ਵਿਚ ਕਾਂਗਰਸ ਪਾਰਟੀ ਵਿਚ ਹੋਈ ਵੰਡ ਤੋਂ ਬਾਅਦ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਲੋਕਸਭਾ ਭੰਗ ਕਰਕੇ ਮੱਧਕਾਲੀ ਚੋਣਾਂ ਕਰਵਾਈਆਂ ਤਾਂ ਨਾਆਰਾ ਦਿੱਤਾ ਸੀ 'ਗਰੀਬੀ ਹਟਾਓ'। ਇਸ ਨਾਅਰੇ ਦੀ ਬਦੌਲਤ ਉਹ 1971 ਵਿਚ ਭਾਰੀ ਬਹੁਮਤ ਨਾਲ ਲੋਕਸਭਾ ਚੋਣਾਂ ਜਿੱਤੀ। ਉਸ ਸਮੇਂ ਕਿਹਾ ਗਿਆ ਕਿ ਕਾਂਗਰਸ ਪਾਰਟੀ ਦੀਆਂ ਸਮਾਜਵਾਦੀ ਨੀਤੀਆਂ ਕਾਰਨ, ਜਿਨ੍ਹਾਂ ਵਿਚ ਬੈਂਕਾਂ ਦਾ ਕੌਮੀਕਰਨ ਵੀ ਸ਼ਾਮਿਲ ਸੀ, ਗਰੀਬੀ ਘੱਟ ਹੋਈ ਹੈ, ਪਰ ਉਹ ਸਿਰਫ ਅੰਕੜਿਆਂ ਤੱਕ ਸੀਮਤ ਸੀ।

ਦਰਅਸਲ, ਅੰਗਰੇਜ਼ਾਂ ਦੇ ਜ਼ਮਾਨੇ ਤੋਂ ਹੀ ਗਰੀਬੀ ਨੂੰ ਲੈ ਕੇ ਗਲਤ ਤੱਥ ਦਿੱਤੇ ਜਾਂਦੇ ਰਹੇ ਹਨ। ਉਸ ਦੌਰ ਵਿਚ ਕਿਹਾ ਗਿਆ ਸੀ ਕਿ 2400 ਕੈਲੋਰੀ ਤੋਂ ਜ਼ਿਆਦਾ ਰੋਜ਼ਾਨਾ ਖੁਰਾਕ ਲੈਣ ਵਾਲਾ ਵਿਅਕਤੀ ਗਰੀਬੀ ਦੀ ਰੇਖਾ ਤੋਂ ਉਪਰ ਹੈ। ਬਾਅਦ ਵਿਚ ਇਸੇ ਪਰਿਭਾਸ਼ਾ ਨੂੰ ਪ੍ਰਸਿੱਧ ਅਰਥ ਸ਼ਾਸਤਰੀ ਜੋਦੀਰਥ ਅਤੇ ਦਾਂਡੇਕਰ ਨੇ ਸਹੀ ਠਹਿਰਾਇਆ ਅਤੇ ਕਿਹਾ ਕਿ ਪੇਂਡੂ ਖੇਤਰਾਂ ਵਿਚ 2400 ਕੈਲੋਰੀ ਹਾਸਿਲ ਕਰਨ ਵਾਲੇ ਵਿਅਕਤੀ ਨੂੰ ਅਸੀਂ ਗਰੀਬੀ ਦੀ ਰੇਖਾ ਤੋਂ ਉਪਰ ਮੰਨ ਸਕਦੇ ਹਾਂ।

ਕੁਝ ਮਹੀਨੇ ਪਹਿਲਾਂ ਡਾ. ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਦਾਇਰ ਕੀਤੇ ਗਏ ਹਲਫਨਾਮੇ ਵਿਚ ਕਿਹਾ ਗਿਆ ਸੀ ਕਿ ਸ਼ਹਿਰੀ ਇਲਾਕਿਆਂ ਵਿਚ 32 ਰੁਪਏ ਅਤੇ ਪੇਂਡੂ ਇਲਾਕਿਆਂ ਵਿਚ 26 ਰੁਪਏ ਰੋਜ਼ਾਨਾ ਕਮਾਉਣ ਵਾਲੇ ਲੋਕਾਂ ਨੂੰ ਜੇਕਰ ਗਰੀਬੀ ਰੇਖਾ ਤੋਂ ਉਪਰ ਮੰਨਿਆ ਜਾਵੇ ਤਾਂ ਬਿਹਤਰ ਹੋਵੇਗਾ ਅਤੇ ਹੁਣ ਸਰਕਾਰ ਵੱਲੋਂ ਕਿਹਾ ਜਾ ਰਿਹਾ ਹੈ ਕਿ ਸ਼ਹਿਰਾਂ ਵਿਚ 28 ਰੁਪਏ ਅਤੇ ਪੇਂਡੂ ਇਲਾਕਿਆਂ ਵਿਚ 22 ਰੁਪਏ ਰੋਜ਼ਾਨਾ ਕਮਾਉਣ ਵਾਲਾ ਵਿਅਕਤੀ ਗਰੀਬ ਨਹੀਂ ਹੈ ਅਤੇ ਉਸ ਨੂੰ ਗਰੀਬੀ ਰੇਖਾ ਤੋਂ ਉਪਰ ਮੰਨਿਆ ਜਾਵੇ। ਇਸ ਦੇਸ਼ ਦਾ ਕੋਰਾ ਅਨਪੜ੍ਹ ਕਿਸਾਨ, ਮਜਦੂਰ ਅਤੇ ਰਿਕਸ਼ਾ-ਠੇਲ੍ਹਾ ਚਲਾਉਣ ਵਾਲਾ ਮਾਮੂਲੀ ਆਦਮੀ ਵੀ ਇੰਨਾ ਤਾਂ ਅਰਥ ਸ਼ਾਸਤਰ ਜਾਣਦਾ ਹੀ ਹੈ ਕਿ ਚਾਹੇ ਉਹ ਸ਼ਹਿਰ ਵਿਚ ਹੋਵੇ ਜਾਂ ਪਿੰਡ ਵਿਚ 100 ਰੁਪਏ ਰੋਜ਼ਾਨਾ ਨਾਲ ਵੀ ਉਹ 4-5 ਮੈਂਬਰਾਂ ਵਾਲੇ ਆਪਣੇ ਪਰਿਵਾਰ ਨੂੰ ਦੋ ਟੁਕ ਰੋਟੀ ਨਹੀਂ ਦੇ ਸਕਦਾ। ਸਿਰਫ ਆਟਾ-ਚਾਵਲ ਅਤੇ ਦਾਲ-ਸਬਜ਼ੀ ਵੀ 100 ਰੁਪਏ ਵਿਚ ਨਹੀਂ ਆ ਸਕਦੀ। ਨਮਕ, ਤੇਲ, ਲੱਕੜੀ ਅਤੇ ਮਸਾਲੇ ਅਲੱਗ, ਅਜਿਹੇ ਵਿਚ ਉਹ ਆਪਣੇ ਪਰਿਵਾਰ ਨੂੰ ਬਕੌਲ ਸਰਕਾਰੀ ਅੰਕੜਿਆਂ ਦੇ ਜੇਕਰ 2400 ਕੈਲੋਰੀ 'ਤੇ ਜਿਉਂਦਾ ਰੱਖਦਾ ਹੈ ਤਾਂ ਉਸ ਨੂੰ ਸਿਰਫ ਉਬਲੇ ਹੋਏ ਚਾਵਲ ਜਾਂ ਰੋਟੀ-ਪਿਆਜ਼ ਅਤੇ ਸੁੱਕੀ ਚਟਣੀ ਖਿਲਾ ਕੇ ਜਿਉਂਦਾ ਰੱਖਣਾ ਪਵੇਗਾ। ਦਰਅਸਲ, ਗਰੀਬੀ ਨੂੰ ਲੈ ਕੇ ਸਰਕਾਰੀ ਪੱਧਰ 'ਤੇ ਅੰਕੜਿਆਂ ਦਾ ਮੱਕੜਜਾਲ ਬੁਣਿਆ ਜਾ ਰਿਹਾ ਹੈ ਅਤੇ ਕਈ ਤਰ੍ਹਾਂ ਦੇ ਅਨੁਮਾਨ ਦਿੱਤੇ ਜਾ ਰਹੇ ਹਨ। ਯੋਜਨਾ ਕਮਿਸ਼ਨ ਅਨੁਸਾਰ ਦੋ ਅਨੁਮਾਨ ਹਨ ਕਿ ਦੇਸ਼ ਵਿਚ ਗਰੀਬਾਂ ਦੀ ਗਿਣਤੀ ਕ੍ਰਮਵਾਰ 21.8 ਫੀਸਦੀ ਅਤੇ 27.5 ਫੀਸਦੀ ਹੈ। ਸਰਕਾਰ ਵੱਲੋਂ ਗਠਿਤ ਕੀਤੀ ਗਈ ਸੁਰੇਸ਼ ਤੇਂਦੂਲਕਰ ਕਮੇਟੀ ਦੇਸ਼ ਵਿਚ ਗਰੀਬਾਂ ਦੀ ਗਿਣਤੀ 37 ਫੀਸਦੀ ਦੱਸਦੀ ਹੈ, ਜਦੋਂ ਵਿਸ਼ਵ ਬੈਂਕ ਦੀ ਤਾਜ਼ਾ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ ਉਦਾਰੀਕਰਨ ਦੇ 20 ਸਾਲਾਂ ਦੇ ਬਾਵਜੂਦ 42 ਫੀਸਦੀ ਲੋਕ ਬੇਹੱਦ ਗਰੀਬ ਹਨ।

ਦੂਸਰੇ ਪਾਸੇ ਕੇਂਦਰ ਸਰਕਾਰ ਵੱਲੋਂ ਬਣਾਈ ਗਈ ਇਕ ਹੋਰ ਕਮੇਟੀ ਅਰਜੁਨ ਸੇਨ ਗੁਪਤਾ ਦੀ ਰਿਪੋਰਟ ਕਹਿੰਦੀ ਹੈ ਕਿ ਦੇਸ਼ ਵਿਚ ਲਗਪਗ 80 ਫੀਸਦੀ ਲੋਕ 20 ਰੁਪਏ ਰੋਜ਼ਾਨਾ ਤੋਂ ਘੱਟ 'ਤੇ ਜੀਵਨ ਜਿਉਣ ਲਈ ਮਜਬੂਰ ਹਨ। ਜਦੋਂ ਕਿ ਕੁਝ ਅਰਥ ਸ਼ਾਸਤਰੀਆਂ ਦਾ ਦਾਅਵਾ ਹੈ ਕਿ ਪਿਛਲੇ 15 ਸਾਲਾਂ ਵਿਚ 2400 ਕੈਲੋਰੀ ਤੋਂ ਘੱਟ ਖੁਰਾਕ ਲੈਣ ਵਾਲਿਆਂ ਦੀ ਗਿਣਤੀ ਭਾਰਤ ਵਿਚ 74 ਫੀਸਦੀ ਤੋਂ ਵਧ ਕੇ 87 ਫੀਸਦੀ ਹੋ ਗਈ ਹੈ।




ਇਸ ਸੱਚਾਈ ਦੇ ਬਾਵਜੂਦ ਸਰਕਾਰ ਹਰ ਦੋ-ਚਾਰ ਮਹੀਨੇ ਵਿਚ ਇਹ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਦੇਸ਼ ਵਿਚ ਗਰੀਬੀ ਘਟ ਰਹੀ ਹੈ। ਕੁਝ ਦਿਨ ਪਹਿਲਾਂ ਸਰਕਾਰ ਵੱਲੋਂ ਕਿਹਾ ਗਿਆ ਕਿ ਪਿਛਲੇ 5-7 ਸਾਲਾਂ ਵਿਚ 8 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਉਪਰ ਉਠ ਗਏ। ਕਿਥੇ ਉਠ ਗਏ ਅਤੇ ਕਿਵੇਂ ਉਠ ਗਏ ਇਸ ਸਵਾਲ ਦਾ ਸਰਕਾਰ ਕੋਲ ਕੋਈ ਜਵਾਬ ਨਹੀਂ ਹੈ, ਪਰ ਅੰਕੜਿਆਂ ਦਾ ਉਲਟ-ਫੇਰ ਜਾਰੀ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਕ ਕਾਮਯਾਬ ਅਰਥ ਸ਼ਾਸਤਰੀ ਦੱਸਿਆ ਜਾਂਦਾ ਹੈ। ਉਹ ਭਾਰਤ ਦੇ ਵਿੱਤ ਮੰਤਰੀ ਅਤੇ ਰਿਜ਼ਰਵ ਬੈਂਕ ਦੇ ਗਵਰਨਰ ਵੀ ਰਹਿ ਚੁੱਕੇ ਹਨ ਅਤੇ ਉਨ੍ਹਾਂ ਨੂੰ ਕੌਮਾਂਤਰੀ ਮੁਦਰਾ ਫੰਡ ਭਾਵ ਆਈ.ਐਮ.ਐਫ. ਵਿਚ ਕੰਮ ਕਰਨ ਦਾ ਤਜ਼ਰਬਾ ਵੀ ਹੈ ਅਤੇ ਉਹ ਪ੍ਰਧਾਨ ਮੰਤਰੀ ਅਹੁਦੇ ਦੀ ਤਨਖਾਹ ਨਾ ਲੈ ਕੇ ਸਿਰਫ ਆਈ.ਐਮ.ਐਫ. ਦੀ ਪੈਨਸ਼ਨ ਉਤੇ ਹੀ ਆਪਣੀ ਗੁਜਰ-ਬਸਰ ਕਰਦੇ ਹਨ। ਮਨਮੋਹਨ ਸਿੰਘ ਨੂੰ ਦੇਸ਼ ਵਿਚ ਆਰਥਿਕ ਸੁਧਾਰਾਂ ਦਾ ਬਾਨੀ ਵੀ ਕਿਹਾ ਜਾਂਦਾ ਹੈ ਕਿਉਂਕਿ 1991 ਵਿਚ ਪੀ.ਵੀ ਨਰਸਿਮਹਾ ਰਾਓ ਦੀ ਸਰਕਾਰ ਵਿਚ ਵਿੱਤ ਮੰਤਰੀ ਬਣਨ ਅਤੇ ਲਗਾਤਾਰ ਪੰਜ ਸਾਲਾਂ ਤੱਕ ਆਮ ਬਜਟ ਪੇਸ਼ ਕਰਕੇ ਉਨ੍ਹਾਂ ਨੇ ਵਿਸ਼ਵੀਕਰਨ ਅਤੇ ਪੂੰਜੀਵਾਦ ਦੀ ਆਰਥਿਕ ਵਿਚਾਰਧਾਰਾ ਨੂੰ ਮਜਬੂਤੀ ਨਾਲ ਚਲਾਇਆ ਸੀ। ਅੱਜ ਉਸ ਦੇ ਭਿਆਨਕ ਨਤੀਜੇ ਸਾਹਮਣੇ ਆਉਣ ਲੱਗੇ ਹਨ। ਇਸ ਅਰਥ ਵਿਵਸਥਾ ਵਿਚ ਕਾਰਪੋਰੇਟ ਅਤੇ ਨਿੱਜੀਕਰਨ ਨੂੰ ਮਹੱਤਵ ਦਿੱਤਾ ਗਿਆ, ਜਿਸ ਦੇ ਚਲਦਿਆਂ ਰੁਜ਼ਗਾਰ ਦੇ ਮੌਕੇ ਘੱਟ ਹੋਏ। ਜਨਤਕ ਖੇਤਰ ਦੇ ਅਦਾਰੇ ਤੇਜ਼ੀ ਨਾਲ ਬੰਦ ਹੋ ਰਹੇ ਹਨ। ਛਾਂਟੀ ਦਾ ਦੌਰ ਜਾਰੀ ਹੈ ਅਤੇ ਅਸੰਗਠਿਤ ਖੇਤਰ ਤਬਾਹੀ ਵੱਲ ਵਧ ਰਿਹਾ ਹੈ। ਖੇਤੀ ਆਧਾਰਿਤ ਸਾਡੀ ਅਰਥ ਵਿਵਸਥਾ ਵਿਚ ਸਭ ਤੋਂ ਜ਼ਿਆਦਾ ਮੰਦੀ ਹਾਲਤ ਇਸੇ ਖੇਤਰ ਦੀ ਹੋ ਰਹੀ ਹੈ। ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਖ਼ਤਮ ਕੀਤੀ ਜਾ ਰਹੀ ਹੈ, ਜਦੋਂ ਕਿ ਕਾਰਪੋਰੇਟ ਸੈਕਟਰ ਨੂੰ ਲੱਖਾਂ ਕਰੋੜਾਂ ਦੀ ਸਹਾਇਤਾ ਦਿੱਤੀ ਜਾ ਰਹੀ ਹੈ। ਦੇਸ਼ ਦੀਆਂ ਆਰਥਿਕ ਨੀਤੀਆਂ 'ਫਿੱਕੀ', 'ਐਸੋਚੈਮ' ਅਤੇ ਕਾਰਪੋਰੇਟ ਘਰਾਣੇ ਤੈਅ ਕਰ ਰਹੇ ਹਨ ਅਤੇ ਆਮ ਆਦਮੀ ਦੀ ਆਵਾਜ਼ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ। ਲੋਕਾਂ ਨੂੰ ਸਬਜ਼ਬਾਗ ਦਿਖਾਏ ਜਾ ਰਹੇ ਹਨ ਕਿ ਸਾਲ 2020 ਵਿਚ ਭਾਰਤ ਆਰਥਿਕ ਰੂਪ ਨਾਲ ਦੁਨੀਆ ਦੀ ਸਭ ਤੋਂ ਵੱਡੀ ਮਹਾਸ਼ਕਤੀ ਹੋਵੇਗਾ। ਪਰ ਕੀ ਸਰਕਾਰ ਕੋਲ ਇਸ ਗੱਲ ਦਾ ਕੋਈ ਜਵਾਬ ਹੈ ਕਿ ਇਸ ਦੇਸ਼ ਵਿਚ ਕਿੰਨੇ ਲੋਕਾਂ ਦੇ ਕੋਲ ਸਿਰ ਲੁਕਾਉਣ ਲਈ ਜਗ੍ਹਾ ਹੈ? ਕਿੰਨੇ ਲੋਕਾਂ ਨੂੰ ਪੀਣ ਦਾ ਸਾਫ ਪਾਣੀ ਮਿਲ ਪਾਉਂਦਾ ਹੈ? ਕਿੰਨੇ ਲੋਕਾਂ ਦੇ ਕੋਲ ਸਿਹਤ ਸੇਵਾਵਾਂ ਹਨ? ਕਿੰਨੇ ਲੋਕਾਂ ਕੋਲ ਦੋ ਟਾਈਮ ਦੀ ਰੋਟੀ ਹੈ? ਅਤੇ ਕਿੰਨੇ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ? ਹਾਲ ਹੀ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਹੀ ਬਿਆਨ ਆਇਆ ਹੈ ਕਿ ਭਾਰਤ ਦੁਨੀਆ ਵਿਚ ਸਭ ਤੋਂ ਜ਼ਿਆਦਾ ਕੁਪੋਸ਼ਣ ਨਾਲ ਪੀੜ੍ਹਤ ਲੋਕਾਂ ਦਾ ਮੁਲਕ ਬਣ ਗਿਆ ਹੈ।

ਮਹਾਰਾਜ! ਜੇਕਰ ਇਹ ਦੇਸ਼ ਦੁਨੀਆ ਵਿਚ ਸਭ ਤੋਂ ਕੁਪੋਸ਼ਣਗ੍ਰਸਤ ਲੋਕਾਂ ਦਾ ਦੇਸ਼ ਬਣ ਗਿਆ ਹੈ ਤਾਂ ਫਿਰ ਇਸ ਦੀ ਗਰੀਬੀ ਕਿਵੇਂ ਦੂਰ ਹੋ ਸਕਦੀ ਹੈ? ਇਹ ਦੇਸ਼ ਪਿਛਲੇ 21 ਸਾਲਾਂ ਤੋਂ ਉਨ੍ਹਾਂ ਆਰਥਿਕ ਨੀਤੀਆਂ ਉਤੇ ਚੱਲਣ ਲਈ ਮਜਬੂਰ ਹੈ, ਜਿਸ ਉਤੇ ਤੁਹਾਡੇ ਦਸਤਖ਼ਤ ਹਨ। ਤੁਸੀਂ ਖੁਦ ਹੀ ਇਨ੍ਹਾਂ ਨੀਤੀਆਂ ਨੂੰ 13 ਸਾਲਾਂ ਤੋਂ ਜ਼ਿਆਦਾ ਸਮੇਂ ਤੱਕ ਮਜਬੂਤੀ ਨਾਲ ਚਲਾਇਆ, ਜਦੋਂ ਕਿ ਤੁਹਾਡੀਆਂ ਇਨ੍ਹਾਂ ਹੀ ਨੀਤੀਆਂ ਦੀ ਪੈੜ੍ਹ ਨਪਦਿਆਂ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ ਸਰਕਾਰ ਨੇ ਆਰਥਿਕ ਉਦਾਰੀਕਰਣ ਨੂੰ ਪ੍ਰਵਾਨ ਚੜ੍ਹਾਇਆ। ਇਹ ਵੱਖ ਗੱਲ ਹੈ ਕਿ 'ਫੀਲ ਗੁੱਡ' ਅਤੇ 'ਇੰਡੀਆ ਸ਼ਾਈਨਿੰਗ' ਦੇ ਨਸ਼ੇ ਵਿਚ ਉਹ ਇੰਨੇ ਧੁਤ ਹੋ ਗਏ ਕਿ 2004 ਵਿਚ ਆਪਣੀ ਸਰਕਾਰ ਹੀ ਗਵਾ ਬੈਠੇ। ਹਾਲ ਹੀ ਵਿਚ ਵਿਧਾਨ ਸਭਾ ਚੋਣਾਂ ਦੇ ਨਤੀਜੇ ਵੀ ਕਾਂਗਰਸ ਪਾਰਟੀ ਅਤੇ ਉਸ ਦੀਆਂ ਨੀਤੀਆਂ ਦੇ ਬਾਰੇ ਕੰਧ 'ਤੇ ਅਜਿਹੀ ਹੀ ਇਬਾਰਤ ਲਿਖ ਰਹੇ ਹਨ ਅਤੇ ਆਮ ਚੋਣਾਂ ਵਿਚ ਵੀ ਦੋ ਸਾਲ ਤੋਂ ਘੱਟ ਦਾ ਹੀ ਸਮਾਂ ਬਚਿਆ ਹੈ। ਮਨਮੋਹਨ ਸਿੰਘ ਜੀ ਗਰੀਬਾਂ ਦਾ ਮਜ਼ਾਕ ਨਾ ਉਡਾਓ, ਇਸ ਦਾ ਹਾਅ ਬਹੁਤ ਬੁਰੀ ਹੁੰਦੀ ਹੈ ਅਤੇ ਜਿਸ ਨੂੰ ਲੱਗਦੀ ਹੈ ਉਹ ਉਭਰ ਨਹੀਂ ਪਾਉਂਦਾ।

# ਗਿੱਲ ਬਿਨਾਂ ਮੁਕਾਬਲਾ ਮੁੜ ਬਣੇ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ



ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਚੁਣੇ ਗਏ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਅਤੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਸਰਵ ਸੰਮਤੀ ਤੋਂ ਬਾਅਦ ਲੇਖਕਾਂ ਨਾਲ।

ਲੁਧਿਆਣਾ, (ਨਦਬ) ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਿੱਚ ਅਗਲੇ ਦੋ ਸਾਲਾਂ ਲਈ ਪ੍ਰੋ. ਗੁਰਭਜਨ ਗਿੱਲ ਪ੍ਰਧਾਨ, ਡਾ.ਸੁਖਦੇਵ ਸਿੰਘ ਸਿਰਸਾ ਜਨਰਲ ਸਕੱਤਰ , ਡਾ. ਅਨੂਪ ਸਿੰਘ ਬਟਾਲਾ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਬਿਨਾਂ ਮੁਕਾਬਲਾ ਚੋਣ ਜਿੱਤ ਗਏ ਹਨ। ਇਸੇ ਤਰ੍ਹਾਂ ਪੰਜਾਬ ਤੋਂ ਬਾਹਰਲੇ ਮੀਤ ਪ੍ਰਧਾਨ ਦੇ ਅਹੁਦੇ ਲਈ ਜੋਗਿੰਦਰ ਨਿਰਾਲਾ ਨੂੰ ਕੋਈ ਚੁਣੌਤੀ ਨਾ ਦੇ ਸਕਿਆ।

ਪ੍ਰਧਾਨ ਦੀ ਚੋਣ ਲੜਨ ਲਈ ਪ੍ਰੋ. ਗੁਰਭਜਨ ਗਿੱਲ ਤੋਂ ਇਲਾਵਾ ਚੋਣ ਮੈਦਾਨ 'ਚ ਨਿੱਤਰੇ ਉਮੀਦਵਾਰਾਂ ਵਿੱਚ ਸ਼ਾਮਲ, ਕਾਨੂੰਨੀ ਮਾਹਿਰ ਸੇਵਾ ਮੁਕਤ ਸਰਕਾਰੀ ਵਕੀਲ ਅਤੇ ਅਕਾਦਮੀ ਪੁਰਸਕਾਰ ਜੇਤੂ ਨਾਵਲਕਾਰ ਮਿੱਤਰ ਸੈਨ ਮੀਤ ਅਤੇ ਕਹਾਣੀਕਾਰ ਸੁਖਜੀਤ ਨੇ ਅੱਜ ਆਪਣੇ ਨਾਮ ਵਾਪਸ ਲੈ ਲਏ ਸਿੱਟੇ ਵਜੋਂ ਰਿਟਰਨਿੰਗ ਅਫਸਰ ਡਾ. ਸੁਰਜੀਤ ਸਿੰਘ ਗਿੱਲ ਅਤੇ ਸਹਾਇਕ ਰਿਟਰਨਿੰਗ ਅਫਸਰ ਜਨਮੇਜਾ ਸਿੰਘ ਜੌਹਲ ਨੇ ਪ੍ਰੋ. ਗੁਰਭਜਨ ਗਿੱਲ ਨੂੰ ਬਿਨਾਂ ਮੁਕਾਬਲਾ ਜੇਤੂ ਕਰਾਰ ਦੇ ਦਿੱਤਾ।

ਜਨਰਲ ਸਕੱਤਰ ਦੇ ਅਹੁਦੇ ਲਈ 8 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਭਰੇ ਸਨ। ਇਨ੍ਹਾਂ ਵਿੱਚੋਂ ਸਰਬਜੀਤ ਸਿੰਘ, ਸੰਧੂ ਵਰਿਆਣਵੀ, ਸੁਖਜੀਤ, ਡਾ. ਸੁਰਜੀਤ ਸਿੰਘ, ਪ੍ਰੋ. ਗੁਰਇਕਬਾਲ ਸਿੰਘ, ਜਸਵੰਤ ਸਿੰਘ ਜਫਰ ਅਤੇ ਪਵਨ ਹਰਚੰਦਪੁਰੀ ਆਪਣੇ ਕਾਗਜ਼ ਵਾਪਸ ਲੈ ਕੇ ਚੋਣ ਮੈਦਾਨ ਤੋਂ ਲਾਂਭੇ ਹੋ ਗਏ ਹਨ।

ਰਿਟਰਨਿੰਗ ਅਫਸਰ ਨੇ ਡਾ. ਸੁਖਦੇਵ ਸਿੰਘ ਸਿਰਸਾ ਨੂੰ ਬਿਨਾਂ ਮੁਕਾਬਲਾ ਜੇਤੂ ਕਰਾਰ ਦੇ ਕੇ ਜਨਰਲ ਸਕੱਤਰ ਘੋਸ਼ਿਤ ਕਰ ਦਿੱਤਾ ਹੈ। ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਖੜ੍ਹੇ ਚਾਰ ਉਮੀਦਵਾਰਾਂ ਵਿੱਚੋਂ ਤਿੰਨ ਪੱਤਰਕਾਰ ਸੁਸ਼ੀਲ ਦੁਸਾਂਝ, ਸੁਖਜੀਤ ਅਤੇ ਗੁਰਇਕਬਾਲ ਨੇ ਨਾਂ ਵਾਪਸ ਲੈ ਲਏ ਹਨ ਤੇ ਨਤੀਜੇ ਵਜੋਂ ਡਾ. ਅਨੂਪ ਸਿੰਘ ਬਟਾਲਾ ਸੀਨੀਅਰ ਮੀਤ ਪ੍ਰਧਾਨ ਬਣ ਗਏ ਹਨ।

ਪੰਜਾਬ ਤੋਂ ਬਾਹਰਲੇ ਮੀਤ ਪ੍ਰਧਾਨ ਲਈ ਦੋ ਉਮੀਦਵਾਰ ਪ੍ਰੋ. ਜੋਗਿੰਦਰ ਸਿੰਘ ਨਿਰਾਲਾ ਜੰਮੂ ਅਤੇ ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਚੋਣ ਮੈਦਾਨ ਵਿਚ ਸਨ ਪਰ ਰਿਟਰਨਿੰਗ ਅਫਸਰ ਨੇ ਡਾ. ਕਰਮਜੀਤ ਸਿੰਘ ਦਾ ਸਿਰਨਾਵਾਂ ਲੇਖਕ ਸੂਚੀ ਅਨੁਸਾਰ ਪੰਜਾਬ ਦਾ ਹੀ ਮੰਨਿਆ ਹੈ ਜਿਸ ਕਰਕੇ ਡਾ. ਜੋਗਿੰਦਰ ਸਿੰਘ ਨਿਰਾਲਾ ਬਿਨਾਂ ਕਿਸੇ ਚੁਣੌਤੀ ਤੋਂ ਪੰਜਾਬ ਤੋਂ ਬਾਹਰਲੇ ਮੀਤ ਪ੍ਰਧਾਨ ਬਣ ਗਏ ਹਨ। ਹੁਣ 15 ਅਪਰੈਲ ਨੂੰ ਚਾਰ ਮੀਤ ਪ੍ਰਧਾਨਾਂ ਅਤੇ ਕਾਰਜਕਾਰਨੀ ਦੇ 15 ਮੈਂਬਰਾਂ ਲਈ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਸਥਾਨਕ ਪੰਜਾਬੀ ਭਵਨ ਵਿੱਚ ਵੋਟਾਂ ਪੈਣਗੀਆਂ। ਚਾਰ ਮੀਤ ਪ੍ਰਧਾਨਾਂ ਦੇ ਅਹੁਦਿਆਂ ਲਈ ਸਰਬਜੀਤ ਸਿੰਘ, ਸੰਧੂ ਵਰਿਆਣਵੀ, ਡਾ. ਸੁਰਜੀਤ ਸਿੰਘ, ਹਮਦਰਦਵੀਰ ਨੌਸ਼ਹਿਰਵੀ, ਡਾ. ਕਰਮਜੀਤ ਸਿੰਘ, ਪੱਤਰਕਾਰ ਕੁਲਦੀਪ ਸਿੰਘ ਬੇਦੀ, ਗੁਰਇਕਬਾਲ ਸਿੰਘ ਅਤੇ ਸ਼ਿਆਮ ਸੁੰਦਰ ਦੀਪਤੀ ਚੋਣ ਮੈਦਾਨ ਵਿੱਚ ਹਨ ਜਦਕਿ ਸਵਰਨਜੀਤ ਕੌਰ ਗਰੇਵਾਲ, ਸੁਦਰਸ਼ਨ ਗਾਸੋ, ਸੁਲੱਖਣ ਸਰਹੱਦੀ, ਸੁਰਿੰਦਰ ਕੈਲੇ, ਗੁਰਚਰਨ ਕੌਰ ਕੋਚਰ ਅਤੇ ਜਸਵੰਤ ਸਿੰਘ ਜਫਰ ਨੇ ਆਪਣੇ ਕਾਗਜ਼ ਵਾਪਸ ਲੈ ਲਏ ਹਨ।

ਕਾਰਜਕਾਰਨੀ ਦੇ 15 ਮੈਂਬਰਾਂ ਦੀ ਚੋਣ ਲਈ ਸਰੂਪ ਸਿੰਘ ਅਲੱਗ, ਸਵਰਨਜੀਤ ਕੌਰ ਗਰੇਵਾਲ, ਸੀ. ਮਾਰਕੰਡਾ, ਸੁਦਰਸ਼ਨ ਗਾਸੋ, ਸੁਰਿੰਦਰ ਕੈਲੇ, ਸੂਫੀ ਅਮਰਜੀਤ, ਸ਼ਰਨਜੀਤ ਕੌਰ, ਹਰਵਿੰਦਰ ਸਿੰਘ, ਕਸ਼ਮੀਰੀ ਲਾਲ ਚਾਵਲਾ, ਖੁਸ਼ਵੰਤ ਬਰਗਾੜੀ, ਗੁਰਚਰਨ ਕੌਰ ਕੋਚਰ, ਗੁਲਜ਼ਾਰ ਸਿੰਘ ਸ਼ੌਕੀ, ਡਾ. ਗੁਲਜ਼ਾਰ ਸਿੰਘ ਪੰਧੇਰ, ਜਗਤਾਰ ਧੀਮਾਨ, ਜਗੀਰ ਸਿੰਘ ਨੂਰ, ਤਰਸੇਮ, ਤ੍ਰੈਲੋਚਨ ਲੋਚੀ, ਦਰਸ਼ਨ ਬੜੀ, ਦੇਸ ਰਾਜ ਕਾਲੀ, ਦੇਵ ਦਰਦ, ਦੇਵਿੰਦਰ ਮੋਹਨ ਸਿੰਘ, ਬਲਦੇਵ ਸਿੰਘ ਝੱਜ, ਬੀਬਾ ਬਲਵੰਤ, ਡਾ. ਭਗਵੰਤ ਸਿੰਘ, ਰਾਜ ਕੁਮਾਰ ਗਰਗ ਅਤੇ ਲੋਕ ਨਾਥ ਸਮੇਤ 26 ਉਮੀਦਵਾਰ ਚੋਣ ਮੈਦਾਨ ਵਿਚ ਹਨ।


ਐਡਮਿੰਟਨ-ਮਿਲਵੁਡਜ਼ ਤੋਂ ਪੀ.ਸੀ. ਪਾਰਟੀ ਦੇ ਉਮੀਦਵਾਰ



ਸੁਹੇਲ ਕਾਦਰੀ

ਵੱਲੋਂ ਸਮੂਹ ਭਾਈਚਾਰੇ ਨੂੰ

ਵਿਸਾਖੀ

ਦੀਆਂ ਮੁਬਾਰਕਾਂ

Sohail Quadri & his team invite you to join

Pr emier Alison Redford
On Friday April 13, 2012
At Maharaja Banquet Hall
7:00 pm (Sharp)
9257 34A Ave NW

Due to limited seating please eserve your seat
by picking up your invitation fom
Team Quadri campaign office Edmonton Mill Wods
3448-93 Street

R.S.V.P
teamquadri@shaw.ca

PC Alberta

WHO IS HE?

He is your
Medicine Shoppe Pharmacist.

And he is one of the most important people you may ever know.

Jasbir is one of health's greatest allies, and your reliable authority on medicine's and health products.

He is also your personal health advisor: a pharmacist that takes the time to get to know you, and help with your health questions and concerns.

Jasbir is your
Medicine Shoppe Pharmacist.

Pharmacist Name
B.Sc. Pharm.
Pharmacist / Owner



FREE Prescription Delivery



Accu-Pak™ Bubble Packaging



Immunization Services



FREE Medication Reviews



0312Custom_MS170

LIMITED TIME OFFER! Expires 30/04/2012

WOW! $4.99 each



REXALL BRAND
Calcium
500 mg • 100's

*FREE Bonus Offer

REXALL BRAND
Vitamin D
1000 IU • 100's

*BUY 1 Bottle of Rexall Brand 500 mg Calcium Tablets and GET 1 Bottle of Rexall Brand Vitamin D 1000 IU Tablets FREE. Limit 2 per person.

Transferring your prescription is easy.



With a simple exchange of information and no trouble at all, you can start to enjoy the one-on-one service and pharmacy-only focus that makes the move to The Medicine Shoppe Pharmacy a healthy one.

Call or visit us today for details.

The Medicine Shoppe PHARMACY

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਪੀ.ਪੀ.ਪੀ : ਪੈਰ ਪੁੱਟਦਿਆਂ ਹੀ ਲੁੜਕ ਗਈ



ਮਨਪ੍ਰੀਤ ਸਿੰਘ ਬਾਦਲ ਦੀ ਨਵਗਠਿਤ ਪੰਜਾਬ ਪੀਪਲਜ਼ ਪਾਰਟੀ ਵਿਧਾਨ ਸਭਾ ਚੋਣਾਂ 'ਚ ਕੋਈ ਭੂਮਿਕਾ ਨਹੀਂ ਨਿਭਾ ਸਕੀ, ਇਹ ਨਾ ਤਾਂ ਖੁਦ ਕੋਈ ਜਿੱਤ ਦਰਜ ਕਰ ਸਕੀ ਅਤੇ ਨਾ ਹੀ ਕਿਸੇ ਹੋਰ ਪਾਰਟੀ ਦੀ ਜਿੱਤ-ਹਾਰ ਦਾ ਕਾਰਨ ਬਣ ਸਕੀ। ਇਸ ਨੇ ਕੁੱਲ ਭੁਗਤੀਆਂ ਵੋਟਾਂ 'ਚੋਂ ਕੇਵਲ ਪੰਜ ਫੀਸਦੀ ਵੋਟਾਂ ਹੀ ਹਾਸਿਲ ਕੀਤੀਆਂ। ਇਸ ਦਾ ਕੋਈ ਵੀ ਉਮੀਦਵਾਰ ਦੂਜੇ ਨੰਬਰ 'ਤੇ ਨਹੀਂ ਆਇਆ। ਵੱਧ ਤੋਂ ਵੱਧ ਵੋਟਾਂ ਹਾਸਲ ਕਰਨ ਵਾਲਾ ਇਕ ਉਮੀਦਵਾਰ ਵੀ ਤੀਜੇ ਨੰਬਰ 'ਤੇ ਹੀ ਆ ਸਕਿਆ। ਬਹੁਤੇ ਉਮੀਦਵਾਰ ਸੱਤਵੇਂ-ਅੱਠਵੇਂ ਨੰਬਰ 'ਤੇ ਰਹੇ। ਮਨਪ੍ਰੀਤ ਸਿੰਘ ਬਾਦਲ ਨੇ ਦੋ ਚੋਣ ਹਲਕਿਆਂ ਤੋਂ ਚੋਣ ਲੜੀ, ਦੋਵਾਂ 'ਤੇ ਉਸ ਦੀ ਕਾਰਗੁਜ਼ਾਰੀ ਕਿਸੇ ਮੁਕਾਬਲੇ 'ਤੇ ਨਹੀਂ ਪਹੁੰਚ ਸਕੀ। ਸੋ, ਜਿਹੜੇ ਦਾਅਵੇ ਮਨਪ੍ਰੀਤ ਬਾਦਲ ਬਾਰੇ ਕੀਤੇ ਗਏ, ਸਭ ਹਵਾਈ ਕਿਲੇ ਹੀ ਸਾਬਿਤ ਹੋਏ। ਜਿਸ ਦਾਅਵੇ ਨੂੰ ਸਭ ਤੋਂ ਵਧੇਰੇ ਬਲ ਮਿਲ ਰਿਹਾ ਸੀ, ਉਹ ਸੀ ਮਨਪ੍ਰੀਤ ਦਾ ਬਾਦਲਾਂ ਲਈ ਟੌਹੜਾ ਸਿੱਧ ਹੋਣਾ। ਮਨਪ੍ਰੀਤ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦੀ ਤੁਲਨਾ ਇਸ ਕਰਕੇ ਬੇਬੁਨਿਆਦ ਸਾਬਿਤ ਹੋਈ ਕਿਉਂਕਿ ਨਾ ਤਾਂ ਦੋਹਾਂ ਦੀ ਸਿਆਸੀ ਦਿੱਖ ਸਾਂਝੀ ਸੀ ਤੇ ਨਾ ਹੀ ਪਾਰਟੀ ਅੰਦਰਲਾ ਆਧਾਰ। ਟੌਹੜਾ ਸਾਹਿਬ ਦੀ ਟੇਕ ਅਕਾਲੀ ਦਲ ਅੰਦਰਲੇ ਕੁਝ ਟਕਸਾਲੀ ਆਗੂਆਂ ਉਪਰ ਸੀ, ਜਿਹੜੇ ਥੋੜ੍ਹੀ ਗਿਣਤੀ 'ਚ ਹੋਣ ਦੇ ਬਾਵਜੂਦ ਜਥੇਦਾਰ ਟੌਹੜੇ ਦੇ ਅੰਤ ਤੀਕ ਵਫ਼ਾਦਾਰ ਬਣੇ ਰਹੇ। ਇਨ੍ਹਾਂ ਆਸਰੇ ਸ. ਪ੍ਰਕਾਸ਼ ਸਿੰਘ ਬਾਦਲ ਨਾਲ ਆਪਣੀ ਅਣਬਣ ਸਮੇਂ ਜਥੇਦਾਰ ਟੌਹੜਾ ਬਾਦਲ ਦੀਆਂ ਵੋਟਾਂ ਨੂੰ ਖੋਰਾ ਲਾਉਣ ਵਿਚ ਸਫਲ ਰਹੇ, ਜਿਸ ਦਾ ਸਿੱਧਾ ਲਾਭ ਕਾਂਗਰਸ ਨੂੰ ਪ੍ਰਾਪਤ ਹੋਇਆ। ਦੂਜੇ ਪਾਸੇ ਮਨਪ੍ਰੀਤ ਸਿੰਘ ਬਾਦਲ ਦੀ ਟੇਕ ਆਪਣੇ ਤਾਇਆ ਜੀ ਸ. ਪ੍ਰਕਾਸ਼ ਸਿੰਘ ਬਾਦਲ ਉਪਰ ਹੀ ਰਹੀ ਸੀ, ਇਸ ਲਈ ਉਸ ਦੇ ਬਾਦਲਾਂ ਨਾਲੋਂ ਵੱਖ ਹੋਣ ਦਾ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਕੋਈ ਖਮਿਆਜ਼ਾ ਨਹੀਂ ਭੁਗਤਣਾ ਪਿਆ। ਜਿਹੜਾ ਗਰੁੱਪ ਉਹ ਅਕਾਲੀ ਦਲ ਦੇ ਅੰਦਰੋਂ ਲੈ ਕੇ ਨਿਕਲਿਆ ਸੀ, ਉਹ ਤਾਂ ਉਹਦੇ ਨਾਲ ਚਾਰ ਦਿਨ ਵੀ ਨਹੀਂ ਕੱਟ ਸਕਿਆ। ਇਸ ਤਰ੍ਹਾਂ ਮਨਪ੍ਰੀਤ ਸਿੰਘ ਬਾਦਲ ਦੇ ਜਿਸ ਧਿਰ ਉਪਰ ਭਾਰੀ ਪੈਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਸੀ, ਉਹ ਨਿਰਮੂਲ ਹੀ ਨਿਕਲੀ। ਕਾਂਗਰਸ ਵੀ ਆਪਣੀ ਲੜਾਈ ਆਪ ਹੀ ਹਾਰੀ ਹੈ, ਮਨਪ੍ਰੀਤ ਸਿੰਘ ਬਾਦਲ ਦੇ ਹਰਾਇਆਂ ਨਹੀਂ ਹਾਰੀ। ਪੰਜਾਬ ਵਿਚ ਕਾਂਗਰਸ ਦੀ ਹਾਰ ਵੱਖਰੀ ਚਰਚਾ ਦੀ ਮੰਗ ਕਰਦੀ ਹੈ। ਫਿਲਹਾਲ ਵੋਟਰਾਂ ਚ ਕੋਈ ਅਜਿਹਾ ਰੁਝਾਨ ਨਹੀਂ ਪਛਾਣਿਆ ਜਾ ਸਕਿਆ, ਜਿਸ ਬਾਰੇ ਕਿਹਾ ਜਾ ਸਕੇ ਕਿ ਜੇਕਰ ਮਨਪ੍ਰੀਤ ਸਿੰਘ ਬਾਦਲ ਚੋਣ ਪਿੜ ਵਿਚ ਨਾ ਹੁੰਦਾ ਤਾਂ ਨਤੀਜਾ ਕਾਂਗਰਸ ਦੇ ਪੱਖ ਵਿਚ ਹੋਣਾ ਸੀ। ਦਰਅਸਲ, ਵੋਟਾਂ ਦੀ ਰਾਜਨੀਤੀ ਸਰਲ ਅਤੇ ਸਵੱਛ ਰਾਜਨੀਤੀ ਨਹੀਂ ਹੈ। ਲੋਕ ਤਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਭਤੀਜੇ ਤੇ ਪੀ.ਪੀ.ਪੀ ਦੇ ਪ੍ਰਮੁੱਖ ਉਮੀਦਵਾਰ ਅਭੈ ਸਿੰਘ ਨੂੰ ਵੀ ਵੋਟਾਂ 'ਚ ਰੋਲ ਗਏ। ਨਿਰਸੰਦੇਹ, ਚੋਣਾਂ ਅੱਜ ਅਰਬਾਂ ਰੁਪਏ ਦੀ ਖੇਡ ਹੋ ਗਈਆਂ ਹਨ। ਹਰ ਤਰ੍ਹਾਂ ਦਾ ਮਾਫੀਆ ਵੱਡੀਆਂ ਪਾਰਟੀਆਂ ਲਈ ਫੰਡ ਜੁਟਾਉਂਦਾ ਹੈ। ਪਰ ਪੀ.ਪੀ.ਪੀ ਦੇ ਲੁੜਕ ਜਾਣ ਕਾਰਨ ਕੇਵਲ ਇਹ ਚੋਣ ਤੰਤਰ ਹੀ ਨਹੀਂ ਹੈ। ਖੁਦ ਮਨਪ੍ਰੀਤ ਸਿੰਘ ਬਾਦਲ ਨੇ ਵੀ ਲੋਕ ਹਿਤੂ ਪੈਂਤੜੇ ਤੋਂ ਕੋਈ ਪਰਿਪੱਕਤਾ ਨਹੀਂ ਵਿਖਾਈ। ਸਬਸਿਡੀਆਂ ਬਾਰੇ ਕੱਚਘਰੜ ਬਿਆਨ ਦੇ ਕੇ ਲੋਕਾਂ (ਖਾਸ ਕਰਕੇ ਗਰੀਬ ਲੋਕਾਂ ਦੇ) ਤੌਖਲੇ ਵਧਾਏ। ਉਹ ਆਪਣੇ ਚੁਨਿੰਦਾ ਸਾਥੀਆਂ ਨੂੰ ਵੀ ਵਿਸ਼ਵਾਸ ਵਿਚ ਨਹੀਂ ਰੱਖ ਸਕਿਆ, ਲੋਕਾਂ ਦਾ ਵਿਸ਼ਵਾਸ ਜਿੱਤਣਾ ਤਾਂ ਬਹੁਤ ਵੱਡੀ ਗੱਲ ਹੈ। ਆਪਣੇ ਪ੍ਰੋਗਰਾਮ ਤੋਂ ਲੈ ਕੇ ਆਪਣੇ ਪ੍ਰਵਚਨ ਤੱਕ ਉਹ ਭਾਵੁਕਤਾ ਤੋਂ ਮੁਕਤ ਨਹੀਂ ਹੋਇਆ। ਕਿਹਾ ਨਹੀਂ ਜਾ ਸਕਦਾ ਕਿ ਉਹ ਅਜਿਹਾ ਦਿਲੋਂ ਕਰ ਰਿਹਾ ਸੀ ਜਾਂ ਜਾਣ-ਬੁੱਝ ਕੇ। ਬਹੁਤ ਸਾਰੇ ਹੋਰ ਵੀ ਕਾਰਨ ਰਹੇ ਹੋਣਗੇ, ਜਿਨ੍ਹਾਂ ਕਰਕੇ ਪੰਜਾਬ ਪੀਪਲਜ਼ ਪਾਰਟੀ ਪਹਿਲਾਂ ਪੈਰ ਪੁੱਟਦਿਆਂ ਹੀ ਲੁੜ੍ਹਕ ਗਈ, ਪਰ ਇਸ ਦਾ ਮੁੱਖ ਕਾਰਨ ਇਸ ਦੀ ਭਾਵੁਕ ਲੀਡਰਸ਼ਿਪ ਹੀ ਬਣੀ।

## ਖੱਬਿਆਂ ਨੇ ਕੀ ਖੱਟਿਆ

ਸੁਰਜੀਤ ਪਾਤਰ ਦਾ ਪ੍ਰਸਿੱਧ ਸ਼ਿਅਰ ਹੈ 'ਇਕ ਕੈਦ 'ਚੋਂ ਦੂਜੀ ਕੈਦ 'ਚ ਬਦਲ ਗਈ ਏਂ, ਕੀ ਖੱਟਿਆ ਮਹਿੰਦੀ ਲਾ ਕੇ ਵਟਣਾ ਮਲਕੇ'- ਜ਼ਾਹਿਰ ਹੈ ਕਿ ਕੁਝ ਨਹੀਂ ਖੱਟਿਆ। ਖੱਬੀਆਂ ਪਾਰਟੀਆਂ ਨੇ ਪਹਿਲਕਦਮੀ ਕਰਕੇ ਤੀਜੇ ਮੋਰਚੇ ਦਾ ਗਠਨ ਕੀਤਾ। ਇਸ ਵਾਰ ਉਨ੍ਹਾਂ ਮਨਪ੍ਰੀਤ ਸਿੰਘ ਬਾਦਲ ਨੂੰ ਮੋਰਚੇ ਦੀ ਵਾਗਡੋਰ ਸੰਭਾਲੀ, ਪਹਿਲਾਂ ਉਨ੍ਹਾਂ ਨੇ ਇਹੋ ਤਜ਼ਰਬਾ ਬਲਵੰਤ ਸਿੰਘ ਰਾਮੂਵਾਲੀਆ ਨੂੰ ਮੋਹਰੇ ਲਾ ਕੇ ਕੀਤਾ ਸੀ। ਉਦੋਂ ਵੀ ਕੁਝ ਨਹੀਂ ਸੀ ਬਣਿਆ, ਹੁਣ ਵੀ ਕੁਝ ਨਹੀਂ ਬਣਿਆ। ਤੀਜੇ ਮੋਰਚੇ ਦੇ ਗਠਨ 'ਚੋਂ ਖੱਬਿਆਂ ਨੇ ਖੱਟਿਆ ਤਾਂ ਕੁਝ ਨਹੀਂ, ਪਰ ਗੁਆਇਆ ਵੀ ਕੁਝ ਨਹੀਂ। ਕਾਂਗਰਸ ਬਾਰੇ ਕਹਿ ਸਕਦੇ ਹਾਂ ਕਿ ਉਸ ਨੇ ਪੰਜਾਬ ਵਿਚ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਦਾ ਇਕ ਮੌਕਾ ਗੁਆ ਲਿਆ, ਪਰ ਖੱਬਿਆਂ ਨੇ ਤਾਂ ਵਿਰੋਧੀ ਧਿਰ ਵਿਚ ਵੀ ਆਪਣੀ ਮੌਜੂਦਗੀ ਚਿਰੋਕਣੀ ਗੁਆਈ ਹੋਈ ਹੈ। ਫਿਰ ਵੀ ਸੂਰਤਹਾਲ ਭਾਵੇਂ ਪਹਿਲਾਂ ਵਾਲੀ ਹੀ ਬਣੀ ਹੋਈ ਹੈ, ਫਿਰ ਵੀ ਇਹ ਚਰਚਾ ਤਾਂ ਕਰਨੀ ਲੋੜੀਂਦੀ ਹੈ ਕਿ ਕੀ ਉਨ੍ਹਾਂ ਦਾ ਪੀ.ਪੀ.ਪੀ ਨਾਲ ਚੋਣ ਸਮਝੌਤਾ ਨਿਆਂਸੰਗਤ ਵੀ ਸੀ? ਅਜੇ ਤਾਂ ਚਰਚਾ ਦਾ ਕੋਈ ਮਾਹੌਲ ਨਹੀਂ ਬਣਿਆ, ਪਰ ਸਮਾਂ ਪਾ ਕੇ ਕੁਝ ਨੁਕਤੇ ਜ਼ਰੂਰ ਵਿਚਾਰੇ ਜਾ ਸਕਦੇ ਹਨ। ਪਹਿਲਾ ਨੁਕਤਾ ਇਹ ਹੈ ਕਿ ਕੀ ਦੋਵਾਂ ਖੱਬੀਆਂ ਪਾਰਟੀਆਂ, ਭਾਰਤੀ ਕਮਿਊਨਿਸਟ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਮਨਪ੍ਰੀਤ ਸਿੰਘ ਬਾਦਲ ਦੀ ਪੰਜਾਬ ਦੇ ਵਿੱਤ ਮੰਤਰੀ ਵਜੋਂ ਕਾਰਗੁਜ਼ਾਰੀ ਨੂੰ ਘੋਖਿਆ ਵੀ ਸੀ? ਜੇਕਰ ਅਜਿਹਾ ਕੀਤਾ ਗਿਆ ਸੀ ਤਾਂ ਚੋਣ ਸਮਝੌਤੇ ਤੋਂ ਪਹਿਲਾਂ ਇਸ ਦੇ ਵੇਰਵੇ ਸਾਹਮਣੇ ਆਉਣੇ ਚਾਹੀਦੇ ਸਨ। ਜੇਕਰ ਅਜਿਹਾ ਨਹੀਂ ਕੀਤਾ ਗਿਆ ਤਾਂ ਸਪਸ਼ਟ ਹੈ ਕਿ ਖੱਬੀਆਂ ਪਾਰਟੀਆਂ ਨੇ ਇਕ ਮਹੱਤਵਪੂਰਨ ਨੁਕਤੇ ਨੂੰ ਅਣਗੌਲਿਆ ਕਰਕੇ ਭਾਰੀ ਗਲਤੀ ਕੀਤੀ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਮਨਪ੍ਰੀਤ ਸਿੰਘ ਬਾਦਲ ਨੇ ਵਿੱਤ ਮੰਤਰੀ ਹੁੰਦਿਆਂ ਅਜਿਹਾ ਕੋਈ ਕਾਰਜ ਨਹੀਂ ਕੀਤਾ, ਜਿਸ ਵਿਚੋਂ ਖੱਬੀਆਂ ਪਾਰਟੀਆਂ ਨੂੰ ਆਪਣੀਆਂ ਨੀਤੀਆਂ ਦੇ ਨੈਣ ਨਕਸ਼ ਦਿਖਾਈ ਦਿੱਤੇ ਹੋਣ। ਇਕ ਨੁਕਤਾ ਮਨਪ੍ਰੀਤ ਬਾਦਲ ਦੁਆਰਾ ਸਬਸਿਡੀਆਂ ਬਾਰੇ ਦਿੱਤੇ ਗਏ ਬਿਆਨਾਂ ਦਾ ਵੀ ਬਣਦਾ ਹੈ। ਸਬਸਿਡੀਆਂ ਬਾਰੇ ਜੋ ਮਨਪ੍ਰੀਤ ਨੇ ਕਿਹਾ ਉਸ ਦਾ ਵੀ ਖੱਬੀਆਂ ਪਾਰਟੀਆਂ ਦੀਆਂ ਨੀਤੀਆਂ ਨਾਲ ਕੋਈ ਮੇਲ ਤਾਂ ਨਹੀਂ ਬੈਠਦਾ। ਸਬਸਿਡੀਆਂ ਆਮ ਕਰਕੇ ਕੁਝ ਵਿਸ਼ੇਸ਼ ਤੇ ਬੁਨਿਆਦੀ ਆਰਥਿਕ ਖੇਤਰ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਨੂੰ



ਸਰਕਾਰਾਂ ਵਾਪਸ ਵੀ ਲੈ ਸਕਦੀਆਂ ਹਨ, ਪਰ ਸਿਰਫ ਉਦੋਂ ਜਦੋਂ ਇਹ ਯਕੀਨੀ ਬਣ ਜਾਵੇ ਕਿ ਸਬਸਿਡੀਆਂ ਵਾਪਸ ਲੈਣ ਨਾਲ ਕੋਈ ਵਿਸ਼ੇਸ਼ ਆਰਥਿਕ ਖੇਤਰ ਲੜਖੜਾਏਗਾ ਨਹੀਂ ਅਤੇ ਇਸ ਆਰਥਿਕ ਖੇਤਰ ਵਿਚ ਕਾਰਜ ਕਰ ਰਹੇ ਲੋਕ ਨਕਾਰਾਤਮਿਕ ਰੂਪ ਵਿਚ ਪ੍ਰਭਾਵਿਤ ਨਾ ਹੋਣ। ਪੰਜਾਬ ਸਰਕਾਰ ਵੱਲੋਂ ਵੀ ਬਹੁਤ ਸਾਰੀਆਂ ਸਬਸਿਡੀਆਂ ਇਸ ਸਮੇਂ ਵੱਖ-ਵੱਖ ਖੇਤਰਾਂ ਵਿਚ ਦਿੱਤੀਆਂ ਜਾ ਰਹੀਆਂ ਹਨ। ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ ਪਾਣੀ ਦੀ ਸਹੂਲਤ ਦਿੱਤੀ ਜਾ ਰਹੀ ਹੈ। ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਮਾਂ-ਪਾਰਟੀ ਤੋਂ ਵੱਖ ਹੁੰਦਿਆਂ ਹੀ ਸਬਸਿਡੀਆਂ ਵਿਰੁੱਧ ਆਵਾਜ਼ ਉਠਾ ਦਿੱਤੀ। ਹੋ ਸਕਦਾ ਮਨਪ੍ਰੀਤ ਦੀ ਭਾਵਨਾ ਬੁਰੀ ਨਾ ਹੋਵੇ, ਪਰ ਉਸ ਨੇ ਸਬਸਿਡੀਆਂ ਦੀ ਵਾਪਸੀ ਦੇ ਫੌਰੀ ਵਿਵਹਾਰਿਕ ਪੱਖਾਂ ਨੂੰ ਬਿਲਕੁਲ ਹੀ ਨਜ਼ਰ ਅੰਦਾਜ਼ ਕਰ ਦਿੱਤਾ। ਮਨਪ੍ਰੀਤ ਨੇ ਇਕ ਮਹੱਤਵਪੂਰਨ ਨੁਕਤਾ ਨਜ਼ਰ ਅੰਦਾਜ਼ ਕਰ ਦਿੱਤਾ, ਉਸ ਦਾ ਸਰ ਗਿਆ, ਪਰ ਖੱਬਿਆਂ ਨੂੰ ਤਾਂ ਇਸ ਦਾ ਜਵਾਬ ਦੇਣਾ ਹੀ ਪਵੇਗਾ। ਖ਼ੈਰ ਇਹ ਚੋਣ ਸਮਝੌਤਾ ਸ਼ਾਇਦ ਵਕਤੀ ਸੁਵਿਧਾ ਨੂੰ ਮੁੱਖ ਰੱਖ ਕੇ ਹੀ ਕੀਤਾ ਗਿਆ ਸੀ। ਸੀ.ਪੀ.ਆਈ ਨੂੰ ਇਨ੍ਹਾਂ ਚੋਣਾਂ 'ਚ 1,14,211 ਵੋਟਾਂ ਹਾਸਿਲ ਹੋਈਆਂ ਅਤੇ ਸੀ.ਪੀ.ਐਮ ਨੂੰ 21,719, ਸੀ.ਪੀ.ਆਈ ਦੀਆਂ ਵੋਟਾਂ ਵਿਚ 0.16 ਫੀਸਦੀ ਦਾ ਵਾਧਾ ਹੋਇਆ, ਜਦ ਕਿ ਸੀ.ਪੀ.ਐਮ. ਦੀਆਂ ਵੋਟਾਂ ਵਿਚ 0.12 ਫੀਸਦੀ ਦੀ ਗਿਰਾਵਟ ਆਈ। ਕਈ ਮਖੌਲ ਨਾਲ ਆਖਦੇ ਹਨ ਕਿ ਖੱਬੀਆਂ ਪਾਰਟੀਆਂ ਕੇਵਲ ਆਪਣੀਆਂ ਵੋਟਾਂ ਗਿਣਨ ਲਈ ਹੀ ਚੋਣਾਂ ਲੜਦੀਆਂ ਹਨ। ਇਹ ਕੋਈ ਮਾੜੀ ਗੱਲ ਵੀ ਨਹੀਂ ਹੈ। ਜੇਕਰ ਪੂੰਜੀਵਾਦੀ ਪਾਰਟੀਆਂ (ਅਕਾਲੀ, ਭਾਜਪਾ, ਕਾਂਗਰਸ) ਪੈਸੇ ਗਿਣਨ ਲਈ ਚੋਣਾਂ ਲੜਦੀਆਂ ਹਨ ਤਾਂ ਫਿਰ ਕਮਿਊਨਿਸਟ ਪਾਰਟੀਆਂ ਵੋਟਾਂ ਗਿਣਨ ਲਈ ਚੋਣਾਂ ਕਿਉਂ ਨਾ ਲੜਨ?

## ਕੈਪਟਨ ਦੀ ਦਹਾੜ ਦਾ ਕੀ ਬਣੇਗਾ?

ਐਤਕੀਂ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਦੋ ਗੱਲਾਂ ਬਿਲਕੁਲ



ਪੱਕੀਆਂ ਸਮਝੀਆਂ ਜਾ ਰਹੀਆਂ ਸਨ। ਇਕ ਕਾਂਗਰਸ ਪਾਰਟੀ ਦੀ ਸੱਤਾ ਵਿਚ ਵਾਪਸੀ ਤੇ ਦੂਜੀ ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਦੀ ਵਾਪਸੀ। ਕਾਂਗਰਸ ਪਾਰਟੀ ਹਾਰ ਗਈ, ਕੈਪਟਨ ਦੀ ਦਾਅਵੇਦਾਰੀ ਦਾ ਆਧਾਰ ਹੀ ਖ਼ਤਮ ਹੋ ਗਿਆ। ਪਾਰਟੀ ਦੀ ਹਾਰ ਲਈ ਕੈਪਟਨ ਨੇ ਤੁਰੰਤ ਆਪਣੀ ਨੈਤਿਕ ਜ਼ੁੰਮੇਵਾਰੀ ਕਬੂਲ ਕੀਤੀ ਤੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫੇ ਦੀ ਪੇਸ਼ਕਸ਼ ਕੀਤੀ, ਪਰ ਛੇਤੀ ਹੀ ਉਸ ਨੇ ਸਦਮੇ 'ਚੋਂ ਉਭਰ ਆਉਣ ਦੇ ਸੰਕੇਤ ਦਿੰਦਿਆਂ ਕਿਹਾ ਕਿ ਮੈਂ ਆਪਣੀ ਪਾਰਟੀ ਨੂੰ ਅਧਵਾਟੇ ਛੱਡ ਕੇ ਜ਼ੁੰਮੇਵਾਰੀਆਂ ਤੋਂ ਲਾਂਭੇ ਨਹੀਂ ਹੋਵਾਂਗਾ ਤੇ ਹਰ ਹੀਲੇ ਪਾਰਟੀ ਵਰਕਰਾਂ ਨਾਲ ਹੋ ਰਹੇ ਧੱਕੇ ਵਿਰੁੱਧ ਸੰਘਰਸ਼ ਕਰਾਂਗਾ। ਕੈਪਟਨ ਅਮਰਿੰਦਰ ਸਿੰਘ ਦੇ ਇਸ ਵਤੀਰੇ ਸਦਕਾ ਪਾਰਟੀ ਵਰਕਰ ਹਾਲ ਦੀ ਘੜੀ ਨਤੀਜਿਆਂ ਤੋਂ ਮਿਲੀ ਨਿਰਾਸ਼ਾ ਨੂੰ ਤਾਂ ਕਿਸੇ ਹੱਦ ਤੱਕ ਕਾਬੂ ਕਰ ਲੈਣਗੇ, ਪਰ ਆਪਣੀ ਲੀਡਰਸ਼ਿਪ ਦੇ ਕਲੇਸ਼ ਦਾ ਦ੍ਰਿਸ਼ ਸ਼ਾਇਦ ਉਨ੍ਹਾਂ ਨੂੰ ਆਉਂਦੇ ਦਿਨਾਂ ਵਿਚ ਦੇਖਣ ਨੂੰ ਮਿਲੇ। ਦਰਅਸਲ, ਇਹ ਕਲੇਸ਼ ਹੀ ਪੰਜਾਬ ਵਿਚ ਕਾਂਗਰਸ ਦੀ ਹਾਰ ਦਾ ਵੱਡਾ ਕਾਰਨ ਬਣਿਆ। ਲੀਡਰਾਂ ਦੀ ਆਪਾਧਾਪੀ ਕਾਰਨ ਟਿਕਟਾਂ ਦੀ ਵੰਡ ਪਛੜ ਗਈ। ਟਿਕਟਾਂ ਦੀ ਵੰਡ ਅਜਿਹੀ ਹੋਈ ਕਿ ਚੋਣ ਪਿੜ ਵਿਚ ਬਾਗੀ ਕਾਂਗਰਸੀ ਉਮੀਦਵਾਰਾਂ ਦੀ ਭਰਮਾਰ ਹੋ ਗਈ। ਇਨ੍ਹਾਂ ਬਾਗੀਆਂ ਨੂੰ ਸਮਝਾਉਣ-ਬੁਝਾਉਣ ਦੀ ਕੋਸ਼ਿਸ਼ 'ਚ ਤਾਂ ਇਕ ਵਾਰ ਕੈਪਟਨ ਅਮਰਿੰਦਰ ਸਿੰਘ ਵੀ ਆਪਣਾ ਤਵਾਜ਼ਨ ਖੋ ਬੈਠੇ ਤੇ ਬਾਗੀਆਂ ਨੂੰ ਕਤਲੇਆਮ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਗੱਲ ਕਹਿ ਬੈਠੇ। ਕੈਪਟਨ ਦਾ ਇਸ਼ਾਰਾ ਤਾਂ ਇਨ੍ਹਾਂ ਬਾਗੀ ਉਮੀਦਵਾਰਾਂ ਦੇ ਸਿਆਸੀ ਕਤਲੇਆਮ ਵੱਲ ਹੀ ਸੀ, ਪਰ ਕੈਪਟਨ ਵਿਰੋਧੀਆਂ ਨੇ ਉਸ ਦੇ ਇਸ 'ਸੰਵਾਦ' ਨੂੰ ਮੀਡੀਆ ਵਿਚ ਖੂਬ ਉਛਾਲਿਆ। ਕੈਪਟਨ ਅਮਰਿੰਦਰ ਸਿੰਘ ਅਕਾਲੀਆਂ ਤੇ ਖਾਸ ਕਰਕੇ ਬਾਦਲਾਂ ਵਿਰੁੱਧ ਸਖ਼ਤ ਸ਼ਬਦਾਵਲੀ ਵਰਤਦੇ ਰਹਿੰਦੇ ਹਨ। ਅਜਿਹਾ ਉਹ ਆਪਣੇ ਵਰਕਰਾਂ ਦਾ ਮਨੋਬਲ ਉਚਾ ਚੁੱਕਣ ਲਈ ਕਰਦੇ ਰਹਿੰਦੇ ਹਨ। ਆਪਣੀ ਇਸੇ ਸ਼ੈਲੀ ਸਦਕਾ ਉਹ ਹਾਰ ਦੇ ਬਾਵਜੂਦ ਪਿਛਲੇ ਇਕ ਦਹਾਕੇ ਤੋਂ ਵੀ ਵਧ ਸਮੇਂ ਤੋਂ ਅਕਾਲੀਆਂ ਨਾਲ ਬਰਾਬਰ ਦੇ ਮੁਕਾਬਲੇ ਵਿਚ ਬਣੇ ਹੋਏ ਹਨ। ਅੰਦਾਜ਼ਾ ਇਹ ਲਗਾਇਆ ਜਾ ਰਿਹਾ ਹੈ ਕਿ ਜੇਕਰ ਕੇਂਦਰ ਦੀ ਨਜ਼ਰ ਸੁਵੱਲੀ ਰਹੀ ਅਰਥਾਤ ਹਾਈਕਮਾਂਡ ਦੀ ਕੈਪਟਨ ਉਪਰ ਮਿਹਰ ਭਰੀ ਨਜ਼ਰ ਰਹੀ ਤਾਂ ਉਸ ਦੀ ਦਹਾੜ ਭਵਿੱਖ ਵਿਚ ਵੀ ਬਣੀ ਰਹੇਗੀ।

ਉਂਝ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਕਾਂਗਰਸ ਨੇ 14 ਸੀਟਾਂ 500 ਤੋਂ ਵੀ ਘੱਟ ਵੋਟਾਂ ਦੇ ਫਰਕ ਨਾਲ ਹਾਰੀਆਂ। ਕੈਪਟਨ ਵਿਰੋਧੀ ਕਾਂਗਰਸ ਲਾਬੀ ਦੀ ਜਿਸ ਨੇਤਾ ਦੀ ਸਿਫਾਰਸ਼ 'ਤੇ 10 ਦੇ ਕਰੀਬ ਟਿਕਟਾਂ ਦਿੱਤੀਆਂ ਗਈਆਂ, ਉਨ੍ਹਾਂ ਵਿਚੋਂ ਕੇਵਲ ਦੋ ਹੀ ਜਿੱਤੀਆਂ ਜਾ ਸਕੀਆਂ। ਕਾਂਗਰਸ ਵਿਚ ਕਿਤੇ-ਕਿਤੇ ਇਹ ਸੁਰ ਵੀ ਉਭਰੀ ਹੈ ਕਿ ਪਾਰਟੀ ਨੂੰ ਕੈਪਟਨ ਦੀ ਦਹਾੜ ਮਹਿੰਗੀ ਪਈ ਹੈ। ਅਜਿਹਾ ਹੁੰਦਾ ਤਾਂ ਉਨ੍ਹਾਂ ਆਗੂਆਂ (ਕਾਂਗਰਸੀ) ਦੇ ਧੜੇ ਦੀ ਕਾਰਗੁਜ਼ਾਰੀ ਬਿਹਤਰ ਰਹਿਣੀ ਸੀ, ਜਿਹੜੇ ਅਕਾਲੀਆਂ ਨਾਲ ਰਲ ਕੇ ਸਿਆਸੀ ਖੇਡ ਖੇਡਦੇ ਅਥਵਾ ਚਾਲਾਂ ਚਲਦੇ ਹਨ, ਪਰ ਉਨ੍ਹਾਂ ਦੀ ਮਾੜੀ ਕਾਰਗੁਜ਼ਾਰੀ ਦਰਸਾਉਂਦੀ ਹੈ ਕਿ ਕੈਪਟਨ ਦੀ ਸਿਆਸੀ ਸ਼ੈਲੀ ਕਾਂਗਰਸ ਦੀ ਹਾਰ ਉਪਰ ਅਸਰਅੰਦਾਜ਼ ਨਹੀਂ ਹੋਈ, ਸਗੋਂ ਧੜੇਬਾਜ਼ੀ ਨੇ ਕਾਂਗਰਸ ਦੀ ਸੰਭਾਵੀ ਜਿੱਤ ਨੂੰ ਹਾਰ ਵਿਚ ਤਬਦੀਲ ਕਰ ਦਿੱਤਾ। ਇਹ ਧੜੇਬਾਜ਼ੀ ਜੇਕਰ ਕੈਪਟਨ ਦੇ ਮੁੱਖ ਮੰਤਰੀ ਬਣਨ ਦੇ ਰਾਹ ਵਿਚ ਰੋੜਾ ਸਾਬਤ ਹੋਈ ਤਾਂ ਹੱਥ-ਪੱਲੇ ਕਾਂਗਰਸ ਅੰਦਰਲੀ ਭ੍ਰਿਸ਼ਟ ਲਾਬੀ ਦੇ ਵੀ ਕੁਝ ਨਹੀਂ ਪਿਆ। ਇਨ੍ਹਾਂ ਵਿਚੋਂ ਬਹੁਤੇ ਤਾਂ ਚੋਣਾਂ 'ਚ ਹੀ ਚਿੱਤ ਹੋ ਗਏ।

ਇਕ ਗੱਲ ਤਾਂ ਸਪਸ਼ਟ ਹੈ ਕਿ ਕੈਪਟਨ ਦੀ ਦਹਾੜ ਨੇ ਕਾਂਗਰਸ ਦਾ ਕੁਝ ਨਹੀਂ ਵਿਗਾੜਿਆ, ਪਰ ਭਵਿੱਖ ਵਿਚ ਇਹ ਦਹਾੜ ਦਾ ਕੀ ਬਣੇਗਾ? ਇਸ ਦਾ ਜਵਾਬ ਤਾਂ ਪੰਜਾਬ ਦੀਆਂ ਨਵੀਆਂ ਰਾਜਸੀ ਪ੍ਰਸਥਿਤੀਆਂ ਵਿਚੋਂ ਹੀ ਮਿਲ ਸਕੇਗਾ।

## ਬਰਾਬਰ ਦੀ ਦੂਰੀ

'ਬਰਾਬਰ ਦੀ ਦੂਰੀ' ਦੇ ਅਸੂਲ 'ਤੇ ਅਮਲ ਕਰਦੇ ਲੋਕ ਤੁਹਾਨੂੰ ਆਸਪਾਸ ਦੀ ਜ਼ਿੰਦਗੀ ਵਿਚ ਵੀ ਮਿਲ ਜਾਂਦੇ ਹਨ।

ਬਰਾਬਰ ਦੀ ਦੂਰੀ ਅਰਥਾਤ ਕਾਂਗਰਸ ਤੇ ਭਾਜਪਾ-ਅਕਾਲੀ ਦੋਵਾਂ ਤੋਂ ਹੀ ਬਰਾਬਰ ਦੀ ਵਿੱਥ 'ਤੇ ਰਹਿਣਾ। ਦੋਵਾਂ ਨੂੰ ਇਕੋ ਜਿਹੇ ਖਿਆਲ ਕਰਦਿਆਂ ਦੋਵਾਂ ਨੂੰ ਰੱਦ ਕਰਨਾ। ਵੋਟਾਂ ਵਾਲੇ ਦਿਨ ਕੈਟਰੀਨਾ ਨੇ ਇਵੇਂ ਹੀ ਕੀਤਾ।

ਹੋਇਆ ਇਸ ਤਰ੍ਹਾਂ ਕਿ ਕੋਠੀ ਵਾਲੀ ਸ਼ੀਲਾ ਵੋਟਾਂ ਵਾਲੇ ਦਿਨ ਝਾੜੂ-ਪੋਚਾ ਫੇਰਨ ਵਾਲੀ ਆਪਣੀ ਨੌਕਰਾਣੀ ਕੈਟਰੀਨਾ ਨੂੰ ਸਾਰਾ ਦਿਨ ਉਡੀਕਦੀ ਰਹੀ। ਕੈਟਰੀਨਾ ਆਮ ਤੌਰ 'ਤੇ 11 ਵਜੇ ਸਵੇਰੇ ਆਉਂਦੀ ਸੀ, ਪਰ ਜਦ ਉਹ ਸ਼ਾਮ 6 ਵਜੇ ਤੱਕ ਵੀ ਨਾ ਆਈ ਤਾਂ ਸ਼ੀਲਾ ਨੇ ਉਸ ਦੇ ਆਉਣ ਦੀ ਝਾਕ ਛੱਡ ਦਿੱਤੀ।

ਅਗਲੇ ਦਿਨ ਕੈਟਰੀਨਾ 11 ਵਜੇ ਆ ਗਈ। ਸ਼ੀਲਾ ਨੇ ਕੱਲ੍ਹ ਨਾ ਆਉਣ ਦਾ ਕਾਰਨ ਪੁੱਛਿਆ ਤਾਂ ਕਹਿਣ ਲੱਗੀ, ''ਕੱਲ੍ਹ ਅਸੀਂ ਸਾਰਾ ਦਿਨ ਵੋਟਾਂ ਵਾਲਿਆਂ ਨੂੰ ਉਡੀਕਦੇ ਰਹੇ, ਉਹ ਆਏ ਹੀ ਬਹੁਤ ਲੇਟ, ਪਹਿਲਾਂ ਚਾਰ ਵਜੇ ਅਕਾਲੀ ਆਏ, ਇਕ-ਇਕ ਵੋਟ ਦਾ ਹਜ਼ਾਰ-ਹਜ਼ਾਰ ਦੇ ਗਏ। ਫੇਰ, ਕਾਂਗਰਸ ਵਾਲੇ ਆ 'ਗੇ, ਹਜ਼ਾਰ-ਹਜ਼ਾਰ ਉਹ ਦੇ 'ਗੇ- ਜਦ ਨੂੰ ਵੋਟਾਂ ਪੈਣ ਦਾ ਟੈਮ ਮੁੱਕਣ ਵਾਲਾ ਹੋ ਗਿਆ - ਅਸੀਂ ਤਾਂ ਭੱਜ ਕੇ ਵੋਟ ਪਾਈ...।''

''ਤਾਂ ਫੇਰ ਕੀਹਨੂੰ ਵੋਟ ਪਾਈ, ਪੈਸੇ ਤਾਂ ਦੋਵੇਂ ਪਾਸਿਓਂ ਲੈ ਲਏ।'' ਸ਼ੀਲਾ ਨੇ ਟਕੋਰ ਲਾਉਣ ਦੇ ਅੰਦਾਜ਼ 'ਚ ਪੁੱਛਿਆ।

''ਆਂਟੀ ਅਸੀਂ ਨਾ ਤਾਂ ਕਾਂਗਰਸ ਨੂੰ ਪਾਈ ਤੇ ਨਾ ਹੀ ਅਕਾਲੀਆਂ, ਭਾਪਾ ਜੀ ਨੇ ਜਿਵੇਂ ਕਿਹਾ ਸੀ ਉਵੇਂ ਜਾ ਕੇ 'ਪੰਜੇ ਦਾ ਬਟਨ ਨੱਪ ਤਾ...।'' ਕੈਟਰੀਨਾ ਨੇ ਇਉਂ ਕਿਹਾ ਜਿਵੇਂ ਉਹ ਦੋਵਾਂ ਪਾਰਟੀਆਂ ਨੂੰ ਵੋਟਾਂ 'ਚ ਬੁੱਧੂ ਬਣਾ ਆਈ ਹੋਵੇ।

# ਨਰੇਸ਼ ਭਾਰਦਵਾਜ

## ਸਾਲਾਂ ਬੱਧੀ ਕੀਤੀ ਘਾਲਣਾ ਤੇ ਸਖਤ ਮਿਹਨਤ ਸਦਕਾ ਇਸ ਖਿੱਤੇ ਲਈ ਕੀਤੇ ਮਾਣ ਕਰਨਯੋਗ ਕਾਰਜ

PC Alberta **NARESH BHARDWAJ**

### ਉਮੀਦਵਾਰ ਦੇ ਵੇਰਵੇ

ਨਰੇਸ਼ ਨੂੰ ਮਿਲੋ

ਜੋ 2008 ਤੋਂ ਤੁਹਾਡਾ ਐੱਮ ਐੱਲ ਏ ਰਿਹਾ ਹੈ।

ਪਿਛਲੇ 30 ਸਾਲ ਤੋਂ ਭਾਈਚਾਰੇ ਦੀ ਸੇਵਾ ਵਿੱਚ ਸਰਗਰਮ।

ਅਲਬਰਟਾ ਵਿਖੇ 18 ਸਾਲ ਦਾ ਅਧਿਆਪਨ ਤਜਰਬਾ।

ਵਪਾਰਕ ਜਗਤ ਦਾ ਅਣਥੱਕ ਯਾਤਰੂ।

ਵੱਖ-ਵੱਖ ਕੌਮੀਅਤਾਂ ਦੇ ਲੋਕ, ਮਜਬੂਤ ਆਰਥਿਕਤਾ, ਸਿਹਤ ਸੰਭਾਲ ਅਤੇ ਸੱਭ ਲੋਕਾਂ ਦੀ ਪਹੁੰਚ ਵਾਲੀ ਵਿਦਿਅਕ ਪ੍ਰਣਾਲੀ ਆਦਿ। ਨਰੇਸ਼ ਭਾਰਦਵਾਜ ਜੋ ਕਿ ਤੁਹਾਡੇ ਨਾਲ ਹੈ, ਇਸ ਉਦੇਸ਼ ਨਾਲ ਕਿ ਸਾਡਾ ਘਰ ਮਜਬੂਤ ਹੋਵੇ ਤੇ ਚੰਗੇਰੇ ਢੰਗ ਨਾਲ ਰਲ-ਮਿਲ ਰਹੀਏ।

- ਵਾਈਟਕੋਰਟ, ਪਿੰਚਰ ਕਰੀਕ, ਰੈੱਡ ਡੀਅਰ, ਕੈਲਗਰੀ ਅਤੇ ਐਡਮਿੰਟਨ ਵਿਖੇ ਅਧਿਆਪਨ।
- ਅਲਬਰਟਾ ਦੇ ਨੌਜਵਾਨ ਵਰਗ ਨੂੰ ਫੁੱਟਬਾਲ, ਵਾਲੀਬਾਲ ਅਤੇ ਟਰੈਕ ਐਂਡ ਫੀਲਡ ਵਿੱਚ ਕੋਚਿੰਗ ਦਿੱਤੀ ਅਤੇ ਅੰਡਰ 18 ਵਰਗ ਦੇ ਵੱਖੋ-ਵੱਖ ਕੌਮੀਅਤਾਂ ਦੇ ਗੱਭਰੂਆਂ ਨੂੰ ਵੀ ਕੋਚਿੰਗ ਦਿੱਤੀ।
- ਨੌਜਵਾਨਾਂ ਨਾਲ ਜੁੜਨ ਲਈ ਇੱਕ ਪ੍ਰੋਗਰਾਮ ਸ਼ੁਰੂ ਕੀਤਾ, ਜੋ ਅਲਬਰਟਾ ਜਵਾਨੀ ਨੂੰ ਰੋਜ਼ਗਾਰ ਤੋਂ ਪਹਿਲਾਂ ਦੀ ਟ੍ਰੇਨਿੰਗ ਸੰਬੰਧੀ ਪ੍ਰੋਗਰਾਮ ਮੁਹੱਈਆ ਕਰਵਾਉਂਦਾ ਹੈ। ਅਲਬ
- ਰਟਾ ਦੇ ਨੌਜਵਾਨ ਵਰਗ ਲਈ, ਸਥਾਨਕ ਸਕੂਲਾਂ ਲਈ, ਸਰਕਾਰਾਂ ਲਈ ਅਤੇ ਯਾਤਰੂਆਂ ਲਈ ਅਜਿਹੇ ਵਿਦਿਅਕ ਪ੍ਰੋਗਰਾਮ ਆਯੋਜਿਤ ਕੀਤੇ ਜਿਹੜੇ ਕਿ ਇਹਨਾਂ ਸਾਰਿਆਂ ਵਿੱਚ ਸਾਂਝੀ ਕੜੀ ਦਾ ਕੰਮ ਕਰਦੇ ਸਨ, ਅਤੇ ਨਾਲ ਦੀ ਨਾਲ ਅਜਿਹੇ ਪਾਠਕ੍ਰਮ ਤਿਆਰ ਕੀਤੇ ਜਿਸ ਨਾਲ ਅਲਬਰਟਾ ਦੀ ਨੌਜਵਾਨੀ ਆਪੋ-ਆਪਣੇ ਕਿੱਤੇ ਵਿੱਚ ਮੁਹਾਰਤ ਹਾਸਿਲ ਕਰ ਸਕੇ ਤੇ ਰੋਜਗਾਰ ਲੈ ਸਕੇ।
- ਸਾਰੇ ਸਥਾਨਕ ਸਕੂਲਾਂ, ਸਰਕਾਰ ਅਤੇ ਲੋਕਾਂ ਵਿੱਚ ਇੱਕ ਅਣਥੱਕ ਕਾਮੇ ਵੱਜੋਂ ਕੰਮ ਕੀਤਾ, ਤਾਂ ਕਿ ਇੱਕ ਕਾਮਯਾਬ ਹਿੱਸੇਦਾਰੀ ਇਸ ਇਲਾਕੇ ਵਿੱਚ ਕਾਇਮ ਹੋ ਸਕੇ।



### ਸ਼੍ਰੀਮਤੀ ਸੁਨੀਤਾ ਨਾਲ ਵਿਆਹ ਕੀਤਾ ਤੇ ਪਿਤਾ ਵੱਜੋਂ ਤਿੰਨ ਬੱਚਿਆਂ ਸਾਰਾ, ਸਟੀਵਨ ਅਤੇ ਨੀਰਜ ਦੀ ਪਾਲਣਾ ਕਰ ਰਹੇ ਹਨ।

**ਉਮੀਦਵਾਰ ਵੱਲੋਂ ਲੋਕਾਂ ਲਈ ਸੁਨੇਹਾ—**

ਤੁਸੀਂ ਲੋਕਾਂ ਨੇ 2008 ਦੀਆਂ ਜਨਰਲ ਚੋਣਾਂ ਵਿੱਚ ਮੇਰੀ ਉਮੀਦਵਾਰੀ ਵਿੱਚ ਭਰੋਸਾ ਪ੍ਰਗਟਾਇਆ ਤੇ ਮੈਨੂੰ ਅਥਾਹ ਮਾਣ ਬਖਸ਼ਿਆ। ਮੈਂ ਵੀ ਆਪਣੇ ਪੂਰੇ ਜੋਸ਼ ਨਾਲ ਪੂਰੀ ਇਮਾਨਦਾਰੀ ਨਾਲ, ਇਕਾਗਰਤਾ ਨਾਲ ਤੇ ਪਾਰਦਰਸ਼ਿਤਾ ਨਾਲ ਗੁਣਾਤਮਕ ਪੱਧਰ 'ਤੇ ਕੰਮ ਕੀਤਾ ਤੇ ਤੁਹਾਡੀਆਂ ਆਸਾਂ ਉਮੀਦਾਂ ਉੱਤੇ ਪੂਰਾ ਉਤਰਿਆ ਹਾਂ।

ਹੁਣ ਮੈਂ ਫਿਰ ਤੁਹਾਡੀ ਹਿਮਾਇਤ ਦੀ ਆਸ ਕਰਦਾ ਹਾਂ। ਮੈਂ ਇਸ ਹਲਕੇ ਹਰ ਰੋਜ਼ ਅਤੇ ਇਸ ਹਲਕੇ ਦੇ ਹਰ ਬਸ਼ਿੰਦੇ ਲਈ ਕੰਮ ਕਰਦਾ ਹਾਂ, ਅਤੇ ਉਹਨਾਂ ਦੇ ਹਰ ਦੁੱਖ-ਸੁੱਖ ਨੂੰ ਪੂਰੀ ਇੱਜ਼ਤ ਅਤੇ ਇਕਾਗਰਤਾ ਨਾਲ ਸੁਣਦਾ ਹਾਂ। ਵਿਸ਼ੇਸ ਕਰਕੇ ਉਹਨਾਂ ਲੋਕਾਂ ਨੂੰ ਤਾਂ ਪੂਰੀ ਇਕਾਗਰਤਾ ਨਾਲ ਸੁਣਦਾ ਹਾਂ, ਜਿਹੜੇ ਮੈਨੂੰ ਹੋਰ ਬੇਹਤਰ ਢੰਗ ਨਾਲ ਕੰਮ ਕਰਨ ਸੰਬੰਧੀ ਕੋਈ ਸਲਾਹ ਦਿੰਦੇ ਹਨ।

ਇੱਕ ਅਧਿਆਪਕ ਵੱਜੋਂ ਵਿਦਿਆ ਮੇਰੇ ਦਿਲ ਵਿੱਚ ਵਸੀ ਹੋਈ ਹੈ। ਅਧਿਆਪਨ ਦੌਰਾਨ ਕੁਝ ਬੜੇ ਸ਼ਾਨਦਾਰ ਵਿਅਕਤਿਤਵ ਵਾਲੇ ਲੋਕਾਂ ਨਾਲ ਵਾਹ ਪਿਆ, ਜਿਹਨਾਂ ਤੋਂ ਜੀਵਨ ਦੇ ਵੱਡਮੁੱਲੇ ਤਜਰਬੇ ਹਾਸਲ ਹੋਏ। ਇਹਨਾਂ ਪ੍ਰਾਪਤੀਆਂ, ਤਜਰਬਿਆਂ ਵਿੱਚ ਨਵੇਂ ਕੇ-9 ਸਕੂਲ ਸ਼ਾਮਿਲ ਹਨ। ਇੱਕ ਵਿਕਾਸ ਕਰ ਰਹੀ ਕੌਮੀਅਤ ਹੋਰ ਵਧੇਰੇ ਸਕੂਲ, ਪਾਰਕ ਅਤੇ ਸਿਹਤ ਕੇਂਦਰਾਂ ਦੀ ਵੱਧ ਗਿਣਤੀ ਚਾਹੁੰਦੀ ਹੈ। ਇਸ ਸੰਦਰਭ ਵਿੱਚ ਮੇਰੀ ਪ੍ਰਤੀਬੱਧਤਾ/ਬਚਨਬੱਧਤਾ ਇਸ ਖੇਤਰ ਵਿੱਚ ਕੰਮ ਕਰਨ, ਅਤੇ ਲੋਕਾਂ ਨੂੰ ਯਕੀਨ ਦਵਾਉਣ ਵਿੱਚ ਹੈ ਕਿ ਇਸ ਖੇਤਰ ਵਿੱਚ ਅਸੀਂ ਨਿਰੰਤਰ ਕੰਮ ਕਰਾਂਗੇ। ਕੌਮੀਅਤਾਂ ਤੋਂ ਉੱਪਰ ਉੱਠ ਕੇ ਨਵੇਂ ਪਰਿਵਾਰਾਂ ਲਈ ਸਿਹਤ ਕੇਂਦਰ ਪ੍ਰਦਾਨ ਕਰਨੇ ਅਤੇ ਮੈਡੀਕਲ ਮਾਹਿਰਾਂ ਨੂੰ ਲੰਮੇ ਸਮੇਂ ਤੱਕ ਰਹਿਣ ਅਤੇ ਲਗਾਤਾਰ ਸਿਹਤ ਸਹੂਲਤਾਂ ਦੇਣ ਸੰਬੰਧੀ ਮੌਕੇ ਪੈਦਾ ਕਰਨੇ ਮੇਰੇ ਏਜੰਡੇ ਉੱਤੇ ਹਨ।

ਤੁਹਾਡੇ ਲੋਕਾਂ ਦੀ ਅਵਾਜ਼ ਬਣਕੇ ਮੈਂ ਅਲਬਰਟਾ ਹਲਕੇ ਲਈ ਆਪਣੇ ਪੂਰੇ ਜੋਸ਼ ਨਾਲ ਕੰਮ ਕੀਤਾ ਹੈ। ਕਿਰਪਾ ਕਰਕੇ ਮੈਨੂੰ ਆਪਣੀ ਵੋਟ ਦੇ ਕੇ ਸੇਵਾ ਦਾ ਇੱਕ ਹੋਰ ਮੌਕਾ ਦਿਓ, ਤਾਂ ਜੋ ਮੈਂ ਤੁਹਾਡੇ ਲੋਕਾਂ ਵੱਲੋਂ ਬਖਸ਼ੀ ਸੇਵਾ ਦੀ ਜ਼ਿੰਮੇਵਾਰੀ ਬਾਖੂਬੀ ਨਿਭਾ ਸਕਾਂ। ਨਾਲ ਹੀ ਆਪਣੇ ਭਾਈਚਾਰੇ ਅਤੇ ਸਮੁੱਚੇ ਸਮਾਜ ਲਈ ਭਲਾਈ ਦੇ ਕੰਮ ਕਰ ਸਕਾਂ।

**Authorized bythe Progressive Conservative As sociation of Alberta,9823-103 St. Edmonton AB T5K 0X5 780-423-1624**





# Re-Elect
# Gene Zwozdesky

as our MLA
in Edmonton Mill Creek

**• Hard-working • Reliable • Gets things done!**

*Gene is a true champion for our community and he always supports us. He attends our cultural and religious celebrations, helps us with Government grants, and supports our immigration and visitor Visa applications.*

*Let's thank Gene with our support on April 23.*

**Lawn sign? Volunteer? Donate?**

Please call 780-490-0138, or email to info@gene4mla.com

Office: 8213 Argyll Road, Edmonton, AB T6C 4B2 PC Alberta

Authorized and paid for by the Gene Zwozdesky Election Campaign, Russ Mann Chair

# A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



### What we Offer

- Home / Auto Insurance
- RV Insurance
- Life and Financial Services
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ◈ ਕਾਰ, ਮੋਟਰਸਾਈਕਲ ਇੰਸ਼ੋਰੈਂਸ
- ◈ ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ◈ ਟਰੱਕ: ਲੌਂਗਹਾਲ ਅਤੇ ਗਰੈਵਲ
- ◈ ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ◈ ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

**We Provide Services In English, Punjabi, Gujrati, Hindi & Urdu**

## Edmonton: 780-465-6900

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਸਿੰਘ, ਦੀਪਕ ਸ਼ਾਹ, ਰਮਨ ਗਿੱਲ

## Calgary: 403-775-2100

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

## ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

## Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

## G DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

## PIZZA 99

Serving for over 16 years



Call (780) 450-9900



ਪਰਮਜੀਤ ਸਿੰਘ ਬਾਠ

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE
1543 Millwoods Road East, Edmonton AB.

## KOPY CENTRE & PRINTING



"On Time ~ Every Time"

Digital Printing & Photo Copy

• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...

We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

## EconoLodge BY CHOICE HOTELS

Red Deer Econo Lodge Inn & Suites
www.choicehotels.com

Reservations 1-877-424-6423



403-346-4188

Cell: 403-505-4188

Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

## $299,900

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

2 storey
Detached home
3 bedrooms
1 1/2 baths
1140 sq.ft
5 Appliances
Only 2



OR



Duplex
3 bedrooms
2 1/2 baths
1268 sq.ft
Single Garage
Fireplace
5 Appliances



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem
Call Rennie @ 780-966-1688
rennie1688@gmail.com

# ਅਲਬਰਟਾ ਵਾਸੀਆਂ ਲਈ ਮਨੁੱਖੀ ਅਧਿਕਾਰਾਂ ਬਾਰੇ ਨਜ਼ਰੀਆ

## ਪ੍ਰੀਮੀਅਰ ਐਲੀਸਨ ਰੈਡਫੋਰਡ:

ਦੁਨੀਆ ਭਰ ਵਿੱਚ ਪ੍ਰੀਮੀਅਰ ਐਲੀਸਨ ਰੈਡਫੋਰਡ ਦਾ ਮਨੁੱਖੀ ਅਧਿਕਾਰਾਂ ਦੇ ਵਕੀਲ ਦੇ ਤੌਰ ਤੇ ਇਨ੍ਹਾਂ ਅਧਿਕਾਰਾਂ ਨੂੰ ਅੱਗੇ ਲਿਜਾਣ ਦਾ ਬਹੁਤ ਤਜ਼ਰਬਾ ਹੈ।ਉਨ੍ਹਾਂ ਨੇ ਸਾਊਥ ਅਫਰੀਕਾ ਵਿਚ ਸੰਵਿਧਾਨਕ ਅਤੇ ਕਾਨੂੰਨੀ ਮਾਮਲਿਆਂ ਦੀ ਬੇਹਤਰੀ ਲਈ ਸਲਾਹਕਾਰ ਦੇ ਤੌਰ ਤੇ ਨੈਲਸਨ ਮੰਡੇਲਾ ਨਾਲ ਇਕੋ ਦਫਤਰ ਵਿੱਚ ਕੰਮ ਕੀਤਾ।ਉਨ੍ਹਾਂ ਨੇ ਬੋਸਨੀਆ ਅਤੇ ਹਰਜ਼ੇਗੋਵੀਨਾ, ਸਰਬੀਆ, ਨਾਮੀਬੀਆ, ਯੁੰਗਾਂਡਾ, ਜ਼ਿੰਮਬਾਬਵੇ, ਮੌਂਜ਼ਮਬੀਕ ਅਤੇ ਫਿਲਪਾਈਨ ਵਿਚ ਵੀ ਕੰਮ ਕੀਤਾ।ਆਪਣੇ ਇਸੇ ਕਿੱਤੇ ਕਰਕੇ ਐਲੀਸਨ ਰੈਡਫੋਰਡ ਨੇ ਅਫਗਾਨਿਸਤਾਨ 'ਚ ਪਹਿਲੀਆਂ ਪਾਰਲੀਮੈਂਟ ਚੋਣਾਂ ਦੇ ਪ੍ਰਬੰਧ ਵਿੱਚ ਮਦਦ ਕੀਤੀ। ਉਨ੍ਹਾਂ ਨੇ ਇਸ ਨਵੀਂ ਲੋਕ-ਤੰਤਰਿਕ ਪ੍ਰਣਾਲੀ ਦਾ ਨਿਰਿਖਣ ਕਰਨ ਅਤੇ ਇਸ ਸੰਗਠਨ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਲੋਕਾਂ ਨੂੰ ਇਸ ਯੁੱਧ-ਮਾਰੇ ਦੇਸ਼ 'ਚ ਵੋਟ ਦੀ ਅਹਿਮੀਅਤ ਸਮਝਣ ਦੀ ਪ੍ਰੇਰਣਾ ਦਿੱਤੀ।

## ਡੈਨੀਅਲ ਸਮਿਥ ਅਤੇ ਵਾਇਲਡਰੋਜ਼ ਪਾਰਟੀ:

ਵਾਇਲਡਰੋਜ਼ ਪਾਰਟੀ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਜਰੂਰੀ ਬਦਲਾਅ ਲਿਆਵੇਗੀ।ਇਕ ਅੰਦਾਜ਼ੇ ਅਨੁਸਾਰ ਪਿਛਲੇ 20 ਸਾਲਾਂ 'ਚ ਅਲਬਰਟਾ ਦੇ ਮਨੁੱਖੀ ਅਧਿਕਾਰ ਕਮਿਸ਼ਨਾਂ ਨੇ ਮਨੁੱਖੀ ਅਧਿਕਾਰਾਂ ਦੀ ਸ਼ਾਇਦ ਸਭ ਤੋਂ ਜ਼ਿਆਦਾ ਉਲੰਘਣਾ ਕੀਤੀ ਹੈ।

ਕਨੇਡੀਅਨ ਪ੍ਰੈਸ-20 ਫਰਵਰੀ 2012



**Manmeet S. Bhullar**
Calgary Greenway (Applewood, Abbeydale, Monterey Park, Coral Springs, Taradale)



**Yvonne Fritz**
Calgary Cross (Pineridge, Rundle, Temple, Vista Heights, Whitehorn)



**Wayne Cao**
Calgary Fort (East Village, Inglewood, Ramsay, Dover, Forest Lawn, Erin Woods, Millican – Ogden, Shepard)



**Teresa Woo-Paw**
Calgary Northern Hills (Country Hills, Country Hills Village, Coventry Hills, Hanson's Ranch, Harvest Hills, Panorama Hills)



**Moe Amery**
Calgary East (Albert Park, Marlborough, Marlborough Park, Forest Heights, Mayland Heights, Radisson Heights, Penbrook Meadows, Southview)



**Muhammad Rasheed**
Calgary Mccall (Castleridge, Falconridge, Martindale, Saddleridge, Skyview Ranch)



PC Aberta votepc.ca

Real life leadership.

Authorized by the Progressive Conservative Association of Alberta, 9823 - 103 St. NW, Edmonton, AB T5K 0X5 780 423-1624

# ਅਮਰੀਕਾ ’ਚ ਤੀਸਰੀ ਸਭ ਤੋਂ ਵੱਡੀ ਏਸ਼ਿਆਈ ਆਬਾਦੀ ਭਾਰਤੀਆਂ ਦੀ

ਵਾਸ਼ਿੰਗਟਨ-(ਨਦਬ) ਅਮਰੀਕਾ ਵਿਚ ਰਹਿ ਰਹੇ ਏਸ਼ਿਆਈ ਲੋਕਾਂ ਵਿਚ ਭਾਰਤੀ ਅਮਰੀਕੀ ਲੋਕਾਂ ਦੀ ਤੀਸਰੀ ਸਭ ਤੋਂ ਵੱਡੀ ਆਬਾਦੀ ਹੈ। ਏਸ਼ਿਆਈ ਮੂਲ ਦੇ ਲੋਕਾਂ ਵਿਚ ਚੀਨੀ ਨਾਗਰਿਕਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। 38 ਲੱਖ ਦੀ ਆਬਾਦੀ ਦੇ ਨਾਲ ਉਹ ਪਹਿਲੇ ਨੰਬਰ ਉਤੇ ਕਾਬਜ਼ ਹਨ। ਇਸ ਤੋਂ ਬਾਅਦ ਦੂਸਰੇ ਨੰਬਰ ਉਤੇ ਫਿਲੀਪੀਂਸ ਦੇ ਨਾਗਰਿਕ ਆਉਂਦੇ ਹਨ, ਜਿਨ੍ਹਾਂ ਦੀ ਗਿਣਤੀ 34 ਲੱਖ ਹੈ। ਭਾਰਤੀ ਅਮਰੀਕੀ ਲੋਕਾਂ ਦੀ ਗਿਣਤੀ 32 ਲੱਖ ਦੇ ਨਾਲ ਤੀਸਰੇ ਨੰਬਰ ’ਤੇ ਹੈ। ਇਹ ਅੰਕੜੇ ਅਮਰੀਕੀ ਜਨਗਣਨਾ ਬਿਊਰੋ ਵੱਲੋਂ ਜਾਰੀ ਕੀਤੇ ਗਏ ਹਨ। ਹਾਲਾਂਕਿ ਇਹ ਅੰਕੜੇ ਸਾਲ 2010 ਦੇ ਹਨ। ਇਨ੍ਹਾਂ ਮੁਤਾਬਕ ਏਸ਼ਿਆਈ ਅਮਰੀਕੀ ਭਾਈਚਾਰਾ ਪਿਛਲੇ ਇਕ ਦਹਾਕੇ ਵਿਚ ਸਭ ਤੋਂ ਤੇਜ਼ੀ ਨਾਲ ਵਧਦਾ ਭਾਈਚਾਰਾ ਬਣ ਕੇ ਉਭਰਿਆ ਹੈ। ਬਿਊਰੋ ਅਨੁਸਾਰ ਸਾਲ 2000 ਦੇ 28.14 ਕਰੋੜ ਦੇ ਮੁਕਾਬਲੇ ਸਾਲ 2010 ਵਿਚ ਅਮਰੀਕਾ ਦੀ ਕੁੱਲ ਜਨਸੰਖਿਆ ਵਧ ਕੇ 30 ਕਰੋੜ 87 ਲੱਖ ਹੋ ਗਈ ਹੈ। ਇਸ ਵਿਚ 9.7 ਫੀਸਦੀ ਦਾ ਵਾਧਾ ਹੋਇਆ ਹੈ।

ਬਿਊਰੋ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਦੀ ਕੁੱਲ ਜਨਸੰਖਿਆ ਦੇ ਮੁਕਾਬਲੇ ਏਸ਼ਿਆਈ ਜਨਸੰਖਿਆ ਵਿਚ ਚਾਰ ਗੁਣਾ ਦਾ ਵਾਧਾ ਹੋਇਆ ਹੈ, ਜੋ 43 ਫੀਸਦੀ ਦੇ ਵਾਧੇ ਦੇ ਨਾਲ ਇਕ ਕਰੋੜ ਦੋ ਲੱਖ ਤੋਂ ਵਧ ਕੇ ਇਕ ਕਰੋੜ 47 ਲੱਖ ਹੋ ਗਈ ਹੈ। ਇਸ ਦੇ ਨਤੀਜੇ ਵਜੋਂ ਏਸ਼ਿਆਈ ਭਾਈਚਾਰਾ ਇਕੱਲੇ ਜਾਂ ਮਿਲ ਕੇ ਆਬਾਦੀ ਦੀ ਕੁੱਲ ਜਨਸੰਖਿਆ ਦਾ 57 ਫੀਸਦੀ ਹੈ।

# ਭਾਰਤੀ ਬੱਚਿਆਂ ਨੂੰ ਸੌਂਪਣ ਤੋਂ ਨਾਰਵੇ ਦਾ ਇਨਕਾਰ

ਓਸਲੋ-(ਨਦਬ) ਨਾਰਵੇ ਪ੍ਰਸ਼ਾਸਨ ਨੇ ਭਾਰਤੀ ਮਾਤਾ-ਪਿਤਾ ਨੂੰ ਉਨ੍ਹਾਂ ਦੇ ਬੱਚੇ ਸੌਂਪਣ ਤੋਂ ਫਿਰ ਮਨ੍ਹਾ ਕਰ ਦਿੱਤਾ ਹੈ। ਉਥੋਂ ਦੀ ਬਾਲ ਕਲਿਆਣ ਸੇਵਾ (ਸੀ.ਡਬਲਿਊ.ਐਸ) ਨੇ ਕਿਹਾ ਕਿ ਬੱਚਿਆਂ ਦੇ ਮਾਤਾ-ਪਿਤਾ ਵਿਚ ਵਿਵਾਦ ਹੈ। ਇਸ ਲਈ ਉਨ੍ਹਾਂ ਨੂੰ ਸੌਂਪਣ ਨਾਲ ਬੱਚੇ ਗੰਭੀਰ ਸਥਿਤੀ ਵਿਚ ਫਸ ਸਕਦੇ ਹਨ। ਸੀ.ਡਬਲਿਊ.ਐਸ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਹਾਲੀਆ ਘਟਨਾਵਾਂ ਨੇ ਮਾਮਲੇ ਨੂੰ ਪੇਚੀਦਾ ਬਣਾ ਦਿੱਤਾ ਹੈ। ਮਾਮਲੇ ਵਿਚ 23 ਮਾਰਚ ਨੂੰ ਸੁਣਵਾਈ ਤੈਅ ਸੀ। ਫਿਲਹਾਲ ਉਸ ਨੂੰ ਵੀ ਮੁਲਤਵੀ ਕਰ ਦਿੱਤਾ ਗਿਆ ਹੈ।

## ਹੁਣ ਤੱਕ ਦੀ ਕਹਾਣੀ

ਅਨੁਰੂਪ ਅਤੇ ਸਾਗਰਿਕਾ ਦੇ ਦੋਵੇਂ ਬੱਚੇ ਅਭਿਗਿਆਨ (3) ਅਤੇ ਐਸ਼ਵਰਿਆ (1) ਮਈ 2011 ਤੋਂ ਨਾਰਵੇ ਦੀ ਬਾਲ ਕਲਿਆਣ ਸੰਸਥਾ ਦੀ ਦੇਖਰੇਖ ਵਿਚ ਹਨ। ਅਧਿਕਾਰੀਆਂ ਨੂੰ ਲੱਗਿਆ ਕਿ ਮਾਪੇ ਇਨ੍ਹਾਂ ਦੀ ਠੀਕ ਦੇਖਭਾਲ ਨਹੀਂ ਕਰ ਪਾ ਰਹੇ ਹਨ। ਇਸ ਦੌਰਾਨ ਮੀਡੀਆ ਵਿਚ ਰਿਪੋਰਟ ਆਈ ਕਿ ਅਨੁਰੂਪ ਭੱਟਾਚਾਰਿਆ ਆਪਣੀ ਪਤਨੀ ਸਾਗਰਿਕਾ ਦੀ ਮਾਨਸਿਕ ਬਿਮਾਰੀ ਕਾਰਨ ਪ੍ਰੇਸ਼ਾਨ ਹੋ ਕੇ ਤਲਾਕ ਬਾਰੇ ਸੋਚ ਰਹੇ ਹਨ। ਅਨੁਰੂਪ ਨੇ ਇਨ੍ਹਾਂ ਰਿਪੋਰਟਾਂ ਨੂੰ ਬੇਬੁਨਿਆਦ ਦੱਸਿਆ। ਅਨੁਰੂਪ ਦੇ ਪਿਤਾ ਅਜੈ ਭੱਟਾਚਾਰਿਆ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦਾ ਬੇਟਾ ਆਪਣੀ ਪਤਨੀ ਤੋਂ ਕਾਨੂੰਨੀ ਰੂਪ ਨਾਲ ਵਖ ਹੋਣ ਉਤੇ ਵਿਚਾਰ ਕਰ ਰਿਹਾ ਹੈ ਕਿਉਂਕਿ ਉਸ ਦੀ ਪਤਨੀ ਨੂੰ ਸਿਜੋਫ੍ਰੇਨੀਆ ਦੀ ਗੰਭੀਰ ਬਿਮਾਰੀ ਹੈ। ਅਨੁਰੂਪ ਨੇ ਕਿਹਾ ਕਿ ਘਰ ਵਿਚ ਗੰਭੀਰ ਹਾਲਾਤ ਬਣ ਸਕਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਵਖ ਹੋਣ ਜਾ ਰਹੇ ਹਾਂ।

## ਪਰਿਵਾਰ ਦੇ ਕੋਲ ਹੈ ਇਹ ਬਦਲ

ਪਰਿਵਾਰ ਦੇ ਮੈਂਬਰ ਨਾਰਵੇ ਸਰਕਾਰ ਨੂੰ ਬੱਚਿਆਂ ਨੂੰ ਅਰੁਣਾਭਾਸ਼ ਭੱਟਾਚਾਰਿਆ ਨੂੰ ਸੌਂਪਣ ਲਈ ਲਿਖਿਤ ਗਰੰਟੀ ਦੇ ਸਕਦੇ ਹਨ। ਜੇਕਰ ਨਾਰਵੇ ਸਰਕਾਰ ਨਹੀਂ ਮੰਨਦੀ ਹੈ ਤਾਂ ਪਰਿਵਾਰ ਬੱਚਿਆਂ ਦੇ ਨਵੇਂ ਮਾਤਾ-ਪਿਤਾ ਨਾਮਜ਼ਦ ਕਰ ਸਕਦਾ ਹੈ।

## ਭਾਰਤ ਨੇ ਰੋਕੀ ਕੂਟਨੀਤਿਕ ਪਹਿਲ

ਨਾਰਵੇ ਵਿਚ ਪ੍ਰਵਾਸੀ ਭਾਰਤੀ ਜੋੜੇ ਤੋਂ ਵਖ ਕੀਤੇ ਗਏ ਬੱਚਿਆਂ ਦੇ ਮਾਮਲੇ ਵਿਚ ਨਵਾਂ ਮੋੜ ਆਉਣ ਤੋਂ ਬਾਅਦ ਭਾਰਤ ਨੇ ਆਪਣੇ ਰਾਜਦੂਤ ਦੀ ਓਸਲੋ ਯਾਤਰਾ ਫਿਲਹਾਲ ਰੋਕ ਦਿੱਤੀ ਹੈ। ਵਿਦੇਸ਼ ਮੰਤਰਾਲੇ ਵਿਚ ਰਾਜ ਮੰਤਰੀ ਪ੍ਰਨੀਤ ਕੌਰ ਨੇ ਸੰਸਦ ਭਵਨ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ ਕਿ ਬੱਚਿਆਂ ਨੂੰ ਵਾਪਸ ਭਾਰਤ ਲਿਆਉਣ ਲਈ ਸਰਕਾਰ ਨੇ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਤਾਂ ਕਿ ਉਹ ਆਪਣਾ ਇਥੇ ਭਵਿੱਖ ਬਣਾ ਸਕਣ, ਪਰ ਹੁਣ ਮਾਮਲੇ ਵਿਚ ਇਕ ਨਵੀਂ ਗੱਲ ਸਾਹਮਣੇ ਆ ਗਈ ਹੈ। ਇਸ ਵਿਚ ਅਸੀਂ ਦਖ਼ਲ ਨਹੀਂ ਦੇ ਸਕਦੇ। ਉਨ੍ਹਾਂ ਨੇ ਕਿਹਾ ਕਿ ਸੰਯੁਕਤ ਸਕੱਤਰ ਦੀ ਨਾਰਵੇ ਯਾਤਰਾ ਮੁਲਤਵੀ ਕਰ ਦਿੱਤੀ ਗਈ ਹੈ। ਪ੍ਰਨੀਤ ਕੌਰ ਦੇ ਅਨੁਸਾਰ ਸਰਕਾਰ ਅਗਲਾ ਕਦਮ ਚੁੱਕਣ ਤੋਂ ਪਹਿਲਾਂ ਮਾਮਲੇ ਨੂੰ ਦੇਖੇਗੀ।



**ਸਹਿਮਤ, ਫਿਰ ਅਸਹਿਮਤ–**
ਭਾਰਤ ਸਰਕਾਰ ਦੇ ਦਖ਼ਲ ’ਤੇ ਨਾਰਵੇ ਦੋਨਾਂ ਬੱਚਿਆਂ ਨੂੰ ਉਨ੍ਹਾਂ ਦੇ ਚਾਚਾ ਨੂੰ ਸੌਂਪਣ ਲਈ ਸਹਿਮਤ ਹੋ ਗਿਆ ਸੀ। ਇਸ ਦੌਰਾਨ ਮਾਮਲੇ ਨੂੰ ਛੇਤੀ ਸੁਲਝਾਉਣ ਲਈ ਭਾਰਤ ਨੇ ਵਿਦੇਸ਼ ਮੰਤਰਾਲੇ ਵਿਚ ਸਕੱਤਰ (ਪੱਛਮ) ਮਧੂਸੂਦਨ ਗਣਪਤੀ ਨੂੰ ਨਾਰਵੇ ਭੇਜਿਆ ਸੀ, ਪਰ ਹੁਣ ਮਾਮਲਾ ਖਟਾਈ ਵਿਚ ਪੈਂਦਾ ਨਜ਼ਰ ਆ ਰਿਹਾ ਹੈ।

# ਹੁਣ ਅਸਲ ਦਾਸਤਾਨ ਸੁਣਾਏਗਾ ਟਾਈਟੈਨਿਕ

| 100 ਸਾਲ ਪਹਿਲਾਂ ਹੋਇਆ ਸੀ ਹਾਦਸਾ | 12,500 ਫੁੱਟ ਡੂੰਘਾਈ ’ਚ ਡੁੱਬਿਆ ਸੀ | 1500 ਤੋਂ ਜ਼ਿਆਦਾ ਲੋਕ ਸਵਾਰ ਸਨ | 1912 ’ਚ 15 ਅਪ੍ਰੈਲ ਨੂੰ ਹੋਇਆ ਸੀ ਹਾਦਸਾ |
|---|---|---|---|

ਲੰਦਨ-(ਨਦਬ) ਟਾਈਟੈਨਿਕ ਦਾ ਹਾਦਸਾ ਕਿਸ ਨੂੰ ਯਾਦ ਨਹੀਂ ਹੋਵੇਗਾ। ਇਸ ਵਿਚ ਜਾਨ ਗਵਾਉਣ ਵਾਲੇ ਹਜ਼ਾਰਾਂ ਲੋਕਾਂ ਦੀਆਂ ਸਮੁੰਦਰ ਵਿਚ ਦਬੀਆਂ ਆਵਾਜ਼ਾਂ ਹੁਣ ਬਾਹਰ ਨਿਕਲਣ ਲਈ ਤਿਆਰ ਹਨ। ਰੋਬੋਟਸ ਨੂੰ ਸਮੁੰਦਰ ਵਿਚ ਭੇਜ ਕੇ ਬਣਾਈਆਂ ਤਸਵੀਰਾਂ ਉਨ੍ਹਾਂ ਦੀ ਆਵਾਜ਼ ਬਣ ਕੇ ਆਉਣਗੀਆਂ। ਦਹਾਕਿਆਂ ਤੋਂ ਵਿਗਿਆਨੀਆਂ ਲਈ ਇਸ ਹਾਦਸੇ ਦੇ ਰਹੱਸ ਹੁਣ ਪਰਤ ਦਰ ਪਰਤ ਖੁੱਲ੍ਹਣ ਲੱਗਣਗੇ।

ਇਹ ਤਸਵੀਰਾਂ ਦੱਸਣਗੀਆਂ ਕਿ ਆਖਿਰ ਇਹ ਹਾਦਸਾ ਕਿਵੇਂ ਅਤੇ ਕਿਥੇ ਹੋਇਆ ਸੀ। ਹੁਣ ਤੱਕ ਨਾ ਤਾਂ ਇਸ ਦੇ ਪੁਖ਼ਤਾ ਕਾਰਨਾਂ ਦਾ ਪਤਾ ਚੱਲ ਸਕਿਆ ਹੈ ਅਤੇ ਨਾ ਹੀ ਹਾਦਸੇ ਦੀ ਲੋਕੇਸ਼ਨ ਦਾ, ਪਰ ਨਵੀਆਂ ਤਸਵੀਰਾਂ ਰਾਹੀਂ ਆਉਣ ਵਾਲੇ ਸਮੇਂ ਵਿਚ ਇਹ ਸੰਭਵ ਹੋ ਸਕੇਗਾ।

ਇਹ ਜਹਾਜ਼ ਇੰਗਲੈਂਡ ਦੇ ਸਾਊਥੈਂਪਟਨ ਤੋਂ ਨਿਊਯਾਰਕ ਜਾ ਰਿਹਾ ਸੀ। ਇਹ ਇਸ ਦੀ ਪਹਿਲੀ ਯਾਤਰਾ ਸੀ, ਪਰ ਵਿਚਾਲੇ ਰਸਤੇ ਵਿਚ ਹੀ ਇਹ ਹਾਦਸਾ ਵਾਪਰ ਗਿਆ। ਇਹ ਦੌਲਤਮੰਦ ਲੋਕਾਂ ਦੀ ਸ਼ੋਹਰਤ ਦੀ ਯਾਤਰਾ ਲਈ ਬਣਾਇਆ ਗਿਆ ਸੀ। ਇਸ ਜਹਾਜ਼ ਦੀ ਸਜਾਵਟ ਵਿਚ ਹੀ ਇੰਨਾ ਜ਼ਿਆਦਾ ਖਰਚਾ ਕਰ ਦਿੱਤਾ ਗਿਆ ਸੀ ਕਿ ਕਿਸੇ ਹਿੰਮਖੰਡ ਨਾਲ ਟਕਰਾਉਣ ’ਤੇ ਬਚਾਅ ਲਈ ਪ੍ਰਭਾਵੀ ਤਕਨੀਕ ਤੱਕ ਇਸ ਵਿਚ ਨਹੀਂ ਲਗਾਈ ਗਈ ਸੀ।

ਇਹ 100 ਸਾਲ ਪਹਿਲਾਂ ਡੁੱਬੇ ਟਾਈਟੈਨਿਕ ਵਿਚ ਹੋਏ ਪੂਰੇ ਨੁਕਸਾਨ ਦੀ ਪਹਿਲੀ ਤਸਵੀਰ ਹੈ। ਇਹ ਤਸਵੀਰ ਨੈਸ਼ਨਲ ਜਿਓਗ੍ਰਾਫੀ ਮੈਗਜ਼ੀਨ ਨੇ ਜਾਰੀ ਕੀਤੀ ਹੈ। ਮੈਗਜ਼ੀਨ ਦੇ ਅਪ੍ਰੈਲ ਮਹੀਨੇ ਦੇ ਅੰਕ ਵਿਚ ਇਸ ਦੀ ਪੂਰੀ ਰਿਪੋਰਟ ਜਾਰੀ ਕੀਤੀ ਜਾ ਰਹੀ ਹੈ। ਇਹ ਤਸਵੀਰਾਂ ਸੋਨਾਰ ਮੈਪ ਰਾਹੀਂ ਬਣਾਈਆਂ ਗਈਆਂ ਹਨ। ਪੁਰਾਣੀਆਂ ਤਸਵੀਰਾਂ ਦੇ ਮੁਕਾਬਲੇ ਤਾਜ਼ਾ ਤਸਵੀਰਾਂ ਜ਼ਿਆਦਾ ਸਾਫ ਹਨ ਅਤੇ ਜਹਾਜ਼ ਨੂੰ ਹੋਏ ਨੁਕਸਾਨ ਬਾਰੇ ਸਾਫ਼ ਸੰਕੇਤ ਦਿੰਦੀਆਂ ਹਨ।




**ਕੀ ਪਤਾ ਚਲਦਾ ਹੈ**
ਇਨ੍ਹਾਂ ਤਸਵੀਰਾਂ ਨਾਲ ਪਤਾ ਚਲਦਾ ਹੈ ਕਿ ਜਹਾਜ਼ ਦਾ ਪਹਿਲਾ ਹਿੱਸਾ ਪਹਿਲਾਂ ਡੁੱਬਿਆ ਹੋਵੇਗਾ।

**ਇਨ੍ਹਾਂ ਨੇ ਬਣਾਈਆਂ**
ਇਹ ਤਸਵੀਰਾਂ ਮੈਸਾਚੁਸੇਟਸ ਦੇ ‘ਵੁਡਜ਼ ਹੋਲ ਓਸ਼ੀਨੋਗ੍ਰਾਫਿਕ ਇੰਸਟੀਚਿਊਸ਼ਨ’ ਦੇ ਵਿਗਿਆਨੀਆਂ ਨੇ ਬਣਾਈਆਂ ਹਨ। ਹਾਲਾਂਕਿ ਉਨ੍ਹਾਂ ਨੂੰ ਬਣਾਉਣ ਵਿਚ ਕਈ ਮਹੀਨਿਆਂ ਦੀ ਲਗਾਤਾਰ ਕੀਤੀ ਗਈ ਮਿਹਨਤ ਹੈ। ਇਸ ਟੀਮ ਵਿਚ ਸ਼ਾਮਿਲ ਰਹੇ ਬਿਲ ਲੈਂਜ ਨੇ ਕਿਹਾ ਕਿ ‘ਹੁਣ ਅਸੀਂ ਜਾਣਦੇ ਹਾਂ ਕਿ ਕੀ ਕਿਥੇ ਹੈ। 100 ਸਾਲ ਬਾਅਦ ਹੀ ਸਹੀ, ਪਰ ਮਾਮਲਾ ਹੁਣ ਸਮਝ ਵਿਚ ਆ ਰਿਹਾ ਹੈ।’

**ਇੰਝ ਹੋਇਆ ਸੰਭਵ**
ਇਸ ਪ੍ਰਾਜੈਕਟ ਲਈ ਕਈ ਲੱਖ ਡਾਲਰ ਖਰਚ ਹੋਏ। ਤਿੰਨ ਰੋਬੋਟ ਸਮੁੰਦਰ ਵਿਚ ਭੇਜੇ ਗਏ। ਇਨ੍ਹਾਂ ਨੇ ਟਾਈਟੈਨਿਕ ਦੀਆਂ ਹਜ਼ਾਰਾਂ ਤਸਵੀਰਾਂ ਲਈਆਂ। ਇਸ ਵਿਚ ਮਲਬੇ ਦੇ ਆਸਪਾਸ ਦੀਆਂ ਤਸਵੀਰਾਂ ਵੀ ਸ਼ਾਮਿਲ ਹਨ।

# ਕੈਨੇਡਾ ਸਰਕਾਰ ਵੱਲੋਂ ਕਬੱਡੀ ਫੈਡਰੇਸ਼ਨਾਂ ’ਤੇ ਸ਼ਿਕੰਜਾ ਕੱਸਣ ਦੀ ਤਿਆਰੀ

ਕੈਲਗਰੀ, (ਨਦਬ) ਸਾਲ 2011 ਦੇ ਕਬੱਡੀ ਸੀਜ਼ਨ ਦੌਰਾਨ ਕਬੱਡੀ ਦੇ ਨਾਂ ਉਪਰ ਰਿਕਾਰਡਤੋੜ ਕਬੂਤਰਬਾਜ਼ੀ ਦੇ ਸਿੱਟੇ ਵਜੋਂ ਕੈਨੇਡਾ ਸਰਕਾਰ ਵੱਲੋਂ ਇਸ ਵਾਰ ਕਬੱਡੀ ਖਿਡਾਰੀਆਂ ਨੂੰ ਵੀਜ਼ੇ ਨਾ ਦੇਣ ਦਾ ਪ੍ਰੋਗਰਾਮ ਹੈ। ਕੈਨੇਡਾ ਸਰਕਾਰ ਦੇ ਇਮੀਗਰੇਸ਼ਨ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸਰਕਾਰ ਨੇ ਇਸ ਬਾਰੇ ਇਕ ਪੱਤਰ ਵੀ ਤਿਆਰ ਕੀਤਾ ਹੈ, ਜੋ ਕੁਝ ਹੀ ਦਿਨਾਂ ਵਿਚ ਜਾਰੀ ਹੋਣ ਦੀ ਸੰਭਾਵਨਾ ਹੈ।



ਸਾਲ 2011 ਵਿਚ ਕਬੱਡੀ ਦੇ ਨਾਂ ਉਤੇ 670 ਖਿਡਾਰੀ ਵੀਜ਼ਾ ਲੈ ਕੇ ਕੈਨੇਡਾ ਆਏ। ਇਨ੍ਹਾਂ ਵਿਚੋਂ 91 ਖਿਡਾਰੀ ਮੁੜ ਕੇ ਭਾਰਤ ਨਹੀਂ ਗਏ। ਇਨ੍ਹਾਂ ਵਿਚੋਂ 21 ਖਿਡਾਰੀਆਂ ਨੇ ਰਫਿਊਜੀ ਕੇਸ ਰਾਹੀਂ ਕੈਨੇਡਾ ਵਿਚ ਸ਼ਰਨ ਲੈ ਲਈ, ਪਰ ਬਾਕੀਆਂ ਦਾ ਕੁਝ ਪਤਾ ਨਹੀਂ। ਸਮਝਿਆ ਜਾ ਰਿਹਾ ਹੈ ਕਿ ‘ਲਾਪਤਾ’ ਖਿਡਾਰੀ ਲੁਕ ਛਿਪ ਕੇ ਕੈਨੇਡਾ ਵਿਚ ਹੀ ਰਹਿ ਰਹੇ ਹਨ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

### ਰਾਜਨੀਤੀ : ਭ੍ਰਿਸ਼ਟਾਚਾਰ ਖਿਲਾਫ਼ ਕਾਨੂੰਨ ਬਣਾਉਣ ਵਾਲੇ ਨੇਤਾ ਨਹੀਂ ਦੱਸਦੇ ਆਪਣੀ ਆਮਦਨ ਦਾ ਸ੍ਰੋਤ

# ਦੇਸ਼ ਦੀ ਵਿਕਾਸ ਦਰ 7 ਫੀਸਦੀ, ਇਨ੍ਹਾਂ ਦੀ 100 ਫੀਸਦੀ

ਨਵੀਂ ਦਿੱਲੀ(ਨਦਬ) ਗੋਆ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਦਿਗੰਬਰ ਕਾਮਤ ਭਾਵੇਂ ਦੁਬਾਰਾ ਮੁੱਖ ਮੰਤਰੀ ਨਹੀਂ ਬਣ ਸਕੇ ਪਰ ਪਿਛਲੇ ਪੰਜ ਸਾਲਾਂ ਵਿਚ ਉਨ੍ਹਾਂ ਨੇ ਆਪਣੀ ਸੰਪਤੀ ਜ਼ਰੂਰ ਦੁੱਗਣੀ ਕਰ ਲਈ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਬੇਟੇ ਸੁਖਬੀਰ ਸਿੰਘ ਬਾਦਲ ਦੋਨਾਂ ਦੀ ਹੀ ਸੰਪਤੀ ਪਿਛਲੇ ਪੰਜ ਸਾਲਾਂ ਵਿਚ ਡੇਢ ਗੁਣਾ ਹੋ ਗਈ ਹੈ। ਸੁਖਬੀਰ 90 ਕਰੋੜ ਦੇ ਮਾਲਿਕ ਹਨ, ਜਦੋਂ ਪੰਜ ਸਾਲ ਪਹਿਲਾਂ ਉਨ੍ਹਾਂ ਕੋਲ 60 ਕਰੋੜ ਸਨ। ਉਥੇ ਕੇਂਦਰ ਸਰਕਾਰ ਵਿਚ ਹਾਲ ਹੀ ਤੱਕ ਮੰਤਰੀ ਰਹੇ ਡੀ.ਐਮ.ਕੇ ਦੇ ਡਾ. ਐਸ. ਜਗਤ ਰਕਸ਼ਕਨ ਦੀ ਸੰਪਤੀ ਦੋ ਸਾਲ ਵਿਚ 5.9 ਕਰੋੜ ਤੋਂ ਵਧ ਕੇ 70 ਕਰੋੜ ਹੋ ਗਈ। ਮਾਇਆਵਤੀ ਦੀ ਸੰਪਤੀ ਪਿਛਲੇ ਦੋ ਸਾਲਾਂ ਵਿਚ 24 ਕਰੋੜ ਵਧੀ ਭਾਵ ਹਰ ਮਹੀਨੇ ਇਕ ਕਰੋੜ ਰੁਪਏ।

ਆਮ ਤੌਰ 'ਤੇ ਨੇਤਾ ਦੱਸਦੇ ਹਨ ਕਿ ਉਨ੍ਹਾਂ ਨੂੰ ਵਰਕਰਾਂ ਤੋਂ ਚੰਦਾ ਮਿਲਿਆ ਹੈ। ਪਰ ਸਵਾਲ ਇਹ ਹੈ ਕਿ ਇਹ ਚੰਦਾ ਮੰਤਰੀ ਜਾਂ ਮੁੱਖ ਮੰਤਰੀ ਬਣਨ ਤੋਂ ਬਾਅਦ ਹੀ ਕਿਉਂ ਮਿਲਿਆ? ਤੀਹ ਸਾਲ ਦੇ ਸਿਆਸੀ ਕੈਰੀਅਰ ਵਿਚ ਜਿੰਨਾ ਵਾਧਾ ਨਹੀਂ ਹੋਇਆ, ਉਹ ਸਾਲ-ਦੋ ਸਾਲ ਵਿਚ ਕਿਵੇਂ ਹੋ ਗਿਆ? ਜਸਟਿਸ ਫਖਰੂਦੀਨ ਦਾ ਕਹਿਣਾ ਹੈ ਕਿ ਜੇਕਰ ਇਸ ਤਥਾਕਥਿਤ ਚੰਦੇ ਜਾਂ ਦਾਨ ਨੂੰ ਸੱਚ ਮੰਨੀਏ ਤਾਂ ਆਮਦਨ ਟੈਕਸ ਵਾਲਿਆਂ ਨੂੰ ਇਹ ਪਹਿਚਾਣ ਕਰਨੀ ਚਾਹੀਦੀ ਹੈ ਕਿ ਕਿਸ ਵਰਕਰ ਨੇ ਕਿੰਨਾ ਦਿੱਤਾ ਅਤੇ ਕੁਰਸੀ 'ਤੇ ਆਉਣ ਤੋਂ ਬਾਅਦ ਹੀ ਕਿਉਂ ਦਿੱਤਾ? ਕਾਨੂੰਨੀ ਮਾਹਿਰ ਕੇ.ਟੀ.ਐਸ ਤੁਲਸੀ ਕਹਿੰਦੇ ਹਨ ਕਿ ਨੇਤਾਵਾਂ ਤੋਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਅਹੁਦਿਆਂ 'ਤੇ ਆਉਣ ਤੋਂ ਬਾਅਦ ਦੌਲਤ ਕਿਸ ਤਕਨੀਕ ਨਾਲ ਤੇਜ਼ੀ ਨਾਲ ਵਧੀ, ਜੋ ਪਹਿਲਾਂ ਕਦੇ ਨਹੀਂ ਵਧੀ। ਆਮਦਨ ਟੈਕਸ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਆਮਦਨੀ ਦੇ ਸਰੋਤਾਂ ਦੀ ਬਾਰੀਕੀ ਵਿਚ ਜਾਵੇ ਤਾਂ ਕਿ ਦੇਸ਼ ਨੂੰ ਪਤਾ ਚੱਲੇ ਕਿ ਅਹੁਦਿਆਂ 'ਤੇ ਆਉਣ ਤੋਂ ਬਾਅਦ ਹੁੰਦਾ ਕੀ ਹੈ?

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ (ਏ.ਡੀ.ਆਰ) ਹਰ ਚੋਣਾਂ ਤੋਂ ਪਹਿਲਾਂ ਉਮੀਦਵਾਰਾਂ ਦੇ ਐਫੀਡੇਵਿਟ ਛਾਣ ਕੇ ਉਨ੍ਹਾਂ ਦੀ ਸੰਪਤੀ ਦੇ ਬਿਊਰੇ ਕੱਢਦਾ ਹੈ। ਉਸ ਦੀ ਇਕ ਰਿਪੋਰਟ ਦੇ ਮੁਤਾਬਿਕ ਉਤਰ ਪ੍ਰਦੇਸ਼ ਅਤੇ ਪੰਜਾਬ ਚੋਣਾਂ ਲੜਨ ਵਾਲੇ ਕਿੰਨੇ ਹੀ ਵਿਧਾਇਕ ਅਤੇ ਮੰਤਰੀ ਅਜਿਹੇ ਸਨ ਜਿਨ੍ਹਾਂ ਦੀ ਸੰਪਤੀ ਪਿਛਲੇ ਪੰਜ ਸਾਲਾਂ ਵਿਚ ਹਜ਼ਾਰ-ਦੋ ਹਜ਼ਾਰ ਫੀਸਦੀ ਤੱਕ ਵਧ ਗਈ। ਕੇ.ਟੀ.ਐਸ ਤੁਲਸੀ ਦਾ ਕਹਿਣਾ ਹੈ ਕਿ ਜਾਂਚ ਏਜੰਸੀ ਕੇਵਲ ਇਨ੍ਹਾਂ ਐਫੀਡੇਵਿਟ ਦੇ ਆਧਾਰ 'ਤੇ ਹੀ ਉਨ੍ਹਾਂ ਖਿਲਾਫ਼ ਖੁਦ ਜਾਂਚ ਸ਼ੁਰੂ ਕਰ ਸਕਦੀ ਹੈ ਜਾਂ ਅਦਾਲਤਾਂ ਵਿਚ ਇਸ ਦੀ ਜਾਂਚ ਦਾ ਆਦੇਸ਼ ਦੇਣ ਦੀ ਅਪੀਲ ਕੀਤੀ ਜਾ ਸਕਦੀ ਹੈ।

ਪਰ ਏ.ਡੀ.ਆਰ ਕੇਵਲ ਸੰਪਤੀ ਦੇ ਬਿਊਰੇ ਹੀ ਕਿਉਂ ਦਿੰਦਾ ਹੈ, ਉਸ ਦਾ ਸਰੋਤ ਪਤਾ ਕਰਨ ਦੀ ਕੋਸ਼ਿਸ਼ ਕਿਉਂ ਨਹੀਂ ਕਰਦਾ? ਰਾਜਨੀਤੀ ਵਿਚ ਧਨ ਅਤੇ ਅਪਰਾਧੀਆਂ ਦੀ ਘੁਸਪੈਠ 'ਤੇ ਏ.ਡੀ.ਆਰ ਲਈ ਖੋਜ ਕਰਨ ਵਾਲੇ ਆਈ.ਆਈ.ਐਮ-ਅਹਿਮਦਾਬਾਦ ਦੇ ਪ੍ਰੋਫੈਸਰ ਜਗਦੀਪ ਛੋਕਰ ਕਹਿੰਦੇ ਹਨ ਕਿ ਨੇਤਾ ਖੁਦ ਕਾਨੂੰਨ ਬਣਾਉਂਦੇ ਹਨ ਅਤੇ ਜਾਂਚ ਨੂੰ ਰੋਕਣ ਦੀ ਉਹ ਹਰ ਸੰਭਵ ਕੋਸ਼ਿਸ਼ ਕਰਦੇ ਹਨ।

2002 ਵਿਚ ਜਦੋਂ ਚੋਣ ਕਮਿਸ਼ਨ ਨੇ ਉਮੀਦਵਾਰਾਂ ਨੂੰ ਆਪਣੇ ਖ਼ਿਲਾਫ਼ ਦਰਜ ਅਪਰਾਧਿਕ ਮਾਮਲਿਆਂ ਅਤੇ ਸੰਪਤੀ ਦਾ ਬਿਊਰਾ ਦੇਣ ਦਾ ਆਦੇਸ਼ ਜਾਰੀ ਕੀਤਾ, ਸਰਵ ਪਾਰਟੀ ਮੀਟਿੰਗ ਵਿਚ 22 ਪਾਰਟੀਆਂ ਨੇ ਇਸ ਦਾ ਖੁੱਲ ਕੇ ਵਿਰੋਧ ਕੀਤਾ। ਬਾਅਦ ਵਿਚ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਹੀ ਚੋਣ ਕਮਿਸ਼ਨ ਉਮੀਦਵਾਰ ਨੂੰ ਐਫੀਡੇਵਿਟ ਦਾਖ਼ਿਲ ਕਰਨਾ ਜ਼ਰੂਰੀ ਕਰ ਸਕਿਆ। ਉਹ ਕਹਿੰਦੇ ਹਨ ਕਿ ਅਜਿਹੇ ਵਿਚ ਉਹ ਸੰਪਤੀ ਦਾ ਸਰੋਤ ਕਿਵੇਂ ਦੱਸਣਗੇ।

## ਸੱਤਾ ਮਿਲਦੇ ਹੀ ਕਮਾਈ ਨੂੰ ਲੱਗੇ ਖੰਭ


ਸੁਖਬੀਰ ਸਿੰਘ ਬਾਦਲ
2007 67 ਕਰੋੜ
2012 **90** ਕਰੋੜ


ਪ੍ਰਕਾਸ਼ ਸਿੰਘ ਬਾਦਲ
2007 06 ਕਰੋੜ
2012 **09** ਕਰੋੜ


ਦਿਗੰਬਰ ਕਾਮਤ
2007 03 ਕਰੋੜ
2012 **06** ਕਰੋੜ


ਕਰੁਣਾਨਿਧੀ
2006 26 ਕਰੋੜ
2012 **44** ਕਰੋੜ


ਜੈਲਲਿਤਾ
2007 24 ਕਰੋੜ
2012 **51** ਕਰੋੜ


ਪ੍ਰਿਥਵੀ ਰਾਜ ਚਵਾਨ
2007 2.77 ਕਰੋੜ
2012 **6.8** ਕਰੋੜ


ਰਮੇਸ਼ ਪੋਖਰਿਆਲ
2007 37 ਲੱਖ
2012 **01** ਕਰੋੜ


ਮਾਇਆਵਤੀ
2010 87 ਕਰੋੜ
2012 **111** ਕਰੋੜ

### ਚੰਡੀਗੜ੍ਹ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਵਿਚ ਗਰਮਾਈ ਸਿਆਸਤ

# . . . ਕੰਮ ਕਰੋ, ਰਾਜਨੀਤੀ ਫਿਰ ਕਦੇ ਕਰਨਾ



ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਦੇ ਵਿਧਾਨ ਸਭਾ ਵਿਚ ਆਪਣੇ ਭਾਸ਼ਣ ਵਿਚ ਚੰਡੀਗੜ੍ਹ ਉਤੇ ਪੰਜਾਬ ਸਰਕਾਰ ਦਾ ਦਾਅਵਾ ਜਤਾਉਂਦੇ ਹੀ ਮੀਡੀਆ ਦੇ ਕੁਝ ਭਰਾ ਦੁਨੀਆ ਦੇ ਸਭ ਤੋਂ ਰੁਝੇਵੇਂ ਭਰੇ ਲੋਕਾਂ ਵਿਚ ਸ਼ਾਮਿਲ ਹੋ ਗਏ। ਅਜਿਹਾ ਲੱਗਿਆ ਕਿ ਪਾਟਿਲ ਦੇ ਕਹਿੰਦੇ ਹੀ ਹੁਣ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇਗਾ। ਭੂਚਾਲ ਆ ਜਾਵੇਗਾ। ਤੂਫਾਨ ਆ ਜਾਵੇਗਾ। ਅਸਲੀਅਤ ਵਿਚ ਇਹ ਤੂਫਾਨ ਸਿਰਫ਼ ਮੀਡੀਆ ਲਈ ਹੀ ਹੈ। ਲੋਕ ਰੋਜ਼ਮਰ੍ਹਾ ਦੀ ਤਰ੍ਹਾਂ ਆਪਣੀਆਂ ਸਮੱਸਿਆਵਾਂ ਨਾਲ ਕੱਲ੍ਹ ਵੀ ਇੰਝ ਹੀ ਦੋ ਚਾਰ ਹੋ ਰਹੇ ਸਨ ਅਤੇ ਅੱਜ ਵੀ ਇੰਝ ਹੀ ਜੂਝ ਰਹੇ ਹਨ। ਪੰਜਾਬ ਸਰਕਾਰ ਦੇ ਭਾਸ਼ਣ ਵਿਚ ਚੰਡੀਗੜ੍ਹ ਉਤੇ ਪਾਟਿਲ ਦੇ ਇਸ ਦਾਅਵੇ ਨੂੰ ਮੀਡੀਆ ਵਲੋਂ ਲਾਂਭੇ ਕਰਨ ਦੀ ਲੋੜ ਸੀ, ਪਰ ਹੋਇਆ ਇਸ ਤੋਂ ਉਲਟ। ਚੰਡੀਗੜ੍ਹ ਤੋਂ ਛਪਣ ਵਾਲੇ ਸਾਰੇ ਪ੍ਰਮੁੱਖ ਅਖ਼ਬਾਰਾਂ ਵਿਚ ਪਾਟਿਲ ਦੇ ਦਾਅਵਾ ਜਤਾਉਣ ਦੀਆਂ ਖ਼ਬਰਾਂ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤੀਆਂ ਗਈਆਂ। ਇਸ ਭਾਸ਼ਣ ਵਿਚ ਰਾਜਪਾਲ ਨੇ ਜਨ-ਪ੍ਰਤੀਨਿਧੀਆਂ ਨੂੰ ਇਕ ਹੋਰ ਮੰਤਰ ਦਿੱਤਾ : ਕੰਮ ਕਰੋ, ਨਾ ਕਿ ਰਾਜਨੀਤੀ। ਅਜਿਹਾ ਲੱਗਦਾ ਹੈ ਕਿ ਭਾਸ਼ਣ ਵਿਚ ਲਿਖੇ ਗਏ ਇਸ ਸੂਤਰ ਨੂੰ ਲਿਖਣ ਵਾਲੀ ਸਰਕਾਰ ਨੇ ਹੀ ਭੁਲਾ ਦਿੱਤਾ।

ਕੰਮ ਦੀ ਬਜਾਏ ਸਰਕਾਰ ਨੇ ਖੁਦ ਨੂੰ ਰਾਜਨੀਤੀ ਕਰਨ ਉਤੇ ਫੋਕਸ ਕਰ ਲਿਆ ਹੈ, ਤਦ ਹੀ ਪੰਜਾਬ ਸਰਕਾਰ ਦੇ ਇਸ ਭਾਸ਼ਣ ਵਿਚ ਰਾਜ ਦੀਆਂ ਪ੍ਰਮੁੱਖ ਸਮੱਸਿਆਵਾਂ ਦੇ ਹੱਲ ਦੇ ਰੋਡਮੈਪ ਦਾ ਜ਼ਿਕਰ ਤੱਕ ਨਹੀਂ ਹੈ। ਅਜਿਹਾ ਲੱਗਦਾ ਹੈ ਕਿ ਜਿਵੇਂ ਕੰਮ ਦੇ ਦਬਾਅ ਤੋਂ ਬਾਅਦ ਖੁਦ ਨੂੰ ਰਿਲੈਕਸ ਕਰਨ ਲਈ ਬਹੁਤ ਸਾਰੇ ਲੋਕ ਬ੍ਰੇਕ ਲੈਣ ਲਈ ਸੈਰ-ਸਪਾਟੇ 'ਤੇ ਨਿਕਲ ਜਾਂਦੇ ਹਨ, ਠੀਕ ਉਸੇ ਤਰ੍ਹਾਂ ਨੇਤਾ ਲੋਕ ਚੰਡੀਗੜ੍ਹ ਦੇ ਨਾਮ 'ਤੇ ਬ੍ਰੇਕ ਲੈਣ ਦੀ ਕੋਸ਼ਿਸ਼ ਕਰਦੇ ਹਨ। ਅਸਲ ਮੁੱਦਿਆਂ ਤੋਂ ਜਨਤਾ ਦਾ ਧਿਆਨ ਹਟਾਉਣ ਦੀ ਅਸਫ਼ਲ ਕੋਸ਼ਿਸ਼ ਕਰਦੇ ਹਨ। ਭਾਸ਼ਣ ਵਿਚ ਚੰਡੀਗੜ੍ਹ ਉਤੇ ਪੰਜਾਬ ਸਰਕਾਰ ਦੇ ਦਾਅਵਾ ਜਤਾਉਣ ਨਾਲ ਕੀ ਹੋ ਜਾਵੇਗਾ? ਦੋ ਦਿਨ ਇਹ ਖ਼ਬਰਾਂ ਛਪ ਕੇ ਖ਼ਤਮ ਹੋ ਜਾਣਗੀਆਂ।

ਸਵਾਲ ਹੈ ਕਿ ਪੰਜਾਬ ਸਰਕਾਰ ਸੂਬੇ ਦੀਆਂ ਸਮੱਸਿਆਵਾਂ ਦੇ ਹੱਲ ਵਿਚ ਆਪਣੀ ਊਰਜਾ ਕਿਉਂ ਨਹੀਂ ਲਗਾ ਰਹੀ? ਪੰਜਾਬ ਵਿਚ ਦੁਬਾਰਾ ਸਰਕਾਰ ਬਣਾ ਕੇ ਅਕਾਲੀ-ਭਾਜਪਾ ਗਠਜੋੜ ਨੇ 46 ਸਾਲ ਦਾ ਰਿਕਾਰਡ ਤੋੜਿਆ ਹੈ। ਅਜਿਹੇ ਵਿਚ ਜਨਤਾ ਨੂੰ ਆਸ ਸੀ ਕਿ ਇਸ ਭਾਸ਼ਣ ਵਿਚ ਸਰਕਾਰ ਦੀਆਂ ਅਗਲੀਆਂ ਯੋਜਨਾਵਾਂ ਅਤੇ ਨੀਤੀਆਂ ਦੀ ਝਲਕ ਮਿਲੇਗੀ, ਪਰ ਅਜਿਹਾ ਨਹੀਂ ਹੋਇਆ।

ਹਰਿਆਣਾ ਅਤੇ ਪੰਜਾਬ ਦੀਆਂ ਸਰਕਾਰਾਂ ਵੱਲੋਂ ਰਾਜਪਾਲ ਦੇ ਭਾਸ਼ਣ ਵਿਚ ਚੰਡੀਗੜ੍ਹ ਉਤੇ ਤਾਂ ਅਨੇਕਾਂ ਵਾਰ ਦਾਅਵਾ ਜਤਾਇਆ ਜਾ ਚੁੱਕਾ ਹੈ। ਜਦੋਂ ਸ਼ੁਰੂ-ਸ਼ੁਰੂ ਵਿਚ ਇਸ ਉਤੇ ਦਾਅਵਾ ਜਤਾਉਣ ਦਾ ਰਿਵਾਜ ਸ਼ੁਰੂ ਹੋਇਆ ਤਦ ਅਜਿਹਾ ਲੱਗਦਾ ਸੀ ਕਿ ਕੱਲ੍ਹ ਹੀ ਕ੍ਰਾਂਤੀ ਹੋ ਜਾਵੇਗੀ। ਅਜਿਹਾ ਲੱਗਦਾ ਸੀ ਕਿ ਜਿਵੇਂ ਰਾਜਪਾਲ ਦੇ ਭਾਸ਼ਣ ਵਿਚ ਜੋ ਕੁਝ ਲਿਖਿਆ-ਪੜ੍ਹਿਆ ਗਿਆ ਹੈ, ਠੀਕ ਉਹ ਹੀ ਹੋਣ ਵੀ ਜਾ ਰਿਹਾ ਹੈ, ਪਰ ਅੱਜ ਵੀ ਚੰਡੀਗੜ੍ਹ ਦਾ ਯੂਟੀ ਦਾ ਦਰਜਾ ਕਾਇਮ ਹੈ। ਚੰਡੀਗੜ੍ਹ ਉਤੇ ਪੰਜਾਬ ਦਾ ਦਾਅਵਾ ਠੀਕ ਅਜਿਹਾ ਹੀ ਹੈ, ਜਿਵੇਂ ਕਿ ਹਰਿਆਣਾ ਦੀਆਂ ਵੱਖ-ਵੱਖ ਸਰਕਾਰਾਂ ਵੱਲੋਂ ਕਈ ਵਾਰ ਭਾਸ਼ਣਾਂ ਵਿਚ ਇਹ ਕਿਹਾ ਜਾਣਾ ਕਿ ਅਸੀਂ ਐਸ.ਵਾਈ.ਐਲ ਦਾ ਪਾਣੀ ਲਿਆ ਕੇ ਰਹਾਂਗੇ। ਇਸ ਤੋਂ ਠੀਕ ਉਲਟ ਪੰਜਾਬ ਸਰਕਾਰ ਦੇ ਭਾਸ਼ਣਾਂ ਵਿਚ ਕਿਹਾ ਜਾਂਦਾ ਹੈ ਕਿ ਅਸੀਂ ਆਪਣੇ ਰਾਜ ਦੇ ਪਾਣੀ ਦੀ ਇਕ ਬੂੰਦ ਵੀ ਕਿਸੇ ਦੂਸਰੇ ਰਾਜ ਨੂੰ ਨਹੀਂ ਦੇਵਾਂਗੇ। ਨੇਤਾਵਾਂ ਦਾ ਰਵੱਈਆ ਦਹਾਕਿਆਂ ਤੋਂ ਦੇਖਦੇ ਜਨਤਾ ਤੰਗ ਆ ਚੁੱਕੀ ਹੈ। ਅਜਿਹੀ ਰਾਜਨੀਤੀ ਦੇ ਕਾਰਨ ਹੀ ਜਨਤਾ ਦਾ ਨੇਤਾਵਾਂ ਤੋਂ ਭਰੋਸਾ ਉਠਦਾ ਜਾ ਰਿਹਾ ਹੈ। ਜਨਤਾ ਨੂੰ ਸਰਕਾਰਾਂ ਤੋਂ ਉਮੀਦ ਇਹ ਹੈ ਕਿ ਉਹ ਰਾਜ ਨੂੰ ਵਿਕਾਸ ਦੀ ਪਟੜੀ ਉਤੇ ਲੈ ਜਾਣ। ਬਿਜਲੀ-ਪਾਣੀ ਦੀ ਸਮੱਸਿਆ ਦਾ ਹੱਲ ਕਰਨ। ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦੀ ਰੋਕਥਾਮ ਕਰਨ। ਉਦਯੋਗਿਕ ਨਿਵੇਸ਼ ਜੁਟਾਉਣ, ਚੰਗੀਆਂ ਸੜਕਾਂ ਬਣਾਉਣ, ਟਰਾਂਸਪੋਰਟ ਦੇ ਵਧੀਆ ਸਾਧਨ ਮੁਹੱਈਆ ਕਰਾਉਣ, ਸਿੱਖਿਆ ਅਤੇ ਸਿਹਤ ਸੇਵਾਵਾਂ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ। ਚੰਗਾ ਹੋਵੇ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਲੋਕਾਂ ਦੇ ਭਰੋਸੇ ਉਤੇ ਖਰਾ ਉਤਰੇ। ਜਨਤਾ ਨੇ ਉਨ੍ਹਾਂ ਨੂੰ ਚੁਣਿਆ ਹੈ ਕੰਮ ਕਰਨ ਲਈ, ਰਾਜਨੀਤੀ ਕਰਨ ਲਈ ਨਹੀਂ।

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
GHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Ontario Association of Certified Home Inspectors
OAHI
Cell: 416 839 3436 Ph: 905 479 5807

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਅਲਬਰਟਾ ਅਸੈਂਬਲੀ ਚੋਣਾਂ 2012

ਅਲਬਰਟਾ ਸੂਬੇ ਦੀਆਂ ਅਸੈਂਬਲੀ ਚੋਣਾਂ 23, ਅਪਰੈਲ 2012 ਹੋਣ ਜਾ ਰਹੀਆਂ ਹਨ, ਅਤੇ ਸੂਬੇ ਦੀ ਫਿਜ਼ਾ ਉਪਰ ਰਾਜਸੀ ਪਰਚਾਰ ਦੇ ਬੱਦਲ ਪੂਰੀ ਤਰ੍ਹਾਂ ਛਾਏ ਹੋਏ ਹਨ, ਅਤੇ ਵੱਖੋ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੇ ਆਪੋ-ਆਪਣੀ ਕਾਮਯਾਬੀ ਲਈ ਪੂਰੀ ਟਿੱਲ ਲਾਈ ਹੋਈ ਹੈ। ਰਾਜਸੀ ਪਾਰਟੀਆਂ ਦੀ ਬਹੁਤੀ ਬਿਆਨਬਾਜ਼ੀ ਮੁੱਦਿਆਂ ਅਤੇ ਨੀਤੀ ਰਹਿਤ, ਇੱਕ ਦੂਜੇ ਨੇਤਾ ਉਪਰ ਨਿੱਜੀ ਦੂਸ਼ਣਬਾਜੀ ਅਤੇ ਭਰਮਾਊ ਭਾਸ਼ਣ ਦੁਆਰਾ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਯਤਨਸ਼ੀਲ ਹਨ। ਆਰਥਿਕ ਨੀਤੀਆਂ ਵਿਚਲਾ "ਖਰਚ ਅਤੇ ਆਮਦਨ" ਦਾ ਗਣਿਤ ਉਹ ਮੁੱਢਲਾ ਅੰਤਰ ਹੈ ਜੋ ਰਾਜਨੀਤਿਕ ਧਿਰਾਂ ਨੂੰ ਦੋ ਵੱਖਰੇ ਧਰੁਵਾਂ, ਸੱਜੇ ਅਤੇ ਖੱਬੇ, ਵਿੱਚ ਵੰਡਦਾ ਅਤੇ ਪ੍ਰਭਾਸ਼ਿਤ ਕਰਦਾ ਹੈ। ਪਿਛਲੇ 41 ਸਾਲਾਂ ਤੋ ਰਾਜ ਕਰਦੀ ਆ ਰਹੀ ਪਰੋਗਰੈਸਿਵ ਕੰਜ਼ਰਵੇਟਿਵ ਅਤੇ ਵਾਈਲਡਰੋਜ਼ ਪਾਰਟੀ ਇਨ੍ਹਾਂ ਚੋਣਾਂ ਵਿੱਚ ਵੱਡੀ ਅਤੇ ਭਾਰੂ ਧਿਰ ਹੋਣ ਕਰਕੇ ਬੱਚਤ 'ਤੇ ਕਟੌਤੀਆਂ ਅਤੇ ਬੱਜਟ ਦੇ ਉਸ ਹਰ ਹਿੱਸੇ ਜਿਸ ਨੂੰ ਕਿ ਸਮਾਜਿਕ ਪ੍ਰੋਗਰਾਮਾਂ ਦੀ ਕੀਮਤ ਤੇ ਛਾਂਗਿਆ ਜਾ ਸਕਦਾ ਹੈ ਬਾਰੇ ਬਹਿਸ ਕਾਰਨ ਰਾਜਨੀਤਿਕ ਧਰਾਤਲ ਤੇ ਛਾਏ ਹੋਏ ਹਨ। ਚੋਣ ਪ੍ਰਚਾਰ ਦਾ ਦੂਸਰਾ ਹਫਤਾ ਲੰਘ ਜਾਣ ਤੱਕ ਇੱਕ ਪਾਰਟੀ ਜਿਸ ਨੇ ਬੱਜਟ ਖਰਚਿਆਂ ਤੋਂ ਕੋਈ ਵੱਖਰੀ ਗੱਲ ਕੀਤੀ ਹੈ, ਉਹ ਹੈ ਅਲਬਰਟਾ ਨਿਊ ਡੈਮੋਕਰੈਟਜ਼;ਆਪਣੇ ਘੋਸ਼ਣਾ ਪੱਤਰ ਦਾ ਐਲਾਨ ਕਰਦੇ ਹੋਏ ਉਨ੍ਹਾਂ ਨੇ ਕਾਰਪੋਰੇਸ਼ਨਾਂ ਤੇ ਟੈਕਸ ਅਤੇ ਤੇਲ ਤੋਂ ਪ੍ਰਾਪਤ ਰਾਇਲਟੀ ਵਧਾ ਕੇ ਸੂਬੇ ਦੀ ਆਮਦਨ ਨੂੰ ਵਧਾਉਣ ਦੀ ਗੱਲ ਕੀਤੀ ਹੈ। ਦੂਜੇ ਬੰਨੇ ਵਾਈਲਡਰੋਜ਼ ਪਾਰਟੀ ਨੇ ਅਗਲੇ ਤਿੰਨ ਸਾਲਾਂ ਲਈ ਹਰ ਇੱਕ ਅਲਬਰਟਾ ਵਾਸੀਂ ਨੂੰ $300 ਦੇਣ ਦਾ ਵਾਅਦੇ ਨਾਲ ਵੋਟਰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਪਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਚੋਣਾਂ ਦਾ ਪਹਿਲਾ ਹਫਤਾ ਲੰਘ ਜਾਣ ਉਪਰੰਤ ਵੀ ਆਪਣੇ ਇਸ ਬਚਾਅ ਵਿੱਚ ਰੁੱਝੇ ਹਨ ਕਿ ਉਹ ਔਰਤਾਂ ਦੇ ਖਿਲਾਫ ਨਹੀ। ਇਸੇ ਦੌਰਾਨ ਉਨ੍ਹਾਂ ਪਰਿਵਾਰਾਂ ਅਤੇ ਸਿਹਤ ਸੁਰਿੱਖਆ ਸਬੰਧੀ ਵਾਅਦੇ ਵੋਟਰਾਂ ਨਾਲ ਕੀਤੇ ਹਨ। ਲਿਬਰਲਾਂ ਵਲੋਂ ਸਾਲ 2025 ਤੱਕ ਪੋਸਟ-ਸੈਕੰਡਰੀ ਸਿੱਖਿਆ ਦੀ ਪੂਰੀ ਫੀਸ ਖਤਮ ਕਰਨ ਦੀ ਕੀਤੀ ਗੱਲ ਵੀ ਸਵੀਕਾਰਿਤ ਤੌਰ 'ਤੇ ਇਕ ਚੰਗਾ ਉਦੇਸ਼ ਹੈ।

ਚੋਣਾਂ ਦੌਰਾਨ ਰਾਜਨੀਤਿਕ ਪਾਰਟੀਆਂ ਸੁਭਾਵਿਕ ਹੀ ਕੁਝ ਅਜਿਹਾ ਦਿਖਾਵਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਜੋ ਉਹ ਅਸਲ ਵਿੱਚ ਨਹੀਂ ਹੁੰਦੀਆਂ। ਸੱਜੇ ਪੱਖੀ/ਕੰਜ਼ਰਵੇਟਿਵਜ਼ ਸਮਾਜਿਕ ਮੁੱਦਿਆਂ ਬਾਰੇ ਆਪਣੇ ਫਿਕਰ ਅਤੇ ਸੰਜੀਦਗੀ ਦਾ ਦਿਖਾਵਾ ਕਰਦੇ ਹਨ ਅਤੇ ਮੱਧ-ਮਾਰਗੀ/ਸ਼ੋਸ਼ਲਿਸਟ ਇਕ ਸਤੁੰਲਿਤ ਬਜੱਟ ਪੇਸ਼ ਕਰਨ ਦੀ ਆਪਣੀ ਸਮਰੱਥਾ ਦਾ ਦਿਖਾਵਾ ਕਰਦੇ ਹਨ। ਇਨ੍ਹਾਂ ਦੋਵਾਂ ਦੀ ਆਪਸੀ ਤੁਲਨਾ ਵਿੱਚ ਇੱਕ ਵਿਲੱਖਣ ਸਪੱਸ਼ਟਤਾ ਇਹ ਦੇਖਣ ਨੂੰ ਮਿਲੀ ਹੈ ਕਿ ਅਲਬਰਟਾ ਨਿਊ ਡੈਮੋਕਰੈਟਜ਼ ਨੇ ਸੂਬੇ ਦੀ ਆਰਥਿਕ ਸਮਰੱਥਾ ਵਧਾਉਣ ਦੀ ਗੱਲ ਕੀਤੀ ਹੈ। ਐਲਬਰਟਾ ਨਿਊ ਡੈਮੋਕਰੈਟਜ਼ ਨੇ ਰਾਇਲਟੀ ਵਿੱਚ ਵਾਧੇ ਦੀ ਚਰਚਾ ਕਰਦਿਆਂ ਇੱਕ ਬਹੁਤ ਹੀ ਜ਼ਰੂਰੀ ਅਤੇ ਲੰਬੇ ਸਮੇਂ ਤੋਂ ਲਗਾਤਾਰ ਅਣਡਿੱਠ ਕੀਤੇ ਮੁੱਦੇ ਨੂੰ ਛੋਹਿਆ ਹੈ। ਸੂਬੇ ਦੀ ਆਮਦਨ ਵਿਚ ਸੰਤੋਸ਼ਜਨਕ ਵਾਧੇ ਲਈ ਇਹ ਸੋਧਾਂ ਬਹੁਤ ਹੀ ਜਰੂਰੀ ਹਨ।

ਚੋਣਾਂ ਦੌਰਾਨ ਸਿਆਸੀ ਮਹੌਲ ਪੂਰਾ ਸਨਕੀ ਨਜ਼ਰ ਆਉਦਾ ਜਿਥੇ ਕੰਜ਼ਰਵੇਟਿਵ ਸਮਾਜਿਕ ਮੁੱਦਿਆਂ ਪ੍ਰਤੀ ਗੰਭੀਰ ਅਤੇ ਸ਼ੋਸ਼ਲਿਸਟ ਵਿੱਤੀ ਮੁੱਦਿਆਂ ਸਬੰਧੀ ਸੰਜੀਦਾ ਅਤੇ ਮਾਹਿਰ ਨਜ਼ਰ ਆਉਦੇ ਹਨ। ਇਸ ਰਾਜਨੀਤਿਕ ਧੁੰਧੂਕਾਰੇ ਵਿੱਚ ਆਮ ਆਦਮੀ, ਸਾਧਾਰਨ ਵੋਟਰ ਲਈ ਇਨ੍ਹਾਂ ਵਾਅਦਿਆਂ ਦੀ ਰੌਸ਼ਨੀ ਵਿੱਚ ਰਾਜਨੀਤਿਕ ਪਾਰਟੀਆਂ ਦੇ ਕਿਰਦਾਰ ਤੇ ਪਿਛਲ ਝਾਤ ਹੀ ਸਹਾਈ ਹੋ ਸਕਦੀ ਹੈ।

ਸਾਰੀ ਸਿਆਸੀ ਫਿਜ਼ਾ 'ਚੋਂ ਗਾਇਬ ਮੁੱਦਿਆਂ ਤੇ ਝਾਤ ਮਾਰਦਿਆਂ "ਵਾਤਾਵਰਣ' ਕਿਸੇ ਵੀ ਧਿਰ ਦੇ ਏਜੰਡੇ ਤੇ ਮੁੱਖ ਵਿਸ਼ਾ ਨਹੀ ਹੈ। ਮਾਹਿਰਾਂ ਦੀ ਰਾਏ ਅਨੁਸਾਰ ਅਲਬਰਟਾ ਤੇਲ ਅਤੇ ਗੈਸ ਦੇ ਸਰੋਤਾਂ ਨੂੰ ਖੋਦਣ ਵਿਚ ਵਾਤਾਵਰਣ ਨੂੰ ਅੱਖੋਂ-ਪਰੋਖੋ ਕਰ ਰਿਹਾ ਹੈ। ਤੇਲ ਅਤੇ ਗੈਸ ਦੇ ਸਰੋਤਾਂ ਨੂੰ ਖੋਦਣ, ਖੋਦਣ ਵਾਲੀਆਂ ਕੰਪਨੀਆਂ, ਵਾਤਾਵਰਣ ਸੰਭਾਲ, ਕਾਰਬਨਡਾਈਆਕਸਾਈਡ ਗੈਸ, ਦਰਿਆਵਾਂ ਅਤੇ ਝੀਲਾਂ ਦਾ ਪਾਣੀ, ਹਵਾ ਵਿਚਲਾ ਪ੍ਰਦੂਸ਼ਣ, ਬਿਮਾਰੀਆਂ ਨਾਲ ਨਜਿੱਠਣ ਲਈ ਅਗਾਊਂ ਵਿਉਤਬੰਦੀ ਅਤੇ ਸਮਰੱਥਾ ਨਹੀ ਹੋਵਗੀ ਤਾਂ ਇਹ ਮਸਲਾ ਆਉਣ ਵਾਲੇ ਸਮੇਂ ਵਿਚ ਖਤਰਨਾਕ ਸਿੱਧ ਹੋ ਸਕਦਾ ਹੈ।

| | |
|---|---|
| ਸੰਪਾਦਕੀ ਬੋਰਡ | ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ |
| ਸਲਾਹਕਾਰ ਬੋਰਡ | ਡਾ ਕਰਮਜੀਤ ਸਿੰਘ (ਕੁਰਕਸ਼ੇਤਰ) |
| | ਪ੍ਰੋ ਰਾਕੇਸ਼ ਰਮਨ (ਲੁਧਿਆਣਾ) |
| | ਸੁਲੱਖਣ ਸਰਹੱਦੀ (ਗੁਰਦਾਸਪੁਰ) |
| | ਜਸਬੀਰ ਦਿਓਲ (ਐਡਮਿੰਟਨ) |
| | ਜੈਸੀ ਸਿੰਘ (ਕੈਲਗਰੀ) |
| | ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ) |

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

# ਪੰਜਾਬ ਦਾ ਲੋਕ ਫ਼ਤਵਾ-ਸਿਆਸੀ ਖੜੋਤ ਦਾ ਲਖਾਇਕ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਪੰਜਾਬ ਵਿਧਾਨ ਸਭਾ ਚੋਣਾਂ-2012 ਦੇ ਨਤੀਜੇ ਅਣਕਿਆਸੇ ਸਮਝੇ ਜਾ ਰਹੇ ਹਨ। ਨਾ ਜਿੱਤਣ ਵਾਲਿਆਂ ਨੂੰ ਆਪਣੀ ਜਿੱਤ ਦੀ ਪੱਕੀ ਉਮੀਦ ਸੀ ਅਤੇ ਨਾ ਹੀ ਹਾਰਨ ਵਾਲਿਆਂ ਨੇ ਆਪਣੀ ਹਾਰ ਦਾ ਕੋਈ ਸ਼ੰਕਾ ਜ਼ਾਹਿਰ ਕੀਤਾ ਸੀ। ਹਾਰਨ ਵਾਲੀ ਧਿਰ ਤਾਂ ਪੰਜਾਬ ਦੀਆਂ ਰਾਜਸੀ ਪਰੰਪਰਾਵਾਂ ਮੁਤਾਬਕ ਆਪਣੀ ਜਿੱਤ ਨੂੰ ਸੁਨਿਸ਼ਚਿਤ ਹੀ ਸਮਝਦੀ ਸੀ। ਜਦੋਂ ਨਤੀਜੇ ਨਿਕਲਣੇ ਸ਼ੁਰੂ ਹੋਏ ਤਾਂ ਭਵਿੱਖਬਾਣੀਆਂ ਵਿਚ ਵੱਡੇ ਉਲਟ-ਫੇਰ ਹੋ ਗਏ। ਚੈਨਲਾਂ ਤੇ ਏਜੰਸੀਆਂ ਦੇ ਚੋਣ ਸਰਵੇਖਣ ਐਵੇਂ ਸ਼ੁਗਲ ਮਾਤਰ ਹੀ ਸਿੱਧ ਹੋਏ। ਐਗਜ਼ਿਟ ਪੋਲ ਦੇ ਨਤੀਜੇ ਵੀ ਐਵੇਂ ਅਟੇ-ਸਟੇ ਹੀ ਪ੍ਰਤੀਤ ਹੋਏ। ਪੰਜਾਬ ਦੇ ਅੰਤਿਮ ਚੋਣ ਨਤੀਜਿਆਂ ਤੱਕ ਜੋ ਸਥਿਤੀ ਬਣੀ, ਉਸ ਦਾ ਪਿਛਲੀ ਵਿਧਾਨ ਸਭਾ ਵਿਚ ਪਾਰਟੀਆਂ ਦੀ ਸਥਿਤੀ ਨਾਲੋਂ ਕੋਈ ਵਿਸ਼ੇਸ਼ ਅੰਤਰ ਨਹੀਂ ਆਇਆ। ਕੁੱਲ ਮਿਲਾ ਕੇ ਇਨ੍ਹਾਂ ਚੋਣਾਂ ਦੇ ਨਤੀਜੇ ਪੰਜਾਬ ਅੰਦਰ ਰਾਜਸੀ ਖੜੋਤ ਦੀ ਸਥਿਤੀ ਨੂੰ ਹੀ ਪ੍ਰਗਟਾਉਂਦੇ ਹਨ। ਹਾਲਾਂਕਿ ਪੰਜਾਬ ਦੀ ਸਮਕਾਲੀ ਸਥਿਤੀ ਦੇ ਸੰਦਰਭ ਵਿਚ ਵਧੇਰੇ ਕਰਕੇ ਇਹੋ ਸਵਾਲ ਉਠਾਏ ਜਾਣਗੇ ਕਿ ਜਿੱਤਣ ਵਾਲੀ ਧਿਰ ਕਿਉਂ ਜਿੱਤੀ ਤੇ ਹਾਰਨ ਵਾਲੀ ਧਿਰ ਕਿਉਂ ਹਾਰੀ, ਪਰ ਵਧੇਰੇ ਵਿਚਾਰਨਯੋਗ ਨੁਕਤਾ ਸ਼ਾਇਦ ਇਹ ਹੈ ਕਿ ਪੰਜਾਬ ਅੰਦਰ ਸਿਆਸੀ ਜਮੂਦ ਕਿਉਂ ਪੈਦਾ ਹੋ ਗਿਆ ਹੈ। ਪੰਜਾਬ ਦੀ ਸਿਆਸੀ ਸਥਿਤੀ ਦੇ ਵਿਸ਼ਲੇਸ਼ਣ ਲਈ ਦੋ ਵਿਸ਼ੇਸ਼ ਸਿਆਸੀ ਮੰਚਾਂ 'ਤੇ ਨਜ਼ਰ ਮਾਰੀ ਜਾ ਸਕਦੀ ਹੈ। ਇਕ ਸਿਆਸੀ ਮੰਚ ਵਿਧਾਨ ਸਭਾ ਅੰਦਰਲਾ ਹੈ ਤੇ ਦੂਜਾ ਜਨਤਕ ਪੱਧਰ ਦੀਆਂ ਸਿਆਸੀ ਸਰਗਰਮੀਆਂ ਦਾ। ਇਨ੍ਹਾਂ ਤੋਂ ਇਲਾਵਾ ਮੀਡੀਆ ਦੀ ਭੂਮਿਕਾ ਵੀ ਪੰਜਾਬ ਦੀ ਸਮਕਾਲੀ ਰਾਜਸੀ ਸਥਿਤੀ ਦੇ ਜਿਉਂ ਦੇ ਤਿਉਂ ਬਣੇ ਰਹਿਣ ਦੇ ਵਰਤਾਰੇ ਨੂੰ ਸਮਝਣ ਵਿਚ ਕਿਸੇ ਹੱਕ ਤੱਕ ਸਹਾਈ ਹੋ ਸਕਦੀ ਹੈ।

ਪਿਛਲੀ ਵਿਧਾਨ ਸਭਾ ਵਿਚ ਦੋਹਾਂ ਪ੍ਰਮੁੱਖ ਧਿਰਾਂ ਦੀ ਗਿਣਤੀ ਲਗਪਗ ਹੁਣ ਵਾਲੀ ਹੀ ਸੀ। ਤੀਜੀ ਧਿਰ ਵਿਧਾਨ ਸਭਾ ਵਿਚ ਉਦੋਂ ਵੀ ਪ੍ਰਵੇਸ਼ ਨਹੀਂ ਸੀ ਪਾ ਸਕੀ। ਵਿਰੋਧੀ ਧਿਰ ਦਾ ਇਹ ਫਰਜ਼ ਬਣਦਾ ਸੀ ਕਿ ਇਹ ਵਿਧਾਨ ਸਭਾ ਦੇ ਮੰਚ ਤੋਂ ਲੋਕਾਂ ਦੇ ਮਸਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਂਦੀ। ਵਿਰੋਧੀ ਧਿਰ ਦੇ ਮੈਂਬਰਾਂ ਦੀ ਸੰਖਿਆ ਵੀ ਇੰਨੀ ਸੀ ਕਿ ਇਸ ਨੂੰ ਮਜ਼ਬੂਤ ਵਿਰੋਧੀ ਧਿਰ ਸਮਝਿਆ ਗਿਆ ਸੀ। ਪਰ ਇਸ ਨੇ ਲੋਕ ਮਸਲਿਆਂ ਨੂੰ ਵਿਧਾਨ ਸਭਾ ਦੇ ਕਿਸੇ ਵੀ ਸੈਸ਼ਨ ਵਿਚ ਜ਼ੋਰਦਾਰ ਢੰਗ ਨਾਲ ਨਹੀਂ ਉਠਾਇਆ। ਠੀਕ ਹੈ ਕਿ ਵਿਧਾਨ ਸਭਾ ਦੀਆਂ ਬੈਠਕਾਂ ਦਾ ਸਮਾਂ ਘਟਾਉਣ ਦਾ ਰਿਵਾਜ ਜਿਹਾ ਹੀ ਪੈ ਗਿਆ ਹੈ, ਪਰ ਜਿੰਨਾ ਕੁ ਸਮਾਂ ਬੈਠਕਾਂ ਦੌਰਾਨ ਮਿਲਦਾ ਹੈ, ਉਹ ਵੀ ਲਗਪਗ ਅਜਾਂਈ ਹੀ ਜਾਂਦਾ ਰਿਹਾ। ਇਸ ਤਰ੍ਹਾਂ ਦੀ ਕਾਰਗੁਜ਼ਾਰੀ ਦੇ ਹੁੰਦਿਆਂ ਵਿਰੋਧੀ ਧਿਰ ਜਿੰਨੀ ਮਜ਼ਬੂਤ ਸਮਝੀ ਗਈ ਸੀ, ਉਨੀ ਹੀ ਕਮਜ਼ੋਰ ਸਾਬਿਤ ਹੋਈ। ਇਹ ਹਾਕਮ ਧਿਰ ਉਪਰ ਪਿਛਲੇ ਪੰਜ ਸਾਲ ਦੇ ਅਰਸੇ ਦੌਰਾਨ ਕਦੇ ਵੀ ਹਾਵੀ ਨਾ ਹੋ ਸਕੀ। ਇਸ ਨੇ ਹਾਕਮ ਧਿਰ ਉਪਰ ਹਾਵੀ ਹੋਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਇਸ ਦੀ ਥਾਂ ਇਸ ਨੇ ਸਮਾਂ ਟਪਾਉਣਾ ਹੀ ਬਿਹਤਰ ਸਮਝਿਆ। ਇਸ ਨੇ ਤਾਂ ਸਗੋਂ ਪਿਛਲੀ ਵਿਧਾਨ ਸਭਾ ਦਾ ਕਾਰਜਕਾਲ ਸ਼ੁਰੂ ਹੁੰਦਿਆਂ ਸਾਰ ਹੀ ਹਾਕਮ ਧਿਰ ਨਾਲ ਇਕ ਸਦਭਾਵਨਾ ਕ੍ਰਿਕਟ ਮੈਚ ਖੇਡ ਕੇ ਇਹ ਇਸ਼ਾਰਾ ਵੀ ਦਿੱਤਾ ਕਿ ਇਹ (ਵਿਰੋਧੀ ਧਿਰ) ਉਸ ਨੂੰ (ਹਾਕਮ ਧਿਰ) ਨੂੰ ਕੋਈ ਚੁਣੌਤੀ ਨਹੀਂ ਦੇਵੇਗੀ। ਇੰਝ ਵਿਰੋਧੀ ਧਿਰ ਦਾ ਇਹ ਢਿੱਲੜ, ਗ਼ੈਰ-ਜ਼ਿੰਮੇਦਾਰਾਨਾ ਅਤੇ ਲੋਕ ਹਿੱਤਾਂ ਤੋਂ ਨਿੱਖੜਿਆ ਹੋਇਆ ਵਤੀਰਾ ਪੰਜਾਬ ਦੇ ਮੌਜੂਦਾ ਸਿਆਸੀ ਜਮੂਦ ਦੀ ਇਕ ਵਜ੍ਹਾ ਬਣਿਆ। ਵਿਰੋਧੀ ਧਿਰ ਨੇ ਜਿਵੇਂ ਪੰਜਾਂ ਸਾਲਾਂ ਦੌਰਾਨ ਸਥਿਤੀ ਨੂੰ ਤਬਦੀਲ ਕਰਨ ਵਿਚ ਕੋਈ ਯੋਗਦਾਨ ਨਹੀਂ ਪਾਇਆ, ਉਵੇਂ ਹੀ ਇਸ ਅਰਸੇ ਦੌਰਾਨ ਲੋਕਾਂ ਨੇ ਵੀ ਸਥਿਤੀ ਪਹਿਲਾਂ ਵਾਲੀ ਬਣਾਈ ਰੱਖਣੀ ਹੀ ਬਿਹਤਰ ਸਮਝੀ।

ਜਿਵੇਂ ਜਨਤਕ ਮਹੱਤਵ ਦੇ ਮੁੱਦਿਆਂ ਨੂੰ ਵਿਧਾਨ ਸਭਾ ਅੰਦਰ ਅਸਰਦਾਇਕ ਢੰਗ ਨਾਲ ਨਾ ਉਠਾ ਕੇ ਵਿਧਾਨ ਸਭਾ ਅੰਦਰਲੀ ਵਿਰੋਧੀ ਧਿਰ ਨੇ ਹੁਕਮਰਾਨ ਧਿਰ ਨੂੰ ਅਸਿੱਧੇ ਤਰੀਕੇ ਨਾਲ ਸਹਿਯੋਗ ਦਿੱਤਾ, ਉਸੇ ਤਰ੍ਹਾਂ ਕਈ ਮਾਮਲਿਆਂ ਵਿਚ ਇਸ ਨੇ ਹਾਕਮ ਧਿਰ ਨੂੰ ਸਿੱਧਾ ਸਹਿਯੋਗ ਵੀ ਦਿੱਤਾ। ਜਦੋਂ ਵਿਧਾਨ ਸਭਾ ਮੈਂਬਰਾਂ ਦੀਆਂ ਤਨਖਾਹਾਂ, ਭੱਤਿਆਂ ਆਦਿ ਵਿਚ ਭਾਰੀ ਵਾਧੇ ਦਾ ਪ੍ਰਸਤਾਵ ਪਾਸ ਕਰਨ ਦਾ ਵੇਲਾ ਆਇਆ ਤਾਂ ਅਕਾਲੀ-ਭਾਜਪਾ-ਕਾਂਗਰਸੀ ਮੈਂਬਰਾਂ ਨੇ ਮਿਸਾਲੀ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ। ਹੋਰ ਵੀ ਕਈ ਮੌਕਿਆਂ 'ਤੇ ਵਿਰੋਧੀ ਧਿਰ ਸਰਕਾਰੀ ਧਿਰ ਨਾਲ ਖੜ੍ਹੀ ਦਿਖਾਈ ਦਿੰਦੀ ਰਹੀ। ਇਉਂ ਵਿਰੋਧੀ ਧਿਰ ਵਿਰੋਧੀ ਨਾ ਰਹਿ ਕੇ ਸਰਕਾਰੀ ਧਿਰ ਦੀ ਸਹਿਯੋਗੀ ਧਿਰ ਹੀ ਬਣੀ ਰਹੀ। ਜਦੋਂ ਵਿਰੋਧ ਦੀ ਧਿਰ ਇਸ ਕਦਰ ਸ਼ਿਥਲ ਪੈ ਜਾਵੇ ਤਾਂ ਸਿਆਸੀ ਸਥਿਤੀ ਵਿਚ



ਬਦਲਾਵ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ। ਪੰਜਾਬ ਵਿਚ ਸੱਤਾ ਦੀ ਹੱਥ ਬਦਲੀ ਦੀਆਂ ਕਿਆਸਅਰਾਈਆਂ ਦੇ ਦੌਰਾਨ ਦੋਵੇਂ ਧਿਰਾਂ ਦੀਆਂ ਪ੍ਰਾਪਤ ਸੀਟਾਂ ਵਿਚਕਾਰਲੇ ਅੰਤਰ ਦੇ ਘੱਟ ਰਹਿਣ ਦੀ ਸੰਭਾਵਨਾ ਵੀ ਦਰਸਾਈ ਗਈ ਸੀ। ਇਸ ਦਾ ਅਰਥ ਵੀ ਇਹੋ ਨਿਕਲਦਾ ਹੈ ਕਿ ਪੰਜਾਬ ਦੀ ਸਿਆਸੀ ਖੜ੍ਹੋਤ ਨੂੰ ਅਚੇਤ ਹੀ ਮਹਿਸੂਸ ਕੀਤਾ ਜਾ ਰਿਹਾ ਸੀ। ਨਤੀਜਿਆਂ ਨੇ ਸਾਬਿਤ ਕਰ ਦਿੱਤਾ ਕਿ

> ਨਤੀਜੇ ਨਿਕਲਣੇ ਸ਼ੁਰੂ ਹੋਏ ਤਾਂ ਭਵਿੱਖਬਾਣੀਆਂ ਵਿਚ ਵੱਡੇ ਉਲਟ-ਫੇਰ ਹੋ ਗਏ। ਚੈਨਲਾਂ ਤੇ ਏਜੰਸੀਆਂ ਦੇ ਚੋਣ ਸਰਵੇਖਣ ਐਵੇਂ ਸ਼ੁਗਲ ਮਾਤਰ ਹੀ ਸਿੱਧ ਹੋਏ।

ਇਹ ਖੜ੍ਹੋਤ ਤਾਂ ਹੋਰ ਵੀ ਗਹਿਰਾਈ ਹੋਈ ਸੀ। ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਿਚ ਪਿਛਲੀ ਵਿਧਾਨ ਸਭਾ ਨੇ ਆਪਣੇ ਆਪ ਨੂੰ ਦੁਹਰਾਅ ਕੇ ਸਭ ਰਾਜਸੀ ਵਿਸ਼ਲੇਸ਼ਕਾਂ ਨੂੰ ਹੈਰਾਨ ਕਰ ਦਿੱਤਾ।

ਵਿਧਾਨ ਸਭਾ ਤੋਂ ਬਾਹਰ ਵੀ ਪ੍ਰਮੁੱਖ ਵਿਰੋਧੀ ਧਿਰ, ਇਸ ਵਾਰ ਸੱਤਾ ਦੀ ਦਾਅਵੇਦਾਰ ਅਰਥਾਤ ਕਾਂਗਰਸ ਪਾਰਟੀ, ਪੰਜ ਸਾਲ ਆਰਾਮ ਕਰਦੀ ਹੀ ਦਿਖਾਈ ਦਿੱਤੀ। ਇਸ ਨੇ ਕਿਸੇ ਵੀ ਮੁੱਦੇ ਉਤੇ ਕੋਈ ਲਹਿਰ ਉਸਾਰਨ, ਹਾਕਮ ਧਿਰ ਦਾ ਤਿੱਖਾ ਵਿਰੋਧ ਕਰਨ ਅਤੇ ਜਨਤਾ ਦਾ ਭਰੋਸਾ ਜਿੱਤਣ ਦਾ ਤਰੱਦਦ ਨਹੀਂ ਕੀਤਾ। ਉਂਝ ਵੀ ਹੁਕਮਰਾਨ ਗਠਜੋੜ ਅਤੇ ਕਾਂਗਰਸ ਦੁਆਰਾ ਰਾਸ਼ਟਰੀ ਪੱਧਰ 'ਤੇ ਅਪਣਾਈਆਂ ਨੀਤੀਆਂ ਸਮਰੂਪ ਹੀ ਹਨ। ਇਸ ਲਈ ਨਿਜੀਕਰਨ ਵਰਗੇ ਮੁੱਦਿਆਂ 'ਤੇ ਤਾਂ ਕਾਂਗਰਸ ਦੀ ਚੁਣੌਤੀ ਵੈਸੇ ਹੀ ਖ਼ਤਮ ਹੋ ਜਾਂਦੀ ਹੈ। ਕੇਵਲ ਖੇਤਰੀ ਪੱਧਰ 'ਤੇ ਹੀ ਕੁਝ ਅਜਿਹਾ ਕਰਨਾ ਸੰਭਵ ਸੀ, ਜਿਸ ਨਾਲ ਪੰਜਾਬ ਦੇ ਲੋਕਾਂ ਦਾ ਮਨ ਜਿੱਤਿਆ ਜਾਂ ਮੋੜਿਆ ਜਾ ਸਕੇ। ਇਹ ਪ੍ਰਯੋਗ ਬੀਤੇ ਵਰ੍ਹਿਆਂ 'ਚ ਕਾਂਗਰਸ ਲਈ ਲਾਹੇਵੰਦ ਵੀ ਰਿਹਾ ਸੀ, ਜਦੋਂ ਇਸ ਨੇ ਆਪਣੀ ਸਰਕਾਰ ਸਮੇਂ ਕਿਸਾਨਾਂ ਲਈ ਕਈ ਵਧੀਆ ਕੰਮ ਕੀਤੇ ਸਨ। ਮੰਡੀਆਂ ਵਿਚ ਖੇਤੀ ਜਿਣਸਾਂ ਵੇਚਣ ਦਾ ਸੁਚਾਰੂ ਬੰਦੋਬਸਤ ਕੀਤਾ ਸੀ, ਨਰਮਾ ਪੱਟੀ ਦੀ ਆਰਥਿਕਤਾ ਨੂੰ ਮੁੜ ਪੈਰਾਂ ਸਿਰ ਕਰਨ ਦਾ ਠੋਸ ਉਪਰਾਲਾ ਕੀਤਾ ਸੀ ਅਤੇ ਪਾਣੀਆਂ ਦੇ ਮੁੱਦੇ 'ਤੇ ਵੀ ਦਲੇਰਾਨਾ ਸਟੈਂਡ ਲਿਆ ਸੀ। ਪਰ ਇਸ ਵਾਰ ਇਸ ਦੀ ਖੇਤਰੀ ਅਪੀਲ ਕਿਧਰੇ ਦਿਖਾਈ ਨਹੀਂ ਦਿੱਤੀ। ਸੋ, ਪੰਜਾਬ ਦੇ ਲੋਕਾਂ ਨੇ ਇਹੋ ਪ੍ਰਭਾਵ ਲਿਆ ਕਿ ਦੋਵੇਂ ਪ੍ਰਮੁੱਖ ਧਿਰਾਂ ਕੋਲ ਪੰਜਾਬ ਲਈ ਵਧੇਰੇ ਕੁੱਝ ਨਹੀਂ ਹੈ। ਦੋਵਾਂ ਦਾ ਆਰਥਿਕ ਏਜੰਡਾ ਇਕ ਹੀ ਹੈ, ਜਿਸ ਦੇ ਕਾਰਨ ਸੂਬੇ ਵਿਚ ਜਮੂਦ ਦੀ ਅਵਸਥਾ ਬਰਾਬਰ ਬਣੀ ਆ ਰਹੀ ਹੈ। ਇਹੋ ਜਮੂਦ ਇਸ ਵਾਰ ਸਿਆਸੀ ਜਮੂਦ ਵਿਚ ਵੀ ਪ੍ਰਗਟ ਹੋ ਗਿਆ।

ਪੰਜਾਬ ਦਾ ਸਨਅਤੀ ਸੈਕਟਰ ਅਤੇ ਖੇਤੀ ਸੈਕਟਰ ਦੋਵਾਂ ਦਾ ਹੀ ਅਗਲੇਰਾ ਵਿਕਾਸ ਰੁਕਿਆ ਹੋਇਆ ਹੈ। ਇਨ੍ਹਾਂ ਸੈਕਟਰਾਂ ਦੀ ਖੜ੍ਹੋਤ ਟੁੱਟਣ ਵਿਚੋਂ ਹੀ ਪੰਜਾਬ ਦੀ ਸਿਆਸੀ ਖੜ੍ਹੋਤ ਟੁੱਟਣ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਇਨ੍ਹਾਂ ਦੋ ਪ੍ਰਮੁੱਖ ਮੁਹਾਜ਼ਾਂ 'ਤੇ ਜਦੋਂ ਪ੍ਰਮੁੱਖ ਵਿਰੋਧੀ ਧਿਰ ਆਪਣੀ ਸਰਗਰਮੀ ਕੇਂਦਰਿਤ ਕਰੇਗੀ, ਤਦ ਹੀ ਉਹ ਸਿਆਸੀ ਖੇਤਰ ਵਿਚ ਅਗਲੇ ਕਦਮ ਪੁੱਟ ਸਕੇਗੀ। ਆਪਣੀ ਹਾਰ ਨੂੰ ਭਾਵੁਕ ਪੱਧਰ 'ਤੇ ਪੜਚੋਲਦਿਆਂ ਪਾਰਟੀ ਅੰਦਰ ਪਹਿਲਾਂ ਹੀ ਛਿੜੇ ਹੋਏ ਕਲੇਸ਼ ਨੂੰ ਹੋਰ ਵਧਾ ਲੈਣ ਵਿਚ ਪਾਰਟੀ ਨੂੰ ਹੋਰ ਵੀ ਨੁਕਸਾਨ ਪਹੁੰਚੇਗਾ, ਇਸ ਦੀ ਥਾਂ ਹਾਰ ਲਈ ਸਰਬਪੱਖੀ ਸਮੂਹਿਕ ਜ਼ੁੰਮੇਵਾਰੀ ਕਬੂਲਦਿਆਂ ਹੋਇਆਂ ਅਤੇ ਲੋਕ ਫਤਵੇ ਨੂੰ ਖਿੜੇ ਮੱਥੇ ਸਵੀਕਾਰਦਿਆਂ ਭਵਿੱਖ ਵਿਚ ਸਾਰਥਕ ਲੋਕ ਪੱਖੀ ਪਹੁੰਚ ਅਪਣਾਉਣ ਦੀ ਲੋੜ ਹੈ।

ਪਿਛਲੀ ਵਿਧਾਨ ਸਭਾ ਅੰਦਰਲੀ ਵਿਰੋਧੀ ਧਿਰ ਦੀ ਕਾਰਗੁਜ਼ਾਰੀ ਤੋਂ ਸਪਸ਼ਟ ਹੈ ਕਿ ਇਸ ਦੀ ਮਜ਼ਬੂਤੀ ਦਾ ਆਧਾਰ ਕੇਵਲ ਇਸ ਦੇ ਮੈਂਬਰਾਂ ਦੀ ਪ੍ਰਭਾਵਸ਼ਾਲੀ ਸੰਖਿਆ ਹੀ ਨਹੀਂ ਹੁੰਦੀ, ਸਗੋਂ ਇਸ ਦੁਆਰਾ ਲੋਕ ਹਿੱਤਾਂ ਲਈ ਉਠਾਈ ਗਈ ਆਵਾਜ਼ ਅਤੇ ਦਿਖਾਈ ਗਈ ਸਰਗਰਮੀ ਹੁੰਦੀ ਹੈ। ਇਹ ਆਵਾਜ਼ 'ਤੇ ਸਰਗਰਮੀ ਵੀ ਤਦ ਹੀ ਅਸਰਦਾਇਕ ਹੁੰਦੀ ਹੈ, ਜੇਕਰ ਵਿਰੋਧੀ ਧਿਰ ਕੋਲ ਬਿਹਤਰ ਵਿਚਾਰਧਾਰਾ, ਬਿਹਤਰ ਨੀਤੀਆਂ ਅਤੇ ਸੰਘਰਸ਼ ਦਾ ਲੋਕ ਪੱਖੀ ਪੈਂਤੜਾ ਹੋਵੇ। ਅਜਿਹਾ ਨਾ ਹੋਣ ਦੀ ਸੂਰਤ ਵਿਚ ਸਿਆਸੀ ਖੜ੍ਹੋਤ ਦਾ ਪੈਦਾ ਹੋ ਜਾਣਾ ਸੁਭਾਵਿਕ ਹੀ ਹੁੰਦਾ ਹੈ। ਪੰਜਾਬ ਦੇ ਲੋਕ ਫਤਵੇ-2012 ਨੇ ਹੁਣੇ-ਹੁਣੇ ਇਸੇ ਖੜ੍ਹੋਤ ਦਾ ਪ੍ਰਗਟਾਵਾ ਕੀਤਾ ਹੈ, ਜਦ ਕਿ ਰਾਸ਼ਟਰੀ ਪੱਧਰ ਦੀ ਸਿਆਸੀ ਸਥਿਤੀ ਨੇ ਵੀ ਖੜ੍ਹੋਤ ਦੇ ਸੰਕੇਤ ਹੀ ਦਿੱਤੇ ਹਨ।

# ਅਪ੍ਰੈਲ ਦੀਆਂ ਫੁਹਾਰਾਂ ਬਰਫ਼ ਲਿਆਉਂਦੀਆਂ ਹਨ ਅਲਬਰਟਾ ਵਿਚ

ਸੱਚ ਜਾਣਿਓ, ਇਹ ਮਾਰਚ ਦਾ ਅਖੀਰ ਹੈ, ਸਾਡੀਆਂ ਛੁੱਟੀਆਂ ਤੋਂ ਪਹਿਲਾਂ ਦਾ ਅੰਤਲਾ ਦਿਨ ਅਤੇ ਮੈਂ ਆਪਣੀ ਖਿੜਕੀ ਤੋਂ ਬਾਹਰ ਚੱਲ ਰਿਹਾ ਝਾਂਜਾ ਤੱਕ ਰਹੀ ਹਾਂ। ਪਿਛਲੇ ਸਪਤਾਹ ਦੇ ਅਖੀਰ 'ਤੇ ਮੈਨੂੰ ਅਜਿਹੀ ਹੀ ਬਹਾਰ ਦੀ ਉਮੀਦ ਸੀ। ਮੈਂ ਆਪਣੇ ਰਸੋਈ ਮੇਜ਼ 'ਤੇ ਬੈਠੀ ਹਾਂ, ਗਰਮ ਚਾਹ ਦਾ ਕੱਪ ਲਈ ਤੇ ਡੈਕ ਨੂੰ ਤੱਕਣ ਦੀ ਕੋਸ਼ਿਸ਼ ਕਰ ਰਹੀ ਹਾਂ। (ਹੁਣ ਬਰਫ਼ ਨਾਲ ਢਕਿਆ ਹੋਇਆ) ਜਿਹੜਾ ਇਕ ਹਫ਼ਤਾ ਪਹਿਲਾਂ ਮੇਰੇ ਆਰ ਬੀ ਕਿਊ ਦਾ ਹਿੱਸਾ ਬਣ ਰਿਹਾ ਸੀ।

ਮੈਂ ਦੋ ਸਾਈਕਲ ਸਵਾਰ ਦੇਖੇ, ਜਿਨ੍ਹਾਂ ਨੇ ਮੈਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਮੈਂ ਆਪਣੀ ਬਾਈਕ ਕੱਢੀ। ਇਸ ਪੇਸ਼ਗੀ ਉਤਸ਼ਾਹ ਨਾਲ ਕਿ ਮੈਂ ਬਸੰਤ ਦੀਆਂ ਛੁੱਟੀਆਂ ਤੋਂ ਤੁਰੰਤ ਬਾਅਦ ਰਾਈਡਿੰਗ ਕਰਾਂਗੀ। ਮੈਂ ਇਸ ਸਵੇਰ ਨਾ ਰੁਕਣ ਦਾ ਰਾਹ ਚੁਣਿਆ। ਮੈਂ ਜ਼ਰੂਰ ਉਹੋ ਹੀ ਕੀਤਾ, ਜਿਸ ਨੂੰ ਤੁਸੀਂ 'ਭੈੜਾ ਵਤੀਰਾ' ਖਿਆਲ ਕਰੋਗੇ। ਜਿਵੇਂ ਕਿ ਮੈਂ ਇਸ ਰਾਤ ਆਪਣੀ ਖੁਸ਼ੀ ਦੇ ਭੈੜੇ ਪ੍ਰਦਰਸ਼ਨ ਦਾ ਪ੍ਰਗਟਾਵਾ ਕੀਤਾ, ਮੈਨੂੰ ਲੱਗਿਆ ਸਾਡੇ ਕਿਸ਼ੋਰ ਕਾਫੀ ਕੁਝ ਇਸ ਤਰ੍ਹਾਂ ਦੇ ਹੀ ਹਨ। ਮਾੜੇ ਵਤੀਰੇ ਉਨ੍ਹਾਂ ਨੂੰ ਉਹ ਕਰਨੋ ਰੋਕਦੇ ਹਨ, ਜੋ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ। ਘੋਲ ਕੋਈ ਮਦਦ ਨਹੀਂ ਕਰਦੀ। ਇਹ ਵਰ੍ਹਾ ਤੇਜ਼ੀ ਨਾਲ ਸਮਾਪਤੀ ਵੱਲ ਵਧ ਰਿਹਾ ਹੈ। ਇਕ ਵਾਰ ਮਾਰਚ ਨਿਕਲਿਆ



ਕੌਲੀਨ ਮਕਲੌ ਕਲਿੱਕ
ਮੁਖੀ ਅੰਗਰੇਜ਼ੀ ਵਿਭਾਗ
ਜੇ ਪਰਸੀ ਪੇਜ ਹਾਈ ਸਕੂਲ
ਐਡਮਿੰਟਨ, ਅਲਬਰਟਾ
780 462 3322
colleen.mccullough@epsb.ca

ਨਹੀਂ ਕਿ ਅਸੀਂ ਅਪ੍ਰੈਲ ਵਿਚ ਜਾ ਪੁੱਜਦੇ ਹਾਂ ਅਤੇ ਇਸ ਤੋਂ ਪਹਿਲਾਂ ਹੀ ਸਾਨੂੰ ਇਸ ਦਾ ਪਤਾ ਲੱਗੇ ਅੱਧ ਆ ਗਿਆ ਅਤੇ ਬੀਤ ਵੀ ਗਿਆ ਹੁੰਦਾ ਹੈ ਅਤੇ ਅਸੀਂ ਮਈ ਵਿਚ ਲੰਮਾ ਸਪਤਾਹ ਅੰਤ ਮਨਾ ਰਹੇ ਹੁੰਦੇ ਹਾਂ। ਇਹ ਅਜਿਹੀ ਤੇਜ਼ੀ ਨਾਲ ਵਾਪਰਦਾ ਹੈ। ਸੋ, ਅਸੀਂ ਇਸ ਸਮੈਸਟਰ ਵਿਚ ਵਿਦਿਆਰਥੀਆਂ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਕੀ ਕਰ ਸਕਦੇ ਹਾਂ। ਵਾਰਤਾਲਾਪ ਕਰੋ ਅਤੇ ਉਨ੍ਹਾਂ ਤੋਂ ਉਨ੍ਹਾਂ ਦੇ ਦਿਨ ਬਾਰੇ ਪੁੱਛੋ, ਉਨ੍ਹਾਂ ਦੀਆਂ ਪੁਸਤਕਾਂ 'ਤੇ ਦੇਖੋ ਅਤੇ ਸਕੂਲ ਜ਼ੋਨ ਦੀ ਪੜਤਾਲ ਕਰੋ। ਸਾਡੇ ਕੋਲ ਪੇਜ ਵਿਖੇ ਅਜਿਹਾ ਵਧੀਆ ਸਕੂਲੀ ਜੀਵਨ ਹੈ ਅਤੇ ਅਧਿਆਪਕ ਹਨ ਜਿਹੜੇ ਤੁਹਾਡੇ ਵਿਦਿਆਰਥੀਆਂ ਦੀ ਉਨੀ ਮਦਦ ਕਰਨਾ ਚਾਹੁੰਦੇ ਹਨ, ਜਿੰਨੀ ਉਹ ਵੱਧ ਤੋਂ ਵੱਧ ਕਰ ਸਕਦੇ ਹਨ। ਮੈਂ ਸੋਚਦੀ ਹਾਂ ਕਿ ਇਹ ਦੱਖਣੀ ਪਾਸੇ ਦਾ ਸਭ ਤੋਂ ਵਧੀਆ ਸਕੂਲ ਹੈ (ਮੈਂ ਉਲਾਰ ਵੀ ਹੋ ਸਕਦੀ ਹਾਂ), ਪ੍ਰੰਤੂ ਗੱਲ ਸਹੀ ਹੈ। ਤੁਹਾਡੇ ਵਿਚੋਂ ਉਨ੍ਹਾਂ ਲਈ ਜਿਹੜੇ ਸਾਡੇ ਭਾਈਚਾਰੇ ਲਈ ਨਵੇਂ ਹਨ, ਅਸੀਂ ਬਸੰਤ ਦੀਆਂ ਛੁੱਟੀਆਂ ਤੋਂ ਫੌਰਨ ਬਾਅਦ ਰਜਿਸਟਰੇਸ਼ਨ ਸ਼ੁਰੂ ਕਰਾਂਗੇ ਅਤੇ ਮੈਨੂੰ ਹਮੇਸ਼ਾਂ ਇਸ ਗੱਲ ਦੀ ਉਤਸੁਕਤਾ ਰਹੀ ਹੈ ਕਿ ਸਾਡੇ ਕੋਲ ਕਿੰਨੇ ਨਵੇਂ ਵਿਦਿਆਰਥੀ ਆਉਂਦੇ ਹਨ। ਅਸੀਂ ਪਿਛਲੇ ਹਫ਼ਤੇ ਆਪਣਾ ਸਕੂਲ ਖੋਲ੍ਹਿਆ ਅਤੇ ਉਥੇ ਵੱਡੀਆਂ-ਵੱਡੀਆਂ ਅੱਖਾਂ ਵਾਲੇ ਨੌਵੇਂ ਗਰੇਡ ਦੇ ਵਿਦਿਆਰਥੀ ਮਖਿਆਲ ਵਾਂਗ ਮੰਡਰਾ ਰਹੇ ਸਨ। ਉਨ੍ਹਾਂ ਨੂੰ ਦੇਖਣਾ ਬੜਾ ਚੰਗਾ ਲੱਗਾ। ਮੈਂ ਤੁਹਾਡੇ ਵਿਦਿਆਰਥੀਆਂ ਨਾਲ ਇਥੇ ਪੇਜ ਵਿਖੇ ਕੰਮ ਕਰਨਾ ਜਾਰੀ ਰੱਖਣ ਜਾ ਰਹੀ ਹਾਂ ਅਤੇ ਜੇਕਰ ਤੁਸੀਂ ਆਪਣੇ ਵਿਦਿਆਰਥੀ ਦੀ ਅਗਲੇ ਸੈਸ਼ਨ ਲਈ ਰਜਿਸਟ੍ਰੇਸ਼ਨ ਕਰਵਾਉਣ ਦੀ ਇੱਛਾ ਰੱਖਦੇ ਹੋ ਤਾਂ ਮੈਂ ਤੁਹਾਨੂੰ ਮਿਲਣ ਲਈ ਉਡੀਕ ਕਰ ਰਹੀ ਹਾਂ। ਖੁਸ਼ੀਆਂ ਭਰੀਆਂ ਤੇ ਸੁਰੱਖਿਅਤ ਛੁੱਟੀਆਂ ਲਈ ਸ਼ੁਭਕਾਮਨਾਵਾਂ।

# ਬੰਗਲਾਦੇਸ਼ ਬਨਾਮ ਮਜ਼ਦੂਰ ਲਹਿਰ

ਡਾ. ਅਜੀਤਪਾਲ ਸਿੰਘ ਐਮ.ਡੀ.
98156-29301

1947 ਦੀ ਵੰਡ ਪਿਛੋਂ ਪੂਰਬੀ ਬੰਗਾਲ ਪਾਕਿਸਤਾਨ ਦੇ ਹਿੱਸੇ ਅਤੇ ਪੱਛਮੀ ਬੰਗਾਲ ਭਾਰਤ ਦੇ ਹਿੱਸੇ ਆਇਆ। 'ਅਜ਼ਾਦੀ ਦੀ ਲੜਾਈ' 'ਚ ਕਾਂਗਰਸ ਪਾਰਟੀ ਮੁਸਲਿਮ ਲੀਗ ਤੇ ਦੋਨੋਂ ਬੰਗਾਲਾਂ ਦੇ ਕਮਿਊਨਿਸਟਾਂ ਨੇ ਹਿੱਸਾ ਲਿਆ ਸੀ। ਕਮਿਊਨਿਸਟਾਂ ਦਾ ਮੰਨਣਾ ਸੀ ਕਿ ਇਹ ਅਜ਼ਾਦੀ ਝੂਠੀ ਹੈ ਕਿਉਂਕਿ ਇਸ ਨਾਲ ਮਜ਼ਦੂਰ ਜਮਾਤ ਦੀ ਆਰਥਕ ਹਾਲਤ 'ਚ ਕੋਈ ਸੁਧਾਰ ਨਹੀਂ ਹੋਇਆ। ਵੰਡ ਪਿੱਛੋਂ ਪੂਰਬੀ ਬੰਗਾਲ ਦੇ ਸੀ.ਪੀ.ਆਈ. ਦੇ 20 ਹਜ਼ਾਰ ਮੈਂਬਰਾਂ ਵਿਚੋਂ ਲਗਭਗ ਦੋ ਤਿਹਾਈ ਲੋਕਾਂ ਨੂੰ 1950 ਦੀ ਫਿਰਕੂ ਹਿੰਸਾ ਪਿਛੋਂ ਪੱਛਮੀ ਬੰਗਾਲ 'ਚ ਜਾ ਕੇ ਸ਼ਰਨ ਲੈਣੀ ਪਈ ਕਿਉਂਕਿ ਉਹ ਹਿੰਦੂ ਸਨ। ਉਧਰ ਪੂਰਬੀ ਬੰਗਾਲ 'ਚ ਮੁਸਲਿਮ ਲੀਗ ਦੀ ਸਰਕਾਰ ਨੇ 'ਰਾਜ ਜ਼ਮੀਨੀ ਕਬਜ਼ਾ' ਤੇ 'ਕਾਸ਼ਤਕਾਰੀ' ਕਾਨੂੰਨ ਨੂੰ ਪਾਸ ਕੀਤਾ ਜਿਸ ਨੂੰ ਆਮ ਕਰਕੇ ਅਗਾਂਹ ਵਧੂ ਕਾਨੂੰਨ ਸਮਝਿਆ ਜਾਂਦਾ ਸੀ। ਇਸ ਕਾਨੂੰਨ ਨੇ ਪੂਰਬੀ ਬੰਗਾਲ ਭਾਵ ਪਾਕਿਸਤਾਨ ਦੇ ਇਸ ਹਿੱਸੇ 'ਤੇ ਕਾਫੀ ਅਸਰ ਪਾਇਆ ਅਤੇ ਅਜਿਹਾ ਲੱਗਿਆ ਕਿ ਇਕ ਹੱਦ ਤਕ ਇਸ ਨਾਲ ਚੰਗੇ ਸਮਾਜ ਦੀ ਉਸਾਰੀ ਹੋ ਸਕਦੀ ਹੈ। ਅਜਿਹਾ ਇਸ ਲਈ ਵੀ ਮਹਿਸੂਸ ਹੋਇਆ ਕਿ ਪੱਛਮੀ ਪਾਕਿਸਤਾਨ ਦੇ ਪੰਜਾਬ, ਸਿੰਧ ਬਲੋਚਿਸਤਾਨ ਅਤੇ ਸਰਹੱਦੀ ਇਲਾਕਿਆਂ 'ਚ ਜ਼ਿੰਮੀਦਾਰੀ ਪ੍ਰਥਾ ਕਾਫੀ ਮਜ਼ਬੂਤ ਸੀ। ਇਸ ਕਾਨੂੰਨ ਨੇ ਇਕ ਧੋਖਾ ਖੜਾ ਕੀਤਾ ਜਿਸ ਨਾਲ ਜਮਾਤੀ ਸੰਘਰਸ਼ ਚਲਾਉਣ ਵਾਲੇ ਕਮਿਊਨਿਸਟਾਂ ਸਾਹਮਣੇ ਕੁਝ ਦਿੱਕਤਾਂ ਪੈਦਾ ਹੋਈਆਂ। 1956-57 'ਚ ਅਵਾਮੀ ਲੀਗ ਦੇ ਐਚ.ਐਸ.ਸੁਹਰਾਵਰਦੀ ਪਾਕਿਸਤਾਨ ਦੇ ਪ੍ਰਧਾਨਮੰਤਰੀ ਸਨ। ਉਨ੍ਹਾਂ ਦੀ ਰਵਾਇਤੀ ਵਿਦੇਸ਼ ਨੀਤੀ ਨੇ ਸਮਾਜਵਾਦੀ ਵਿਚਾਰਾਂ ਵਾਲੇ ਮੌਲਾਨਾ ਭਸਾਨੀ ਨੂੰ ਅਵਾਮੀ ਲੀਗ ਛੱਡਣ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਨੇ ਨੈਸ਼ਨਲ ਅਵਾਮੀ ਪਾਰਟੀ ਨਾਂ ਦੀ ਇਕ ਨਵੀਂ ਪਾਰਟੀ ਜਥੇਬੰਦ ਕੀਤੀ। ਜਨਰਲ ਅਯੂਬ ਖਾਂ ਦੀ ਸਰਕਾਰ ਜਿਵੇਂ-ਜਿਵੇਂ ਚੀਨ ਦੇ ਨੇੜੇ ਹੁੰਦੀ ਗਈ ਮੌਲਾਨਾ ਭਸਾਨੀ ਦੀ ਸਮਾਜਵਾਦੀ ਰਾਜਨੀਤੀ ਕਮਜ਼ੋਰ ਪੈਂਦੀ ਗਈ ਅਤੇ ਮੁਕਾਬਲਤਨ ਇਕ ਇਨਕਲਾਬੀ ਪਾਰਟੀ 'ਕਮਿਊਨਿਸਟ ਪਾਰਟੀ ਆਫ ਈਸਟ ਪਾਕਿਸਤਾਨ' (CPEP) ਦਾ ਗਠਨ ਹੋਣ ਲੱਗਿਆ। ਇਸ ਦੌਰਾਨ 1962 ਆਉਂਦੇ-ਆਉਂਦੇ ਕੌਮਾਂਤਰੀ ਕਮਿਊਨਿਸਟ ਸੰਘਰਸ਼ ਦੋ ਧਾਰਾਵਾਂ 'ਚ ਵੰਡਿਆ ਗਿਆ ਸੀ। ਇਸ ਦਾ ਅਸਰ ਸੀ.ਪੀ.ਆਈ. 'ਤੇ ਵੀ ਪਿਆ। ਇਸ 'ਚ ਵੀ ਸੋਵੀਅਤ ਤੇ ਚੀਨ ਹਮਾਇਤੀ ਦੋ ਕੈਂਪ ਬਣ ਗਏ। ਸੋਵੀਅਤ ਹਮਾਇਤੀ ਕੈਂਪ ਦੀ ਅਗਵਾਈ ਕਾਮਰੇਡ ਮੋਨੀ ਸਿੰਘ ਕਰ ਰਹੇ ਸਨ ਜੋ ਪੁਰਾਣੇ ਹਿੰਦੂ ਜ਼ਿੰਮੀਦਾਰ ਸਨ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਪੁਰਾਣੇ ਮੈਂਬਰ ਸਨ। ਉਨ੍ਹਾਂ ਨੇ ਸ਼ਾਂਤੀਪੂਰਨ ਪਾਰਲੀਮਾਨੀ ਰਾਹ ਰਾਹੀਂ ਸਮਾਜਵਾਦ ਦਾ ਟੀਚਾ ਹਾਸਲ ਕਰਨ ਦੀ ਲੀਹ ਅਖ਼ਤਿਆਰ ਕੀਤੀ।

ਸੀ.ਪੀ.ਆਈ. ਦੇ ਚੀਨ ਹਮਾਇਤੀ ਕੈਂਪ ਦੀ ਅਗਵਾਈ ਮੁਹੰਮਦ ਤੋਹਾ ਤੇ ਸੁਖੇਂਦੂ ਦਸਤੀਕਾਰ ਕਰ ਰਹੇ ਸਨ ਤੇ ਉਨ੍ਹਾਂ ਨੇ ਇਨਕਲਾਬੀ ਜਮਾਤੀ ਸੰਘਰਸ਼ ਦੀ ਲੀਹ ਅਖ਼ਤਿਆਰ ਕੀਤੀ ਜਿਸ ਨੇ ਅੱਗੇ ਚਲ ਕੇ ਮਾਓਵਾਦ ਦਾ ਰੂਪ ਲਿਆ। ਦਰਅਸਲ 1967 'ਚ ਸਿਰਾਜ ਸਿਕਦਰ ਦੀ ਅਗਵਾਈ 'ਚ ਨੌਜਵਾਨ ਕਮਿਊਨਿਸਟਾਂ ਨੇ ਢਾਕੇ 'ਚ ਇਕ ਮਾਓ ਵਿਚਾਰ ਅਧਿਐਨ ਕੇਂਦਰ ਦੀ ਸਥਾਪਨਾ ਕੀਤੀ ਸੀ। ਮਾਓਵਾਦੀ ਰਾਜ ਨੀਤੀ ਦੀ ਸ਼ੁਰੂਆਤ ਇਸ ਕੇਂਦਰ ਤੋਂ ਹੀ ਹੋਈ। ਬੰਗਲਾਦੇਸ਼ ਸੰਘਰਸ਼ ਦੌਰਾਨ ਚੀਨ ਹਮਾਇਤੀ ਸੀ.ਪੀ.ਆਈ. ਦੇ ਦੋ ਹਿੱਸੇ ਹੋ ਗਏ। ਇਸ ਸੰਘਰਸ਼ ਦੌਰਾਨ ਸਿਰਾਜ ਸਿਕਦਰ ਧੜੇ ਨੇ ਪਾਕਿਸਤਾਨ ਤੇ ਭਾਰਤ ਦੋਨਾਂ ਨੂੰ ਬਸਤੀਵਾਦੀ ਤਾਕਤ ਦਸਦਿਆਂ ਇਨ੍ਹਾਂ ਦਾ ਵਿਰੋਧ ਕੀਤਾ। ਇਨ੍ਹਾਂ ਦਾ ਟੀਚਾ ਪੂਰਬੀ ਬੰਗਾਲ ਲੋਕਰਾਜੀ ਗਣਰਾਜ ਦੀ ਉਸਾਰੀ ਕਰਨਾ ਸੀ ਅਤੇ ਇਸ ਲਈ ਇਨ੍ਹਾਂ ਨੇ ਜੂਨ 1971 'ਚ 'ਪੂਰਬੀ ਬੰਗਾਲ ਪ੍ਰੋਲੋਤਾਰੀ ਪਾਰਟੀ' (ਪੀ.ਬੀ.ਐਸ.ਬੀ.) ਦਾ ਗਠਨ ਕੀਤਾ। ਬੰਗਲਾਦੇਸ਼ ਬਣਨ ਪਿੱਛੋਂ ਮੁਜੀਬ ਸਰਕਾਰ ਖ਼ਿਲਾਫ਼ ਇਸ ਦਾ ਹਥਿਆਰਬੰਦ ਸੰਘਰਸ਼ ਜਾਰੀ ਰਿਹਾ। ਸਿਕਦਰ ਦੀ ਪਾਰਟੀ ਨੇ ਪਾਕਿਸਤਾਨ ਦੇ ਖ਼ਿਲਾਫ਼ ਸੰਘਰਸ਼ ਦੀ ਜਦ ਸ਼ੁਰੂਆਤ ਕੀਤੀ ਉਸ ਸਮੇਂ ਚੀਨ ਦੀ ਵਿਦੇਸ਼ ਨੀਤੀ ਭਾਰਤ ਦੇ ਵਿਰੁੱਧ ਪਾਕਿਸਤਾਨ ਨੂੰ ਹਮਾਇਤ ਦੇਣ 'ਚ ਲੱਗੀ ਸੀ। ਸਿਕਦਰ ਨੇ ਅਮਰੀਕੀ ਸਾਮਰਾਜਵਾਦ, ਭਾਰਤੀ ਵਿਸਥਾਰਵਾਦ ਤੇ ਜਾਗੀਰਦਾਰੀ ਖਿਲਾਫ਼ ਸੰਘਰਸ਼ ਛੇੜ ਦਿੱਤਾ ਸੀ। 1966 'ਚ ਰੂਪੋਸ਼ ਰਹਿੰਦਿਆਂ ਪਾਰਟੀਆਂ ਨੇ ਅਨੇਕਾਂ ਕਾਰਵਾਈਆਂ ਕੀਤੀਆਂ। 6 ਮਈ 1970 ਨੂੰ ਕਾਰਲ ਮਾਰਕਸ ਦੇ ਜਨਮ ਦਿਨ ਮੌਕੇ ਇਸ ਗਰੁੱਪ ਨੇ ਢਾਕਾ 'ਚ ਪਾਕਿਸਤਾਨ ਕੌਂਸਲ ਦੇ ਦਫ਼ਤਰ 'ਤੇ ਬੰਬ ਨਾਲ ਹਮਲਾ ਕੀਤਾ। 8 ਜਨਵਰੀ 1970 ਨੂੰ ਇਸ ਨੇ ਢਾਕਾ, ਮੁੰਸ਼ੀਗੰਜ ਤੇ ਮੈਮਨ ਸਿੰਘ 'ਚ ਪੂਰਬੀ ਬੰਗਾਲ ਦਾ ਝੰਡਾ ਲਹਿਰਾਇਆ। ਅਕਤੂਬਰ 1970 ਨੂੰ ਪੂਰਬੀ ਪਾਕਿਸਤਾਨ ਦੀਆਂ ਅਨੇਕਾਂ ਇਮਾਰਤਾਂ ਜਿਹਨਾਂ 'ਚ ਅਮਰੀਕੀ ਸੂਚਨਾ ਦਫ਼ਤਰ ਵੀ ਸ਼ਾਮਲ ਸੀ, 'ਤੇ ਹਮਲੇ ਕੀਤੇ। 1971 'ਚ ਮੁਕਤੀ ਜੰਗ ਦੀ ਸ਼ੁਰੂਆਤ ਦੇ ਨਾਲ ਹੀ ਪਾਰਟੀ ਨੇ ਥਾਂ-ਥਾਂ ਪ੍ਰਤੀਰੋਧ ਇਕਾਈਆਂ ਜਥੇਬੰਦ ਕੀਤੀਆਂ। 30 ਅਪ੍ਰੈਲ 1971 ਨੂੰ ਇਹਨਾਂ ਨੇ 'ਪੂਰਬ ਬੰਗਲੇਰ ਹਥਿਆਰਬੰਦ ਦੇਸ਼ ਪ੍ਰੇਮੀ ਫੌਜ' ਦਾ ਗਠਨ ਕੀਤਾ ਤੇ ਪਾਕਿਸਤਾਨ ਫੌਜ ਵਿਰੁੱਧ ਹਥਿਆਰਬੰਦ ਸੰਘਰਸ਼ ਚਲਾਇਆ। ਚੀਨ ਹਮਾਇਤੀ ਧੜੇ ਜਾਂ ਇਸ ਨਾਲ ਜਿੰਨੇ ਵੀ ਹੋਰ ਧੜੇ ਪੂਰਬੀ ਪਾਕਿਸਤਾਨ ਵਿਚ ਸਰਗਰਮ ਸਮਝੇ ਜਾਂਦੇ ਸਨ ਉਨ੍ਹਾਂ 'ਚੋਂ ਸਿਕਦਰ ਦੀ ਪਾਰਟੀ ਨੇ ਹੀ ਪਾਕਿਸਤਾਨੀ ਸਰਕਾਰ ਖਿਲਾਫ਼ ਸੰਘਰਸ਼ ਚਲਾਇਆ। ਬਾਕੀ ਗੁੱਟਾਂ ਨੇ ਜਾਂ ਤਾਂ ਸਰਕਾਰ ਦਾ ਸਾਥ ਦਿੱਤਾ ਜਾਂ ਚੁੱਪ ਰਹੇ। ਇਸ ਦਾ ਮੁੱਖ ਕਾਰਨ ਸੀ ਕਿ ਚੀਨ ਪੂਰਬੀ ਬੰਗਾਲ ਨੂੰ ਪਾਕਿਸਤਾਨ ਦਾ ਹਿੱਸਾ ਮੰਨਦਾ ਸੀ ਤੇ ਉਸ ਦੇ ਲਿਹਾਜ਼ ਨਾਲ ਉਸ ਖੇਤਰ 'ਚ ਭਾਰਤੀ ਪਸਾਰਵਾਦ ਸਭ ਤੋਂ ਵੱਡਾ ਖਤਰਾ ਸੀ। 3 ਜੂਨ 1971 ਨੂੰ ਬਰਸਿਲ ਜ਼ਿਲ੍ਹੇ 'ਚ 'ਪੂਰਬ ਬੰਗਾਲ ਮਜ਼ਦੂਰ ਪਾਰਟੀ' ਦੇ ਜਥੇਬੰਦ ਹੋਣ ਪਿੱਛੋਂ ਰਵਾਇਤੀ ਤੌਰ 'ਤੇ ਇਕ ਮਾਓਵਾਦੀ ਪਾਰਟੀ ਨੇ ਕੰਮ ਕਰਨਾ ਸ਼ੁਰੂ ਕੀਤਾ। ਬੰਗਲਾਦੇਸ਼ ਬਣਨ ਪਿੱਛੋਂ ਮੁਜੀਬ ਸਰਕਾਰ ਨੂੰ ਭਾਰਤ ਦੀ ਕਠਪੁਤਲੀ ਸਰਕਾਰ ਕਿਹਾ ਗਿਆ ਤੇ ਇਸ ਵਿਰੁੱਧ ਸੰਘਰਸ਼ ਦਾ ਐਲਾਨ ਕੀਤਾ। 14 ਜਨਵਰੀ 1972 ਨੂੰ ਪਾਰਟੀ ਦੀ ਪਹਿਲੀ ਕਾਨਫਰੰਸ ਨੇ ਸਿਕਦਰ ਨੂੰ ਚੇਅਰਮੈਨ ਚੁਣਿਆ। ਅਪ੍ਰੈਲ 1973 'ਚ ਕੁਝ ਧੜਿਆਂ ਨੂੰ ਮਿਲਾ ਕੇ 'ਪੂਰਬ ਬੰਗਲੇਰ ਜਮਾਤੀ ਮੁਕਤੀ ਮੋਰਚਾ' ਨਾਂ ਹੇਠ ਸਾਂਝਾ ਮੋਰਚਾ ਬਣਾਇਆ।

ਇਸ ਪਿੱਛੋਂ ਪਾਰਟੀ ਨੇ ਹਥਿਆਰਬੰਦ ਸੰਘਰਸ਼ ਦਾ ਐਲਾਨ ਕੀਤਾ। ਢਾਕਾ, ਬਰਸਿਲ, ਫਰੀਦਪੁਰ, ਮੈਮਨ ਸਿੰਘ, ਟੰਗੈਲ, ਚਟਗਾਂਵ, ਸਿਲਹਟ ਤੇ ਕੋਸਿਲਾ ਜ਼ਿਲ੍ਹਿਆਂ 'ਚ ਪਾਰਟੀ ਦਾ ਜ਼ਬਰਦਸਤ ਪ੍ਰਭਾਵ ਸੀ। ਢਾਕਾ ਯੂਨੀਵਰਸਿਟੀ 'ਚ ਵੀ ਭਾਰੀ ਗਿਣਤੀ 'ਚ ਇਸ ਦੇ ਹਿਮਾਇਤੀ ਸਨ। ਇਸ ਨੇ ਦੇਸ਼ ਭਰ 'ਚ ਥਾਣਿਆਂ ਉਪਰ ਹਮਲੇ ਕੀਤੇ। ਦਸੰਬਰ 1974 'ਚ ਰਾਜ ਦੇ ਖੁਫ਼ੀਆ ਵਿਭਾਗ ਨੇ ਸਿਰਾਜ ਸਿਕਦਰ ਨੂੰ ਗ੍ਰਿਫ਼ਤਾਰ ਕਰ ਲਿਆ। 2 ਜਨਵਰੀ 1975 ਨੂੰ ਢਾਕਾ ਹਵਾਈ ਅੱਡੇ 'ਤੋਂ ਇਕ ਅਰਧਫੌਜੀ ਕੈਂਪ ਲਿਜਾਂਦੇ ਸਮੇਂ ਉਨ੍ਹਾਂ ਦੀ ਹੱਤਿਆ ਕਰ ਦਿੱਤੀ। ਪਾਰਟੀ 'ਚ ਫੇਰ ਫੁਟ ਪਈ ਪਰ ਮੂਲ ਪਾਰਟੀ ਅਜੇ ਵੀ ਰੂ-ਪੋਸ਼ ਤੇ ਸਰਗਰਮ ਹੈ।

ਧੁਖਦਾ ਕਾਲਮ

# ਮੁਹੱਬਤ ਦੇ ਤਾਜ 'ਤੇ ਰੁਮਾਲ

ਸੁਸ਼ੀਲ ਦੁਸਾਂਝ

ਮੁਹੱਬਤ ਦੇ ਸ਼ਾਹਜਹਾਂਈ ਹੇਜ ਦਾ ਵਿਸਥਾਰ ਹੈ ਤਾਜ ਮਹੱਲ।

ਸਾਹਿਰ ਲੁਧਿਆਣਵੀ ਤਾਜ ਮਹੱਲ ਨੂੰ ਇਕ ਸ਼ਹਿਨਸ਼ਾਹ ਵਲੋਂ ਗਰੀਬਾਂ ਦੀ ਮੁਹੱਬਤ ਦਾ ਉਡਾਇਆ ਹੋਇਆ ਮਜ਼ਾਕ ਕਹਿੰਦੇ ਹਨ-

'ਏਕ ਸ਼ਹਿਨਸ਼ਾਹ ਨੇ ਦੌਲਤ ਕਾ ਸਹਾਰਾ ਲੇਕਰ,
ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ।'

ਦੂਜੇ ਬੰਨੇ ਸ਼ਕੀਲ ਬਦਾਊਨੀ ਦੇ ਸ਼ਿਅਰ ਦਾ ਪਹਿਲਾ ਮਿਸਰਾ ਸਾਹਿਰ ਵਾਲਾ ਹੀ ਹੈ ਪਰ ਦੂਸਰੇ ਮਿਸਰੇ ਵਿਚ ਉਹ ਮੁਹੱਬਤ ਜ਼ਿੰਦਾਬਾਦ ਦਾ ਐਲਾਨ ਇਉਂ ਕਰਦੇ ਹਨ-

'ਏਕ ਸ਼ਹਿਨਸ਼ਾਹ ਨੇ ਦੌਲਤ ਦਾ ਸਹਾਰਾ ਲੇਕਰ,
ਦੁਨੀਆ ਕੋ ਮੁਹੱਬਤ ਕੀ ਨਿਸ਼ਾਨੀ ਦੀ ਹੈ।'

ਆਗਰੇ ਦੇ ਬਹੁਤ ਸਾਰੇ ਲੋਕਾਂ ਲਈ ਤਾਜ ਮਹੱਲ ਉਨ੍ਹਾਂ ਦੀ ਦੋ ਵੇਲਿਆਂ ਦੀ ਰੋਟੀ ਦਾ ਜੁਗਾੜ ਹੈ। ਹਜ਼ਾਰਾਂ ਲੋਕ ਇੱਥੇ ਸੰਗਮਰਮਰ ਨੂੰ ਤਰਾਸ਼ ਕੇ ਨਿੱਕੇ-ਨਿੱਕੇ ਮੁਹੱਬਤ ਦੇ ਤਾਜ ਮਹੱਲ ਬਣਾਉਂਦੇ ਨ, ਵੇਚਦੇ ਹਨ। ਇਹ ਉਨ੍ਹਾਂ ਦਾ ਪਿਛਲੇ 300 ਸਾਲਾਂ ਤੋਂ ਚਲਿਆ ਆ ਰਿਹਾ ਕਾਰੋਬਾਰ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੇ ਬਜ਼ੁਰਗਾਂ ਦਾ ਇਹੀ ਧੰਦਾ ਸੀ ਤੇ ਅੱਗੋਂ ਇਨ੍ਹਾਂ ਦੇ ਬੱਚੇ ਵੀ ਤਾਜ ਮਹੱਲ ਵੇਚ-ਵੇਚ ਕੇ ਪੇਟ ਪਾਲਣਗੇ। ਲੱਖਾਂ ਦੇਸੀ-ਵਿਦੇਸ਼ੀ ਸੈਲਾਨੀ ਉਨ੍ਹਾਂ ਕੋਲੋਂ ਮੁਹੱਬਤ ਦੀ ਇਹ ਨਿਸ਼ਾਨੀ ਖਰੀਦਕੇ ਆਪਣੇ ਘਰਾਂ ਵਿਚ ਜਾ ਸਜਾਉਂਦੇ ਨੇ। ਪਰ ਕਈ ਲੋਕ ਤਾਜ ਮਹੱਲ ਨੂੰ ਆਗਰੇ ਲਈ ਚਿੱਟਾ ਹਾਥੀ ਹੀ ਗਰਦਾਨੀ ਜਾਂਦੇ ਹਨ। ਇਹ ਲੋਕ ਮੰਨਦੇ ਹਨ ਕਿ ਤਾਜ ਮਹੱਲ ਆਗਰੇ ਦੀ ਉਦਯੋਗਿਕ ਮੌਤ ਦਾ ਕਾਰਨ ਬਣਿਆ ਹੈ। ਇਸਨੇ ਆਗਰੇ ਨੂੰ ਸੰਸਾਰ ਭਰ ਵਿਚ ਤਾਂ ਮਾਣ-ਮੱਤੀ ਥਾਂ ਦਿਵਾਈ ਹੈ ਪਰ ਆਗਰਾ ਵਾਸੀਆਂ ਦੀਆਂ ਝੋਲੀਆਂ ਸੱਖਣੀਆਂ ਕਰ ਛੱਡੀਆਂ ਹਨ। ਇਹ ਲੋਕ ਤਾਜ ਮਹੱਲ ਨੂੰ ਆਗਰੇ ਦੀ ਤਰੱਕੀ ਦੇ ਰਾਹ ਵਿਚ ਰੋੜਾ ਸਮਝਦੇ ਹਨ। ਇਹ ਗੱਲ ਕਾਫੀ ਹੱਦ ਤੱਕ ਠੀਕ ਵੀ ਹੈ। ਤਾਜ ਮਹੱਲ ਨੇ ਆਗਰਾ ਨਿਵਾਸੀਆਂ ਨੂੰ ਨਿਕੰਮੇ ਬਣਾ ਛੱਡਿਆ ਹੈ। ਸ਼ਾਹਜਹਾਂ ਵਲੋਂ ਮੁਮਤਾਜ ਦੀ ਮੁਹੱਬਤ ਵਿਚ ਲਿਖੀ ਗਈ ਇਸ ਤਾਜ ਮਹੱਲੀ ਇਬਾਰਤ ਨੇ ਆਗਰਾ ਨਿਵਾਸੀਆਂ ਨੂੰ ਝੂਠੇ ਅਤੇ ਗੱਪਾਂ ਮਾਰਨ ਵਾਲੇ ਪਾਂਡਿਆਂ-ਪੁਜਾਰੀਆਂ ਵਿਚ ਬਦਲ ਦਿੱਤਾ ਹੈ। ਆਗਰੇ ਦਾ ਹਰ ਬੰਦਾ ਹੀ ਸੈਲਾਨੀਆਂ ਲਈ ਗਾਈਡ ਹੈ, ਅਜਿਹਾ ਗਾਈਡ ਜਿਹੜਾ ਤਾਜ ਮਹੱਲ ਦੇ ਇਤਿਹਾਸ ਤੋਂ ਤਾਂ ਬਿਲਕੁਲ ਕੋਰਾ ਹੈ ਪਰ ਸ਼ਾਹਜਹਾਂ ਤੇ ਮੁਮਤਾਜ ਦੇ ਇਸ਼ਕ ਦੇ ਝੂਠੇ ਕਿੱਸੇ ਲਗਾਤਾਰ ਘੜੀ ਜਾਣ ਵਿਚ ਪੂਰੀ ਤਰ੍ਹਾਂ ਮਾਹਿਰ।

ਤਾਜ ਮਹੱਲ ਨੂੰ ਦੇਖਣ ਅਤੇ ਮਹਿਸੂਸ ਕਰਨ ਦੇ ਆਪੋ-ਆਪਣੇ ਨਜ਼ਰੀਏ ਹਨ। ਇਸੇ ਕਰਕੇ ਸਾਹਿਰ ਅਤੇ ਸ਼ਕੀਲ ਬਦਾਊਨੀ ਆਪੋ-ਆਪਣੇ ਸ਼ਿਅਰ ਦੇ ਉਪਰਲੇ ਮਿਸਰੇ ਵਿਚ ਇਕੋ ਜਿਹਾ ਸੋਚਦੇ ਹਨ ਪਰ ਦੂਜੇ ਮਿਸਰੇ ਵਿਚ ਹੀ ਵੱਖੋ-ਵੱਖ ਅਤੇ ਵਿਰੋਧੀ ਦਿਸ਼ਾਵਾਂ ਵੱਲ ਚਲੇ ਜਾਂਦੇ ਹਨ। ਇਹੀ ਤਾਜ ਮਹੱਲ ਦੀ ਮਹਾਨਤਾ ਹੈ। ਇਸੇ ਕਰਕੇ ਤਾਜ ਮਹੱਲ ਦੀਆਂ ਹਜ਼ਾਰਾਂ ਪਰਿਭਾਸ਼ਾਵਾਂ ਮੌਜੂਦ ਹਨ। ਮੁਹੱਬਤ ਦਾ ਗੀਤ, ਪਿਆਰ ਦੀ ਲਾਸ਼ ਲਈ ਸ਼ਰਧਾਂਜਲੀ , ਮੁਹੱਬਤ ਦਾ ਮਰਸੀਆ, ਸੰਗਮਰਮਰ ਦੇ ਅਖਰਾਂ ਨਾਲ ਲਿਖੀ ਗਈ ਪ੍ਰੇਮ ਕਥਾ ਅਤੇ ਹੋਰ ਬਹੁਤ ਕੁਝ ਹੈ ਤਾਜ ਮਹੱਲ। ਹਿੰਦੀ ਸ਼ਾਇਰ ਦਿਨਕਰ ਦੇ ਸ਼ਬਦਾਂ ਵਿਚ, 'ਮਨੁੱਖੀ ਸੋਸ਼ਣ ਦੇ ਪ੍ਰਤੀਕ ਹਨ ਇਹ ਰਾਜ ਮਹੱਲ, ਇਹ ਤਾਜ ਮਹੱਲ।' ਹਿੰਦੀ ਦੀ ਮਾਸਿਕ ਕਹਾਣੀ ਪੱਤਰਿਕਾ 'ਹੰਸ' ਦੇ ਸੰਪਾਦਕ ਰਾਜੇਂਦਰ ਯਾਦਵ ਦੀ ਤਾਜ ਮਹੱਲ ਬਾਰੇ ਟਿੱਪਣੀ ਬੇਹੱਦ ਸਾਰਥਕ ਹੈ। ਉਹ ਕਹਿੰਦੇ ਹਨ, 'ਤਾਜ ਨਾ ਕਿਸੇ ਪੀਰ ਦੀ ਮਜ਼ਾਰ ਹੈ, ਨਾ ਭਗਵਾਨ ਦੀ ਮੂਰਤੀ, ਇਸੇ ਲਈ ਇਹ ਭਾਰਤ ਦਾ ਸਭ ਤੋਂ ਧਰਮ ਨਿਰਪੱਖ ਤੀਰਥ ਹੈ।' ਇਸੇ ਮਹਾਨ ਤੀਰਥ 'ਤੇ ਅੱਜ-ਕੱਲ ਕਬਜ਼ੇ ਦੀ ਲੜਾਈ ਚੱਲ ਰਹੀ ਹੈ।

ਸੁੰਨੀ ਵਕਫ਼ ਬੋਰਡ ਨੇ ਤਾਜ ਮਹੱਲ ਨੂੰ ਆਪਣੀ ਜਾਇਦਾਦ ਐਲਾਨ ਕੇ ਦੁਨੀਆ ਦੇ ਇਸ ਸੱਤਵੇਂ ਅਜੂਬੇ ਨੂੰ ਬਹੁਤ ਛੋਟਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਤਾਜ ਮਹੱਲ ਕੋਈ ਸਧਾਰਨ ਜ਼ਮੀਨ ਦਾ ਟੁੱਕੜਾ ਨਹੀਂ ਹੈ ਤੇ ਨਾ ਹੀ ਆਮ ਮਸੀਤ। ਵਕਫ਼ ਬੋਰਡ ਜਾਂ ਬਹਾਦਰ ਸ਼ਾਹ ਜ਼ਫ਼ਰ ਦੇ ਵੰਸ਼ ਵਿਚੋਂ ਨਿਕਲ ਆਏ ਕਿਸੇ ਵਿਅਕਤੀ ਵਲੋਂ ਇਹਨੂੰ ਆਪਣੀ ਜਾਇਦਾਦ ਐਲਾਨਣਾ ਕਿਸੇ ਵੀ ਕੀਮਤ 'ਤੇ ਪ੍ਰਸੰਗਕ ਨਹੀਂ ਮੰਨਿਆ ਜਾ ਸਕਦਾ। ਵਕਫ਼ ਬੋਰਡ ਕੋਲ ਜਿਹੜੀਆਂ ਪਹਿਲੀਆਂ ਜਾਇਦਾਦਾਂ ਹਨ, ਇਨ੍ਹਾਂ ਦਾ ਪ੍ਰਬੰਧ ਕਰਨਾ ਹੀ ਉਹਦੇ ਲਈ ਬੇਹੱਦ ਮੁਸ਼ਕਲ ਕਾਰਜ ਹੈ ਤੇ ਤਾਜ ਮਹੱਲ ਵਰਗੀ ਕੌਮੀ ਵਿਰਾਸਤ ਨੂੰ ਸਾਂਭਣਾ-ਸੰਵਾਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਭਾਰਤ ਦੀ ਇਸ ਮਹਾਨ ਵਿਰਾਸਤ 'ਤੇ ਕਿਸੇ ਵੀ ਕਿਸਮ ਦਾ ਵਿਵਾਦ ਖੜਾ ਕਰਨਾ ਇਸ ਸੰਗਮਰਮਰੀ ਇਤਿਹਾਸ 'ਤੇ ਮਿੱਟੀ ਚੜਾਉਣ ਦੇ ਤੁੱਲ ਹੈ। ਉਂਜ ਵੀ ਧਰਮ ਦੇ ਆਧਾਰ 'ਤੇ ਹਰ ਵਸਤੂ ਨੂੰ ਦੇਖਣ ਅਤੇ ਕਬਜ਼ਾਉਣ ਦੀਆਂ ਕੋਸ਼ਿਸ਼ਾਂ ਨੇ ਪਹਿਲਾਂ ਹੀ ਸਾਡੇ ਮੁਲਕ ਦੀ ਜਾਨ ਕੱਢੀ ਹੋਈ ਹੈ। ਸਾਨੂੰ ਆਪਣੇ ਧਰਮ-ਨਿਰਪੱਖ ਢਾਂਚੇ ਦੀ ਰਾਖੀ ਲਈ ਇਨ੍ਹਾਂ ਮਾਮਲਿਆਂ ਪ੍ਰਤੀ ਬਿਲਕੁਲ ਸਪਸ਼ਟ ਹੋਣ ਦੀ ਲੋੜ ਹੈ। ਕਿਸੇ ਵੀ ਕੀਮਤ 'ਤੇ ਮੁਹੱਬਤ ਦੇ ਇਸ ਗੀਤ ਨੂੰ ਬੇਸੁਰਾ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਜਾਂਦੇ-ਜਾਂਦੇ ਇਕ ਲਤੀਫ਼ਾ ਹੋ ਜਾਏ-

ਬੱਸ ਵਿਚ ਇਕ ਮੁਸਾਫਰ ਦੂਸਰੇ ਨੂੰ- 'ਭਾਈ ਸਾਹਬ ਮੇਰੀ ਸੀਟ 'ਤੇ ਤੁਸੀਂ ਕਿਵੇਂ ਬੈਠ ਗਏ?'

-'ਸੀਟ ਖਾਲੀ ਸੀ ਮੈਂ ਬੈਠ ਗਿਆ।'

-ਸੀਟ ਮੇਰੀ ਆ, ਮੈਂ ਰੁਮਾਲ ਰੱਖਕੇ ਸੀਟ ਮੱਲੀ ਸੀ।'

-ਕਮਾਲ ਐ ਭਾਈ ਸਾਹਬ! ਕਲ ਨੂੰ ਤੁਸੀਂ ਤਾਜ ਮਹੱਲ 'ਤੇ ਰੁਮਾਲ ਰੱਖ ਦਿਓਗੇ, ਤਾਂ ਤਾਜ ਮਹੱਲ ਤੁਹਾਡਾ ਹੋ ਜਾਊ?'

ਸੋ ਵਕਫ਼ ਬੋਰਡ ਅਤੇ ਹੋਰ ਦਾਅਵੇਦਾਰ ਤਾਜ ਮਹੱਲ 'ਤੇ ਰੁਮਾਲ ਰੱਖੀ ਬੈਠੇ ਹਨ। ਮੁਹੱਬਤ ਦੀਆਂ ਰਮਣੀਕ ਹਵਾਵਾਂ ਇਸ ਰੁਮਾਲ ਨੂੰ ਖ਼ੁਦ-ਬ-ਖ਼ੁਦ ਹੀ ਉਡਾ ਦੇਣਗੀਆਂ।

## ਡਰਬਨ ਜਲਵਾਯੂ ਪਰਿਵਰਤਨ ਸੰਮੇਲਨ

ਭਾਸ਼ਾ ਸਿੰਘ

# ਵਿਕਸਿਤ ਦੇਸ਼ਾਂ ਦਾ ਏਜੰਡਾ

## ਡਰਬਨ ਹੋਇਆ ਅਮਰੀਕਾ ਦੀ ਸਾਮਰਾਜਵਾਦੀ ਜਲਵਾਯੂ ਨੀਤੀ ਦਾ ਸ਼ਿਕਾਰ

ਦੱਖਣੀ ਅਫਰੀਕਾ ਦੇ ਡਰਬਨ ਸ਼ਹਿਰ ਵਿਚ 28 ਨਵੰਬਰ ਤੋਂ 11 ਦਸੰਬਰ ਤੱਕ ਚੱਲਿਆ ਸੰਯੁਕਤ ਰਾਸ਼ਟਰ ਦਾ ਜਲਵਾਯੂ ਸੰਮੇਲਨ-ਅਮਰੀਕੀ ਧੌਂਸ ਅਤੇ ਯੂਰਪੀ ਸੰਘ ਦੀ ਦਾਦਾਗਿਰੀ ਦੇ ਚਲਦਿਆਂ ਕਾਮਯਾਬ ਨਾ ਹੋ ਸਕਿਆ। ਇਹ ਸੰਮੇਲਨ ਤੀਸਰੀ ਦੁਨੀਆ ਦੇ ਵਿਕਾਸ਼ਸੀਲ ਦੇਸ਼ਾਂ ਲਈ ਨਿਰਾਸ਼ਾਜਨਕ ਸਾਬਿਤ ਹੋਇਆ। ਇਹ ਸੰਮੇਲਨ ਅਮਰੀਕਾ ਅਤੇ ਹੋਰ ਵਿਕਸਿਤ ਦੇਸ਼ਾਂ ਦੀ ਵਿਨਾਸ਼ਕਾਰੀ ਜਲਵਾਯੂ ਨੀਤੀ ਉਤੇ ਕੋਈ ਪਾਬੰਦੀ ਲਗਾਉਣ ਵਿਚ ਕਾਮਯਾਬ ਨਹੀਂ ਹੋ ਸਕਿਆ। ਡਰਬਨ ਦੇ ਤੁਰੰਤ ਬਾਅਦ ਜਿਸ ਤਰ੍ਹਾਂ ਨਾਲ ਕੈਨੇਡਾ ਨੇ ਖੁਦ ਨੂੰ ਕਯੋਟੋ ਸਮਝੌਤੇ (ਹੁਣ ਤੱਕ ਦੇ ਇਕਮਾਤਰ ਸਮਾਨਤਾ ਵਾਲੇ ਜਲਵਾਯੂ ਸਮਝੌਤੇ) ਤੋਂ ਵੱਖ ਕੀਤਾ ਹੈ, ਉਸ ਨੇ ਇਹ ਸੰਕੇਤ ਦੇ ਦਿੱਤਾ ਹੈ ਕਿ ਵਿਕਸਿਤ ਦੇਸ਼ ਅਮਰੀਕਾ ਦੀ ਰਾਏ ਉਤੇ ਹੀ ਚਲਣ ਵਾਲੇ ਹਨ। ਰੂਸ, ਜਾਪਾਨ, ਮੈਕਸਿਕੋ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਇਸ ਸਮਝੌਤੇ ਨਾਲ ਨਹੀਂ ਬੰਨ੍ਹੇ ਜਾਣਗੇ।

ਡਰਬਨ ਵਿਚ ਧਰਤੀ ਨੂੰ ਬਚਾਉਣ ਲਈ ਚੱਲ ਰਹੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਆਖਿਰਕਾਰ ਕੌਮਾਂਤਰੀ ਧੌਂਸ ਦੇ ਅੱਗੇ ਗੋਡੇ ਟੇਕਣੇ ਪਏ। ਧਰਤੀ ਨੂੰ ਜਲਵਾਯੂ ਪਰਿਵਰਤਨ ਦੇ ਡਰਾਉਣੇ ਨਤੀਜਿਆਂ ਤੋਂ ਬਚਾਉਣ ਦੀ ਬਜਾਏ ਡਰਬਨ ਵਿਚ ਵਿਕਸਿਤ ਦੇਸ਼ ਸੰਕਟ ਵਿਚ ਫਸੀ ਆਪਣੀ ਅਰਥ ਵਿਵਸਥਾ ਨੂੰ ਉਭਾਰਨ ਲਈ ਜਲਵਾਯੂ ਨੂੰ ਇਕ ਢਾਲ ਦੀ ਤਰ੍ਹਾਂ ਇਸਤੇਮਾਲ ਕਰਦੇ ਰਹੇ। ਇਕ ਸਕਾਰਾਤਮਕ ਗੱਲ ਇਹ ਰਹੀ ਕਿ ਭਾਰਤ ਸਣੇ ਹੋਰ ਵਿਕਾਸ਼ਸੀਲ ਦੇਸ਼ਾਂ ਨੇ ਜਲਵਾਯੂ ਸਮਝੌਤਾ-ਵਾਰਤਾ ਵਿਚ ਬਰਾਬਰੀ, ਗ੍ਰੀਨ ਹਾਊਸ ਗੈਸਾਂ ਦੀ ਇਤਿਹਾਸਕ ਜ਼ਿੰਮੇਵਾਰੀ ਉਠਾਉਣ ਦੀ ਮੰਗ ਨੂੰ ਵਾਰਤਾ ਦੀ ਮੇਜ 'ਤੇ ਰੱਖਿਆ। ਖਿੱਚੋਤਾਣ ਲੰਬੀ ਚੱਲੀ। ਸੰਮੇਲਨ ਖ਼ਤਮ ਹੋਣਾ ਸੀ 9 ਦਸੰਬਰ ਨੂੰ, ਪਰ ਉਹ ਖ਼ਤਮ ਹੋਇਆ 11 ਨੂੰ। ਦਾਅਵਾ ਭਾਵੇਂ ਜੋ ਵੀ ਕੀਤਾ ਜਾਵੇ, ਜਿੱਤ ਦਾ ਢੋਲ ਭਾਵੇਂ ਅਸੀਂ ਕਿੰਨਾ ਵਜਾ ਲਈਏ, ਪਰ ਹਕੀਕਤ ਇਹੀ ਹੈ ਕਿ ਕਰੀਬ 36 ਘੰਟੇ ਤੋਂ ਜ਼ਿਆਦਾ ਖਿੱਚੇ ਇਸ ਸੰਮੇਲਨ ਦਾ ਹਾਸਿਲ ਬਰਾਬਰੀ ਆਧਾਰਿਤ ਗੱਲਬਾਤ ਜਾਂ ਸਮਝੌਤਾ ਨਹੀਂ ਰਿਹਾ। ਇਸ ਹਕੀਕਤ ਨੂੰ ਭਾਰਤ ਸਮੇਤ ਦੂਸਰੇ ਵਿਕਾਸ਼ਸੀਲ ਦੇਸ਼ ਜਿੰਨੀ ਜਲਦੀ ਸਮਝ ਪਾਉਣਗੇ ਜਾਂ ਸਵੀਕਾਰ ਕਰ ਲੈਣਗੇ, ਉਨ੍ਹਾਂ ਲਈ ਉਨਾ ਹੀ ਚੰਗਾ ਹੋਵੇਗਾ। ਇਸ ਤੋਂ ਬਾਅਦ ਹੀ ਉਹ ਅਗਲੇ ਸਾਲ ਕਤਰ ਵਿਚ ਹੋਣ ਵਾਲੇ ਅਗਲੇ ਜਲਵਾਯੂ ਸੰਮੇਲਨ ਲਈ ਸਹੀ ਢੰਗ ਨਾਲ ਤਿਆਰ ਹੋ ਸਕਣਗੇ, ਨਹੀਂ ਤਾਂ ਡਰਬਨ ਵਿਚ ਜੋ ਹਾਲ ਰਿਹਾ ਹੈ, ਉਸ ਵਿਚ ਵਿਕਾਸ਼ਸੀਲ ਦੇਸ਼ਾਂ ਦੇ ਕੋਲ ਕੁਝ ਠੋਸ ਪਾਉਣ ਦੀ ਗੁੰਜਾਇਸ਼ ਬੇਹੱਦ ਘੱਟ ਬਚੀ ਹੈ।

ਡਰਬਨ ਵਿਚ ਇਹ ਦੇਖਣਾ ਬੇਹੱਦ ਦਿਲਚਸਪ ਰਿਹਾ ਹੈ ਕਿ ਕਿਸ ਤਰ੍ਹਾਂ ਨਾਲ ਭਾਰਤ ਅਤੇ ਚੀਨ ਨੂੰ ਨਿਸ਼ਾਨੇ 'ਤੇ ਲਿਆ ਗਿਆ, ਖਾਸ ਕਰਕੇ ਭਾਰਤ ਨੂੰ। ਇਸ ਲਈ ਚੰਗੇ ਸਿਪਾਹੀ (ਗੁੱਡ ਕਾਪ) ਅਤੇ ਬੁਰੇ ਸਿਪਾਹੀ (ਬੈਗ ਕਾਪ) ਦੀ ਨੀਤੀ ਯੂਰਪੀ ਸੰਘ ਅਤੇ ਅਮਰੀਕਾ ਨੇ ਮਿਲ-ਜੁਲ ਕੇ ਚਲਾਈ। ਯੂਰਪੀ ਸੰਘ ਅਤੇ ਅਮਰੀਕਾ ਨੇ ਮਿਲ ਕੇ ਡਰਬਨ ਜਲਵਾਯੂ ਵਾਰਤਾ ਦਾ ਏਜੰਡਾ ਤੈਅ ਕਰ ਦਿੱਤਾ ਅਤੇ ਬਾਕੀ ਦੇਸ਼ਾਂ ਨੂੰ ਉਹ ਇਸ ਦੇ ਵਿਚਾਲੇ ਹੀ ਘੁਮਾਉਂਦੇ ਰਹੇ। ਚੰਗਾ ਸਿਪਾਹੀ ਭਾਵ ਯੂਰਪੀ ਸੰਘ, ਕਾਨੂੰਨੀ ਰੂਪ ਨਾਲ ਇਕ ਨਵੇਂ ਰੁਕਾਵਟ ਵਾਲੇ ਜਲਵਾਯੂ ਸਮਝੌਤੇ ਨੂੰ ਹੀ ਅੰਤਿਮ ਰਸਤਾ ਮੰਨ ਕੇ ਚੱਲ ਰਿਹਾ ਸੀ ਅਤੇ ਇਸ ਤੋਂ ਪਹਿਲਾਂ ਕੁਝ ਵੀ ਮੰਨਣ-ਸੁਣਨ ਲਈ ਤਿਆਰ ਨਹੀਂ ਸੀ। ਦੂਸਰੇ ਪਾਸੇ ਸੀ ਬੁਰਾ ਸਿਪਾਹੀ ਭਾਵ ਅਮਰੀਕਾ, ਜਿਸ ਨੇ ਅੱਜ ਤੱਕ ਜਲਵਾਯੂ ਪਰਿਵਰਤਨ ਨੂੰ ਰੋਕਣ ਲਈ ਹੋਏ ਕਿਸੇ ਵੀ ਸਮਝੌਤੇ ਨੂੰ ਨਹੀਂ ਮੰਨਿਆ। ਇੰਨੇ ਸਾਲਾਂ ਤੋਂ ਦਬਾਅ ਦੇ ਬਾਵਜੂਦ ਜਲਵਾਯੂ ਪਰਿਵਰਤਨ ਨੂੰ ਰੋਕਣ ਲਈ ਮਜਬੂਰ ਹੋਏ ਕੁਝ ਹੱਦ ਤੱਕ ਬਰਾਬਰੀ 'ਤੇ ਆਧਾਰਿਤ ਕਯੋਟੋ ਸਮਝੌਤੇ ਤੱਕ ਨੂੰ ਨਹੀਂ ਮੰਨਿਆ। ਅਮਰੀਕਾ ਇਸ ਗੱਲ 'ਤੇ ਅੜਿਆ ਹੋਇਆ ਹੋਇਆ ਸੀ ਕਿ ਜਲਵਾਯੂ ਪਰਿਵਰਤਨ ਨੂੰ ਰੋਕਣ ਲਈ ਹੋਣ ਵਾਲੇ ਕਿਸੇ ਵੀ ਸਮਝੌਤੇ ਵਿਚ ਇਤਿਹਾਸਕ ਜ਼ਿੰਮੇਵਾਰੀ ਦੀ ਗੱਲ ਨਹੀਂ ਹੋਣੀ ਚਾਹੀਦੀ।

ਇਸ ਲਈ ਉਨ੍ਹਾਂ ਨੇ ਭਾਰਤ ਅਤੇ ਚੀਨ ਨੂੰ ਨਿਸ਼ਾਨੇ ਉਤੇ ਲਿਆ। ਪਿੱਠਭੂਮੀ ਵਿਚ ਸੀ, ਉਨ੍ਹਾਂ ਦੀ ਸੰਕਟ ਵਿਚ ਫਸੀ ਅਰਥ ਵਿਵਸਥਾ। ਇਸੇ ਦਾ ਨਤੀਜਾ ਰਿਹਾ ਕਿ ਨਾ ਤਾਂ ਗ੍ਰੀਨ ਕਲਾਈਮੇਟ ਫੰਡ (ਕੁਦਰਤ ਨੂੰ ਬਚਾਉਣ ਲਈ ਫੰਡ) ਨੂੰ ਇਕ ਫੁਟੀ-ਕੌਡੀ ਮਿਲੀ ਅਤੇ ਨਾ ਹੀ ਤਕਨੀਕੀ ਤਬਾਦਲੇ 'ਤੇ ਠੋਸ ਪਹਿਲ ਹੋਈ।ਭਾਵ, ਧਰਤੀ ਨੂੰ ਪਰਲੋ ਤੋਂ ਬਚਾਉਣ, ਤੇਜ਼ੀ ਨਾਲ ਵਧ ਰਹੇ ਤਾਪਮਾਨ ਨੂੰ ਕਾਬੂ ਕਰਨ, ਪਿਘਲ ਰਹੇ ਗਲੇਸ਼ੀਅਰਾਂ ਨੂੰ ਰੋਕਣ, ਬੇ-ਮੌਸਮੇ ਤੂਫਾਨਾਂ-ਤਬਾਹਕਾਰੀ ਹੜ੍ਹਾਂ ਅਤੇ ਸੋਕੇ ਤੇ ਭੁੱਖ ਨਾਲ ਤਬਾਹ ਹੋ ਰਹੀਆਂ ਲੱਖਾਂ ਜ਼ਿੰਦਗੀਆਂ ਨੂੰ ਬਚਾਉਣ, ਛੋਟੇ ਦੀਪ ਸਮੂਹਾਂ ਨੂੰ ਲਗਾਤਾਰ ਵਧ ਰਹੇ ਸਮੁੰਦਰ ਦੇ ਪਾਣੀ ਦੇ ਪੱਧਰ ਤੋਂ ਬਚਾਉਣ ਦੇ ਰਸਤਿਆਂ ਨੂੰ ਲੈ ਕੇ ਚੱਲ ਰਹੀ ਮੁਸ਼ੱਕਤ ਵਿਚ ਘਾਟੇ ਵਿਚ ਰਹੀ ਪ੍ਰਿਥਵੀ ਅਤੇ ਉਸ ਦੇ ਗਰੀਬ-ਕੁਪੋਸ਼ਿਤ ਬੰਦੇ। ਇਸ ਨੂਰਾ-ਕੁਸ਼ਤੀ ਤੋਂ ਫਾਇਦਾ ਹੋਇਆ ਵਿਕਸਿਤ ਦੇਸ਼ਾਂ ਨੂੰ। ਪਹਿਲਾਂ ਤੋਂ ਧਰਤੀ ਦੇ ਵਾਤਾਵਰਣ ਨੂੰ ਖ਼ਤਰਨਾਕ ਬੇਕਾਬ ਗ੍ਰੀਨ ਹਾਊਸ ਗੈਸਾਂ (ਕਾਰਬਨ ਡਾਇਆਕਸਾਈਡ, ਮੀਥੇਨ, ਨਾਈਟ੍ਰਸ ਆਕਸਾਈਡ ਆਦਿ) ਨਾਲ ਖਰਾਬ ਕਰ ਚੁੱਕੇ ਵਿਕਸਿਤ ਦੇਸ਼ਾਂ ਨੇ ਕੋਈ ਵੀ ਇਤਿਹਾਸਕ ਜ਼ਿੰਮੇਵਾਰੀ ਉਠਾਉਣ, ਉਸ ਦੀ ਠੋਸ-ਸਮੇਬੱਧ ਜ਼ਿੰਮੇਵਾਰ ਨਿਭਾਉਣ ਤੋਂ ਮੂੰਹ ਮੋੜ ਲਿਆ।ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੁਨੀਆ ਦੇ 194 ਦੇਸ਼ਾਂ ਦੇ ਨੁਮਾਂਇੰਦੇ ਇਕੱਠੇ ਹੋਏ ਸਨ, ਧਰਤੀ ਨੂੰ ਜਲਵਾਯੂ ਪਰਿਵਰਤਨ ਦੇ ਖ਼ਤਰਿਆਂ ਤੋਂ ਬਚਾਉਣ ਲਈ ਇਕ ਸਾਂਝੇ ਸਮਝੌਤੇ 'ਤੇ ਪਹੁੰਚਣ ਦੇ ਉਦੇਸ਼ ਨਾਲ। ਸੰਯੁਕਤ ਰਾਸ਼ਟਰ ਦਾ ਕੌਮਾਂਤਰੀ ਜਲਵਾਯੂ ਸੰਮੇਲਨ-ਕਲਾਈਟ ਟਾਕ, ਜਿਸ ਨੂੰ ਕਾਪ-17 ਕਿਹਾ ਗਿਆ, ਉਸ ਦਾ ਹਾਸਿਲ ਕਿਸ ਲਈ ਕੀ ਹੈ ਅਤੇ ਅੱਗੇ ਧਰਤੀ ਨੂੰ ਬਚਾਉਣ ਦੀਆਂ ਅਸਲ ਕੋਸ਼ਿਸ਼ਾਂ ਕੀ ਹੋਣਗੀਆਂ, ਇਹ ਸਮਝਣਾ ਬੇਹੱਦ ਜ਼ਰੂਰੀ ਹੈ। ਇਥੇ ਕਾਪ-17 ਦਾ ਭਾਵ ਹੈ ਜਲਵਾਯੂ ਪਰਿਵਰਤਨ 'ਤੇ ਯੂਨਾਈਟਡ ਫ੍ਰੇਮਵਰਕ ਕਨਵੈਨਸ਼ਨ ਤਹਿਤ ਬਣੀਆਂ ਪਾਰਟੀਆਂ ਦੀ ਕਮੇਟੀ ਦੀ ਸਣੇ ਬਾਕੀ ਵਿਕਸਿਤ ਦੇਸ਼ਾਂ ਦੀ ਧੌਂਸ ਚਲਦੀ ਹੈ, ਉਸ ਦਾ ਇਕ ਬਿਹਤਰੀਨ ਨਮੂਨਾ ਹੈ ਜਲਵਾਯੂ ਪਰਿਵਰਤਨ। ਡਰਬਨ ਵਿਚ ਇਹ ਕੂਟਨੀਤੀ ਜ਼ਿਆਦਾ ਸੰਗਠਿਤ ਸੀ ਕਿਉਂਕਿ ਅਮਰੀਕਾ



ਸਮੇਤ ਬਾਕੀ ਵਿਕਸਿਤ ਦੇਸ਼ ਡੂੰਘੇ ਆਰਥਿਕ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਉਹ ਜਲਵਾਯੂ ਪਰਿਵਰਤਨ ਲਈ ਆਪਣੇ ਪੈਦਾ ਕੀਤੇ ਜਾਂਦੇ ਕਾਰਬਨ ਨੂੰ ਘੱਟ ਕਰਨ, ਜਿਸ ਦਾ ਸਿੱਧਾ ਰਿਸ਼ਤਾ ਉਤਪਾਦਨ ਘੱਟ ਕਰਨ ਜਾਂ ਨਵੀਂ ਅਤੇ ਮਹਿੰਗੀ ਸਾਫ ਤਕਨੀਕ ਇਸਤੇਮਾਲ ਕਰਨ ਤੋਂ ਹੈ, ਨੂੰ ਮੰਨਣ ਲਈ ਤਿਆਰ ਨਹੀਂ ਸੀ। ਆਪਣੇ ਇਸ ਏਜੰਡੇ ਵਿਚ ਉਹ ਸਫ਼ਲ ਰਹੇ।

ਇਸ ਵਾਰ ਇਸ ਏਜੰਡੇ ਨੂੰ ਅੱਗੇ ਵਧਾਉਣ ਦਾ ਕੰਮ ਕੀਤਾ ਯੂਰਪੀ ਸੰਘ ਨੇ ਅਤੇ ਨਿਸ਼ਾਨੇ 'ਤੇ ਰੱਖਿਆ ਭਾਰਤ ਅਤੇ ਚੀਨ ਨੂੰ। ਚੀਨ ਕਿਉਂਕਿ ਇਸ ਸਮੇਂ ਗ੍ਰੀਨ ਹਾਊਸ ਗੈਸਾਂ ਦਾ ਪੈਦਾ ਕਰਨ ਵਾਲਾ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ, ਲਿਹਾਜਾ ਉਸ ਦਾ ਤਾਂ ਨਿਸ਼ਾਨੇ 'ਤੇ ਰਹਿਣ ਦਾ ਤਰਕ ਸਮਝ ਆਉਂਦਾ ਹੈ, ਪਰ ਭਾਰਤ ਕਿਉਂ? ਵਜ੍ਹਾ ਇਹ ਸੀ ਕਿ ਭਾਰਤ ਸ਼ੁਰੂ ਤੋਂ ਬਰਾਬਰੀ ਦੇ ਸਿਧਾਂਤ ਨੂੰ ਬਹਿਸ ਅਤੇ ਸੰਭਾਵਿਤ ਸਮਝੌਤੇ ਵਿਚ ਸ਼ਾਮਿਲ ਕਰਨ 'ਤੇ ਜ਼ੋਰ ਦਿੰਦਾ ਆਇਆ ਸੀ। ਬਰਾਬਰੀ ਦੇ ਸਿਧਾਂਤ ਦਾ ਸਿੱਧਾ ਜਿਹਾ ਅਰਥ ਹੈ, ਵਿਕਾਸ ਕਰਨ ਦਾ ਬਰਾਬਰੀ ਦਾ ਅਧਿਕਾਰ। ਇਸ ਤੋਂ ਸਭ ਤੋਂ ਜ਼ਿਆਦਾ ਪ੍ਰੇਸ਼ਾਨੀ ਅਮਰੀਕਾ ਅਤੇ ਯੂਰਪ ਨੂੰ ਸੀ ਕਿਉਂਕਿ ਇਸ ਵਿਚ ਇਹ ਦੋਵੇਂ ਮਹਾਂਸ਼ਕਤੀਆਂ ਹੀ ਫਸਦੀਆਂ ਹਨ। ਲਿਹਾਜ਼ਾ ਆਖ਼ਰੀ 36 ਘੰਟਿਆਂ ਵਿਚ ਆਦਾਨ-ਪ੍ਰਦਾਨ ਦਾ ਜੋ ਫਾਰਮੂਲਾ ਤੈਅ ਹੋਇਆ, ਉਹ ਮਹਾਂਸ਼ਕਤੀਆਂ ਦੀ ਇਸ ਮੁਸ਼ਕਿਲ ਨੂੰ ਘੱਟ ਕਰਨ ਵਾਲਾ ਅਤੇ ਵਿਕਾਸ਼ਸੀਲ ਦੇਸ਼ਾਂ ਦੇ ਹੱਕ ਵਿਚ ਛੁਣਛੁਣਾ ਫੜਾਉਣ ਵਾਲਾ ਸਾਬਿਤ ਹੋਇਆ। ਡਰਬਨ ਦਾ ਹਾਸਿਲ ਇਹ ਰਿਹਾ ਕਿ 2015 ਵਿਚ ਇਕ ਸਮਝੌਤਾ ਹੋਵੇਗਾ, ਜੋ ਕਾਨੂੰਨ ਨਾਲ ਬੱਝਿਆ ਹੋਵੇਗਾ ਅਤੇ ਜਿਸ ਵਿਚ ਦੁਨੀਆ ਦੇ ਬਾਕੀ ਦੇਸ਼ ਸ਼ਾਮਿਲ ਹੋਣਗੇ। ਇਸ ਦੀ ਸ਼੍ਰੇਣੀ ਵਿਚ ਵਿਕਸਿਤ, ਵਿਕਾਸ਼ਸੀਲ ਅਤੇ ਗਰੀਬ ਸਾਰੇ ਦੇਸ਼ ਆਉਣਗੇ ਅਤੇ ਇਹ 2020 ਤੋਂ ਲਾਗੂ ਹੋਵੇਗਾ। ਇਹ ਯੂਰਪੀ ਸੰਘ ਦੀ ਅਗਵਾਈ ਵਿਚ ਵਿਕਸਿਤ ਦੇਸ਼ਾਂ ਦੇ ਏਜੰਡੇ ਦੀ ਜਿੱਤ ਸੀ ਕਿਉਂਕਿ ਉਹ ਸ਼ੁਰੂ ਤੋਂ ਚਾਹੁੰਦੇ ਸਨ ਕਿ ਸਾਰੇ ਦੇਸ਼ਾਂ ਨੂੰ ਕਾਨੂੰਨੀ ਰੂਪ ਨਾਲ ਅੜਿੱਕੇ ਵਾਲੇ ਸਮਝੌਤੇ ਤਹਿਤ ਲਿਆਇਆ ਜਾਵੇ ਅਤੇ ਇਹ 2020 ਤੱਕ ਲਾਗੂ ਹੋ ਜਾਵੇ। ਉਥੇ ਵਿਕਾਸ਼ਸੀਲ ਦੇਸ਼ਾਂ ਦਾ ਜ਼ੋਰ ਸੀ ਕਿ ਕਯੋਟੋ ਸਮਝੌਤੇ ਦੇ ਦੂਸਰੇ ਪੜਾਅ ਨੂੰ ਜਾਰੀ ਰੱਖਣ 'ਤੇ ਸਹਿਮਤੀ ਬਣੇ। ਧਿਆਨ ਰੱਖਣ ਦੀ ਗੱਲ ਹੈ ਕਿ ਕਯੋਟੋ ਸਮਝੌਤਾ ਹੀ ਹਾਲੇ ਤੱਕ ਜਲਵਾਯੂ ਪਰਿਵਰਤਨ 'ਤੇ ਇਕਮਾਤਰ ਕਾਨੂੰਨੀ ਰੂਪ ਨਾਲ ਅੜਿੱਕੇ ਵਾਲਾ ਸਮਝੌਤਾ ਹੈ, ਜਿਸ ਵਿਚ ਵਿਕਸਿਤ ਦੇਸ਼ਾਂ 'ਤੇ ਗ੍ਰੀਨ ਹਾਊਸ ਗੈਸਾਂ ਦੇ ਮਾਮਲੇ ਦੀ ਇਤਿਹਾਸਕ ਜ਼ਿੰਮੇਵਾਰੀ ਨਿਭਾਉਣਾ ਹੀ ਤੈਅ ਕੀਤਾ ਗਿਆ ਸੀ। ਇਸ ਵਿਚ ਦੋਸ਼ ਦੇ ਹਿਸਾਬ ਨਾਲ ਸਜ਼ਾ ਦੀ ਪੇਸ਼ਕਸ਼ ਸੀ। ਅਮਰੀਕਾ, ਜਿਸ ਨੇ ਸਭ ਤੋਂ ਜ਼ਿਆਦਾ ਪ੍ਰਦੂਸ਼ਣ ਕੀਤਾ ਹੈ, ਹੁਣ ਤੱਕ ਉਹ ਕਯੋਟੋ ਵਿਚ ਕਦੇ ਸ਼ਾਮਿਲ ਨਹੀਂ ਰਿਹਾ। ਕਯੋਟੋ ਸਮਝੌਤੇ ਦਾ ਦੂਸਰਾ ਪੜਾਅ 2012 ਤੋਂ ਸ਼ੁਰੂ ਹੋਣਾ ਹੈ ਅਤੇ ਇਸ ਵਿਚ ਇਸ ਗੱਲ ਦੀ ਸਮੀਖਿਆ ਹੋਣੀ ਹੈ ਕਿ ਕਿਸ ਦੇਸ਼ ਨੇ ਕਿੰਨਾ ਪ੍ਰਦੂਸ਼ਣ ਪੈਦਾ ਕੀਤਾ ਹੈ। ਜਿਥੋਂ ਤੱਕ ਕਯੋਟੋ ਸਮਝੌਤੇ ਦੇ ਦੂਸਰੇ ਪੜਾਅ ਨੂੰ ਜਾਰੀ ਰੱਖਣ ਦੀ ਗੱਲ ਹੈ ਤਾਂ ਉਸ ਦੇ ਮੁੱਖ ਬਿੰਦੂਆਂ ਉਤੇ ਹਾਲੇ ਡਰਬਨ ਸਮਝੌਤੇ ਵਿਚ ਕੋਈ ਸਪਸ਼ਟੀਕਰਨ ਨਹੀਂ ਹੈ।

ਦੂਸਰੇ ਪਾਸੇ ਅਮਰੀਕਾ ਪਹਿਲਾਂ ਹੀ ਬਾਹਰ ਹੈ ਅਤੇ ਡਰਬਨ ਵਿਚ ਹੀ ਕੈਨੇਡਾ, ਰੂਸ, ਜਾਪਾਨ ਨੇ ਇਸ ਤੋਂ ਖੁਦ ਨੂੰ ਬਾਹਰ ਕਰਨ ਦੀ ਇੱਛਾ ਜ਼ਾਹਿਰ ਕਰ ਦਿੱਤੀ ਸੀ। ਡਰਬਨ ਦੇ ਤਤਕਾਲ ਬਾਅਦ ਸਭ ਤੋਂ ਪਹਿਲਾਂ ਕੈਨੇਡਾ ਨੇ ਇਸ ਦਾ ਐਲਾਨ ਹੀ ਕਰ ਦਿੱਤਾ ਕਿ ਉਹ ਕਯੋਟੋ ਤੋਂ ਬਾਹਰ ਹੋ ਰਿਹਾ ਹੈ, ਛੇਤੀ ਹੀ ਬਾਕੀ ਦੋਵੇਂ ਦੇਸ਼ ਵੀ ਇਸ ਰਾਹ 'ਤੇ ਚੱਲਣਗੇ। ਅਜਿਹੇ ਵਿਚ ਸਵਾਲ ਇਹ ਹੈ ਕਿ ਕਯੋਟੋ ਦਾ ਪ੍ਰਭਾਵ ਹੀ ਕੀ ਹੋਵੇਗਾ ਕਿਉਂਕਿ ਇਤਿਹਾਸਕ ਰੂਪ ਨਾਲ ਸਭ ਤੋਂ ਜ਼ਿਆਦਾ ਪ੍ਰਦੂਸ਼ਣ ਕਰਨ ਵਾਲੇ ਦੇਸ਼ ਕਯੋਟੋ ਤੋਂ ਬਾਹਰ ਹੋ ਗਏ ਹਨ। ਜਲਵਾਯੂ ਸੰਮੇਲਨ ਉਤੇ ਹੋਏ ਬਾਕੀ ਸੰਮੇਲਨਾਂ ਵਿਚ ਅਮਰੀਕਾ ਆਪਣਾ ਏਜੰਡਾ ਚਲਾਉਂਦਾ ਰਿਹਾ, ਪਰ ਕਦੇ ਕਿਸੇ ਤਰ੍ਹਾਂ ਤੋਂ ਉਹ ਕਟਹਿਰੇ ਵਿਚ ਨਹੀਂ ਘਿਰਿਆ। ਸਵਾਲ ਹੈ ਆਖਿਰ ਉਹ ਕਿਸੇ ਸਮਝੌਤੇ ਤਹਿਤ ਕਿਉਂ ਨਹੀਂ ਬੰਨਿਆ ਜਾਂਦਾ? ਅਫਰੀਕੀ ਪ੍ਰਤੀਨੀਧੀਆਂ ਨੇ ਡਰਬਨ ਵਿਚ ਸਹੀ ਹੀ ਕਿਹਾ ਹੈ ਕਿ ਉਨ੍ਹਾਂ ਨੂੰ (ਵਿਕਸਿਤ ਦੇਸ਼ਾਂ ਨੂੰ) ਅੰਬ ਨਾਲ ਪਿਆਰ ਹੈ, ਪਰ ਅੰਬ ਦੇ ਦਰਖ਼ਤ ਨਾਲ ਨਹੀਂ।

ਅੰਤ ਵਿਚ ਹੋਇਆ ਉਹੀ ਜਿਸ ਲਈ ਡਰਬਨ ਸੰਮੇਲਨ ਦੇ ਸ਼ੁਰੂ ਤੋਂ ਸਟੇਜ ਸੈਟ ਹੋ ਗਿਆ ਸੀ। ਡਰਬਨ ਸਮਝੌਤੇ ਦਾ ਜੋ ਦੋ ਪੰਨਿਆਂ ਦਾ ਐਲਾਨ ਜਾਰੀ ਹੋਇਆ, ਉਸ ਵਿਚ ਸਮਾਨਤਾ ਸ਼ਬਦ ਦਾ ਜ਼ਿਕਰ ਤੱਕ ਨਹੀਂ ਹੈ। ਇਸ ਦਾ ਅਰਥ ਕਿ 2012 ਵਿਚ ਕਤਰ ਵਿਚ ਹੋਣ ਵਾਲੇ ਅਗਲੇ ਸੰਮੇਲਨ ਲਈ ਜੋ ਵਾਰਤਾ ਸ਼ੁਰੂ ਹੋਵੇਗੀ, ਉਸ ਵਿਚ ਭਾਰਤ ਦੇ ਵਾਰਤਾਕਾਰਾਂ ਨੂੰ ਦੇਸ਼ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਸਖ਼ਤ ਲੜਾਈ ਲੜਨੀ ਪਵੇਗੀ। ਭਾਰਤ ਦਾ ਕੇਸ ਉੱਝ ਵੀ ਮਜਬੂਤ ਹੈ ਕਿਉਂਕਿ ਪ੍ਰਤੀ ਵਿਅਕਤੀ ਗ੍ਰੀਨ ਹਾਊਸ ਗੈਸਾਂ ਦੇ ਲਿਹਾਜ ਨਾਲ ਭਾਰਤ ਦੁਨੀਆਂ ਦੇ 195 ਦੇਸ਼ਾਂ ਵਿਚੋਂ 134ਵੇਂ ਸਥਾਨ 'ਤੇ ਹੈ, ਜਦੋਂ ਕਿ ਚੀਨ 40ਵੇਂ ਸਥਾਨ 'ਤੇ। ਅੱਜ ਵੀ ਹਾਲ ਇਹ ਹੈ ਕਿ ਇਕ ਅਮਰੀਕੀ ਨਾਗਰਿਕ ਜਿੰਨਾ ਗ੍ਰੀਨ ਹਾਊਸ ਗੈਸ ਪੈਦਾ ਕਰਦਾ ਹੈ, ਉਹ 17 ਭਾਰਤੀਆਂ ਦੇ ਬਰਾਬਰ ਹੈ। ਵਿਕਸਿਤ ਦੇਸ਼ਾਂ ਲਈ ਜਿਥੋਂ ਇਹ ਲਾਈਫ ਸਟਾਈਲ-ਏ.ਸੀ ਮਕਾਨ, ਏ.ਸੀ ਗੱਡੀਆਂ, ਹਵਾਈ ਯਾਤਰਾਵਾਂ ਦਾ ਸਵਾਲ ਹੈ, ਉਥੇ ਭਾਰਤ ਵਰਗੇ ਦੇਸ਼ਾਂ ਲਈ ਇਹ ਗਰੀਬਾਂ ਨੂੰ ਬਿਜਲੀ ਮੁਹੱਈਆ ਕਰਾਉਣ ਅਤੇ ਬਰਾਬਰ ਜੀਵਨ ਲੋੜਾਂ ਨਾਲ ਜੁੜਿਆ ਹੋਇਆ ਹੈ। ਲਿਹਾਜਾ ਸਾਡੇ ਲਈ ਵਿਕਾਸ ਨਾਲ ਸਮਝੌਤਾ ਕਰਨ ਦਾ ਕੋਈ ਸਵਾਲ ਉਠਦਾ ਹੀ ਨਹੀਂ ਹੈ। ਪਰ ਸਭ ਤੋਂ ਵੱਡਾ ਸਵਾਲ ਹੈ ਕਿ ਕੀ ਭਾਰਤ ਅਮਰੀਕੀ ਦਬਾਅ ਤੋਂ ਬਾਹਰ ਆਏਗਾ, ਛੋਟੇ ਅਤੇ ਗਰੀਬ ਦੇਸ਼ਾਂ ਦੇ ਹਿੱਤਾਂ ਦੀ ਰੱਖਿਆ ਲਈ ਬੈਟਿੰਗ ਕਰ ਸਕੇਗਾ। ਮੌਜੂਦਾ ਰਾਜਨੀਤਿਕ ਅਗਵਾਈ ਤਾਂ ਇਸ ਮਾਮਲੇ ਵਿਚ ਅਪਾਹਜ ਹੀ ਨਜ਼ਰ ਆਉਂਦੀ ਹੈ।

ਡਰਬਨ ਤੋਂ ਇਕ ਗੱਲ ਹੋਰ ਸਾਫ ਹੋ ਗਈ ਹੈ ਕਿ ਜਲਵਾਯੂ ਪਰਿਵਰਤਨ ਤੋਂ ਜ਼ਿਆਦਾ ਇਹ ਸਾਰੀ ਬਹਿਸ ਭੂ-ਰਾਜਨੀਤਿਕ ਅਤੇ ਆਰਥਿਕ ਹਿੱਤਾਂ ਦੀ ਰੱਖਿਆ ਦੀ ਹੈ। ਚੀਨ ਅਤੇ ਭਾਰਤ ਨੂੰ ਨਿਸ਼ਾਨੇ 'ਤੇ ਰੱਖਣ ਦੇ ਪਿੱਛੇ ਇਨ੍ਹਾਂ ਦੋਨਾਂ ਦੇਸ਼ਾਂ ਦੀ ਤੇਜ਼ੀ ਨਾਲ ਵੱਧ ਰਹੀ ਅਰਥਵਿਵਸਥਾ ਹੈ। ਕਿਉਂਕਿ ਵਿਕਸਿਤ ਦੇਸ਼ ਇਸ ਸਮੇਂ ਗਹਿਰੇ ਆਰਥਿਕ ਸੰਕਟ ਵਿਚ ਫਸੇ ਹੋਏ ਹਨ, ਇਸ ਲਈ ਉਹ ਭਾਰਤ ਅਤੇ ਚੀਨ ਨੂੰ ਆਰਥਿਕ ਰੂਪ ਨਾਲ ਕਾਬੂ ਵਿਚ ਰੱਖਣਾ ਚਾਹੁੰਦੇ ਹਨ। ਇਸ ਲਈ ਜਲਵਾਯੂ ਪਰਿਵਰਤਨ ਇਕ ਹਥਿਆਰ ਦੇ ਤੌਰ 'ਤੇ ਇਸਤੇਮਾਲ ਕੀਤਾ ਜਾ ਰਿਹਾ ਹੈ ਅਤੇ ਇਸੇ ਮਕਸਦ ਨਾਲ ਕਾਨੂੰਨੀ ਰੂਪ ਨਾਲ ਬੱਝੇ ਹੋਏ ਸਮਝੌਤੇ, ਜਿਸ ਵਿਚ ਵਿਕਾਸ਼ਸੀਲ ਦੇਸ਼ ਵੀ ਸ਼ਾਮਿਲ ਹੋਣ, ਨੂੰ ਮੁੱਖ ਏਜੰਡਾ ਬਣਾਇਆ ਗਿਆ।

ਉਥੇ ਦੂਸਰੇ ਵਿਕਾਸ਼ਸੀਲ ਦੇਸ਼ਾਂ (ਬੰਗਲਾਦੇਸ਼, ਸ੍ਰੀਲੰਕਾ ਆਦਿ) ਛੋਟੇ ਅਤੇ ਦੀਪ ਸਮੂਹ ਦੇਸ਼ਾਂ ਨੂੰ ਆਰਥਿਕ ਮਦਦ ਦੇ ਏਜੰਡੇ ਤੋਂ ਖਦੇੜਣ ਵਿਚ ਵੀ ਯੂਰਪੀ ਸੰਘ ਸਫ਼ਲ ਰਿਹਾ ਹੈ। ਹਾਲੇ ਤੱਕ ਇਹ ਦੇਸ਼ ਭਾਰਤ ਦੀ ਅਗਵਾਈ ਨਾਲ ਜੁੜੇ ਹੋਏ ਸਨ, ਪਰ ਡਰਬਨ ਵਿਚ ਇਸ ਏਕਤਾ ਵਿਚ ਤਰੇੜ ਪਈ। ਪਿਛਲੇ ਸਾਲ ਹੋਏ ਕਾਨਕੂੰਨ ਸੰਮੇਲਨ ਵਿਚ ਜਿਸ ਤਰ੍ਹਾਂ ਨਾਲ ਭਾਰਤ ਦੇ ਤਤਕਾਲੀਨ ਵਾਤਾਵਰਣ ਅਤੇ ਜੰਗਲਾਤ ਮੰਤਰੀ ਜੈਰਾਮ ਰਮੇਸ਼ ਨੇ ਅੱਗੇ ਵਧ ਕੇ ਅਮਰੀਕਾ ਦਾ ਹੱਥ ਫੜਿਆ ਸੀ ਅਤੇ ਇਹ ਐਲਾਨ ਕੀਤਾ ਸੀ ਕਿ ਭਾਰਤ ਖੁਦ ਹੀ ਗ੍ਰੀਨ ਹਾਊਸ ਗੈਸਾਂ ਘੱਟ ਕਰੇਗਾ ਅਤੇ ਕੌਮਾਂਤਰੀ ਮਾਨੀਟਰਿੰਗ ਲਈ ਰਸਤੇ ਖੋਲ੍ਹੇਗਾ, ਉਸ ਨਾਲ ਹੀ ਮਾਹੌਲ ਵਿਗੜ ਗਿਆ ਸੀ। ਕਾਨਕੂੰਨ ਤੋਂ ਡਰਬਨ ਤੱਕ ਇਹ ਬੇਭਰੋਸਗੀ ਹੋਰ ਵਧ ਗਈ ਅਤੇ ਡਰਬਨ ਵਿਚ ਬਹੁਤ ਹੱਦ ਤੱਕ ਭਾਰਤ ਇਕੱਲਾ ਖੜ੍ਹਾ ਨਜ਼ਰ ਆਇਆ।

LIQUOR STORE ON SALE

Located In a Very Busy Plaza
Close To Cineplex, Restaurants

ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿੱਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।

ਵਾਜਬ ਕੀਮਤ, ਇਨਵੈਂਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।

Contact ਸੰਪਰਕ : ਪਾਲ ਬੜਵਾਲ
587-708-6866

# ਵਿਸਾਖੀ ਦੇ ਇਤਿਹਾਸਕ ਦਿਹਾੜੇ ’ਤੇ ਨਵੇਂ ਅਹਿਦ



ਮੰਗਤ ਰਾਮ ਪਾਸਲਾ
ਸਕੱਤਰ ਸੀ.ਪੀ.ਐਮ. (ਪੰਜਾਬ)
+91-98141-82998

ਅੱਜ ਦਾ ਸਮੁੱਚਾ ਮਨੁੱਖੀ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ। ਜਦੋਂ ਤੋਂ ਧਰਤੀ ਉਤੇ ਮਾਨਵ ਜਾਤੀ ਨੇ ਕਦਮ ਰੱਖੇ ਹਨ, ਉਦੋਂ ਤੋਂ ਹੀ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਅਤੇ ਸਮਾਜਕ ਵਿਕਾਸ ਨੂੰ ਅਗਾਂਹ ਤੋਰਨ ਵਾਸਤੇ ਪਹਿਲਾਂ ਕੁਦਰਤ ਤੇ ਅਣਸੁਖਾਵੀਆਂ ਪ੍ਰਸਥਿਤੀਆਂ ਵਿਰੁੱਧ ਸੰਘਰਸ਼ ਅਤੇ ਬਾਅਦ ਵਿਚ ਵੱਖ-ਵੱਖ ਵਿਰੋਧੀ ਜਮਾਤਾਂ ਦਾ ਆਪਸੀ ਟਕਰਾਅ ਲਗਾਤਾਰ ਜਾਰੀ ਰਿਹਾ ਹੈ। ਅੱਜ ਵੀ ਸੰਸਾਰ ਪੱਧਰ ਉਤੇ ਮਿਹਨਤਕਸ਼ ਲੋਕਾਂ ਦਾ ਆਪਣੀ ਰੋਟੀ, ਰੋਜ਼ੀ, ਮਕਾਨ ਅਤੇ ਸਮਾਜਕ ਉਨਤੀ ਵਾਸਤੇ, ਆਪਣੀ ਕਿਰਤ ਦੀ ਰਾਖੀ ਲਈ ਲੁਟੇਰੀਆਂ ਸ਼੍ਰੇਣੀਆਂ ਵਿਰੁੱਧ ਸੰਘਰਸ਼ ਬਦਸਤੂਰ ਜਾਰੀ ਹੈ। ਭਾਵੇਂ ਲੁਟ ਖਸੁੱਟ ਕਰਨ ਵਾਲੀਆਂ ਧਿਰਾਂ ਪੀੜਤ ਲੋਕਾਂ ਦੇ ਇਸ ਵਿਰੋਧ ਨੂੰ ਆਪਣੇ ਵੱਖ ਵੱਖ ਸਾਧਨਾਂ/ਸੰਦਾਂ ਅਤੇ ਬਲ ਦੇ ਪ੍ਰਯੋਗ ਨਾਲ ਕੁਚਲਣ ਵਾਸਤੇ ਕੋਈ ਕਸਰ ਬਾਕੀ ਨਹੀਂ ਛੱਡਦੀਆਂ, ਪ੍ਰੰਤੂ ਸਾਰੀਆਂ ਮੁਸ਼ਕਲਾਂ ਅਤੇ ਪੇਚੀਦਗੀਆਂ ਦਾ ਮੁਕਾਬਲਾ ਕਰਦੇ ਹੋਏ ਲੁੱਟੇ ਜਾ ਰਹੇ ਕਿਰਤੀ ਜਨਸਮੂਹ ਦੁਸ਼ਮਣਾਂ ਦੇ ਦੰਦ ਖੱਟੇ ਕਰਦੇ ਹੋਏ ਅਗਾਂਹ ਵੱਧਦੇ ਜਾ ਰਹੇ ਹਨ ਤੇ ਅੱਗੋਂ ਵੀ ਵਧਦੇ ਰਹਿਣਗੇ। ਇਸ ਢੰਗ ਨਾਲ ਹੀ ਮਿਹਨਤਕਸ਼ ਲੋਕ ਲੁਟ-ਖਸੁੱਟ ਰਹਿਤ ਸਮਾਜ ਦੀ ਸਿਰਜਣਾ ਦੇ ਅੰਤਿਮ ਮੁਕਾਮ ਨੂੰ ਅਵੱਸ਼ ਹਾਸਲ ਕਰਨਗੇ।

ਇਨ੍ਹਾਂ ਜਮਾਤੀ ਸੰਘਰਸ਼ਾਂ ਦੇ ਲੰਬੇ ਅਤੇ ਸਿਰੜੀ ਇਤਿਹਾਸ ਵਿਚ 13 ਅਪ੍ਰੈਲ ਵਿਸਾਖੀ ਦਾ ਦਿਨ ਇਕ ਵਿਲੱਖਣ ਅਤੇ ਮਾਣਮੱਤਾ ਸਥਾਨ ਹਾਸਲ ਕਰ ਗਿਆ ਹੈ। ਇਸ ਦਿਹਾੜੇ ਦੇਸ਼ ਦੇ ਇਸ ਖਿੱਤੇ, ਪੰਜਾਬ ਵਿਚ ਦੋ ਬਹੁਤ ਹੀ ਮਹੱਤਵਪੂਰਨ ਅਤੇ ਪ੍ਰੇਰਨਾਦਾਇਕ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਘਟਨਾਵਾਂ ਵਿਚਕਾਰ ਭਾਵੇਂ ਦੋ ਸਦੀਆਂ ਤੋਂ ਵਧੇਰੇ ਸਮੇਂ ਦਾ ਅੰਤਰ ਹੈ, ਪ੍ਰੰਤੂ ਇਨ੍ਹਾਂ ਅਤੀ ਮਹੱਤਵਪੂਰਨ ਘਟਨਾਵਾਂ ਦਾ ਆਪਸ ਵਿਚ ਤੱਤ ਰੂਪ ਵਿਚ ਅਨਿਖੜਵਾਂ ਰਿਸ਼ਤਾ ਹੈ, ਜਿਨ੍ਹਾਂ ਤੋਂ ਪਿਛਲਾ ਇਤਿਹਾਸ ਵੀ ਬਹੁਤ ਪ੍ਰਭਾਵਿਤ ਹੋਇਆ ਹੈ ਅਤੇ ਰੋਸ਼ਨ ਭਵਿੱਖ ਲਈ ਜਦੋ ਜਹਿਦ ਕਰਦੇ ਸਾਡੇ ਲੋਕਾਂ ਲਈ ਇਹ ਘਟਨਾਵਾਂ ਅਗਾਂਹ ਵੀ ਪ੍ਰੇਰਨਾ ਸਰੋਤ ਬਣੀਆਂ ਰਹਿਣਗੀਆਂ। ਇਕ ਘਟਨਾ ਹੈ, 1699 ਈਸਵੀ ਦੀ, ਜਦੋਂ ਅਨੰਦਪੁਰ ਸਾਹਿਬ ਦੀ ਧਰਤੀ ਉਪਰ ਕਰੀਬ ਦਸ ਹਜਾਰ ਦੇ ਭਰਵੇਂ ਇਕੱਠ ਸਾਹਮਣੇ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਨੰਗੀ ਤਲਵਾਰ ਨੂੰ ਹਵਾ ਵਿਚ ਲਹਿਰਾ ਕੇ ਪੰਜ ਸੂਰਮਿਆਂ ਦੇ ਸਿਰਾਂ ਦੀ ਮੰਗ ਕੀਤੀ ਸੀ। ਪੰਜ ਸਿਰਲੱਥਾਂ ਨੂੰ ਸਿਰ ਦੇਣ ਦਾ ਸੰਕੇਤਕ ਸੱਦਾ ਇਕ ਅਜਿਹੀ ਫੌਜ ਤਿਆਰ ਕਰਨ ਦੇ ਮਕਸਦ ਲਈ ਦਿੱਤਾ ਗਿਆ ਜੋ ਉਸ ਸਮੇਂ ਅਨਿਆਂ ਤੇ ਜ਼ੁਲਮ ਕਰ ਰਹੀਆਂ ਲੋਕ ਵਿਰੋਧੀ ਸਰਕਾਰਾਂ ਅਤੇ ਇਨ੍ਹਾਂ ਦੇ ਬੇਦਰਦ ਮੁਖੀਆਂ ਦੀਆਂ ਜਾਬਰ ਨੀਤੀਆਂ ਦਾ ਮੂੰਹ ਭੰਨ ਸਕੇ ਅਤੇ ਲੁੱਟੀ ਪੁੱਟੀ ਜਾ ਰਹੀ ਲੁਕਾਈ ਨੂੰ ਇਕਜੁਟ ਕਰਕੇ ਇਨਸਾਫ ਦੀ ਪ੍ਰਾਪਤੀ ਵਾਸਤੇ ਇਕ ਵਿਆਪਕ ਲੜਾਈ ਵਿਚ ਸਰਗਰਮ ਭਾਗੀਦਾਰ ਬਣਾ ਸਕੇ। ਕੇਵਲ ਨਾਮ ਜੱਪਣ ਤੇ ਪਾਠ ਪੂਜਾ ਕਰਨ ਵਰਗੀਆਂ ਧਾਰਮਕ ਰੀਤੀਆਂ ਨਾਲੋਂ ਇਹ ਇਕ ਬਿਲਕੁਲ ਅਲੱਗ ਤੇ ਨਿਵੇਕਲੀ ਕਿਸਮ ਦੀ ਰਾਜਨੀਤਕ ਧਾਰਾ ਸੀ, ਜੋ ਉਸ ਸਮੇਂ ਸਮਾਜ ਵਿਚ ਫੈਲੇ ਅਨਿਆਂ ਦੇ ਖਾਤਮੇਂ ਲਈ ਮੁੱਢਲੀ ਸ਼ਰਤ ਵੀ ਸੀ ਤੇ ਜ਼ਰੂਰੀ ਵੀ। ਧਾਰਮਕ ਪੱਖੋਂ ਨਿੱਜੀ ਸੰਤੁਸ਼ਟੀ ਤੇ ਲਾਲਸਾ ਲਈ ਬਹੁਤ ਗਿਣਤੀ ਸ਼ਰਧਾਲੂਆਂ ਦੇ ਇਸ ਵੱਡੇ ਇਕੱਠ ਵਿਚੋਂ ਸਿਰ ਅਰਪਣ ਵਾਸਤੇ ਸਿਰਫ ਪੰਜ ਉਹ ਮਰਦ ਉਠੇ ਜਿਹਨਾਂ ਦਾ ਸਬੰਧ ਕਿਰਤੀ ਸ਼੍ਰੇਣੀ ਨਾਲ ਸੀ। ਸ਼ਾਇਦ ਲੁੱਟ ਖਸੁੱਟ ਦੀ ਪੀੜ ਦਾ ਅਮਲੀ ਰੂਪ ਵਿਚ ਅਹਿਸਾਸ ਵੀ ਸਭ ਤੋਂ ਵੱਧ ਇਨ੍ਹਾਂ ਨੂੰ ਹੀ ਹੋਵੇ। ਨਿਰਜਿੰਦ, ਬੇਅਣਖ, ਲਾਚਾਰ, ਮਾਯੂਸ ਅਤੇ ਲਕੀਰ ਦੀ ਫਕੀਰ ਬਣੀ ਬੈਠੀ ਲੋਕਾਈ ਦੇ ਵੱਡੇ ਹਿੱਸੇ ਨੂੰ ਜੀਊਣ ਯੋਗ ਜ਼ਿੰਦਗੀ, ਸਵੈ ਮਾਨ ਅਤੇ ਬਰਾਬਰਤਾ ਦੀ ਪ੍ਰਾਪਤੀ ਲਈ ਘੋਲਾਂ ਦੇ ਮੈਦਾਨ ਵਿਚ ਲਿਆ ਖੜ੍ਹੇ ਕਰਨਾ ਕੋਈ ਅਸਾਨ ਤੇ ਸਹਿਜ ਕੰਮ ਨਹੀਂ ਸੀ। ਇਸੇ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵਿਲੱਖਣ ਤਰੀਕਾ ਚੁਣਿਆ। ਪੰਜਾਂ ਯੋਧਿਆਂ ਨੂੰ ਹਜ਼ਾਰਾਂ ਦੇ ਇਕੱਠ ਦੀ ਮੌਜੂਦਗੀ ਵਿਚ ਇਕ ਖਾਸ ਕਿਸਮ ਦੀ ਜ਼ਿੰਦਗੀ ਜਿਉਣ ਦੀ ਵਿਧੀ, ਆਪਾਵਾਰੂ ਵਿਚਾਰਧਾਰਾ ਤੇ ਨਿਵੇਕਲੀ ਦਿੱਖ ਦੇ ਕੇ ਖਾਲਸਾ ਪੰਥ ਦੀ ਸਾਜਣਾ ਕੀਤੀ ਗਈ। ਨਾਲ ਹੀ ਇਨ੍ਹਾਂ ਮਰਜੀਵੜਿਆਂ ਦੇ ਹੱਥੋਂ ਆਪ 'ਅੰਮ੍ਰਿਤ' ਛਕ ਕੇ, ਯੁੱਧਾਂ ਦੌਰਾਨ ਬੀਤੇ ਇਤਿਹਾਸ ਦੀਆਂ ਇਕਪਾਸੜ ਗਲਤ ਧਾਰਨਾਵਾਂ ਨੂੰ ਰੱਦ ਕਰਦਿਆਂ ਹੋਇਆਂ ਜਰਨੈਲਾਂ ਅਤੇ ਸਿਪਾਹੀਆਂ ਵਿਚਕਾਰ ਖਿੱਚੀ ਗਈ ਬੇਲੋੜੀ ਅਤੇ ਘਟੀਆਪਨ ਦੇ ਅਹਿਸਾਸ ਪੈਦਾ ਕਰਨ ਵਾਲੀ ਰੇਖਾ ਮਿਟਾਉਣ ਦਾ ਸ਼ਾਨਦਾਰ ਢੰਗ ਅਪਣਾਇਆ ਗਿਆ। ਬਾਅਦ ਦੇ ਲੋਕ ਹਿੱਤਾਂ ਲਈ ਲੜੇ ਗਏ ਵੱਖ ਵੱਖ ਯੁੱਧਾਂ ਵਿਚ ਵਾਪਰਨ ਵਾਲੀਆਂ ਬੇਮਿਸਾਲ ਕੁਰਬਾਨੀਆਂ ਵਾਲੀਆਂ ਘਟਨਾਵਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸਿਰਫ ਕਹਿਣੀ ਦੇ ਹੀ ਪੂਰੇ ਨਹੀਂ ਸਨ, ਸਗੋਂ ਅਮਲਾਂ ਦੀ ਕਸਵੱਟੀ ਉਤੇ ਵੀ ਪੂਰੇ ਉਤਰਨ ਦੀ ਮਹਾਨ ਮੂਰਤ ਸਨ। ਕਹਿਣੀ ਤੇ ਕਰਨੀ ਦਾ ਪੂਰਾ ਸੁਮੇਲ ਸਨ ਸ਼੍ਰੀ ਗੁਰੂ ਗੋਬਿੰਦ ਸਿੰਘ ਜਿਨ੍ਹਾਂ ਨੇ ਜਨ ਹਿੱਤਾਂ ਖਾਤਰ ਆਪਣੇ ਪਿਤਾ, ਚਾਰ ਸਪੁੱਤਰਾਂ ਸਮੇਤ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ। ਵਿਸਾਖੀ ਦੇ ਦਿਨ ਅਨੰਦਪੁਰ ਸਾਹਿਬ ਵਿਖੇ ਵਾਪਰੀ ਇਸ ਅਦੁੱਤੀ ਘਟਨਾ ਨੇ ਅੱਜ ਤੱਕ ਦੇਸ਼ ਅਤੇ ਖਾਸਕਰ ਇਸ ਖਿੱਤੇ ਵਿਚ ਵਾਪਰੇ ਇਤਿਹਾਸ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ ਅਤੇ ਹਰ ਪ੍ਰਕਾਰ ਦੇ ਅਤਿਆਚਾਰਾਂ ਵਿਰੁੱਧ ਇਸ ਖੇਤਰ ਵਿਚ ਪੁੰਗਰੀਆਂ ਵੱਖ-ਵੱਖ ਲਹਿਰਾਂ ਵਿਚ ਕਿੰਨਾ ਕੁ ਯੋਗਦਾਨ ਪਾਇਆ, ਉਹ ਜਗ ਜਾਹਰ ਹੈ ਅਤੇ ਸੱਚਮੁਚ ਹੀ ਮਾਣਮੱਤਾ ਹੈ। ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦੀ ਕਿਸੇ ਵੀ ਹੱਦ ਤੱਕ ਜਾਣ ਦੀ ਵਕਾਲਤ ਦਾ ਵਿਗਿਆਨਕ ਸਿਧਾਂਤ ਅੱਜ ਵੀ ਸਾਡੇ ਜ਼ਿਹਨਾਂ ਵਿਚ ਉਕਰਿਆ ਪਿਆ ਹੈ, ਜੋ ਸਮਾਂ ਬੀਤਣ ਦੇ ਨਾਲ ਨਾਲ ਵਧੇਰੇ ਡੂੰਘਾ ਤੇ ਅਮਿੱਟ ਬਣਦਾ ਜਾ ਰਿਹਾ ਹੈ।

13 ਅਪ੍ਰੈਲ 1919 ਦੇ ਵਿਸਾਖੀ ਦੇ ਦਿਨ ਹੀ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਵਿਚ ਅੰਗਰੇਜ਼ੀ ਸਾਮਰਾਜ ਵਲੋਂ ਆਜ਼ਾਦੀ ਅੰਦੋਲਨ ਨੂੰ ਕੁਚਲਣ ਵਾਸਤੇ ਬਣਾਏ ਗਏ ਕਾਲੇ ਕਾਨੂੰਨ, 'ਰੋਲਟ ਐਕਟ', ਦਾ ਵਿਰੋਧ ਕਰਨ ਵਾਸਤੇ ਇਕੱਠੇ ਹੋਏ ਪੁਰਅਮਨ ਲੋਕਾਂ ਉਪਰ ਅੰਗਰੇਜ਼ ਜਨਰਲ ਡਾਇਰ ਨੇ ਗੋਲੀਆਂ ਦਾ ਮੀਂਹ ਵਰਸਾ ਦਿੱਤਾ, ਜਿਸ ਵਿਚ ਸੈਂਕੜੇ ਲੋਕ ਸ਼ਹੀਦ ਹੋ ਗਏ ਅਤੇ ਹੋਰ ਅਨੇਕਾਂ ਗੰਭੀਰ ਰੂਪ ਵਿਚ ਜਖ਼ਮੀ ਹੋ ਗਏ। ਸੈਫੂਦੀਨ ਕਿਚਲੂ ਅਤੇ ਡਾ. ਸਤਪਾਲ ਦੀ ਅਗਵਾਈ ਵਿਚ ਇਸ ਸ਼ਾਂਤਮਈ ਜਨ ਸਭਾ ਨੂੰ ਜਿਸ ਤਰ੍ਹਾਂ ਸਾਮਰਾਜਸ਼ਾਹੀ ਵਲੋਂ ਕੁਚਲਣ ਦੀ ਕਾਰਵਾਈ ਕੀਤੀ ਗਈ, ਉਸ ਨਾਲ 1699 ਵਿਚ ਅਨੰਦਪੁਰ ਦੀ ਧਰਤੀ ਉਪਰ 'ਖਾਲਸਾ ਪੰਥ' ਦੀ ਸਾਜਨਾ ਸਮੇਂ ਲੁਟੇਰੀਆਂ ਜਮਾਤਾਂ ਦੇ ਜ਼ਾਲਮਾਨਾ ਕਿਰਦਾਰ ਬਾਰੇ ਜਾਰੀ ਕੀਤੇ ਫਰਮਾਨ ਅਤੇ ਇਸਦਾ ਵਿਰੋਧ ਕਰਨ ਦੀ ਦਰਸਾਈ ਵਿਧੀ ਉਪਰ ਪੱਕੀ ਮੋਹਰ ਲੱਗ ਗਈ। ਸਾਡੇ ਇਤਿਹਾਸ ਨੂੰ ਪ੍ਰਭਾਵਿਤ ਕਰਨ ਵਾਲੀਆਂ ਇਨ੍ਹਾਂ ਦੋਨਾਂ ਘਟਨਾਵਾਂ ਦੇ ਵਿਚਕਾਰਲੇ ਅਰਸੇ ਦੌਰਾਨ ਬਹੁਤ ਕੁਝ ਅਜਿਹਾ ਵਪਰਿਆ ਜਿਸਨੇ ਅਨੰਦਪੁਰ ਦੇ ਇਕੱਠ ਵਿਚ ਬਿਆਨੇ ਨੀਤੀਗਤ ਐਲਾਨਨਾਮੇ ਵਿਚ ਅਨੇਕਾਂ ਹੋਰ ਉਘੜਵੇਂ ਤੇ ਮੇਚਵੇਂ ਪੱਖ ਜੋੜ ਦਿੱਤੇ, ਜਿਸ ਨਾਲ ਇਹ ਐਲਾਨਨਾਮਾ ਹੋਰ ਵਿਸ਼ਾਲ, ਵਿਗਿਆਨਕ, ਮਜ਼ਬੂਤ ਅਤੇ ਪ੍ਰੇਰਨਾ ਸਰੋਤ ਬਣਦਾ ਗਿਆ। ਮੁਗਲ ਰਾਜਿਆਂ ਦੇ ਜ਼ੁਲਮਾਂ ਅਤੇ ਹੋਰ ਹਰ ਕਿਸਮ ਦੇ ਅਨਿਆ ਵਿਰੁੱਧ ਅਰੰਭੀ ਗਈ ਇਸ ਲੜਾਈ ਵਿਚ ਸ਼ਾਮਲ ਇਸ ਖਿੱਤੇ ਦੇ ਸੂਰਬੀਰਾਂ ਨੇ ਆਪਣੇ ਨਿਸ਼ਾਨੇ ਪ੍ਰਤੀ ਨਿਹਚਾ, ਇਸਨੂੰ ਪ੍ਰਾਪਤ ਕਰਨ ਲਈ ਕੋਈ ਵੀ ਕੁਰਬਾਨੀ ਕਰਨ ਲਈ ਪ੍ਰਤੀਬੱਧਤਾ ਤੇ ਅਮਲ ਅਤੇ ਅਤੀ ਮੁਸ਼ਕਿਲ ਹਾਲਤਾਂ ਵਿਚ ਵੀ 'ਚੜ੍ਹਦੀ ਕਲਾ' ਵਿਚ ਰਹਿ ਕੇ ਜੰਗ ਜਾਰੀ ਰੱਖਣ ਦੀਆਂ ਮਿਸਾਲਾਂ ਨਾਲ ਅਨੰਦਪੁਰ ਦੀ ਧਰਤੀ ਉਪਰੋਂ ਜਗਾਈ ਪ੍ਰਚੰਡ ਜੋਤ ਦਾ ਰਾਹ ਦਰਸਾਊ ਪ੍ਰਭਾਵ ਇਸਤੋਂ ਅਗਲੇਰੇ ਸਮਿਆਂ ਵਿਚ ਹਰ ਅਨਿਆ ਵਿਰੁੱਧ ਚੱਲੀਆਂ ਲਹਿਰਾਂ ਉਪਰ ਸਪੱਸ਼ਟ ਦੇਖਿਆ ਜਾ ਸਕਦਾ ਹੈ। ਅੰਗਰੇਜ਼ੀ ਸਾਮਰਾਜ ਵਿਰੁੱਧ ਆਜ਼ਾਦੀ ਪ੍ਰਾਪਤੀ ਲਈ ਬਰਾਬਰਤਾ, ਧਰਮ ਨਿਰਪੱਖਤਾ ਅਤੇ ਸਾਂਝੀਵਾਲਤਾ ਦੇ ਸਿਧਾਂਤ ਉਪਰ ਅਧਾਰਤ ਜਨਮੀ ਗਦਰ ਲਹਿਰ ਦੇ ਮੋਢੀ ਆਗੂਆਂ ਉਪਰ ਇਸ ਵਰਤਾਰੇ ਦਾ ਚੋਖਾ ਅਸਰ ਦੇਖਿਆ ਜਾ ਸਕਦਾ ਹੈ। ਅੱਗੋਂ ਇਸੇ ਤਰ੍ਹਾਂ ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਕਮਿਊਨਿਸਟ ਲਹਿਰ ਅਤੇ ਸ਼ਹੀਦ-ਇ-ਆਜ਼ਮ ਸ. ਭਗਤ ਸਿੰਘ ਤੇ ਉਸਦੇ ਸਾਥੀਆਂ ਅਤੇ ਉਨ੍ਹਾਂ ਦੁਆਰਾ ਜਥੇਬੰਦ ਕੀਤੀ ਗਈ ਨੌਜਵਾਨ ਭਾਰਤ ਸਭਾ ਦੇ ਮੈਂਬਰਾਂ ਉਪਰ, ਗਦਰ ਪਾਰਟੀ ਦੇ ਨਿਸ਼ਾਨਿਆਂ ਅਤੇ ਸ਼ਾਨਾਮੱਤੀਆਂ ਕੁਰਬਾਨੀਆਂ ਨੇ ਅਮਿੱਟ ਛਾਪ ਛੱਡੀ। ਆਜ਼ਾਦੀ ਪ੍ਰਾਪਤੀ ਤੋਂ ਬਾਅਦ ਅੱਜ ਦੇ ਸਮੇਂ ਤੱਕ ਭਾਰਤੀ ਹਾਕਮਾਂ, ਸਾਮਰਾਜੀ ਜਰਵਾਣਿਆਂ ਅਤੇ ਸਰਮਾਏਦਾਰ ਜਗੀਰਦਾਰ ਜਮਾਤਾਂ ਦੁਆਰਾ ਕੀਤੀ ਜਾ ਰਹੀ ਬੇਕਿਰਕ ਲੁੱਟ ਖਸੁੱਟ ਵਿਰੁੱਧ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਉਠੀਆਂ ਅਗਾਂਹਵਧੂ ਲਹਿਰਾਂ ਦੀ 1699 ਵਿਚ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਬੇਇਨਸਾਫੀ ਵਿਰੁੱਧ ਸ਼ੁਰੂ ਹੋਈ ਯਾਤਰਾ, ਜੋ ਜਲ੍ਹਿਆਂ ਵਾਲੇ ਬਾਗ ਤੋਂ ਲੰਘ ਕੇ ਵੱਖ-ਵੱਖ ਪੜ੍ਹਾਵਾਂ ਨੂੰ ਤੈਅ ਕਰਦੀ ਹੋਈ ਅੱਜ 21ਵੀਂ ਸਦੀ ਦੇ ਦੂਸਰੇ ਦਹਾਕੇ ਤੱਕ ਪੁੱਜੀ ਹੈ, ਵੱਖ-ਵੱਖ ਢੰਗਾਂ ਨਾਲ ਘਟ ਜਾਂ ਵੱਧ ਮਾਤਰਾ ਵਿਚ ਦੋ ਵਿਸਾਖੀਆਂ ਦੀਆਂ ਘਟਨਾਵਾਂ ਤੋਂ ਪ੍ਰਭਾਵਿਤ ਜ਼ਰੂਰ ਹੋਈ ਹੈ। ਇਹ ਸਾਰਾ ਸਮਾਂ ਜਿੱਤਾਂ ਅਤੇ ਹਾਰਾਂ ਦੋਨਾਂ ਨਾਲ ਭਰਿਆ ਪਿਆ ਹੈ, ਪ੍ਰੰਤੂ ਸਮਾਜਕ ਵਿਕਾਸ ਵਿਚ ਹਰ ਅਗਲੇ ਪੜ੍ਹਾਅ ਉਪਰ ਪੁੱਜ ਕੇ ਜਨ ਚੇਤਨਾ ਦਾ ਗੁਣਾਂਤਮਕ ਅਤੇ ਗਿਣਾਤਮਕ ਦੋਨੋਂ ਪੱਖਾਂ ਤੋਂ ਕੁੱਝ ਨਾ ਕੁੱਝ ਵਾਧਾ ਜ਼ਰੂਰ ਹੋਇਆ ਹੈ।

ਇਤਿਹਾਸ ਆਪਣੇ ਆਪ ਨੂੰ ਦੂਹਰਾ ਰਿਹਾ ਦਿਖਾਈ ਦਿੰਦਾ ਹੈ। ਸਤਾਰਵੀਂ ਸਦੀ ਦੌਰਾਨ ਹਾਕਮ ਲੁਟੇਰੀਆਂ ਜਮਾਤਾਂ ਵਲੋਂ ਢਾਏ ਗਏ ਲੂੰ ਕੰਢੇ ਖੜ੍ਹੇ ਕਰਨ ਵਾਲੇ ਜ਼ੁਲਮਾਂ ਵਾਂਗਰ ਅੱਜ ਫੇਰ ਸੱਤਾ ਉਤੇ ਬੈਠੇ ਲੋਕ ਦੋਖੀ ਸ਼ਾਸਕ ਪੂਰੀ ਨਿਰਦੈਤਾ ਨਾਲ ਜਨ-ਸਮੂਹਾਂ ਦਾ ਖ਼ੂਨ ਨਿਚੋੜ ਰਹੇ ਹਨ। ਆਰਥਿਕ, ਸਮਾਜਿਕ ਲੁੱਟ ਖਸੁੱਟ ’ਤੇ ਸਭਿਆਚਾਰਕ ਵਿਗਾੜ ਚਰਮ ਸੀਮਾ ਤੱਕ ਪੁੱਜ ਗਏ ਹਨ। ਇਸ ਵਰਤਾਰੇ ਦੇ ਵਿਰੋਧ ਵਿਚ ਉਸਰ ਰਹੀਆਂ ਲੋਕ ਲਹਿਰਾਂ ਨੂੰ ਦਬਾਉਣ ਵਾਲੇ ਤਰੀਕੇ ਅਤੇ ਯੰਤਰ ਪਹਿਲਾਂ ਤੋਂ ਕਿਤੇ ਵਧੇਰੇ ਦਿਲ ਕੰਬਾਊ, ਖਤਰਨਾਕ ਤੇ ਤਬਾਹਕੁੰਨ ਹਨ। ਫਰਕ ਏਨਾ ਹੈ ਕਿ ਹੁਣ ਇਹ ਸਾਰਾ ਕੁਝ ਕਿਸੇ ਇਕ ਖਾਸ ਦੇਸ਼ ਜਾਂ ਖਿੱਤੇ ਤੋਂ ਅੱਗੇ ਪੂਰੇ ਸੰਸਾਰ ਪੱਧਰ ਉਪਰ ਵਾਪਰ ਰਿਹਾ ਨਜ਼ਰ ਆ ਰਿਹਾ ਹੈ। ਜਲ੍ਹਿਆਂਵਾਲੇ ਬਾਗ ਵਿਚ ਜਨਰਲ ਡਾਇਰ ਵਲੋਂ ਚਲਾਈ ਗੋਲੀ ਅੱਜ ਦੇ ਜਨਰਲ ਡਾਇਰਾਂ ਹੱਥ ਮਿਜ਼ਾਇਲਾਂ, ਬੰਬਾਂ ਤੇ ਮਾਰੂ ਤਰੰਗਾਂ ਦਾ ਰੂਪ ਧਾਰਨ ਕਰ ਗਈ ਹੈ। ਜਨਤਾ ਦਾ ਨਪੀੜਨ ਅਸਹਿ ਹੱਦ ਤੱਕ ਪੁੱਜ ਗਿਆ ਹੈ। ਹਾਕਮਾਂ ਦੀਆਂ ਨਿਰਦੇਈ ਅਤੇ ਲੂੰਬੜ ਚਾਲਾਂ ਨਾਲ ਸਮਾਜ ਦਾ ਵੱਡਾ ਹਿੱਸਾ ਮਾਯੂਸ ਹੋਈ ਬੈਠਾ ਹੈ। ਪ੍ਰੰਤੂ ਇਸ ਤੱਥ ਤੋਂ ਵੀ ਪਾਸਾ ਨਹੀਂ ਵੱਟਿਆ ਜਾ ਸਕਦਾ ਕਿ ਇਸ ਜਬਰ ਦੇ ਬਾਵਜੂਦ ਵੀ ਲੁਟਿਆ ਜਾ ਰਿਹਾ ਸਧਾਰਣ ਇਨਸਾਨ ਜ਼ੁਲਮ ਦਾ ਟਾਕਰਾ ਕਰਨ ਦਾ ਦਮ ਨਹੀਂ ਭਰ ਰਿਹਾ। ਸ਼ਾਇਦ ਇਸ ਕਰਕੇ ਕਿ "ਵਿਗਿਆਨਕ ਚੇਤਨਾ" ਆਪ ਮੁਹਾਰੀ ਪੈਦਾ ਨਹੀਂ ਹੁੰਦੀ, ਸਗੋਂ ਇਸਨੂੰ ਅਗਾਂਹਵਧੂ ਲੋਕਾਂ ਦੇ ਹਿੱਸਿਆਂ ਵਲੋਂ ਯੋਜਨਾਬੱਧ ਢੰਗ ਨਾਲ ਪੈਦਾ ਕਰਨ ਦਾ ਯਤਨ ਕੀਤਾ ਜਾਂਦਾ ਹੈ। ਐਸੀ ਸ਼ਕਤੀ ਅਜੇ ਕਾਫੀ ਕਮਜ਼ੋਰ ਹੈ। ਦੇਸ਼ ਦੀਆਂ ਸਮੂਹ ਅਗਾਂਹਵਧੂ, ਮਾਨਵਵਾਦੀ ਅਤੇ ਖੱਬੀਆਂ ਤਾਕਤਾਂ ਦਾ ਜਿੰਮਾ ਬਣਦਾ ਹੈ ਕਿ ਉਹ ਇਸ ਘਾਟ ਨੂੰ ਪੂਰਾ ਕਰਨ ਲਈ ਆਪਣੇ ਯਤਨਾਂ ਨੂੰ ਹੋਰ ਤੇਜ ਕਰਨ। ਇਸੇ ਕਰਕੇ ਅਨੰਦਪੁਰ ਦੀ ਧਰਤੀ ਉਪਰ 300 ਸਾਲ ਤੋਂ ਵੀ ਵਧੇਰੇ ਸਮਾਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਦੀਨ ਦੁਖੀਆਂ ਦੀ ਰਾਖੀ ਕਰਨ ਵਾਲੀ ਫੌਜ ਖੜ੍ਹੀ ਕਰਨ ਦਾ ਉਦਮ, ਉਨ੍ਹਾਂ ਨੂੰ ਦਿੱਤੀ ਗਈ ਵਿਗਿਆਨਕ ਸੇਧ ਅਤੇ ਦੁਸ਼ਮਣਾਂ ਸੰਗ ਜੂਝਣ ਵਾਲੀ ਅਨੁਸ਼ਾਸ਼ਿਤ ਜਥੇਬੰਦੀ ਨੂੰ ਨਵੀਆਂ ਅਜੋਕੀਆਂ ਪ੍ਰਸਥਿਤੀਆਂ ਅਨੁਸਾਰ ਸਮਝਣਾ ਤੇ ਲਾਗੂ ਕਰਨਾ ਹੋਵੇਗਾ। 13 ਅਪ੍ਰੈਲ 1919 ਨੂੰ ਅੰਗਰੇਜ਼ੀ ਹਕੂਮਤ ਵਲੋਂ ਜਨ ਸਮੂਹਾਂ ਉਤੇ ਜਲ੍ਹਿਆਂਵਾਲੇ ਬਾਗ ਵਿਖੇ ਢਾਏ ਜ਼ੁਲਮ ਦੇ ਅਹਿਸਾਸ ਨੂੰ ਬਦਲੀਆਂ ਪ੍ਰਸਥਿਤੀਆਂ ਵਿਚ ਸਮਝ ਕੇ ਦੁਸ਼ਮਣਾਂ ਤੇ ਦੋਸਤਾਂ ਦੀ ਨਵੇਂ ਸਿਰਿਓਂ ਕਤਾਰਬੰਦੀ ਕਰਨੀ ਹੋਵੇਗੀ ਤੇ ਸਮਾਂਨਕੂਲ ਯੁਧਨੀਤੀ ਤੇ ਦਾਅ-ਪੇਚ ਤੈਅ ਕਰਨੇ ਹੋਣਗੇ। ਜਲ੍ਹਿਆਂਵਾਲੇ ਬਾਗ ਦੀ ਹਿਰਦੇਵੇਦਕ ਘਟਨਾ ਤੋਂ ਇਕ ਵਾਰ ਫੇਰ 'ਲਹੂ ਭਿੱਜੀ ਮਿੱਟੀ' ਦੀ ਮੁੱਠ ਭਰਕੇ ਜ਼ੋਰ ਜਬਰ ਖਿਲਾਫ ਕਸਮ ਖਾਣ ਦਾ ਸਮਾਂ ਆ ਗਿਆ ਹੈ। ਪ੍ਰੰਤੂ ਇਹ ਸਮਝਣ ਦੀ ਲੋੜ ਜ਼ਰੂਰ ਹੈ ਕਿ ਇਕੱਲੇ ਭਗਤ ਸਿੰਘ ਤੇ ਉਸਦੇ 2 ਸਾਥੀਆਂ ਦੇ ਫਾਂਸੀ ਚੜ੍ਹਨ ਨਾਲ ਇਹ ਯੁੱਧ ਜਿੱਤਣਾ ਨਾ ਮੁਮਕਿਨ ਹੈ। ਭਗਤ ਸਿੰਘ ਦੇ ਵਿਚਾਰਾਂ ਨਾਲ ਗੜ੍ਹੁਚ ਕਿਰਤੀਆਂ ਦਾ ਸੰਗਠਤ ਦਲ ਲੋੜੀਂਦਾ ਹੈ, ਜੋ ਤਲੀ ਉਪਰ ਸੀਸ ਟਿਕਾ ਕੇ "ਅੰਤ ਹੀ ਰਣ ਮੇਂ ਤਬ ਜੂਝ ਮਰੋਂ" ਦੀ ਭਾਵਨਾ ਤਹਿਤ "ਨਿਸ਼ਚੈ ਕਰ ਅਪਨੀ ਜੀਤ ਕਰੋਂ" ਦੇ ਆਸ਼ੇ ਨਾਲ ਸੱਚ ਦੇ ਮਾਰਗ ਉਪਰ ਅੱਗੇ ਵਧੇ। ਸੰਨ 1699 ਵਿਚ "ਪੰਥ ਸਾਜਨਾ" ਸਮੇਂ ਦਰਸਾਏ ਗਏ ਸਿਧਾਂਤ ਅਤੇ ਅਮਲ ਨੂੰ ਮੌਜੂਦਾ ਹਾਲਤਾਂ ਵਿਚ ਸਮਝਣ ਦੀ ਜ਼ਰੂਰਤ ਉਸ ਸਮੇਂ ਦੀਆਂ ਪ੍ਰਸਥਿਤੀਆਂ ਅਨੁਸਾਰ ਦਰਸਾਏ ਗਏ ਬਾਹਰੀ ਪਹਿਰਾਵੇ ਤੇ ਸਰੂਪ ਨਾਲੋਂ ਕਿਤੇ ਜ਼ਿਆਦਾ ਹੈ। ਜੋ ਲੋਕ ਇਸ ਤੱਥ ਨੂੰ ਧੁੰਧਲਾ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤ ਤੇ ਅਮਲ ਨਾਲੋਂ ਕੇਵਲ ਮਨੁੱਖੀ ਪਹਿਰਾਵੇ ਅਤੇ ਸਰੂਪ ਉਪਰ ਹੀ ਸਾਰਾ ਜ਼ੋਰ ਲਗਾਈ ਜਾ ਰਹੇ ਹਨ, ਅਸਲ ਵਿਚ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦਾ ਨਹੀਂ, ਸਗੋਂ 'ਔਰੰਗਿਆਂ' ਦੇ ਪੈਰੋਕਾਰਾਂ ਦਾ ਕੰਮ ਹੀ ਕਰ ਰਹੇ ਹਨ। ਇਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿਖਾਏ ਸਿਧਾਂਤ ਅਤੇ ਅਮਲ ਵਿਚ ਅੱਜ ਦੀ ਪ੍ਰਸਥਿਤੀ ਤੇ ਸਮਾਜਕ ਵਿਗਿਆਨ ਦੀ ਰੌਸ਼ਨੀ ਵਿਚ ਲੋੜੀਂਦਾ ਵਾਧਾ ਕਰਕੇ ਹੀ ਬਦਲੀਆਂ ਨਵੀਆਂ ਪ੍ਰਸਥਿਤੀਆਂ ਵਿਚ ਦੁਸ਼ਮਣਾਂ ਨਾਲ ਲੋਹਾ ਲਿਆ ਜਾ ਸਕਦਾ ਹੈ। ਜਿਹੜੇ ਲੋਕ ਅਨੰਦਪੁਰ ਦੀਆਂ ਵਿਸਾਖੀ ਵਾਲੇ ਦਿਨ ਦੀਆਂ ਘਟਨਾਵਾਂ ਦਾ 'ਪ੍ਰਮੇਸ਼ਵਰੀਕਰਨ' ਅਤੇ "ਚਮਤਕਾਰੀ, ਕਰਨ" ਕਰ ਰਹੇ ਹਨ ਅਤੇ ਸਾਰ ਤੱਤ ਨੂੰ ਤਿਆਗ ਕੇ ਇਸਦੇ ਰੂਪਕ ਪੱਖ ਨੂੰ ਉਜਾਗਰ ਕਰਨ ਉਪਰ ਹੀ ਸਾਰਾ ਜ਼ੋਰ ਲਗਾ ਰਹੇ ਹਨ, ਅਸਲ ਵਿਚ ਉਹ ਅਨੰਦਪੁਰੀ ਧਾਰਾ ਦੇ ਨਹੀਂ, ਸਗੋਂ ਪਹਾੜੀ ਰਾਜਿਆਂ ਤੇ ਮੁਗਲ ਸ਼ਾਸਕਾਂ ਦੀ ਜਨ ਵਿਰੋਧੀ ਵਿਚਾਰਧਾਰਾ ਦੇ ਅਨੁਆਈ ਸਿੱਧ ਹੋ ਰਹੇ ਹਨ। ਅੱਜ ਦੇ ਮਸੰਦਾਂ ਨੇ ਗੁਰੂ ਦੇ ਆਪਾਵਾਰੂ ਅਤੇ ਯੁਗ ਪਲਟਾਊ ਬੁਲੰਦ ਨਾਅਰੇ ਨੂੰ ਅਗਵਾ ਕਰਨ ਦਾ ਯਤਨ ਕੀਤਾ ਹੈ। ਇਸੇ ਕਰਕੇ ਸਾਰਾ ਜ਼ੋਰ ਕੇਵਲ ਤੇ ਕੇਵਲ ਝੂਠੇ ਅਡੰਬਰਾਂ ਰਾਹੀਂ ਕਥਿਤ ਧਾਰਮਕ ਸੰਮੇਲਨ ਕਰਨ, ਆਲੀਸ਼ਾਨ ਧਾਰਮਕ ਅਸਥਾਨ ਉਸਾਰਨ ਅਤੇ ਹੋਰ ਅਨੇਕ ਤਰ੍ਹਾਂ ਦੇ ਪਾਖੰਡ ਕਰਨ ਵਿਚ ਲਗਾ ਰਹੇ ਹਨ, ਜਿਨ੍ਹਾਂ ਦੇ ਖਾਤਮੇ ਲਈ ਗੁਰੂ ਸਾਹਿਬਾਨ ਨੇ ਜ਼ੋਰਦਾਰ ਆਵਾਜ਼ ਉਠਾਈ ਸੀ ਅਤੇ ਸੱਚ ਦੇ ਮੈਦਾਨ ਵਿਚ ਜੂਝਦਿਆਂ ਸਰਬੰਸ ਦਾਨ ਕੀਤਾ ਸੀ। ਜਲ੍ਹਿਆਂ ਵਾਲੇ ਬਾਗ ਦੀ ਘਟਨਾ ਦਾ ਭਾਰਤੀ ਹਾਕਮ ਆਪਣੇ ਰਾਜ ਭਾਗ ਨੂੰ ਲੰਮੇਰਾ ਕਰਨ ਲਈ ਦੁਰਪ੍ਰਯੋਗ ਕਰਨ ਵਾਸਤੇ ਪੂਰੀ ਵਾਹ ਲਾ ਰਹੇ ਹਨ। ਇਸੇ ਕਰਕੇ ਡਾਇਰ ਦੀਆਂ ਵੱਜੀਆਂ ਗੋਲੀਆਂ ਦੇ ਨਿਸ਼ਾਨ ਮਿਟਾ ਕੇ, ਜੋ ਲੋਕਾਂ ਦੇ ਮਨਾਂ ਅੰਦਰ ਸਾਮਰਾਜ ਪ੍ਰਤੀ ਨਫਰਤ ਅਤੇ ਜ਼ੁਲਮ ਵਿਰੁੱਧ ਜੂਝਣ ਦਾ ਰੋਹ ਪੈਦਾ ਕਰਦੇ ਹਨ, ਇਹ ਹਾਕਮ ਉਸ ਜਗ੍ਹਾ ਸੈਰ-ਗਾਹਾਂ ਤੇ ਕੈਫੇ ਹਾਊਸ ਬਣਾਉਣ ਦੀਆਂ ਤਰਤੀਬਾਂ ਘੜ ਰਹੇ ਹਨ। ਹਰ ਸਮੇਂ ਦੇ ਹਾਕਮਾਂ ਵਾਂਗ ਅੱਜ ਦੇ ਹੁਕਮਰਾਨ ਵੀ ਸਾਥੋਂ ਸਾਡਾ ਅਮੀਰ ਸਭਿਆਚਾਰ, ਮਾਣਮੱਤਾ ਇਤਿਹਾਸ ਤੇ ਜੁਝਾਰੂ ਵਿਰਾਸਤ ਖੋਹਣ/ਮਿਟਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ।

ਇਸ ਲਈ ਜ਼ਰੂਰਤ ਹੈ ਕਿ ਵਿਸਾਖੀ ਦੇ ਦਿਨ ਨੂੰ ਯਾਦ ਕਰਦਿਆਂ ਹੋਇਆਂ ਅਸੀਂ ਅਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਅਜੋਕੇ ਸਮਿਆਂ ਦੇ ਚੌਖਟੇ ਵਿਚ ਰੱਖ ਕੇ ਯੋਗ ਸਿੱਟੇ ਤੇ ਸੇਧਾਂ ਮਿਥੀਏ ਤਾਂ ਕਿ ਇਤਿਹਾਸ ਦੀ ਬੁੱਕਲ ਵਿਚ ਸਮੋਏ ਸੱਚ ਨੂੰ ਸਮਝ ਕੇ ਅਸੀਂ ਅੱਜ ਦੇ ਲੁਟੇਰੇ ਢਾਂਚੇ ਦੇ ਖਾਤਮੇਂ ਲਈ ਆਪਣੇ ਯਤਨਾਂ ਨੂੰ ਹੋਰ ਤੇਜ਼ ਕਰ ਸਕੀਏ। ਸੰਸਾਰ ਭਰ ਦੇ ਸਾਰੇ ਲੋਕਾਂ ਨੂੰ ਮਾਰਕਸਵਾਦ-ਲੈਨਿਨਵਾਦ ਦੀ ਵਿਗਿਆਨਕ ਵਿਚਾਰਧਾਰਾ ਲੁੱਟ-ਖਸੁੱਟ ਰਹਿਤ ਸਮਾਜ ਸਿਰਜਣ ਵਾਸਤੇ ਅਗਵਾਈ ਦੇਣ ਦਾ ਕੰਮ ਕਰਦੀ ਹੈ। ਪ੍ਰੰਤੂ ਆਪਣੇ ਦੇਸ਼ ਅਤੇ ਇਸ ਖਿੱਤੇ ਦੇ ਲੋਕਾਂ ਨੂੰ ਇਸ ਮਹਾਨ ਉਦਮ ਲਈ ਤਿਆਰ ਕਿਸ ਤਰ੍ਹਾਂ ਕਰਨਾ ਹੈ, ਉਸ ਕੰਮ ਵਾਸਤੇ ਅਨੰਦਪੁਰ ਸਾਹਿਬ ਅਤੇ ਜਲ੍ਹਿਆਂ ਵਾਲੇ ਬਾਗ ਵਿਚ ਲਿਖੇ ਇਤਿਹਾਸ ਦੇ ਸਾਰ ਤੱਤ ਅਤੇ ਆਦਰਸ਼ਾਂ ਨੂੰ ਵੀ ਜ਼ਰੂਰੀ ਸਮਝਣਾ ਹੋਵੇਗਾ। ਇਸਨੂੰ ਸਮਝੇ ਬਿਨਾਂ ਅਸੀਂ ਆਪਣੇ ਮੰਤਵ ਵਿਚ ਸਫਲ ਨਹੀਂ ਬਣ ਸਕਾਂਗੇ।

ਇਤਿਹਾਸ ਆਪਣੇ ਆਪ ਨੂੰ ਦੂਹਰਾ ਰਿਹਾ ਦਿਖਾਈ ਦਿੰਦਾ ਹੈ। ਸਤਾਰਵੀਂ ਸਦੀ ਦੌਰਾਨ ਹਾਕਮ ਲੁਟੇਰੀਆਂ ਜਮਾਤਾਂ ਵਲੋਂ ਢਾਏ ਗਏ ਲੂੰ ਕੰਢੇ ਖੜ੍ਹੇ ਕਰਨ ਵਾਲੇ ਜ਼ੁਲਮਾਂ ਵਾਂਗਰ ਅੱਜ ਫੇਰ ਸੱਤਾ ਉਤੇ ਬੈਠੇ ਲੋਕ ਦੋਖੀ ਸ਼ਾਸਕ ਪੂਰੀ ਨਿਰਦੈਤਾ ਨਾਲ ਜਨ-ਸਮੂਹਾਂ ਦਾ ਖ਼ੂਨ ਨਿਚੋੜ ਰਹੇ ਹਨ। ਆਰਥਿਕ, ਸਮਾਜਿਕ ਲੁੱਟ ਖਸੁੱਟ ’ਤੇ ਸਭਿਆਚਾਰਕ ਵਿਗਾੜ ਚਰਮ ਸੀਮਾ ਤੱਕ ਪੁੱਜ ਗਏ ਹਨ। ਇਸ ਵਰਤਾਰੇ ਦੇ ਵਿਰੋਧ ਵਿਚ ਉਸਰ ਰਹੀਆਂ ਲੋਕ ਲਹਿਰਾਂ ਨੂੰ ਦਬਾਉਣ ਵਾਲੇ ਤਰੀਕੇ ਅਤੇ ਯੰਤਰ ਪਹਿਲਾਂ ਤੋਂ ਕਿਤੇ ਵਧੇਰੇ ਦਿਲ ਕੰਬਾਊ, ਖਤਰਨਾਕ ਤੇ ਤਬਾਹਕੁੰਨ ਹਨ। ਫਰਕ ਏਨਾ ਹੈ ਕਿ ਹੁਣ ਇਹ ਸਾਰਾ ਕੁਝ ਕਿਸੇ ਇਕ ਖਾਸ ਦੇਸ਼ ਜਾਂ ਖਿੱਤੇ ਤੋਂ ਅੱਗੇ ਪੂਰੇ ਸੰਸਾਰ ਪੱਧਰ ਉਪਰ ਵਾਪਰ ਰਿਹਾ ਨਜ਼ਰ ਆ ਰਿਹਾ ਹੈ।



# ਖਾਲਸਾ ਆਦਰਸ਼ ਦੀ ਉਤਪਤੀ 1699 ਦੀ ਵਿਸਾਖੀ



ਤਖਤ ਸ੍ਰੀ ਕੇਸਗੜ ਸਾਹਿਬ ਦੀ ਪੁਰਾਣੀ ਤਸਵੀਰ (ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ ਮਹਾਨ ਕੋਸ਼ ਵਿੱਚੋਂ ਲਈ ਗਈ ਹੈ)

ਵਿਸਾਖ ਦਾ ਮਹੀਨਾ ਵਾਤਾਵਰਣ ਪੱਖੋਂ ਉਦੋਂ ਆਉਂਦਾ ਹੈ, ਜਦੋਂ ਪੱਤਝੜ੍ਹ ਤੋਂ ਬਾਦ ਬਨਸਪਤੀ ਦੀਆ ਹਰੀਆ ਕਚੂਰ ਟਾਹਣੀਆ ਪੱਤਿਆ ਨਾਲ ਭਰ ਕੇ ਇੱਕ ਨਵੇਂ ਜੀਵਨ ਦਾ ਸੁਨੇਹਾ ਦਿੰਦੀਆ ਹਨ ਅਤੇ ਜੋਬਨ ਤੇ ਆਏ ਪੌਦੇ ਜੇਠ ਹਾੜ ਦੀਆ ਲੋਆਂ ਅਤੇ ਸੂਰਜ ਦੀ ਤਪਸ਼ ਤੋਂ ਬਚਾਉਣ ਲਈ ਢਾਲ ਬਣਦੇ ਹਨ। ਅਜਿਹੇ ਵਾਤਾਵਰਣ ਵਿੱਚ ਮਨੁੱਖ ਅੰਦਰ ਇੱਕ ਤਾਂਘ ਪੈਦਾ ਹੁੰਦੀ ਹੈ ਅਤੇ ਅਗਾਂਹ ਵਧਣ ਲਈ ਨਵੇਂ ਇਰਾਦੇ ਪੈਦਾ ਹੁੰਦੇ ਹਨ। ਧਾਰਮਿਕ ਤੌਰ ਤੇ ਵਿਸਾਖੀ ਦੇ ਤਿਓਹਾਰ ਨੂੰ ਪੂਰੇ ਭਾਰਤ ਵਿੱਚ ਮਹਾਂ ਪਵਿੱਤਰ ਜਾਣਿਆ ਜਾਂਦਾ ਹੈ। ਸਿੱਖ ਇਤਿਹਾਸ ਵਿੱਚ ਇਸ ਦਿਨ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿੱਚ ਖਾਲਸੇ ਦੀ ਸਿਰਜਣਾ ਕਰਕੇ ਦੁਨੀਆ ਦੀ ਅਨੋਖੀ ਧਾਰਮਿਕ ਮਿਸਾਲ ਸ੍ਰੀ ਗੁਰੁ ਗੋਬਿੰਦ ਸਿੰਘ ਦੁਆਰਾ ਪੇਸ਼ ਕੀਤੀ ਗਈ।

'ਖਾਲਸਾ'ਫਾਰਸੀ ਦਾ ਲਫਜ਼ ਹੈ ਜਿਸਦਾ ਮਾਅਨਾ ਹੈ- ਉਹ ਜਮੀਨ ਜਾਂ ਜਾਇਦਾਦ ਜਿਹੜੀ ਬਾਦਸ਼ਾਹ ਦੀ ਸਿੱਧੀ ਮਲਕੀਅਤ ਹੋਵੇ ਜਾਂ ਦੂਜੇ ਸ਼ਬਦਾ ਵਿੱਚ 'ਸਿਆਸੀ ਤੌਰ ਤੇ ਖੁਦਮੁਖਤਿਆਰ'। ਖਾਲਸਾ ਦਸਵੇਂ ਨਾਨਕ ਦਾ ਨਹੀਂ, ਬਲਕਿ ਸਿੱਧਾ ਵਾਹਿਗੁਰੂ ਦੀ ਆਪਣੀ ਰਿਆਇਆ ਹੈ :

ਖਾਲਸਾ ਅਕਾਲ ਪੁਰਖ ਕੀ ਫੌਜ ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

ਸਿੱਖ ਧਰਮ ਦੀ ਸ਼ੁਰੂਆਤ ਤਾਂ ਗੁਰੁ ਨਾਨਕ ਦੇਵ ਜੀ ਦੁਆਰਾ ਕੀਤੀ ਗਈ ਸੀ ਤੇ ਗੁਰਗੱਦੀ ਵੀ ਨਿਰੰਤਰ ਚਲ ਰਹੀ ਸੀ ਤੇ ਦਸਵੇਂ ਗੁਰੁ ਗੋਬਿੰਦ ਸਿੰਘ ਨੇ ਖਾਲਸੇ ਦੀ ਸਿਰਜਣਾ ਕਰਕੇ ਇਸ ਵਿੱਚ ਮਹੱਤਵਪੂਰਨ ਤਬਦੀਲੀ ਖਾਲਸਾ ਆਦਰਸ਼ ਦੀ ਉਤਪਤੀ ਨੂੰ ਰੂਪਮਾਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੂੰ ਲਗਾਤਾਰ ਸ਼ਿਕਾਇਤਾਂ ਮਿਲ ਰਹੀਆ ਸਨ ਸਿੱਖ ਧਰਮ ਦੇ ਮਸੰਦ ਮਨਮਾਨੀਆ ਕਰ ਰਹੇ ਹਨ ਅਤੇ ਇੱਥੋਂ ਤੱਕ ਕਿ ਗਰੀਬ ਸਿੱਖਾਂ ਨੂੰ ਤੰਗ ਵੀ ਕਰਦੇ ਹਨ। ਇਸ ਤੋਂ ਇਲਾਵਾ ਗੁਰੂ ਘਰ ਲਈ ਕੀਤੀਆ ਜਾਂਦੀਆ ਉਗਰਾਹੀਆ ਦਾ ਵੱਡਾ ਹਿੱਸਾ ਆਪਣੇ ਘਰ ਰੱਖ ਲੈਂਦੇ ਹਨ। ਇਸ ਕਰਕੇ ਗੁਰੂ ਜੀ ਮਸੰਦ ਪ੍ਰਣਾਲੀ ਨੂੰ ਖਤਮ ਕਰਨਾ ਪਿਆ। ਖਾਲਸਾ ਪਰਗਟ ਕਰਨ ਵਿੱਚ ਗੁਰੂ ਜੀ ਉਦੇਸ਼ ਬਦਲੇ ਦੀ ਭਾਵਨਾ ਜਾਂ ਕਿਸੇ ਨਿੱਜੀ ਸਵਾਰਥ ਦੀ ਪੂਰਤੀ ਨਹੀਂ ਸੀ ਬਲਕਿ ਉਹ ਐਸੇ ਮਨੁੱਖਾ ਦੀ ਜਥੇਬੰਦੀ ਕਾਇਮ ਕਰਨਾ ਸੀ ਜੋ ਸਿੱਖੀ ਦੇ ਆਦਰਸ਼ ਅਨੁਸਾਰ ਰੂਹਾਨੀ ਜ਼ਿੰਦਗੀ ਵਿੱਚ ਸੰਤ ਹੋਣ ਅਤੇ ਸੰਸਾਰਕ ਜੀਵਨ ਵਿੱਚ ਨਿਸ਼ਕਾਮ ਸੇਵਕ: ਜੋ ਭਲੇ ਲੋਕਾਂ ਦੇ ਰੱਖਿਅਕ ਅਤੇ ਸਹਾਇਕ ਹੋਣ ਅਤੇ ਉਨ੍ਹਾ ਦੇ ਦੁੱਖ ਨਿਵਾਰਨ ਕਰਨ ਲਈ ਦੋਖੀਆ ਨੂੰ ਵਿਦਾਰਨ ਦਾ ਯਤਨ ਕਰਨ ਤਾਂ ਜੋ ਜਨਤਾ ਅਮਨ ਅਮਾਨ ਦਾ ਜੀਵਨ ਬਿਤਾ ਸਕੇ।

ਅਸਰੁ ਸਿਘਾਰਬੇ ਕੋ, ਦੁਰਜਨ ਕੇ ਮਾਰਬੇ ਕੋ,
ਸੰਕਟ ਨਿਵਾਰਬੇ ਕੋ, ਖਾਲਸਾ ਬਨਾਯੋ ਹੈ ॥

1699 ਦੀ ਇਤਿਹਾਸਕ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਗਤਾਂ ਨੂੰ ਆਦੇਸ਼ ਕੀਤੇ ਗਏ ਕਿ ਉਹ ਵੱਡੀ ਗਿਣਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ। ਇਤਿਹਾਸਕਾਰਾਂ ਅਨੁਸਾਰ ਇਸ ਧਰਤੀ ਤੇ ਵਿਸਾਖੀ ਮੌਕੇ ਵੱਡਾ ਦੀਵਾਨ ਸਜਾਇਆ ਗਿਆ। ਇਸ ਮੌਕੇ ਤੇ ਗੁਰੂ ਜੀ ਨੇ ਦੀਵਾਨ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤ ਨੂੰ ਸੰਬੋਧਨ ਕਰਦੇ ਹੋਏ ਆਪਣੀ ਤਲਵਾਰ ਮਿਆਨ ਵਿੱਚੋਂ ਬਾਹਰ ਕੱਢ ਕੇ ਹਾਜ਼ਰ ਸੰਗਤਾਂ ਪਾਸੋਂ ਇੱਕ ਸੀਸ ਦੀ ਮੰਗ ਕੀਤੀ, ਕਹਿੰਦੇ ਹਨ ਕਿ ਇੱਕ ਵਾਰ ਗੁਰੂ ਜੀ ਦੀ ਇਹ ਮੰਗ ਸੁਣ ਕੇ ਦਰਬਾਰ ਵਿੱਚ ਸ਼ਾਤੀ ਪਸਰ ਗਈ ਲੇਕਿਨ ਫੇਰ ਲਾਹੌਰ ਤੋਂ ਆਏ ਇੱਕ ਸਿੱਖ ਦਇਆ ਰਾਮ ਨੇ ਉਠ ਕੇ ਗੁਰੂ ਦੇ ਅੱਗੇ ਝੁਕ ਕੇ ਆਪਣੇ ਸਿਰ ਪੇਸ਼ ਕੀਤਾ। ਗੁਰੂ ਜੀ ਉਸ ਨੂੰ ਇੱਕ ਤੰਬੂ ਵਿੱਚ ਲੈ ਗਏ ਅਤੇ ਜਦੋਂ ਉਹ ਦੁਬਾਰਾ ਵਾਪਸ ਆਏ ਤਾਂ ਤਲਵਾਰ ਖੂਨ ਨਾਲ ਭਿੱਜੀ ਪਈ ਸੀ ਅਤੇ ਇਸ ਤੋਂ ਬਾਦ ਇਸੇ ਤਰੀਕੇ ਨਾਲ ਇੱਕ ਇੱਕ ਕਰਕੇ ਚਾਰ ਹੋਰ ਸਿਰਾ ਦੀ ਮੰਗ ਕੀਤੀ। ਗੁਰੂ ਦੇ ਪਿਆਰੇ ਦਿੱਲੀ ਤੋਂ ਆਏ ਧਰਮ ਦਾਸ, ਦਵਾਰਕਾ ਦੇ ਮੋਹਕਮ ਚੰਦ, ਬਿਦਰ ਦੇ ਸਾਹਿਬ ਚੰਦ ਅਤੇ ਜਗਨਨਾਥ ਦੇ ਹਿੰਮਤ ਸਿੰਘ ਨੇ ਵਾਰੋ ਵਾਰੀ ਆਪਣਾ ਸਿਰ ਗੁਰੁ ਜੀ ਅੱਗੇ ਪੇਸ਼ ਕੀਤਾ ਅਤੇ ਗੁਰੂ ਸਾਹਿਬ ਉਨ੍ਹਾ ਨੂੰ ਤੰਬੂ ਵਿੱਚ ਲਿਜਾਂਦੇ ਰਹੇ। ਕਹਿੰਦੇ ਹਨ ਜਦੋਂ ਗੁਰੂ ਜੀ ਸਿੱਖਾ ਦੇ ਸਿਰਾਂ ਦੀ ਮੰਗ ਕਰ ਰਹੇ ਸਨ ਤਾਂ ਕੁਝ ਇੱਕ ਸਿੱਖਾਂ ਨੇ ਗੁਰੂ ਜੀ ਦੇ ਮਾਤਾ ਜੀ ਕੋਲ ਸ਼ਿਕਾਇਤ ਕਰਕੇ ਉਨ੍ਹਾ ਨੂੰ ਸਮਝਾਉਣ ਦੀਆ ਗੱਲਾਂ ਕਹੀਆ। ਇਸ ਤੋਂ ਬਾਦ ਗੁਰੂ ਜੀ ਨੇ ਜਾਤ ਪਾਤ ਦੇ ਭੇਦ ਮਿਟਾਉਂਦੇ ਹੋਏ ਪੰਜਾਂ ਸਿੱਖਾਂ ਨੂੰ ਇੱਕ ਤਰ੍ਹਾਂ ਦੇ ਸੁੰਦਰ ਵਸਤਰ ਪਵਾਏ। ਇਤਿਹਾਸਕਾਰ ਮੈਕਸ ਆਰਥਰ ਮੈਕਾਲਿਫ ਅਨੁਸਾਰ ਇਸ ਮੌਕੇ ਗੁਰੂ ਜੀ ਨੇ ਸਿੱਖਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬਾਬਾ ਨਾਨਕ ਦੇ ਸਮੇਂ ਤੋਂ ਚਰਣਪਾਹੁਲ ਦੀ ਮਰਿਆਦਾ ਸੀ । ਗੁਰੂ ਜਿਸ ਜਲ ਵਿੱਚ ਪੈਰ ਧੋਂਦੇ ਸਨ ਸਿੱਖ ਉਹ ਜਲ ਪੀਂਦੇ ਸਨ। ਪ੍ਰੰਤੂ ਖਾਲਸਾ ਨੂੰ ਇੱਕ ਕੌਮ ਵਜੋਂ ਬੀਰਤਾ ਤੇ ਸ਼ਸਤਰ ਕਲਾ ਨਾਲ ਹੀ ਕਾਇਮ ਕੀਤਾ ਜਾ ਸਕਦਾ ਹੈ । ਇਸ ਲਈ ਮੈਂ ਪਾਣੀ ਵਿੱਚ ਖੰਡਾ ਫੇਰ ਕੇ ਅੰਮ੍ਰਿਤ ਛਕਾਉਣ ਦੀ ਰੀਤ ਦੀ ਸਥਾਪਨਾ ਕਰਦਾ ਹਾਂ ਜੋ ਅੰਮ੍ਰਿਤ ਦੀ ਪਾਹੁਲ ਛਕਣਗੇ ਉਹ ਤੁਹਾਡੀਆ ਅੱਖਾ ਸਾਹਮਣੇ ਗਿੱਦੜਾਂ ਤੋਂ ਸ਼ੇਰ ਬਣ ਜਾਣਗੇ ਤੇ ਇਸ ਜਗਤ ਵਿੱਚ ਸਾਮਰਾਜ ਪ੍ਰਾਪਤ ਕਰਨਗੇ ਅਤੇ ਅਗਲੇ ਜਗਤ ਵਿੱਚ ਅਨੰਦ ਜਾਂ ਮੋਖ।

ਗੁਰੂ ਜੀ ਦੁਆਰਾ ਪੰਜ ਬਾਣੀਆ ਦਾ ਪਾਠ ਕਰਦੇ ਸਮੇਂ ਖੰਡੇ ਦੀ ਪਾਹੁਲ ਨਾਲ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ ਅਤੇ ਇਨ੍ਹਾ ਸਿੱਖਾ ਨੂੰ ਛਕਾਇਆ ਗਿਆ ਅਤੇ ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਬਣ ਗਏ ਅਤੇ ਗੁਰੂ ਸਾਹਿਬ ਨੇ ਉਨ੍ਹਾ ਨੂੰ ਪੰਜ ਪਿਆਰਿਆ ਦਾ ਖਿਤਾਬ ਦਿੱਤਾ ਜਿਸਨੂੰ ਕਿ ਇਤਿਹਾਸਕਾਰ ਜਮਹੂਰੀਅਤ ਦੀ ਸ਼ੁਰੂਆਤ ਦਾ ਨਾਂ ਵੀ ਦਿੰਦੇ ਹਨ। ਇਨ੍ਹਾ ਸਾਰੇ ਸਿੱਖਾ ਦੇ ਨਾਂ ਨਾਲ ਸਿੰਘ ਲਗਾਇਆ ਗਿਆ ਅਤੇ ਜੋ ਕਿ ਪੰਜ ਕਕਾਰਾਂ ਕੇਸ,ਕੰਘਾ,ਕੜਾਂ,ਕਿਰਪਾਨ ਅਤੇ ਕਛਹਿਰਾ ਦੇ ਧਾਰਨੀ ਬਣੇ। ਇਸ ਤੋਂ ਇਲਾਵਾ ਖਾਲਸੇ ਨੂੰ ਤੰਬਾਕੂ ਸੇਵਨ, ਪਰ-ਇਸਤਰੀ ਦਾ ਸੰਗ ਅਤੇ ਮਾਸ ਦੀ ਵਰਤੋਂ, ਚੋਰੀ, ਗਮਨ, ਜੂਆ ਨਸ਼ਾ, ਝੂਠ ਆਦਿ ਤੋਂ ਵਰਜਿਤ ਕੀਤਾ ਹੈ। ਫੇਰ ਗੁਰੂ ਜੀ ਨੇ ਇਨ੍ਹਾ ਪੰਜ ਪਿਆਰਿਆ ਪਾਸੋਂ ਅੰਮ੍ਰਿਤ ਛਕਿਆ ਅਤੇ 'ਆਪੇ ਗੁਰ ਚੇਲਾ' ਦੇ ਸਿਧਾਂਤ ਨੂੰ ਸੰਗਤਾਂ ਸਾਹਮਣੇ ਰੱਖਿਆ । ਗੁਰੂ ਜੀ ਨੇ 'ਗੁਰੂ ਦੇ ਸਿਧਾਂਤ' ਅਤੇ 'ਖਾਲਸੇ ਦੇ ਸਿਧਾਤ' ਨੂੰ ਜੋੜ ਕੇ 'ਪੰਜ ਪਿਆਰਿਆ' ਨੂੰ ਸਿੱਖ ਸੰਗਠਨ ਵਿੱਚ ਪ੍ਰਮੁੱਖਤਾ ਦਾ ਰੁਤਬਾ ਦਿੱਤਾ। ਇਸ ਤੋਂ ਬਾਦ ਇਸੇ ਰੀਤ ਅਨੁਸਾਰ 'ਪੰਜ ਪਿਆਰਿਆ' ਦੁਆਰਾ ਅੰਮ੍ਰਿਤ ਛਕਾ ਕੇ ਤਿਆਰ ਬਰ ਤਿਆਰ ਬਰ ਸਿੰਘ ਸਜਾਉਣ ਦੀ ਰੀਤ ਸ਼ੁਰੂ ਹੋਈ । ਅੰਮ੍ਰਿਤ ਛਕਣ ਤੋਂ ਬਾਦ ਮਰਦਾ ਦੇ ਨਾਂ ਨਾਲ ਸਿੰਘ ਅਤੇ ਔਰਤਾਂ ਦੇ ਨਾਂ ਨਾਲ ਕੌਰ ਲਗਾਉਣਾ ਸ਼ੁਰੂ ਹੋਇਆ।



ਅਮਰਪਾਲ ਸਿੰਘ ਬੈਂਸ
+91-98156-21244
bainsa44@gmail.com

ਗੁਰੁ ਜੀ ਕੁਰਬਾਨੀ ਵਾਲੇ ਕੰਡਿਆਲੇ ਰਾਹ ਤੇ ਤੁਰਨ ਲਈ ਤਿਆਰ ਕੀਤੇ ਇਸ ਨਿਆਰੇ ਖਾਲਸੇ ਦੇ ਬੋਲ-ਬਾਲੇ ਦੇ ਨਾਲ ਨਾਲ ਸਿੱਖਾ ਨੂੰ ਤਾੜਨਾ ਵੀ ਦਿੰਦੇ ਹਨ :

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਊ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨਾ ਕਰੋਂ ਇਨ ਕੀ ਪ੍ਰਤੀਤ ॥

ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਆਦਰਸ਼ ਦੀ ਉਤਪਤੀ ਦਾ ਮਿਸ਼ਨ ਆਦਿ ਗੁਰੂਆ ਦੁਆਰਾ ਸ਼ੁਰੂ ਕੀਤੇ ਕੰਮ ਸੰਪੂਰਤਾ ਦੇ ਕੇ ਨੂੰ ਮਨੁੱਖ ਨੂੰ ਪੂਰਨ ਮਨੁੱਖ ਬਨਾਉਣਾ ਸੀ ਜਿਹੜਾ ਕਿ ਦੋ ਸ਼ਕਤੀਆ ਅਧਿਆਤਮਕਤਾ ਤੇ ਬੀਰਤਾ ਦਾ ਧਾਰਨੀ ਹੋਵੇ, ਜਿੱਥੇ ਅਧਿਆਤਮਕਤਾ ਮਨੁੱਖ ਅੰਦਰ ਕੋਮਲਤਾ,ਪਿਆਰ ਅਤੇ ਦਇਆ ਪੈਦਾ ਕਰਦੀ ਹੈ ਉਥੇ ਬੀਰਤਾ ਸਖਤੀ,ਬਹਾਦਰੀ ਅਤੇ ਅਣਖ ਦੇ ਗੁਣਾਂ ਨੂੰ ਉਜਾਗਰ ਕਰਦੀ ਹੈ।



ਤਖਤ ਸ੍ਰੀ ਕੇਸਗੜ ਸਾਹਿਬ ਦੀ ਮੌਜੂਦਾ ਇਮਾਰਤ ਦੀ ਤਸਵੀਰ।

# ਬੀਤੇ ਤੇ ਬਦਲੇ ਵੇਲਿਆਂ 'ਚ ਵਿਸਾਖੀ

ਕਿਸੇ ਲੋਕ ਸਾਹਿਤ ਚਿੰਤਕ ਦਾ ਕਥਨ ਹੈ 'ਪੰਜਾਬ 'ਚ ਤਿਓਹਾਰਾਂ ਦਾ ਲੰਮਾਂ ਕਾਫ਼ਲਾ ਤੁਰਿਆ ਰਹਿੰਦਾ ਹੈ। ਚੰਨ ਦੀਆਂ ਤਿੱਥਾਂ ਨਾਲ ਸਬੰਧਤ ਪੂਰਬ ਏਕਾਦਸ਼ੀ, ਪੂਰਨਮਾਸ਼ੀ, ਤੇ ਮੱਸਿਆ ਆਦਿ ਖੂਹ ਦੀਆਂ ਇੱਟਾਂ ਵਾਂਗ ਗੇੜੇ ਪਏ ਰਹਿੰਦੇ ਹਨ। ਫ਼ਿਰ ਸੰਗਰਾਂਦ ਦੇ ਨਾਲ ਕੋਈ ਹੋਰ ਉਤਸਵ ਵੀ ਜੁੜ ਜਾਵੇ ਤਾਂ ਤਿਓਹਾਰ ਦਾ ਜਲੌਅ ਹੋਰ ਵੀ ਵਧ ਜਾਂਦਾ ਹੈ ਤੇ ਜਦੋਂ ਇਸ ਉਤਸਵ ਦੇ ਨਾਲ ਘਟਨਾਵਾਂ ਦਾ ਕੋਈ ਸਿਲਸਿਲਾ ਵੀ ਜੁੜ ਜਾਵੇ ਤਾਂ ਤਿਓਹਾਰ ਦਾ ਮੌਜ-ਮੇਲੇ ਦੇ ਨਾਲ-ਨਾਲ ਪ੍ਰੇਰਨਾ ਦਾ ਵੀ ਅਤੁੱਟ ਸੋਮਾ ਹੋ ਨਿਬੜਦਾ ਹੈ। ਵਿਸਾਖੀ ਦਾ ਤਿਓਹਾਰ ਕੁਝ ਇਸ ਤਰ੍ਹਾਂ ਹੀ ਆਉਂਦਾ ਹੈ।

'ਮੇਰਾ ਪਿੰਡ' ਪੁਸਤਕ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਵਿਸਾਖੀ ਦਾ ਵਰਣਨ ਕਰਦਿਆਂ ਪੰਜਾਬੀਆਂ ਲਈ ਇਸ ਦਿਨ ਨੂੰ ਵਿਸ਼ੇਸ਼ ਖੁਸ਼ੀਆਂ ਤੇ ਖੇੜਿਆਂ ਦਾ ਦਿਨ ਕਿਹਾ ਹੈ। ਗਿਆਨੀ ਜੀ ਅਨੁਸਾਰ 'ਨੱਚਣ ਕੁੱਦਣ ਦੇ ਚਾਉ ਪੂਰੇ ਕਰਨ ਦੇ ਉਤਸਵ ਬੜੇ ਜੋਸ਼ ਨਾਲ ਰਚੇ ਜਾਂਦੇ ਹਨ। ਇਨ੍ਹਾਂ ਖੁਸ਼ੀਆਂ ਪਿਛੇ ਫਸਲਾਂ ਦੇ ਪੱਕਣ ਦਾ ਹੁਲਾਸ ਇਕ ਪ੍ਰੇਰਨਾ ਹੁੰਦੀ ਹੈ। ਉਸ ਤੋਂ ਵੱਧ ਕਣਕਾਂ ਦੇ ਪੱਕ ਜਾਣ ਦੀਆਂ ਖੁਸ਼ੀਆਂ। ਇਸ ਦਿਨ ਪਿੱਛੋਂ ਜ਼ੋਰ ਸ਼ੋਰ ਨਾਲ ਵਾਢੀਆਂ ਸ਼ੁਰੂ ਹੋ ਜਾਂਦੀਆਂ ਹਨ। ਮੌਸਮੀ ਵਿਗਿਆਨ ਬਾਰੇ ਕਿਹਾ ਜਾਂਦਾ ਹੈ, ਇਹ ਦਿਨ ਕਣਕ ਪੱਕ ਜਾਣ ਦਾ ਸੰਦੇਸ਼ ਹੈ। ਇਸ ਪਿੱਛੋਂ ਕੱਚੀ ਪੱਕੀ ਦੇਖਣ ਦੀ ਲੋੜ ਨਹੀਂ।' ਅਜੋਕੇ ਪੰਜਾਬ ਦੇ ਫਸਲੀ ਚੱਕਰ 'ਚ ਗਿਆਨੀ ਜੀ ਦੁਆਰਾ ਪੇਸ਼ ਕੀਤੀਆਂ ਦੋਵੇਂ ਧਾਰਨਾਵਾਂ ਲਈ ਕੋਈ ਥਾਂ ਨਹੀਂ ਹੈ। ਵਿਸਾਖੀ ਆਉਣ ਤੱਕ ਤਾਂ ਕਿਸਾਨ ਹਾੜੀ ਵੇਚ-ਵੱਟ ਕੇ ਵਿਹਲੇ ਹੋ ਗਏ ਹੁੰਦੇ ਹਨ। ਕਣਕ ਦੀ ਵਾਢੀ ਘੁੰਗਰੂਆਂ ਵਾਲੀ ਦਾਤੀ ਨਾਲ ਨਹੀਂ ਸਗੋਂ ਕੰਬਾਈਨਾਂ ਨਾਲ ਕਰਨੀ ਹੁੰਦੀ ਹੈ। ਇਸ ਲਈ ਕੱਚੀ ਪੱਕੀ ਵੀ ਦੇਖਣ ਹੀ ਪੈਂਦੀ ਹੈ। ਹੱਥੀਂ ਵਾਢੀ ਪੂਰਬੀ ਮਜ਼ਦੂਰਾਂ ਤੋਂ ਲੋੜ ਪੈਣ 'ਤੇ ਕਰਵਾ ਲਈ ਜਾਂਦੀ ਹੈ। ਸੁਭਾਵਕ ਹੈ ਇਸ ਅਮਲ 'ਚ ਕਿਰਤ ਤੇ ਚਾਅ ਵਿਚਕਾਰ ਕੋਈ ਸਬੰਧ ਨਹੀਂ ਹੁੰਦਾ ਜਦੋਂਕਿ ਉਤਸਵ ਹਮੇਸ਼ਾਂ ਕਿਰਤ ਤੇ ਚਾਅ ਦਾ ਸੁਮੇਲ ਵਿਚ ਹੀ ਉਪਜਦਾ ਹੈ।



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਗਿਆਨੀ ਜੀ ਅਨੁਸਾਰ ਵਿਸਾਖੀ ਵਾਲੇ ਦਿਨ 'ਜਿਵੇਂ ਕੁੜੀਆਂ ਤੀਆਂ ਵਿਚ ਖੇਡਦੀਆਂ ਹਨ। ਮੁੰਡੇ ਇਸ ਦਿਨ ਮਨਚਲੀਆਂ ਕਰਦੇ ਹਨ। ਭੰਗੜੇ, ਗਿੱਧੇ, ਨਾਚ, ਝੂਮਰਾਂ ਪਾ-ਪਾ ਨੱਚਦੇ ਹਨ।' ਇਹ ਦ੍ਰਿਸ਼ ਵੀ ਵਿਸਾਖੀ ਵਾਲੇ ਦਿਨ ਉਚੇਚੇ ਤੌਰ 'ਤੇ ਦਿਖਾਈ ਨਹੀਂ ਦਿੰਦਾ। ਡੀ.ਜੇ. ਦੇ ਸ਼ੋਰੀਲੇ ਪੱਛਮੀ ਸੰਗੀਤ ਦੀ ਹਨ੍ਹੇਰੀ ਆ ਗਈ ਹੈ। ਵਿੰਗ-ਤੜਿੰਗੇ ਐਕਸ਼ਨਾਂ ਵਾਲੇ ਨਾਚ ਅੱਜ ਦੇ ਪੰਜਾਬੀ ਮੁੰਡੇ ਨੱਚਦੇ ਹਨ। ਵਿਸਾਖੀ ਦਾ ਸਭਿਆਚਾਰਕ ਮਹੱਤਵ ਹੁਣ ਕੇਵਲ ਇਕ ਪ੍ਰਤੀਕ ਬਣ ਕੇ ਰਹਿ ਗਿਆ ਹੈ। ਹਰੀ ਕ੍ਰਾਂਤੀ ਨੇ ਵਿਸਾਖੀ ਦੀ ਸਭਿਅਤਾ ਨੂੰ ਆਪਣੇ ਅੰਦਰ ਸਮੇਟ ਲਿਆ ਹੈ।

ਪੰਜਾਬੀਆਂ ਲਈ ਵਿਸਾਖੀ ਦਾ ਮਹੱਤਵ ਦੋ ਵੱਡੀਆਂ ਇਤਿਹਾਸਕ ਘਟਨਾਵਾਂ ਕਰਕੇ ਵੀ ਬਣਿਆ ਆ ਰਿਹਾ ਹੈ। ਇਕ ਘਟਨਾ ਇਸੇ ਤਿਓਹਾਰ ਵਾਲੇ ਦਿਨ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਵਾਪਰੀ। ਗੁਰੂ ਗੋਬਿੰਦ ਸਿੰਘ ਨੇ ਇਸ ਦਿਨ ਖਾਲਸਾ ਪੰਥ ਦੀ ਸਾਜਨਾ ਕੀਤੀ। ਉਨ੍ਹਾਂ ਨੇ ਗਿਆਨੀ ਜੀ ਦੇ ਸ਼ਬਦਾਂ ਵਿਚ 'ਅਨੰਦਪੁਰ ਸਾਹਿਬ ਦੀ ਇਕ ਉੱਚੀ ਟਿੱਬੀ ਜਾਂ ਪਹਾੜੀ ਉੱਤੇ ਕ੍ਰਿਪਾਨ ਦੀ ਧਾਰ ਹੇਠਾਂ ਦੀ ਲੰਘਾ ਕੇ ਸਿੱਖਾਂ ਦੀ ਪਰਖ ਕੀਤੀ ਸੀ। ਪਹਿਲਾਂ ਉਨ੍ਹਾਂ ਨੂੰ ਪਾਹੁਲ ਦਿੱਤੀ ਫਿਰ ਉਨ੍ਹਾਂ ਤੋਂ ਆਪ ਪਾਹੁਲ ਲੈ ਕੇ ਆਪੇ ਗੁਰੁ ਚੇਲਾ ਦੇ ਵਾਕ ਸੱਚੇ ਕੀਤੇ' ਗੁਰੁ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਭਾਰਤੀ ਸਮਾਜ ਵਿਚੋਂ ਜਾਤ-ਪਾਤ ਖ਼ਤਮ ਕਰਨ ਲਈ ਇਸ ਦਿਨ ਮਹਾਨ ਇਨਕਲਾਬੀ ਕਾਰਜ ਕੀਤਾ ਸੀ। ਪਰ ਜਾਤ-ਪਾਤ ਦਾ ਸੰਸਥਾਈ ਯਥਾਰਥ ਇੰਨਾ ਕਠੋਰ ਸਾਬਤ ਹੋਇਆ ਕਿ ਸਿੱਖੀ ਵਿਚ ਹੀ ਜਾਤ-ਪਾਤ ਦਾ ਪੂਰਨਭਾਂਤ ਬੋਲਬਾਲਾ ਹੈ। ਜਾਤਾਂ ਦੇ ਨਾਂਅ 'ਤੇ ਸਿੱਖਾਂ ਦੇ ਵੱਖੋ-ਵੱਖਰੇ ਵਰਗਾਂ ਦੀ ਪਛਾਣ ਨਿਸ਼ਚਿਤ ਕਰ ਦਿੱਤੀ ਗਈ ਹੈ। ਜੱਟ ਸਿੱਖ, ਖੱਤਰੀ ਸਿੱਖ, ਅਰੋੜਾ ਸਿੱਖ, ਰਾਮਗੜ੍ਹੀਆ ਸਿੱਖ, ਮਜ਼ਬੀ ਸਿੱਖ, ਗੱਲ ਕੀ ਜਿੰਨੀਆਂ ਜਾਤਾਂ ਓਨੀ ਤਰ੍ਹਾਂ ਦੇ ਸਿੱਖ। ਚੰਗਾ ਹੋਵੇਗਾ ਜੇਕਰ ਵਿਸਾਖੀ ਦੀ ਇਤਿਹਾਸਕ ਘਟਨਾ ਦਾ ਧਿਆਨ ਦਾ ਧਿਆਨ ਕਰ ਕੇ ਅਸੀਂ ਜ਼ਰਾ ਆਪਣੀ ਬੁੱਕਲ ਵਿਚ ਝਾਤ ਮਾਰੀਏ। ਇਹ ਵੀ ਸੋਚੀਏ ਕਿ ਖੁਦ ਦਲਿਤਾਂ ਵਿਚ ਵੀ ਸਵਰਨ ਵਰਗ ਕਿਵੇਂ ਪੈਦਾ ਹੋ ਗਿਆ ਹੈ।

ਪੰਜਾਬ ਦੇ ਇਤਿਹਾਸ ਨਾਲ ਜੁੜੀ ਦੂਜੀ ਘਟਨਾ ਇਸੇ ਦਿਨ ਅੰਮ੍ਰਿਤਸਰ ਦੇ ਜ਼ਲ੍ਹਿਆਂ ਵਾਲੇ ਬਾਗ਼ ਵਿਚ ਵਾਪਰੀ, ਜਿਸਦਾ ਜ਼ਿਕਰ ਛਿੜਦਿਆਂ ਹੀ ਕਹਿਣ ਨੂੰ ਤਾਂ ਸਾਡਾ ਖੂਨ ਖੌਲ੍ਹਣ ਲੱਗ ਪੈਂਦਾ ਹੈ, ਪਰ ਅਸੀਂ ਜੱਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਦੀ ਕੁਰਬਾਨੀ ਦਾ ਕੀ ਮੁੱਲ ਪਾਇਆ ਹੈ, ਇਸ ਬਾਰੇ ਕਦੇ ਨਹੀਂ ਸੋਚਿਆ। ਦੇਸ਼ ਨੂੰ ਆਜ਼ਾਦ ਕਰਵਾਉਣ ਖਾਤਰ ਜ਼ਲ੍ਹਿਆਂ ਵਾਲਾ ਬਾਗ਼ ਵਿਚ ਇੱਕਤਰ ਹੋਏ ਹਜ਼ਾਰਾਂ ਨਿਹੱਥੇ ਨਿਰਦੋਸ਼ ਲੋਕਾਂ ਉੱਪਰ ਜਨਰਲ ਓਡਵਾਇਰ ਨੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਹਜ਼ਾਰਾਂ ਲੋਕਾਂ ਦਾ ਖੂਨ ਵਹਾਇਆ ਗਿਆ। ਇਨ੍ਹਾਂ ਲੋਕਾਂ ਵਿਚ ਹਰ ਧਰਮ ਨੂੰ ਮੰਨਣ ਵਾਲੇ ਲੋਕ ਸ਼ਾਮਿਲ ਸਨ। ਜਦੋਂ ਵੀ ਕੋਈ ਫਿਰਕੂ ਹਨ੍ਹੇਰੀ ਆਜ਼ਾਦ ਭਾਰਤ ਵਿਚ ਚਲਦੀ ਹੈ, ਅਸੀਂ ਵਿਸਾਖੀ ਦਾ ਸੰਦੇਸ਼ ਭੁਲ ਜਾਂਦੇ ਹਾਂ ਤੇ ਬੜੀ ਛੇਤੀ ਤਣਾਤਣੀ ਦਾ ਸ਼ਿਕਾਰ ਹੋ ਜਾਂਦੇ ਹਾਂ। ਅਸੀਂ ਇਸ 'ਤੇ ਹੀ ਸਬਰ ਕਰੀ ਬੈਠੇ ਹਾਂ ਕਿ ਸਾਡੇ ਇਕ ਸੂਰਬੀਰ ਨਾਇਕ ਨੇ ਜਨਰਲ ਡਾਇਰ ਦੀ ਹੱਤਿਆ ਕਰਕੇ ਜੱਲ੍ਹਿਆਂ ਵਾਲੇ ਬਾਗ਼ ਦੇ ਨਰਸੰਹਾਰ ਦਾ ਬਦਲਾ ਲੈ ਲਿਆ ਸੀ। ਸਾਡੇ ਧਿਆਨ ਵਿਚ ਹੀ ਨਹੀਂ ਆਉਂਦਾ ਹੈ ਕਿ ਅਸੀਂ ਅਜੇ ਵੀ ਸਾਮਰਾਜੀ ਗਲਬੇ ਹੇਠ ਜੀਅ ਰਹੇ ਹਾਂ। ਬਹੁ-ਕੌਮੀ ਕੰਪਨੀਆਂ ਨੇ ਦੇਸ਼ ਦੀ ਆਰਥਿਕਤਾ ਤੇ ਰਾਜਸੀ ਤੰਤਰ ਨੂੰ ਬੜੀ ਬੁਰੀ ਤਰ੍ਹਾਂ ਆਪਣੇ ਸ਼ਿਕੰਜੇ ਵਿਚ ਕੱਸ ਲਿਆ ਹੈ।

ਵਿਸਾਖੀ ਨੂੰ ਅਸੀਂ ਆਪਣੇ ਅਮੀਰ ਵਿਰਸੇ ਦੇ ਪ੍ਰਤੀਕ ਵਜੋਂ ਸੰਭਾਲ ਕੇ ਰੱਖਣਾ ਹੈ, ਜਲਾਂਕਿ ਅਸੀਂ ਇਸ ਕਾਰਜ ਪ੍ਰਤੀ ਜ਼ਰਾ ਅਵੇਸਲੇ ਹੋ ਰਹੇ ਜਾਪਦੇ ਹਾਂ। ਇਸ ਉਤਸਵ ਦੇ ਸੰਦੇਸ਼ ਬਹੁਤ ਵੱਡੇ ਤੇ ਮਾਨਵੀ ਹਨ। ਅਸੀਂ ਜਿੰਨਾ ਵਧੇਰੇ ਜਾਗਰੂਕ ਹੋਵਾਂਗੇ, ਉਨਾਂ ਹੀ ਇਹੋ ਜਿਹੇ ਉਤਸਵਾਂ ਦੀ ਭੂਮਿਕਾ ਸਾਡੇ ਜੀਵਨ ਲਈ ਉਸਾਰੂ ਰਹੇਗੀ। ਸਾਡੇ ਦੇਸ਼ ਨਾਲ, ਸਾਡੇ ਸਮਾਜ ਨਾਲ ਅਗਾਂਹਵਧੂ ਕਦਰਾਂ-ਕੀਮਤਾਂ ਦਾ ਸੰਬਧਤ ਰਹਿਣਾ ਬਹੁਤ ਜ਼ਰੂਰੀ ਹੈ। ਅਸੀਂ ਜੇਕਰ ਆਪਣੇ ਵਿਰਸੇ ਨੂੰ ਇਸ ਦੇ ਅਸਲ ਅਰਥਾਂ ਵਿਚ ਸੰਭਾਲਣ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਅਤੇ ਪ੍ਰਤੀਬੱਧ ਹੁੰਦੇ ਤਾਂ ਜੱਲ੍ਹਿਆਂ ਵਾਲੇ ਬਾਗ਼ ਦੇ ਇਤਿਹਾਸਕ ਰੂਪ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਕਦੇ ਨਹੀਂ ਸੀ ਰਚੀ ਜਾਣੀ। ਕਿਸੇ ਨੇ ਇਹ ਜੁਰਅਤ ਨਹੀਂ ਸੀ ਕਰਨੀ ਕਿ ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਪਿਕਨਿਕ ਅਸਥਾਨਾਂ ਵਿਚ ਤਬਦੀਲ ਕਰਨ ਦੇ ਪ੍ਰਸਤਾਵ ਪੇਸ਼ ਕੀਤੇ ਜਾਣ। ਵਿਰਸੇ ਦੇ ਅਸਲ ਮਹੱਤਵ ਨੂੰ ਪਛਾਨਣ ਵਾਲੇ ਅਗਾਂਹਵਧੂ ਲੋਕ ਅੱਗੇ ਆਏ ਤਾਂ ਕਿਤੇ ਜਾ ਕੇ ਜੱਲਿਆਂ ਵਾਲੇ ਬਾਗ਼ ਦਾ ਉਹ ਸਰੂਪ ਸੁਰੱਖਿਅਤ ਰੱਖਿਆ ਜਾ ਸਕਿਆ ਜੋ ਸਾਡੇ ਲਈ ਲੋਕ ਸੰਘਰਸ਼ ਦੀ ਅਨੂਠੀ ਮਿਸਾਲ ਹੈ। ਇਨ੍ਹਾਂ ਫਿਕਰਮੰਦੀਆਂ ਸਹਿਤ 'ਨਵੀਂ ਦੁਨੀਆ' ਪਰਿਵਾਰ ਵਲੋਂ ਸਮੂਹ ਪੰਜਾਬੀ ਭਾਈਚਾਰੇ ਨੂੰ ਵਿਸਾਖੀ ਦੇ ਸ਼ੁਭ ਦਿਹਾੜੇ ਦੀਆਂ ਹਾਰਦਿਕ ਸ਼ੁਭ ਕਾਮਨਾਵਾਂ।

# ਦੋ ਸਦੀਆਂ ਦੇ ਸੰਘਰਸ਼ ਦਾ ਸਿਖ਼ਰ 13 ਅਪ੍ਰੈਲ 1699

13 ਅਪ੍ਰੈਲ 1699 ਨੂੰ ਖ਼ਾਲਸਾ ਸਾਜਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਏਸ ਦਿਨ 230 ਸਾਲ ਤੋਂ ਵੀ ਜ਼ਿਆਦਾ ਸਮੇਂ ਦੀ ਘਾਲਣਾ ਨੂੰ ਅੰਜਾਮ ਤੱਕ ਪਹੁਚਾਇਆ। ਕੋਈ ਫਲਸਫਾ, ਕੋਈ ਪਰਿਵਰਤਨ ਰਾਤੋ ਰਾਤ ਹੋਂਦ ਵਿੱਚ ਨਹੀਂ ਆ ਜਾਂਦਾ ਬਲਕਿ ਇਸਦੇ ਪਿੱਛੇ ਸਦੀਆਂ ਦੀ ਮਿਹਨਤ ਹੁੰਦੀ ਹੈ, ਕ੍ਰਾਂਤੀ ਦੇ ਬੀਜ ਇੱਕ ਦਿਨ ਵਿੱਚ ਹਰੇ ਨਹੀਂ ਹੋ ਜਾਂਦੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਮਾਜਿਕ ਪਰਿਵਰਤਨ ਲਈ ਤਾਂਘਦੀਆਂ ਸਖ਼ਸ਼ੀਅਤਾਂ ਹਮੇਸ਼ਾ ਸੰਘਰਸ਼ੀਲ ਰਹਿੰਦੀਆਂ ਹਨ ਕਿਉਂਕਿ ਸੰਘਰਸ਼ ਕਦੇ ਅਰਾਮ ਦੀ ਅਵਸਥਾ ਵਿੱਚ ਨਹੀਂ ਹੁੰਦਾ। ਗੁਰੂ ਸਾਹਿਬਾਨ ਤੋਂ ਪਹਿਲਾਂ ਭਗਤਾਂ,ਪੀਰਾਂ,ਫਕੀਰਾਂ ਨੇ ਵੀ ਭਾਰਤ ਵਿੱਚ ਸਮਾਜਿਕ ਨਾ-ਬਰਾਬਰੀ ਤੇ ਕੁਰੀਤੀਆਂ ਖਿਲਾਫ ਤਕੜਾ ਸੰਘਰਸ਼ ਲੜਿਆ। ਗੁਰੂ

ਸਾਹਿਬਾਨ ਦੀ ਗੱਲ ਕਰੀਏ ਤਾਂ ਇਨ੍ਹਾਂ ਸੰਕਲਪਾਂ ਨੂੰ ਤਰਤੀਬ ਵਿੱਚ ਪਰੋ ਕੇ ਲਹਿਰ ਬਣਾਉਣ ਵਿੱਚ ਗੁਰੂ ਨਾਨਕ ਸਾਹਿਬ ਹੀ ਕਾਮਯਾਬ ਹੋਏ ਅਤੇ ਸਥਾਪਤੀ ਨਾਲ ਸਿੱਧੀ ਟੱਕਰ ਦਾ ਦੌਰ ਸ਼ੁਰੂ ਹੋਇਆ। ਗੁਰੂ ਨਾਨਕ ਸਾਹਿਬ ਦੇ ਸਮੇਂ ਸੰਘਰਸ਼ ਅਲੱਗ ਅਲੱਗ ਰੂਪ ਵਿੱਚ ਵੰਡਿਆ ਹੋਇਆ ਸੀ। ਕਿਤੇ ਸਥਾਪਤੀ ਲਈ, ਕਿਤੇ ਪਰਮਾਤਮਾ ਨੂੰ ਸਿੱਧਾ ਮੰਨਣ ਦੇ ਹੱਕ ਤੇ ਕਿਤੇ ਸਿਰਫ ਇਸ ਲਈ ਜੱਦੋ ਜਹਿਦ ਹੋ ਰਹੀ ਸੀ ਕਿ ਵਸੋਂ ਦੇ ਇਕ ਵਰਗ ਨੂੰ ਵੀ ਇਨਸਾਨ ਮੰਨਿਆ ਜਾਵੇ। ਦੇਸ਼ ਵਿਦੇਸ਼ ਦੀਆਂ ਯਾਤਰਾਵਾਂ ਦੌਰਾਨ ਉਨ੍ਹਾ ਨੇ ਨਾ ਸਿਰਫ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਸਗੋਂ ਵਿਚਾਰਧਾਰਕ ਤੇ ਸੁਧਾਰਕ ਸੰਘਰਸ਼ ਖੁਦ ਵੀ ਲੜਿਆ। ਉਨ੍ਹਾਂ ਨੇ ਲੋਕਾਂ ਦੀ ਆਰਥਿਕ,ਧਾਰਮਿਕ ਤੇ ਸਮਾਜਿਕ ਲੁੱਟ ਕਰਨ ਵਾਲੀਆਂ ਧਿਰਾਂ ਨੂੰ ਸਿੱਧੇ ਰੂਪ ਵਿੱਚ ਵੰਗਾਰਿਆ। ਉਨ੍ਹਾਂ ਨੇ ਪਾਖੰਡ ਫੈਲਾਉਣ ਵਾਲੇ ਲੋਕਾਂ ਨਾਲ ਸੰਵਾਦ ਰਚਾਏ, ਤਰਕ ਅਧਾਰਤ ਗੱਲ ਕਰਨ ਵਾਲੇ ਗੁਰੂ ਸਾਹਿਬ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਸੀ। ਉਨ੍ਹਾਂ ਨੇ ਅਜਿਹੇ ਸਮਾਜ ਦੀ ਨੀਂਹ ਰੱਖੀ ਜਿਹੜੀ ਉਸ ਸਮੇਂ ਭਾਰਤੀ ਸਮਾਜ ਵਿੱਚ ਕਲਪਨਾ ਤੋਂ ਹੀ ਬਾਹਰੀ ਸੀ।

ਦੂਜੇ ਗੁਰੂ ਸਾਹਿਬ ਗੁਰੂ ਅੰਗਦ ਦੇਵ ਜੀ ਨੇ ਜਿਥੇ ਗੁਰੂ ਨਾਨਕ ਸਾਹਿਬ ਦੇ ਅਰੰਭੇ ਕਾਰਜਾਂ ਨੂੰ ਅੱਗੇ ਵੱਲ ਲਿਜਾਣਾ ਜਾਰੀ ਰੱਖਿਆ ਉੱਥੇ ਉਨ੍ਹਾਂ ਨੇ ਸੰਸਕ੍ਰਿਤ ਦੀ ਇਜਾਰਦਾਰੀ ਤੋੜਨ ਲਈ ਗੁਰਮੁਖੀ ਲਿੱਪੀ ਹੋਂਦ ਵਿੱਚ ਲਿਆਂਦੀ। ਗੁਰੂ ਸਾਹਿਬ ਨੇ ਗੂਰੂ ਨਾਨਕ ਸਾਹਿਬ ਦੇ ਉਪਦੇਸ਼ ਨੂੰ ਪ੍ਰਚਾਰਨ ਵਾਸਤੇ ਪ੍ਰਚਾਰ ਕੇਂਦਰਾਂ ਨੂੰ ਨੇਮਬੱਧ ਕੀਤਾ ਤੇ ਲੰਗਰ ਦੀ ਪ੍ਰਥਾ ਨੂੰ ਵੀ ਅਟੁੱਟ ਰੂਪ ਦਿੱਤਾ।

ਤੀਜੇ ਗੁਰੂ ਅਮਰਦਾਸ ਜੀ ਨੇ ਜਾਤੀ ਪ੍ਰਥਾ ਉੱਪਰ ਸਿੱਧਾ ਵਾਰ ਕੀਤਾ। ਸਿੱਖੀ ਦੇ ਪੈਰੋਕਾਰਾਂ ਦਾ ਘੇਰਾ ਉਦੋਂ ਤੱਕ ਕਾਫੀ ਵਿਸ਼ਾਲ ਹੋ ਚੁੱਕਾ ਸੀ ਨੂੰ ਵੀ ਅੰਤਰਜਾਤੀ ਵਿਆਹ ਕਰਨ ਲਈ ਪ੍ਰੇਰਿਤ ਕੀਤਾ ਤੇ ਆਪਣੀਆਂ ਦੋਹਾਂ ਪੁੱਤਰੀਆਂ ਦੇ ਵਿਆਹਾਂ ਵੇਲੇ ਵੀ ਇਹੋ ਨੀਤੀ ਅਪਣਾਈ। ਉਨ੍ਹਾਂ ਨੇ ਗੋਇੰਦਵਾਲ ਵਿੱਚ 84 ਪੌੜੀਆਂ ਵਾਲੀ ਬਾਉਲੀ ਬਣਵਾਈ ਤੇ ਇੱਥੇ ਸਾਰੀਆਂ ਜਾਤਾਂ ਨੂੰ ਇੱਕਠੇ ਇਸ਼ਨਾਨ ਕਰਵਾਉਣਾ ਸ਼ੁਰੂ ਕਰ ਕੇ ਜਾਤੀ ਪ੍ਰਥਾ ਤੇ ਇੱਕ ਹੋਰ ਕਰਾਰੀ ਸੱਟ ਮਾਰੀ।

ਚੌਥੇ ਪਾਤਸ਼ਾਹ ਨੇ ਅੰਮ੍ਰਿਤਸਰ 'ਚ ਸਰੋਵਰ ਬਣਾ ਕੇ ਇਸ਼ਨਾਨ ਦੀ ਇਸ ਵਿਧੀ ਨੂੰ ਹੋਰ ਵਿਸ਼ਾਲ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਇੱਕਮੁੱਠ ਹੋ ਰਹੀ ਸ਼ਕਤੀ ਨੂੰ ਪਿਛਲੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਦੇ ਨਾਲ ਜੋੜਨ ਦੇ ਨਾਲ-ਨਾਲ ਆਰਥਿਕ ਤੌਰ ਤੇ ਵੀ ਮਜਬੂਤ ਕਰਨ ਦਾ ਕਾਰਜ ਅਰੰਭਿਆ। ਉਨ੍ਹਾਂ ਨੇ ਕੌਮਾਤਰੀ ਮਾਰਗ ਤੇ ਪੈਂਦੇ ਸ੍ਰੀ ਅੰਮ੍ਰਿਤਸਰ ਵਿਖੇ 52 ਕਿੱਤਿਆਂ ਤੇ ਅਧਾਰਤ ਤੇ ਦੁਨੀਆਂ ਵਿੱਚ ਆਪਣੀ ਤਰ੍ਹਾਂ ਦਾ ਪਹਿਲਾ 'ਫੋਕਲ ਪੁਆਇਟ' ਸਥਾਪਿਤ ਕਰਕੇ ਇਸਦਾ ਨਾਂ 'ਗੁਰੂ ਕਾ ਬਜ਼ਾਰ' ਰੱਖਿਆ ਅਤੇ ਵਪਾਰੀਆਂ ਨੂੰ ਦੂਜੇ ਮੁਲਕਾਂ ਨਾਲ ਵੀ ਵਪਾਰ ਕਰਨ ਲਈ ਉਤਸ਼ਾਹਿਤ ਕੀਤਾ।

ਚੌਥੇ ਪਾਤਸ਼ਾਹ ਵੱਲੋਂ ਸਥਾਪਿਤ ਕੀਤੇ 'ਗੁਰੂ ਕਾ ਬਜ਼ਾਰ' ਦੇ ਦੂਰ ਰਸ ਸਿੱਟੇ ਨਿਕਲੇ ਜਿਥੇ ਇਸ ਨਾਲ ਵਪਾਰੀ ਆਰਥਿਕ ਤੌਰ ਤੇ ਬੇਹੱਦ ਮਜ਼ਬੂਤ ਹੋ ਗਏ ਪਰ ਰਾਜ-ਸੱਤਾਤੋਂ ਇਹ ਤਰੱਕੀ ਜਰੀ ਨਾ ਗਈ ਤੇ ਉਸ ਨੇ ਅਮ੍ਰਿਤਸਰ ਦੇ ਵਪਾਰੀਆਂ ਤੇ ਕਈ ਸਿੱਧੇ ਟੈਕਸ ਲਾ ਦਿੱਤੇ। ਪਰ ਗੁਰੂ ਅਰਜਨ ਦੇਵ ਦੀ ਪ੍ਰੇਰਨਾ ਸਦਕਾ ਵਪਾਰੀਆਂ ਨੇ ਇਹ ਟੈਕਸ ਭਰਨ ਤੋਂ ਇਨਕਾਰ ਕਰ ਦਿੱਤਾ। ਬੀਰਬਲ ਨੇ ਇਸ ਵਿਰੋਧ ਨੂੰ ਤਾਕਤ ਨਾਲ ਦਬਾਉਣਾ ਚਾਹਿਆ ਪਰ ਪੱਛਮੀ ਸਰਹੱਦ ਤੇ ਫੈਲੀ ਗੜਬੜੀ ਨੂੰ ਦਬਾਉਣ ਦੇ ਚੱਕਰ ਵਿੱਚ ਉਹ ਉੱਥੇ ਹੀ ਮਾਰਿਆ ਗਿਆ। ਇਸ ਤਰਾਂ ਸਿੱਖ ਸਮਾਜ ਇੱਕ ਧਾਰਮਿਕ ਪੈਰੋਕਾਰਾਂ ਦਾ ਸਮੂਹ ਨਾ ਰਹਿ ਕੇ ਬਾਕੀ ਫਿਰਕਿਆਂ ਤੋਂ ਵੱਖਰਾ ਸਮਾਜ ਨਜ਼ਰ ਆਉਣ ਲੱਗ ਗਿਆ। ਜਿਸਦਾ ਆਪਣਾ ਫਲਸਫਾ, ਉਤਪਾਦਨ ਤੇ ਮੰਡੀ ਆਪਣੇ ਸਨ। ਗੁਰੂ ਸਾਹਿਬ ਨੇ ਆਪਣੀ ਬਾਣੀ ,ਪਿਛਲੇ ਚਾਰ ਗੁਰੂ ਸਾਹਿਬਾਨ ,ਭਗਤਾਂ ,ਪੀਰਾਂ ,ਫਕੀਰਾਂ ਦੀ ਬਾਣੀ ਨੂੰ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਪਰ ਸਿੱਖ ਸਮਾਜ ਦੀ ਵਧ ਰਹੀ ਤਾਕਤ ਤੋਂ ਘਬਰਾ ਕੇ ਅਕਬਰ ਨੇ ਆਪਣੇ ਬਾਗੀ ਪੁੱਤਰ ਖੁਸਰੋ ਦੀ ਮਦਦ ਕਰਨ ਦੇ ਦੋਸ਼ ਵਿੱਚ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਦੂਜਾ ਕਾਰਨ ਅਕਬਰ ਦੇ ਵਜ਼ੀਰ ਚੰਦੂ ਦੀ ਗੁਰੂ ਸਾਹਿਬ ਨਾਲ ਨਿੱਜੀ ਦੁਸ਼ਮਣੀ ਕਾਰਣ ਉਸਨੇ ਗੁਰੂ ਸਾਹਿਬ ਦੀ ਸ਼ਹਾਦਤ ਵਿੱਚ ਘਿਨਾਉਣੀ ਭੂਮਿਕਾ ਨਿਭਾਈ।

ਦੇਸ ਰਾਜ ਮੈਂ ਤਿਨ ਕਾ ਲੈਹੋਂ
ਗਰੀਬ ਅਨਾਥਨ ਕੋ ਸਬ ਦੈਹੋਂ

ਛੇਵੇਂ ਸਾਹਿਬ ਗੁਰੂ ਹਰਗੋਬਿੰਦ ਸਾਹਿਬ ਨੇ ਇਹ ਸ਼ਬਦ ਜਦੋਂ ਉਚਾਰਿਆ ਤਾਂ ਹਕੂਮਤ ਨਾਲ ਇੱਟ ਖੜੱਕੇ ਦਾ ਦੌਰ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੇ ਜਨਤਕ ਐਲਾਨ ਤੋਂ ਪਹਿਲਾਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਨੇ ਕਿਰਤੀਆਂ ਨੂੰ ਉਨ੍ਹਾਂ ਦੀ ਸਵੈ ਸੁਰੱਖਿਆ ਦਾ ਅਧਿਕਾਰ ਵਾਪਿਸ ਕੀਤਾ ਜਿਨ੍ਹਾਂ ਨੂੰ ਹਥਿਆਰ ਛੂਹਣ ਤੱਕ ਦੀ ਮਨਾਹੀ ਸੀ ਪਰ ਹਜ਼ਾਰਾਂ ਲੋਕਾਂ ਨੇ ਹਥਿਆਰ ਉਠਾ ਲਏ। ਉਨ੍ਹਾਂ ਨੇ ਅਕਾਲ ਬੁੰਗਾ ਦੀ ਸਥਾਪਨਾ ਕੀਤੀ ਗੁਰੂ ਸਾਹਿਬ ਨੇ ਆਪਣੇ ਪੈਰੋਕਾਰਾਂ ਨੂੰ ਕਿਹਾ ਕਿ ਜਦੋਂ ਉਹ ਹਰਮੰਦਿਰ ਸਾਹਿਬ ਹੋਣ ਤਾਂ ਉਨ੍ਹਾਂ ਨੂੰ ਸੰਤ ਸਮਝਿਆ ਜਾਵੇ ਤੇ ਜਦੋਂ ਅਕਾਲ ਬੁੰਗਾ ਤੇ ਹੋਣ ਤਾਂ ਬਾਦਸ਼ਾਹ। ਇਹ ਸੱਤਾ ਖਿਲਾਫ ਸਿੱਧਾ ਐਲਾਨ ਸੀ ਕਿ ਹੁਣ ਸਿੱਖ ਸਮਾਜ ਦਾ ਕੋਈ ਬਾਹਰੀ ਬਾਦਸ਼ਾਹ ਨਹੀਂ ਹੁਣ ਉਨ੍ਹਾਂ ਦੀ ਆਪਣੀ ਹਕੂਮਤ ਹੈ। ਗੁਰੂ ਸਾਹਿਬ ਨੇ ਸ਼ਾਹਜਹਾਂ ਦੀ ਫੌਜ ਨਾਲ ਚਾਰ ਵੱਡੀਆਂ ਜੰਗਾਂ ਲੜੀਆਂ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਨੇ ਤਲਵਾਰ ਆਪਣੇ ਪਿਤਾ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਉਠਾਈ ਸੀ ਪਰ ਇਹ ਵਿਚਾਰ ਪੀੜੀਆਂ ਦੀ ਮਿਹਨਤ ਨੂੰ ਬਦਲੇ ਦੀ ਭਾਵਨਾ ਤੱਕ ਸੁਕੇੜਨ ਦੀ ਕਾਰਵਾਈ ਹੈ।

ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਨਾਲ ਹਕੂਮਤ ਦੀ ਭਾਵੇਂ ਸਿੱਧੀ ਕੋਈ ਟੱਕਰ ਨਹੀਂ ਹੋਈ ਪਰ ਇਸਦਾ ਪ੍ਰਹੇਜ਼ ਵੀ ਹਕੂਮਤ ਨੇ ਹੀ ਕੀਤਾ, ਗੁਰੂ ਸਾਹਿਬ ਆਪ ਸਾਰੀ ਉਮਰ ਸ਼ਸ਼ਤਰਧਾਰੀ ਹੋ ਕੇ ਰਹੇ। ਗੁਰੂ ਸਾਹਿਬ ਨੇ ਰੋਗੀਆਂ ਦੇ ਇਲਾਜ ਲਈ ਦੁਰਲੱਭ ਜੜ੍ਹੀ-ਬੂਟੀਆਂ ਦਾ ਦਵਾਖਾਨਾ ਸਥਾਪਤ ਕੀਤਾ। ਗੁਰੂ ਸਾਹਿਬ ਗੂੜ੍ਹ ਰਾਜਨੀਤਿਕ ਦੇ ਤੌਰ ਤੇ ਦੇਸ-ਪ੍ਰਦੇਸ 'ਚ ਪ੍ਰਸਿੱਧ ਸਨ।

ਅੱਠਵੇਂ ਗੁਰੂ ਸਾਹਿਬ ਸ੍ਰੀ ਹਰਿਕ੍ਰਿਸ਼ਨ ਜੀ ਦੀ ਅਗਵਾਈ ਸਿੱਖ ਸਮਾਜ ਨੂੰ ਬਹੁਤ ਥੋੜੀ ਦੇਰ ਮਿਲੀ। ਉਹ ਪੰਜ ਸਾਲ ਦੀ ਉਮਰ ਵਿੱਚ ਗੱਦੀ ਤੇ ਬਿਰਾਜਮਾਨ ਹੋਏ ਤੇ 8 ਸਾਲ ਦੀ ਉਮਰ ਵਿੱਚ ਗੁਰਪੁਰੀ ਜਾ ਬਿਰਾਜੇ।

ਨੌਵੇਂ ਗੁਰੂ ਸਾਹਿਬਾਨ ਗੁਰੂ ਤੇਗ ਬਹਾਦਰ ਜੀ ਦਾ ਨੀਤੀਵਾਕ ਸੀ 'ਨਾ ਕਿਸੇ ਤੋਂ ਡਰੋ, ਨਾ ਕਿਸੇ ਨੂੰ ਡਰਾਉ'। ਉਨ੍ਹਾਂ ਨੇ ਸਿੱਖ ਸਮਾਜ ਨੂੰ ਰਾਜਨੀਤਕ ਤੇ ਧਾਰਮਿਕ ਤੌਰ ਤੇ ਅਣਕਿਆਸੀ ਉਚਾਈ 'ਤੇ ਪਹੁੰਚਾਇਆ। ਹੁਣ ਇਸ ਸਮਾਜ ਨੇ ਬਰਾਬਰ ਦੀ ਧਿਰ ਹੋਣ ਦਾ ਐਲਾਨ ਕਰ ਦਿੱਤਾ। ਬਾਦਸ਼ਾਹ ਦੀ ਨਜ਼ਰ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ ਸੱਭ ਤੋਂ ਵੱਡਾ ਗੁਨਾਹ ਇਹ ਸੀ ਕਿ ਸਿੱਖ ਸਮਾਜ ਹੁਣ ਗੁਰੂ ਸਾਹਿਬ ਨੂੰ ਹੀ ਸੱਚਾ ਰਹਿਬਰ ਮੰਨਦਾ ਸੀ, ਕਸ਼ਮੀਰੀ ਪੰਡਤਾਂ ਨਾਲ ਹੋ ਰਹੇ ਧੱਕੇ ਲਈ ਗੁਰੂ ਸਾਹਿਬ ਵੱਲੋਂ ਸਲਤਨਤ ਨੂੰ ਪਾਈ ਫਿਟਕਾਰ ਨੇ ਹਕੂਮਤ ਤੇ ਗੁਰੂ ਸਾਹਿਬ ਨੂੰ ਆਹਮੋ-ਸਾਹਮਣੇ ਖੜ੍ਹੇ ਕਰ ਦਿੱਤਾ ਤੇ ਗੁਰੂ ਸਾਹਿਬ ਨੂੰ ਚਾਂਦਨੀ ਚੌਂਕ ਵਿਖੇ ਸ਼ਹਾਦਤ ਦਾ ਜਾਮ ਪੀਣਾ ਪਿਆ।

ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਹੁਣ ਤੱਕ ਦੇ ਸੰਘਰਸ਼ ਨੂੰ ਕ੍ਰਾਂਤੀ ਵਿੱਚ ਬਦਲ ਦਿੱਤਾ। ਗੁਰੂ ਨਾਨਕ ਵੱਲੋਂ ਅਰੰਭਿਆ ਮਿਸ਼ਨ ਹੁਣ ਆਪਣੀ ਚਰਮ ਸੀਮਾ ਤੇ ਪਹੁੰਚ ਗਿਆ, ਸਦੀਆਂ ਦੀ ਘਾਲਣਾ ਰੰਗ ਲੈ ਆਈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਧਾਰਮਿਕ ,ਸਮਾਜਿਕ ਤੇ ਰਾਜਨੀਤਿਕ ਗਤੀਵਿਧੀਆਂ ਨੇ ਮੁਗਲ ਰਾਜ ਨੂੰ ਵਖਤ ਖੜ੍ਹਾ ਕਰ ਦਿੱਤਾ। 13 ਅਪ੍ਰੈਲ 1699 ਨੂੰ ਉਨ੍ਹਾਂ ਨੇ ਇੱਕ ਅਜਿਹੀ ਕੌਮ ਦੀ ਨੀਂਹ ਰੱਖੀ ਜੋ ਖ਼ਾਲਸ ਸੀ ਜਿਸਦੀ ਇਕੋ ਜ਼ਾਤ ਇਨਸਾਨੀਅਤ ਸੀ, ਜੋ ਧਰਮ ਦੇ ਨਾਲ-ਨਾਲ ਮਜ਼ਲੂਮ ਦੀ



ਗੁਰਤੇਜ ਅਖਾੜਾ
780-906-0371
brargogi@gmail.com

ਰਾਖੀ ਲਈ ਲੜ ਮਰਨ ਦਾ ਜਜ਼ਬਾ ਰੱਖਦੀ ਸੀ। ਉਹ ਕੋਈ ਜਗੀਰਦਾਰਾਂ ਦੀ ਕੌਮ ਨਹੀਂ ਸੀ ਇਹ ਉਨ੍ਹਾਂ ਹੀ ਸਮਾਜ ਤੋਂ ਛੇਕੇ ਹੋਏ ਲੋਕਾਂ ਦੀ ਕੌਮ ਸੀ ਜਿਨ੍ਹਾਂ ਨੂੰ ਸਮਾਜ ਇਨਸਾਨ ਹੋਣ ਦਾ ਰੁਤਬਾ ਵੀ ਦੇਣ ਨੂੰ ਤਿਆਰ ਨਹੀਂ ਸੀ। ਇਸ ਦਿਨ ਇਸ ਕੌਮ ਦੇ ਰਹਿਬਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਆਪ ਨੂੰ ਇਸ ਕੌਮ ਵਿੱਚ ਅਭੇਦ ਕਰ ਲਿਆ ਅਤੇ 'ਆਪੇ ਗੁਰ ਚੇਲਾ' ਹੋਣ ਦੀ ਅਨੋਖੀ ਮਿਸਾਲ ਕਾਇਮ ਕੀਤੀ। ਭਾਈਚਾਰੇ ਦੀ ਧਾਰਮਿਕ ਅਗਵਾਈ 'ਗੁਰੂ ਗ੍ਰੰਥ ਸਾਹਿਬ ਵਿੱਚ ਤੇ ਸੰਸਾਰਕ ਅਗਵਾਈ ਖਾਲਸੇ ਨੂੰ ਸੌਂਪ ਦੇਣਾ ਉਸ ਪ੍ਰਕਿਰਿਆ ਦਾ ਸਿਖਰ ਸੀ ਜਿਸਦੀ ਸ਼ੁਰੂਆਤ ਬਹੁਤ ਪਹਿਲਾਂ ਹੋ ਚੁੱਕੀ ਸੀ। ਉਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪ ਦਿੱਤਾ ਤੇ ਕੌਮ ਨੂੰ ਇਸ ਫ਼ਲਸਫੇ ਤੋਂ ਹਮੇਸ਼ਾ ਅਗਵਾਈ ਲੈਣ ਦੇ ਹੁਕਮ ਤੋਂ ਉਪਰੰਤ ਦੇਹਧਾਰੀ ਗੁਰੂ ਦੀ ਪ੍ਰਥਾ ਨੂੰ ਸਮਾਪਤ ਕਰ ਦਿੱਤਾ। ਗੁਰੂ ਸਾਹਿਬ ਨੇ ਖ਼ਾਲਸੇਨੂੰ ਸ਼ਸ਼ਤਰਧਾਰੀ ਹੋ ਕੇ ਸੱਤਾ ਅਤੇ ਸਰੋਤਾਂ ਤੇ ਧੱਕੇ ਨਾਲ ਕਾਬਜ਼ ਹੋਏ ਜਾਬਰ ਨੂੰ ਜੜ੍ਹੋਂ ਉਖਾੜਨ ਦਾ ਅਹਿਦ ਲੈਣ ਦਾ ਹੁਕਮ ਦਿੱਤਾ। ਉਨ੍ਹਾਂ ਨੇ ਸਮਾਜ ਵੱਲੋਂ ਲਿਤਾੜੀਆਂ ਕੌਮਾਂ ਵਿੱਚ ਇਸ ਕਦਰ ਜਜ਼ਬਾ ਭਰ ਦਿੱਤਾ ਕਿ ਇੱਕ-ਇੱਕ ਸਿੰਘ ਲੱਖਾਂ ਨਾਲ ਟਕਰਾ ਗਿਆ। ਚਮਕੌਰ ਦੀ ਗੜ੍ਹੀ ਵਿੱਚ ਵਿੱਚ ਸਮਾਰਾਜੀ ਵਹੀਰਾਂ ਦੇ ਘੇਰੇ ਵਿੱਚ ਚਾਲੀ ਯੋਧਿਆਂ ਨੇ ਜੋ ਬਹਾਦਰੀ ਵਿਖਾਈ ਉਸਦੀ ਮਿਸਾਲ ਕਿਤੇ ਵੀ ਨਹੀਂ ਮਿਲਦੀ। ਜਿੱਥੇ ਕਿਸੇ ਆਪਣੇ ਦੇ ਵਿਛੋੜੇ ਤੇ ਸੰਸਾਰ ਦੇ ਪ੍ਰਸਿੱਧ ਯੋਧੇ ਜ਼ਾਰ-ਜ਼ਾਰ ਰੋਂਦੇ ਵੇਖੇ ਗਏ ਉੱਥੇ ਗੁਰੂ ਸਾਹਿਬ ਨੇ ਦੋ ਪੁੱਤਰਾਂ ਦੇ ਚਮਕੌਰ ਦੀ ਗੜ੍ਹੀ ਵਿੱਚ ਤੇ ਦੋ ਪੁੱਤਰਾਂ ਦੇ ਨੀਂਹਾਂ ਵਿੱਚ ਚਿਣ ਕੇ ਸ਼ਹਾਦਤ ਉਪਰੰਤ ਔਰੰਗਜ਼ੇਬ ਨੂੰ ਜ਼ਫਰਨਾਮੇ ਰਾਹੀਂ ਲਲਕਾਰਦੇ ਹੋਏ ਕਿਹਾ :

ਕੀ ਹੋਇਆ ਜੇ ਮਾਰੇ ਮੇਰੇ ਪੁੱਤਰ ਚਾਰ
ਅਜੇ ਨਾਗ ਹੈ ਬੈਠਾ ਕੁੰਡਲੀ ਮਾਰ
ਕੀ ਹੋਇਆ ਜੇ ਗਿੱਦੜ ਨੇ ਕਰਕੇ ਮਕਾਰੀ
ਦੋ ਸ਼ੇਰੇ ਪੁੱਤਰਾਂ ਦੀ ਜਾਨ ਹੈ ਮਾਰੀ

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਲਹਿਰ ਵਿੱਚ ਹਰ ਗੁਰੂ ਸਾਹਿਬਾਨ ਨੇ ਆਪਣੀਆਂ ਸਿੱਖਿਆਵਾਂ ਨੂੰ ਆਪਣੇ ਨਿੱਜੀ ਜੀਵਨ ਵਿੱਚ ਪਹਿਲਾਂ ਕਰਕੇ ਵਿਖਾਇਆ। ਸਾਰਾ ਪ੍ਰੀਵਾਰ ਕੌਮ ਤੋਂ ਵਾਰਨਾ ਵੀ ਇਸ ਦੀ ਆਪਣੀ ਮਿਸਾਲ ਹੈ। ਇਸ ਤਰ੍ਹਾਂ ਸਾਰੇ ਗੁਰੂ ਸਾਹਿਬਾਨ ਦਾ ਜੀਵਨ ਇਨਸਾਨੀ ਕਦਰਾਂ-ਕੀਮਤਾਂ ਨੂੰ ਉੱਚਾ ਚੁੱਕਣ ਤੇ 'ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ' ਦੇ ਸੁਨੇਹੇ ਨੂੰ ਅਮਲੀ ਰੂਪ ਪਹਿਨਾਉਦੇ ਹੋਏ ਗੁਜ਼ਰਿਆ।

華人社區服務中心
ASSIST Community Services Centre

Multicultural Breast Health Peer Educator Project
South Asian Community

Our mission is to create breast health awareness in South Asian community and to provide support to breast cancer survivors /patients. We provide breast health information in different ethnic languages used in the community such as Punjabi, Hindi, Urdu etc. We have partnerships with Screen Test, Canadian Cancer Society and Comprehensive Breast Care Program.

OUR SERVICES

Our educator can deliver the following services:

Breast Health Education Workshops & Information sessions
Displays
Referral & appointments for mammogram screening
Information and support in your language.
Support group for breast cancer patients and survivor

Support Group

**Currently we are forming a support group for the breast cancer patients/survivors in the South Asian community. If you want one on one support or would like to meet others over a cup of coffee, contact information is below:**

**Sadia Anwar-Primary Health Educator (South-Asian community)**
**E-mail: sadia.anwar@assistcsc.org**

This project has been made possible through a grant from
The Canadian Breast Cancer Foundation – PRAIRIES/NWT Region

Funded by Canadian Breast Cancer Foundation PRAIRIES • NWT

**Excellent Stucco Ltd.**

ਕੰਪਨੀ ਨੂੰ ਐਡਮਿੰਟਨ ਏਰੀਏ ਤੋਂ ਵਰਕਰਾਂ ਦੀ ਲੋੜ ਹੈ

ਵਧੀਆ ਤਨਖਾਹ
ਫੁੱਲ ਟਾਈਮ ਕੰਮ
ਰਾਈਡ ਦਾ ਪ੍ਰਬੰਧ

ਸੰਪਰਕ ਕਰੋ

ਹਰਪ੍ਰੀਤ ਸਮਰਾ 780-604-4530
ਪਰਵਿੰਦਰ ਹੰਸਰਾ 403-604-4077

ਲੜੀ ਨੰ: 28

## ਲੋਕ ਗੀਤਾਂ ਦੇ ਨਾਲ ਨਾਲ

# ਦਿੱਲੀ ਵਿਚ ਦੁਆਬਾ



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਚਾਚਾ ਰੁਲੀਆ ਸਿੰਘ (ਮੇਰੇ ਬਾਬੇ ਦੇ ਭਰਾ ਦਾ ਪੁੱਤ) ਨੌਕਰੀ ਲੱਗਣ ਤੋਂ ਬਾਅਦ ਹੁਣ ਤੱਕ ਰਿਟਾਇਰਮੈਂਟ ਤੋਂ ਬਾਅਦ ਵੀ ਦਿੱਲੀ ਵਿਚ ਰਹਿ ਰਿਹਾ ਸੀ। ਪਹਿਲਾਂ ਉਹ ਸੈਂਟਰਲ ਜੇਲ੍ਹ ਕੋਲ ਲਾਜਵੰਤੀ ਗਾਰਡਨ ਰਹਿੰਦਾ ਸੀ, ਪਰ ਚੌਰਾਸੀ ਦੇ ਦੰਗਿਆਂ ਤੋਂ ਬਾਅਦ ਉਥੋਂ ਦੂਸਰੀ ਥਾਂ ਚਲਾ ਗਿਆ। ਜਦੋਂ ਦੀ ਮੈਂ ਗੱਲ ਰਿਹਾ ਹਾਂ, ਉਦੋਂ ਉਹ ਲਾਜਵੰਤੀ ਗਾਰਡਨ ਹੀ ਰਹਿ ਰਿਹਾ ਸੀ। ਚਾਚੇ ਵਿਚ ਬਹੁਤ ਕੁਝ ਦਿੱਲੀ ਵਾਲਿਆਂ ਵਾਲਾ ਆ ਗਿਆ ਸੀ, ਪਰ ਇਕ ਗੱਲ ਜੋ ਉਸ ਵਿਚ ਨਹੀਂ ਸੀ ਬਦਲੀ, ਉਹ ਸੀ ਪਿੰਡਾਂ/ਪੰਜਾਬ ਵਾਲੀ ਪ੍ਰਾਹੁਣਚਾਰੀ। ਭਾਈਚਾਰੇ ਨੂੰ ਉਸ ਨੇ ਕਦੇ ਵੀ ਨਹੀਂ ਸੀ ਛੱਡਿਆ। ਪ੍ਰਾਹੁਣੇ ਲੱਭ ਕੇ ਉਸ ਨੇ ਦੋਨਾਂ ਕੁੜੀਆਂ ਦਾ ਇਕੱਠਾ ਵਿਆਹ ਧਰ ਦਿੱਤਾ। ਕੁਦਰਤੀ ਗੱਲ ਸੀ ਕਿ ਦੋ ਦਿਨ ਵਿਆਹ ਦੇ ਤੇ ਦੋ ਦਿਨ ਅੱਗੇ ਪਿੱਛੇ ਪੂਰਾ ਹਫ਼ਤਾ ਰੌਣਕ ਰਹਿਣੀ ਸੀ। ਪਿੰਡੋਂ ਉਸ ਨੇ ਸਾਰੇ ਭਾਈਚਾਰੇ ਨੂੰ ਬੁਲਾ ਰੱਖਿਆ ਸੀ। ਮੈਂ ਵੀ ਕੁਰੂਕਸ਼ੇਤਰ ਤੋਂ ਪਹੁੰਚ ਗਿਆ। ਪੂਰਾ ਪਿੰਡ ਦਾ ਭਾਈਚਾਰਾ ਢੁਕਿਆ ਹੋਇਆ ਸੀ। ਖ਼ੂਬ ਰੌਣਕਾਂ ਸਨ।

ਜਿਵੇਂ ਮੇਰੀ ਆਦਤ ਹੈ, ਮੈਂ ਸਾਰਿਆਂ ਨੂੰ ਨੱਚਣ ਟੱਪਣ ਲਾ ਦਿੱਤਾ। ਚਾਚਾ ਦੁਖੀ ਹੋ ਰਿਹਾ ਸੀ। ਕੁੜੀਆਂ ਨੂੰ ਡਾਂਟ ਰਿਹਾ ਸੀ। ਇਕ ਗੱਲੋਂ ਉਹ ਸੱਚਾ ਸੀ। ਉਸ ਨੇ ਇਕੋ ਵੇਲੇ ਦੋਨੋਂ ਕੁੜੀਆਂ ਘਰੋਂ ਤੋਰਨੀਆਂ ਸਨ। ਮੈਨੂੰ ਇਹ ਅਹਿਸਾਸ ਸੀ। ਪਰ ਮੈਂ ਮਾਹੌਲ ਨੂੰ ਬੋਝਲ ਨਹੀਂ ਸਾਂ ਬਣਨ ਦੇਣਾ ਚਾਹੁੰਦਾ। ਤਿਆਰੀਆਂ ਤਾਂ ਸ਼ਮਿਆਨੇ ਵਾਲਿਆਂ ਜਾਂ ਬੈਰਿਆ ਨੇ ਕਰਨੀਆਂ ਸਨ। ਸਾਨੂੰ ਤਾਂ ਜਦੋਂ ਮੌਕਾ ਮਿਲਦਾ ਚਾਚੀਆਂ, ਤਾਈਆਂ, ਭੂਆ, ਭਤੀਜੀਆਂ, ਭਤੀਜੇ ਸਾਰੇ ਗਿੱਧੇ ਦਾ ਪਿੜ ਮਲ ਲੈਂਦੇ। ਮਾਹੌਲ ਅਜਿਹਾ ਬਣ ਗਿਆ ਕਿ ਜਦੋਂ ਢੋਲਕੀ ਵੱਜਦੀ ਸਾਰੀ ਗਲੀ ਆ ਇਕੱਠੀ ਹੁੰਦੀ। ਚਾਚੇ ਨੂੰ ਮੈਂ ਸਮਝਾ ਦਿੱਤਾ। ਉਸ ਨੂੰ ਮੈਂ ਪਿਤਾ ਜੀ ਕੋਲ ਛੱਡ ਆਇਆ। ਪਿਤਾ ਜੀ ਕਹਿਣ ਲੱਗੇ, 'ਰੁਲੀਆਂ ਸਿਹਾਂ, ਕਿਉਂ ਦੁਖੀ ਹੋਈ ਜਾਨਾਂ, ਇਨ੍ਹਾਂ ਨੇ ਤੇਰੇ ਕਹੇ ਹਟਣਾ ਕਿਤੇ।' ਅਸਰ ਇਹ ਹੋਇਆ ਕਿ ਕੁੜੀਆਂ ਜੋ ਰੋ-ਰੋ ਬੇਹਾਲ ਹੋਈਆਂ ਪਈਆਂ ਸਨ, ਵੀ ਨਾਰਮਲ ਹੋ ਗਈਆਂ।

ਚਾਚੀ ਜੋ ਸੁਨੱਖੀ, ਚਾਚੇ ਤੋਂ ਉਚੀ-ਲੰਮੀ ਲੱਗਦੀ ਸੀ, ਵੀ ਸਾਡੇ ਸਾਰਿਆਂ ਵਿਚ ਰਚ-ਮਿਚ ਗਈ, 'ਕਰਮ ਸਿਆਂ ਚੰਗਾ ਹੋਇਆ ਤੂੰ ਆ ਗਿਆਂ, ਨਈਂ ਤਾਂ ਅਸੀਂ ਤਾਂ ਰੋ-ਰੋ ਮਰ ਜਾਣਾ ਸੀ।' ਮੈਂ ਕਿਹਾ, 'ਚਾਚੀ ਇਉਂ ਨਹੀਂ, ਗੱਲ ਤਾਂ ਬਣੂੰ, ਜੇ ਤੂੰ ਖੱਤਰੀ ਵਾਲਾ ਗੀਤ ਗਾ ਕੇ ਗਿੱਧੇ 'ਚ ਨੱਚੀ।' 'ਵੇ ਛੱਡ ਖਹਿੜਾ, ਮਰਨ ਦਾ ਵਿਹਲ ਨਹੀਂ' ਕਹਿ ਕੇ ਉਹ ਲਾਂਭੇ ਹੋ ਗਈ। ਪਰ ਮੈਂ ਵੀ ਖਹਿੜਾ ਛੱਡਣ ਵਾਲਾ ਨਹੀਂ ਸੀ।

ਮੈਨੂੰ ਅੱਜ ਤੱਕ ਯਾਦ ਹੈ ਕਿ ਵਿਹੜੇ 'ਚੋਂ ਲੰਘਦੀ ਭਰਜਾਈ ਨੇ, 'ਕਾਲੀਆਂ ਲਿਆਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮੱਚ ਜਾਵੇ' ਵਾਲੇ ਗੀਤ ਉਪਰ ਬੜੇ ਐਕਸ਼ਨ ਕੀਤੇ ਸਨ ਤੇ ਮੈਂ ਉਹਨੂੰ ਉਹ ਗੀਤ ਲਿਖਵਾਉਣ ਲਈ ਸਮਾਂ ਕੱਢਣ ਬਾਰੇ ਕਿਹਾ ਸੀ। ਪਰ ਅੱਜ ਤੱਕ ਮੈਂ ਉਹ ਗਿੱਧੇ ਦਾ ਗੀਤ ਨਹੀਂ ਲਿਖਵਾ ਸਕਿਆ। ਇਥੇ 'ਬੁੱਢਿਆ ਖੋਲ੍ਹ ਕੰਗਣਾ' ਤੇ 'ਨੀ ਕਰੇਲੇ ਘੁੰਗਣੀਆਂ' ਗੀਤ ਉਹ ਜੰਮੇ ਕਿ ਜਦੋਂ ਵੀ ਪਿੜ ਬਝਦਾ ਅਸੀਂ ਫਿਰ ਇਹੀ ਸ਼ੁਰੂ ਕਰ ਦਿੰਦੇ। ਕਰੇਲੇ ਤਿੱਖੇ ਸਨ, ਪਰ ਜਿਹੜਾ ਕੋਈ ਵੀ ਨਵਾਂ ਬੰਦਾ ਆਉਂਦਾ, ਉਹਦਾ ਨਾਂ ਲੈ ਕੇ ਸਿੱਠਣੀ ਫਿਰ ਸ਼ੁਰੂ ਹੋ ਜਾਂਦੀ।

ਨੀ ਕਰੇਲੇ ਵਿਕਣੇ ਆਏ, ਨੀ ਕਰੇਲੇ ਘੁੰਗਣੀਆਂ।
ਨੀ ਮੈਂ ਬੜੇ ਸਵਾਦ ਬਣਾਏ, ਨੀ ਕਰੇਲੇ ਘੁੰਗਣੀਆਂ।
ਨੀ ਮੈਂ ਰਤਾ ਰਤਾ ਵਰਤਾਏ, ਨੀ ਕਰੇਲੇ ਘੁੰਗਣੀਆਂ।
ਨੀ ਸਾਡੇ 'ਅੰਬੋ' ਨੂੰ ਥੋੜੇ ਆਏ, ਨੀ ਕਰੇਲੇ ਘੁੰਗਣੀਆਂ।
ਨੀ ਉਹ ਜਾ ਚੜ੍ਹੀ ਪਹਾੜੇ, ਨੀ ਕਰੇਲੇ ਘੁੰਗਣੀਆਂ।
ਹੇਠੋਂ ਰੁਲੀਆ ਵਾਜਾਂ ਮਾਰੇ, ਨੀ ਕਰੇਲੇ ਘੁੰਗਣੀਆਂ।
ਨੀ ਆਜਾ-ਆਜਾ, ਕੰਜਰ ਦੀਏ ਮਾਰੇ, ਨੀ ਕਰੇਲੇ ਘੁੰਗਣੀਆਂ।

ਗਾਲੀ ਤੇ ਪੂਰਾ ਹਾਸੜ ਮਚਦਾ। ਚਾਚੀ ਅੰਬੋ ਦਾ ਚਿਹਰਾ ਨਾਲੇ ਤਾਂ ਹਾਸੇ ਨਾਲ ਚਮਕਦਾ, ਨਾਲੇ ਉਹ ਝੂਠਾ ਉਲਾਂਭਾ ਦਿੰਦੀ, 'ਵੇ ਮਾਂ ਮਸ਼ਕਰਿਆ, ਹੱਟ ਜਾ ਹੱਟ ਜਾ, ਤੇਰਾ ਚਾਚਾ ਦੁਖੀ ਹੋਊ ਵੇ।' ਫਿਰ ਕੋਈ ਹੋਰ ਹੱਥ ਆ ਜਾਂਦਾ।

ਰਾਤ ਨੂੰ ਗਿੱਧੇ ਦੇ ਪਿੜ ਵਿਚ ਅਸੀਂ ਆਪਣੀਆਂ ਭੈਣਾਂ ਵਿਆਂਦੜ ਕੁੜੀਆਂ ਨੂੰ ਵੀ ਖਿੱਚ ਲਿਆ। ਅੱਧੀ ਰਾਤ ਤੱਕ ਧਮੱਚੜ ਪੈਂਦਾ ਰਿਹਾ। ਅਖੀਰ ਮੈਂ ਚਾਚੀ ਨੂੰ ਫੜ ਕੇ ਗਿੱਧੇ 'ਚ ਲਿਆ ਖਲ੍ਹਾਰਿਆ। ਵਿਚੋਂ ਭੂਆ ਬੋਲ ਪਈ, 'ਨੀ ਅੰਬੋ ਸਾਰੀ ਉਮਰ ਤਾਂ ਤੂੰ ਸੰਗੀ ਨਾ, ਹੁਣ ਕਾਹਦਾ ਸੰਗੇਵਾਂ ਚੜ੍ਹਿਆ। ਫੇਰ ਤੂੰ ਕਰਮ ਸੂੰ ਦੇ ਹੱਥ ਆਈਊ ਆਂ। ਚੱਲ ਸ਼ੁਰੂ ਕਰਾ ਨਹੀਂ ਤਾਂ ਇਹਨੇ ਸਾਨੂੰ ਵੀ ਨਹੀਂ ਸੌਣ ਦੇਣਾ।' ਚਾਚੀ ਅੰਬੋ ਪੈਰ ਮਲਦੀ-ਮਲਦੀ ਤਿਆਰ ਹੋ ਰਹੀ ਸੀ। ਅਖੀਰ ਉਸ ਨੇ ਚੁੰਨੀ ਲਾਹੀ ਤੇ ਸਿਰ ਉਪਰ ਮਾਹੀ ਮੁੰਡੇ ਵਾਂਗ ਬੰਨ੍ਹ ਲਈ। ਗੁਲਾਬੀ ਚੁੰਨੀ ਉਹਦੇ ਗੋਰੇ ਰੰਗ 'ਤੇ ਪੂਰੀ ਸੱਜਦੀ ਸੀ। ਗਿੱਧੇ ਨੇ ਤਾੜੀਆਂ ਨਾਲ ਉਹਦਾ ਸੁਆਗਤ ਕੀਤਾ। ਉਹਦਾ ਇਕ ਹੱਥ ਹਵਾ ਵਿਚ ਘੁੰਮਣ ਲੱਗਾ ਤੇ ਦੂਸਰਾ ਹੇਠਾਂ ਫਿਰਕੀ ਬਣਨ ਲੱਗਾ। ਛੋਟੇ-ਛੋਟੇ ਪੈਰ ਪੁੱਟਦੀ ਨੇ ਉਹਨੇ ਗੀਤ ਸ਼ੁਰੂ ਕੀਤਾ।

ਵੇ ਖੱਤਰੀ, ਵੇ ਖੱਤਰੀ ਚਿੱਤ ਲੱਡੂਆਂ ਨੂੰ ਕਰਦਾ,
ਵੇ ਖੱਤਰੀ... ।

ਗੀਤ ਮੈਂ ਪਹਿਲਾਂ ਵੀ ਸੁਣਿਆ ਸੀ, ਚਾਚੀ ਕੋਲੋਂ ਹੀ, ਪਰ ਜਿਸ ਅਦਾ ਵਿਚ ਇਹ ਨਾਟਕ ਰੂਪ ਰਾਹੀਂ ਹੁਣ ਪੇਸ਼ ਹੋ ਰਿਹਾ ਸੀ, ਉਸ ਦਾ ਰੰਗ ਹੀ ਨਿਰਾਲਾ ਸੀ। ਗਿੱਧਾ ਪੰਗਤੀਆਂ ਨੂੰ ਦੁਹਰਾ ਵੀ ਰਿਹਾ ਸੀ ਤੇ ਲੱਡੂਆਂ ਦੀ ਮੰਗ 'ਤੇ ਮੁਸਕਰਾ ਵੀ ਰਿਹਾ ਸੀ।

ਪਿੜ ਨੂੰ ਗੀਤ ਦਾ ਵਿਸ਼ਾ ਪਹਿਲਾਂ ਹੀ ਪਤਾ ਸੀ। ਜਿੰਨਾ ਚਿਰ ਪਿੜ ਪੰਗਤੀ ਦੁਹਰਾਈ ਗਿਆ। ਚਾਚੀ ਗੇੜਾ ਦਿੰਦੀ ਰਹੀ। ਅਚਾਨਕ ਉਸ ਨੇ 'ਵੇ ਖੱਤਰੀ ਚਿੱਤ ਲੱਡੂਆਂ ਨੂੰ ਕਰਦਾ' ਕਹਿ ਕੇ ਚਾਲ ਤੇਜ਼ ਕਰ ਦਿੱਤੀ। ਇਸੇ ਪੰਗਤੀ ਨੂੰ ਉਹ ਵਾਰ-ਵਾਰ ਦੁਹਰਾਉਂਦੀ ਤੇ ਨਾਲ ਹੀ ਉਸ ਨੇ ਪਿੜ ਵਿਚ ਤੇਜ਼ੀ ਨਾਲ ਘੁੰਮਣਾ ਸ਼ੁਰੂ ਕਰ ਦਿੱਤਾ। ਉਹ ਚੱਕਰ ਵੀ ਕੱਟਦੀ ਜਾਂਦੀ ਤੇ ਹੌਲੀ-ਹੌਲੀ ਥਾਂ ਵੀ ਬਦਲੀ ਜਾਂਦੀ। ਦੋ-ਤਿੰਨ ਗੇੜੇ ਕੱਢਣ ਤੋਂ ਬਾਅਦ ਉਸ ਦੀ ਰਫ਼ਤਾਰ ਮੁਢਲੇ ਥਾਂ ਉਤੇ ਪਹੁੰਚ ਗਈ। ਨਾਲ ਹੀ ਉਸ ਨੇ ਦੂਸਰੀ ਪੰਗਤੀ ਸ਼ੁਰੂ ਕਰ ਦਿੱਤੀ।

ਨੀ ਜੱਟੀਏ, ਨੀ ਜੱਟੀਏ, ਭਾਵੇਂ ਧੜੀ ਜੁਖਾ ਲੈ,
ਨੀ ਜੱਟੀਏ ...।

ਕਿੱਸਾ ਸੀ ਬਾਣੀਏ ਤੇ ਜੱਟੀ ਦੇ ਪਿਆਰ ਦਾ। ਅੰਤਰ-ਜਾਤੀ ਵਿਆਹ ਸਮਾਜ ਵਿਚ ਪ੍ਰਵਾਨਿਤ ਨਹੀਂ, ਪਰ ਮਾਨਵੀ ਮਨ ਦਾ ਕੋਈ ਕੀ ਕਰੇ। ਅਜਿਹੇ ਪਿਆਰ ਨੂੰ ਗੀਤਾਂ ਵਿਚ ਹਮੇਸ਼ਾਂ ਥਾਂ ਮਿਲੀ ਹੈ। ਗਿੱਧੇ ਵਿਚ ਨਾਚ-ਗੀਤ ਦੇ ਤੌਰ 'ਤੇ ਇਸ ਕਥਾ ਦਾ ਆਪਣਾ ਅੰਦਾਜ਼ ਸੀ।

ਵੇ ਖੱਤਰੀ, ਵੇ ਖੱਤਰੀ, ਹੁਣ ਲੇਖਾ ਕਰ ਲੈ,
ਵੇ ਖੱਤਰੀ।
ਨੀ ਜੱਟੀਏ, ਨੀ ਜੱਟੀਏ, ਹੁਣ ਪੂਰਾ ਪੰਜ ਸੌ,
ਨੀ ਜੱਟੀਏ।

ਜੱਟੀ ਨੇ ਦੇਣਾ ਨਹੀਂ, ਖੱਤਰੀ ਨੇ ਲੈਣਾ ਨਹੀਂ। ਪਰ ਮਜ਼ਾਕ ਕਰਨ ਵਿਚ ਕੀ ਹਰਜ਼ ਹੈ। ਖੱਤਰੀ ਏਨੀ ਰਕਮ ਦੱਸ ਰਿਹਾ ਹੈ, ਜੋ ਜੱਟੀ ਦੇ ਨਹੀਂ ਸਕਦੀ। ਬਾਣੀਆ ਆਪਣੀ ਵਪਾਰੀ ਬਿਰਤੀ ਤੋਂ ਤੇ ਹਿਸਾਬ-ਕਿਤਾਬ ਤੋਂ ਇਥੇ ਵੀ ਬਾਜ਼ ਨਹੀਂ ਆਇਆ। ਹੁਣ ਜੱਟੀ ਕੀ ਕਰੇਗੀ? ਚਾਚੀ ਅੰਬੋ ਗੇੜਾ ਤੇ ਗੇੜਾ ਦੇ ਕੇ ਸਵਾਲਾਂ ਜਵਾਬਾਂ ਨੂੰ ਰੌਚਕ ਬਣਾ ਰਹੀ ਸੀ। ਇਥੋਂ ਤੱਕ ਆਉਂਦਿਆਂ ਉਸ ਨੇ ਅੱਖੀਆਂ ਵੀ ਮੀਟ ਲਈਆਂ ਸਨ ਤੇ ਪੂਰੇ ਜਲੌਅ ਵਿਚ ਆ ਗਈ ਸੀ। ਸਵਾਲ-ਜਵਾਬ ਜਾਰੀ ਸਨ।

ਵੇ ਖੱਤਰੀ, ਵੇ ਖੱਤਰੀ ਮੇਰੀ ਸੱਸ ਨੂੰ ਕਰ ਲੈ,
ਵੇ ਖੱਤਰੀ।
ਨੀ ਜੱਟੀਏ, ਨੀ ਜੱਟੀਏ, ਤੇਰੀ ਸੱਸ ਸਿਆਣੀ,
ਨੀ ਜੱਟੀਏ।

ਸਾਰੇ ਗਿੱਧੇ ਦੇ ਪਿੜ ਨੂੰ ਸੌਦੇਬਾਜ਼ੀ ਦਾ ਸੁਆਦ ਆ ਰਿਹਾ ਸੀ। ਦੋਨਾਂ ਦੇ ਸਵਾਲ-ਜਵਾਬ ਟਣਕਵੇਂ ਸਨ। ਕੋਈ ਰੱਤੀ ਮਾਸਾ ਘੱਟ ਨਹੀਂ ਸੀ। ਚਾਚੀ 'ਨੀ ਜੱਟੀਏ ਤੇਰੀ ਸੱਸ ਸਿਆਣੀ' ਕਹਿ ਕੇ ਗੇੜਾ ਦਿੰਦੀ ਜਾ ਰਹੀ ਸੀ। ਹੁਣ ਜੱਟੀ ਨੇ ਇਕ ਹੋਰ ਪੈਂਤੜਾ ਬਦਲਿਆ।

ਵੇ ਖੱਤਰੀ, ਵੇ ਖੱਤਰੀ, ਮੇਰੀ ਨਣਦ ਨੂੰ ਕਰਲੈ,
ਵੇ ਖੱਤਰੀ,
ਨੀ ਜੱਟੀਏ, ਨੀ ਜੱਟੀਏ, ਤੇਰੀ ਨਣਦ ਨਿਆਣੀ,
ਨੀ ਜੱਟੀਏ।

ਖੱਤਰੀ ਨੂੰ ਬੁੱਢੀ ਸੱਸ ਮਨਜ਼ੂਰ ਨਹੀਂ ਸੀ ਤਾਂ ਜੱਟੀ ਨੇ ਨਣਦ ਦੀ ਸੌਦੇਬਾਜ਼ੀ ਕੀਤੀ। ਖੱਤਰੀ ਵੱਲੋਂ ਇਹ ਪੇਸ਼ਕਸ਼ ਵੀ ਰੱਦ ਕਰ ਦਿੱਤੀ ਗਈ। ਲੱਗਦਾ ਸੀ ਉਸ ਦੇ ਮਨ ਵਿਚ ਕੁਝ ਹੋਰ ਹੈ, ਜੋ ਉਹ ਆਪ ਨਹੀਂ ਸੀ ਕਹਿਣਾ ਚਾਹੁੰਦਾ। ਪਰ ਜੱਟੀ ਦੇ ਮੂੰਹੋਂ ਕਹਾਉਣਾ ਚਾਹੁੰਦਾ ਸੀ। ਸੌਦੇਬਾਜ਼ੀ ਵਿਚ ਹੱਥ ਉਪਰ ਰੱਖਣਾ ਚਾਹੁੰਦਾ ਸੀ। ਇਸੇ ਲਈ ਸਾਰੀਆਂ ਗੱਲਾਂ ਰੱਦ ਕੀਤੀਆਂ ਜਾ ਰਹੀਆਂ ਸਨ। ਹੁਣ ਸ਼ਾਇਦ ਜੱਟੀ ਕੋਲ ਵੀ ਕੋਈ ਸੌਦੇਬਾਜ਼ੀ ਲਈ ਨਵਾਂ ਪੱਤਾ ਬਾਕੀ ਨਹੀਂ ਸੀ ਰਹਿ ਗਿਆ। ਉਹ ਵੀ ਉਥੇ ਪਹੁੰਚ ਰਹੀ ਸੀ, ਜਿਥੇ ਖੱਤਰੀ ਉਸ ਨੂੰ ਪਹੁੰਚਾਉਣਾ ਚਾਹੁੰਦਾ ਸੀ।

ਵੇ ਖੱਤਰੀ, ਵੇ ਖੱਤਰੀ ਤੂੰ ਮੈਨੂੰ ਈ ਕਰ ਲੈ, ਵੇ ਖੱਤਰੀ।

ਸਾਰਾ ਪਿੜ ਤਾੜੀਆਂ ਮਾਰਦਾ ਨਾਲ-ਨਾਲ ਠਹਾਕੇ ਵੀ ਮਾਰਨ ਲੱਗ ਪਿਆ ਸੀ, ਪਰ ਚਾਚੀ ਮੁਸ਼ਕੜੀਏਂ ਹਸਦੀ ਵੀ ਅੱਖਾਂ ਮੀਟੀ ਗੇੜੇ ਤੇ ਗੇੜਾ ਦੇ ਰਹੀ ਸੀ। ਉਹ ਤਾਂ ਆਖਰੀ ਤੋੜੇ ਵੱਲ ਵਧ ਰਹੀ ਸੀ।

ਨੀ ਜੱਟੀਏ, ਨੀ ਜੱਟੀਏ, ਮੈਂ ਇਹੋ ਗੱਲ
ਚਾਹੁੰਦਾ, ਨੀ ਜੱਟੀਏ।

ਰਹਿੰਦੀ-ਸਹਿੰਦੀ ਕਸਰ ਵੀ ਪੂਰ ਹੋ ਗਈ। 'ਨੀ ਜੱਟੀਏ ਮੈਂ ਇਹੋ ਗੱਲ ਚਾਹੁੰਦਾ' ਦੀ ਤੇਜ਼ ਚਾਲ ਨਾਲ ਚਾਚੀ ਅੰਬੋ ਫਾਵੀ ਹੋ ਗਈ ਸੀ। ਉਹ ਓਨੀ ਦੇਰ ਇਹ ਪੰਗਤੀ ਦੁਹਰਾਉਂਦੀ ਰਹੀ, ਜਿੰਨਾ ਚਿਰ ਉਹ ਘੁਮਾਟਣੀ ਖਾ ਕੇ ਡਿੱਗਣ ਨੂੰ ਨਹੀਂ ਹੋ ਗਈ।

ਦੂਜੀਆਂ ਔਰਤਾਂ ਨੇ ਉਸ ਨੂੰ ਸਹਾਰਾ ਦਿੱਤਾ। 'ਨੀ ਜੱਟੀਏ ਮੈਂ ਇਹੋ ਗੱਲ ਚਾਹੁੰਦਾ' ਨੂੰ ਲਮਕਾ ਕੇ ਕਹਿੰਦਿਆਂ, ਇਕ ਹੱਥ ਨਾਲ ਉਸ ਨੇ ਚੁੰਨੀ ਸਿਰੋਂ ਲਾਹ ਲਈ ਤੇ ਬੈਠ ਗਈ। ਉਸ ਨੇ ਮੈਨੂੰ ਸੰਬੋਧਨ ਕੀਤਾ, 'ਕਰਮ ਸਿਆ ਤੈਨੂੰ ਕਿਹਾ ਸੀ ਮੈਨੂੰ ਨਾ ਛੇੜ, ਪਰ ਨਾ ਹੱਟਿਆ।' ਚਾਚੀ ਅੰਬੋ ਸਾਹੋ-ਸਾਹ ਹੋਈ ਪਈ ਸੀ। ਮੈਂ ਹੱਸ ਛੱਡਿਆ। ਕੋਈ ਜਵਾਬ ਨਾ ਦਿੱਤਾ। ਮੇਰਾ ਘਰ ਪੂਰਾ ਹੋ ਚੁੱਕਾ ਸੀ। ਹੁਣ ਅਸੀਂ ਬੈਠ ਕੇ ਟੱਪੇ ਗਾਉਣ ਲੱਗ ਪਏ। ਫਿਰ ਘਰੇਲੂ ਗੱਲਾਂ ਤੇ ਬਹੁਤੇ ਪਤਾ ਨਹੀਂ ਕਦੋਂ ਨੀਂਦ ਵਿਚ ਚਲੇ ਗਏ। ਕੁੜੀਆਂ ਤੁਰ ਵੀ ਗਈਆਂ, ਅਸੀਂ ਫਿਰ ਵੀ ਵਾਤਾਵਰਣ ਨੂੰ ਬੋਝਲ ਨਹੀਂ ਹੋਣ ਦਿੱਤਾ। ਹੱਸਦਾ-ਖੇਡਦਾ ਸਾਰਾ ਭਾਈਚਾਰਾ ਪਿੰਡ ਨੂੰ ਪਰਤ ਗਿਆ। ਮੇਰਾ ਪੜਾਅ ਤਾਂ ਕੁਰੂਕਸ਼ੇਤਰ ਸੀ।

ਹੁਣ ਚਾਚਾ ਚਾਚੀ ਅੰਮ੍ਰਿਤਧਾਰੀ ਬਣ ਗਏ ਹਨ। ਬੜੀਆਂ ਉਚੀਆਂ-ਉਚੀਆਂ ਗੱਲਾਂ ਕਰਦੇ ਹਨ। ਪਰ ਮੇਰੇ ਲਈ ਤਾਂ ਚਾਚੀ ਅੰਬੋ ਉਹੀ ਹੈ, ਜੋ ਮੈਂ ਗਿੱਧੇ ਦੇ ਪਿੜ ਵਿਚ ਦੇਖੀ ਸੀ। ਮੈਂ ਉਸ ਨੂੰ ਕੁੜੀਆਂ ਦਾ ਵਿਆਹ ਯਾਦ ਕਰਵਾਉਂਦਾ ਹਾਂ ਤਾਂ ਉਹ ਹੱਸ ਛੱਡਦੀ ਹੈ, 'ਕਰਮ ਸਿਆਂ, ਉਹ ਵੀ ਦਿਨ ਸਨ।' ਮੇਰੇ ਲਈ ਤਾਂ ਉਹ ਦਿਨ ਹੀ ਰਾਸ ਪੂੰਜੀ ਹਨ, ਜਿਨ੍ਹਾਂ ਨੂੰ ਮੈਂ ਏਨੇ ਸਾਲਾਂ ਬਾਅਦ ਵੀ ਸਾਂਭ-ਸਾਂਭ ਕੇ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ।

# ਨਾ ਪਿੰਡ ਰਿਹਾ ਨਾ ਸ਼ਹਿਰ



ਕਰਾਂਤੀਪਾਲ
+91-92165-35617

ਅੰਕੜੇ ਦੱਸਦੇ ਹਨ ਕਿ ਸ਼ਹਿਰੀ ਭਾਰਤ ਵਿਚ 20 ਰੁਪਏ ਪ੍ਰਤੀਦਿਨ ਤੋਂ ਵੀ ਘੱਟ ਖਰਚ 'ਤੇ ਜ਼ਿੰਦਗੀ ਬਸਰ ਕਰਨ ਵਾਲੇ 14 ਕਰੋੜ ਲੋਕ ਹਨ। ਐਸੋਸੀਏਟਿਡ ਚੈਂਬਰਸ ਆਫ ਕਾਮਰਸ ਐਂਡ ਇੰਡਸਟ੍ਰੀਜ਼ ਆਫ ਇੰਡੀਆ (ਐਸੋਚੈਮ) ਦੀ ਰਿਪੋਰਟ 'ਹਾਊਸਿੰਗ ਐਂਡ ਹੈਲਥ ਫੇਸਿਲਟੀਜ਼ ਫਾਰ ਅਰਬਨ ਪੁਅਰ' ਮੁਤਾਬਿਕ ਸ਼ਹਿਰਾਂ ਵਿਚ ਹਾਲਤ ਸੁਧਾਰਨ ਲਈ ਤੀਹ ਹਜ਼ਾਰ ਡਾਕਟਰ ਅਤੇ ਨਰਸਾਂ ਦੀ ਜ਼ਰੂਰਤ ਹੈ। ਇਹੀ ਰਿਪੋਰਟ ਦੱਸਦੀ ਹੈ ਕਿ ਸ਼ਹਿਰੀ ਗਰੀਬ ਪਰਿਵਾਰਾਂ ਦੇ 80 ਹਜ਼ਾਰ ਬੱਚੇ ਆਪਣਾ ਪਹਿਲਾ ਜਨਮ ਦਿਨ ਬਿਨਾਂ ਮਨਾਏ ਹੀ ਮਰ ਜਾਂਦੇ ਹਨ। ਅੱਜ ਕਰੀਬ 84 ਕਰੋੜ ਲੋਕ ਸ਼ਹਿਰਾਂ ਵਿਚ ਰਹਿੰਦੇ ਹਨ, ਪਰ ਇਨ੍ਹਾਂ ਵਿਚੋਂ 40 ਫੀਸਦੀ ਲੋਕ ਝੁੱਗੀਆਂ ਝੋਪੜੀਆਂ ਵਿਚ ਜੀਵਨ ਬਤੀਤ ਕਰਦੇ ਹਨ, ਜਿਥੇ ਨਾ ਤਾਂ ਟੂਟੀਆਂ ਹਨ ਤੇ ਨਾ ਹੀ ਪੀਣ ਲਈ ਪਾਣੀ। ਪੈਮਾਨਾ ਆਖਦਾ ਹੈ ਕਿ ਹਰ ਵਿਅਕਤੀ ਲਈ ਔਸਤਨ 220 ਲੀਟਰ ਪਾਣੀ ਰੋਜ਼ਾਨਾ ਚਾਹੀਦਾ ਹੈ। ਪਰ ਸੌ ਲੀਟਰ ਵੀ ਮੁਸ਼ਕਿਲ ਹੈ, ਜਿਹੜਾ ਕਿ ਸਿਰਫ ਅਮੀਰਾਂ ਦੇ ਹਿੱਸੇ ਹੀ ਆਉਂਦਾ ਹੈ। ਆਉਣ ਵਾਲੇ ਸਮਿਆਂ ਵਿਚ ਸ਼ਹਿਰਾਂ ਦਾ ਹਾਲ ਬਹੁਤ ਬੁਰਾ ਹੋਣ ਵਾਲਾ ਹੈ। ਇਹ ਗੱਲ ਅਸੀਂ ਨਹੀਂ ਆਖਦੇ ਸਗੋਂ ਮੈਕੇਂਜੀ ਦੀ ਰਿਪੋਰਟ ਆਖਦੀ ਹੈ। ਆਉਣ ਵਾਲੇ 20 ਸਾਲਾਂ ਤੱਕ ਜੋ ਹੋਣ ਵਾਲਾ ਹੈ, ਉਸ ਬਾਰੇ ਸਾਡੇ ਅਨਪੜ੍ਹ ਨੇਤਾ ਤਾਂ ਕੱਖ ਨਹੀਂ ਜਾਣਦੇ। ਇਨ੍ਹਾਂ ਬੇਘਰਾਂ ਦੀ ਗੱਲ ਇਸ ਕਰਕੇ ਨਹੀਂ ਹੁੰਦੀ ਕਿਉਂਕਿ ਇਨ੍ਹਾਂ ਦਾ ਕੋਈ ਵੋਟ-ਬੈਂਕ ਨਹੀਂ ਹੈ। ਰੋਜ਼ੀ-ਰੋਟੀ ਦੀ ਤਲਾਸ਼ ਵਿਚ ਇਧਰ-ਉਤਰ ਭਟਕਦੇ ਲੋਕ ਭਾਵੇਂ ਸ਼ਹਿਰਾਂ ਦੇ ਨਿਰਮਾਤਾ ਵੀ ਹਨ, ਕਿਉਂਕਿ ਉਨ੍ਹਾਂ ਕਰਕੇ ਹੀ ਸ਼ਹਿਰ ਅੱਗੇ ਵਧਦੇ ਹਨ। ਜੇਕਰ ਤੁਹਾਡੇ ਆਪਣੇ ਸ਼ਹਿਰ ਜਾਂ ਨੇੜੇ-ਤੇੜ ਵਿਕਾਸ ਹੋ ਰਿਹਾ ਹੈ, ਕੰਮ ਚੱਲ ਰਿਹਾ ਹੈ ਤਾਂ ਕੰਮ ਲਈ ਕਾਮੇ ਉਹ ਹੁੰਦੇ ਹਨ ਜਿਨ੍ਹਾਂ ਲਈ ਨਾ ਪਿੰਡ 'ਚ ਗੁੰਜਾਇਸ਼ ਹੈ ਅਤੇ ਨਾ ਸ਼ਹਿਰ 'ਚ ਪਨਾਹ। ਕੰਮ ਖ਼ਤਮ ਹੋਇਆ ਤਾਂ ਅੱਗੋਂ ਕੋਈ ਹੋਰ ਕੰਮ ਮਿਲ ਗਿਆ। ਅੰਦਾਜ਼ਾ ਹੈ ਕਿ 60-70 ਲੱਖ ਪਰਿਵਾਰ ਅਲੱਗ-ਅਲੱਗ ਰਾਜਾਂ ਵਿਚ ਇਸ ਤਰ੍ਹਾਂ ਰੁਜ਼ਗਾਰ ਦਿਵਾਉਣ ਵਾਲੇ ਏਜੰਟਾਂ ਦੇ ਸਹਾਰੇ ਘੁੰਮਦੇ ਰਹਿੰਦੇ ਹਨ। ਇਥੋਂ ਤੱਕ ਕਿ ਇਹ ਏਜੰਟ 12 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਵੀ ਕੰਮ 'ਤੇ ਲਾ ਦਿੰਦੇ ਹਨ। ਇਸ ਕਰਕੇ ਸਸਤੀ ਮਜ਼ਦੂਰੀ ਦਾ ਬਾਜ਼ਾਰ ਖੜ੍ਹਾ ਹੋ ਗਿਆ ਹੈ। ਵਿਚੋਲੇ ਪਿੰਡ ਜਾਂਦੇ ਹਨ ਅਤੇ ਜਾ ਕੇ ਇਕ ਵਾਰ ਵਿਚ 65-70 ਪਰਿਵਾਰਾਂ ਦੀ ਬੁਕਿੰਗ ਕਰ ਲੈਂਦੇ ਹਨ। ਦਿੱਲੀ, ਪੰਜਾਬ, ਗੁੜਗਾਉਂ, ਚੰਡੀਗੜ੍ਹ, ਪੂਨਾ, ਸੂਰਤ ਆਦਿ ਸ਼ਹਿਰਾਂ ਦੀ ਚਮਕ-ਦਮਕ ਅਤੇ ਬਿਹਤਰ ਜ਼ਿੰਦਗੀ ਦਾ ਸੁਪਨਾ ਦਿਖਾ ਕੇ ਲੋਕਾਂ ਨੂੰ ਘਰ-ਘਾਟ ਛੱਡਣ ਲਈ ਆਖਦੇ ਹਨ ਅਤੇ ਕਾਮਯਾਬ ਵੀ ਹੋ ਜਾਂਦੇ ਹਨ। ਰੋਜ਼ੀ-ਰੋਟੀ ਦੀ ਤਲਾਸ਼ ਵਿਚ ਸ਼ਹਿਰ ਨੂੰ ਭੱਜ ਰਹੇ ਇਨ੍ਹਾਂ ਲੋਕਾਂ ਦਾ ਆਖ਼ਰ ਕੀ ਬਣੇਗਾ?

Vehicle Unlock Specialist
Boost Your Car Call 24/7

Gurpreet Sohal
Tel: 780.935.2990
gssohal72@yahoo.co.in

If your car is locked or need a boost
please call 780.935.2990





## ਪੰਜਾਬੀ ਗ਼ਜ਼ਲ ਦਾ ਪ੍ਰਤਿਭਾਵਾਨ ਹਸਤਾਖ਼ਰ ਕੁਲਵਿੰਦਰ ਬੱਛੋਆਣਾ

ਪੰਜਾਬੀ ਵਿਚ ਓਹੀ ਕਾਵਿ-ਰੂਪ ਚਿਰ ਸਥਾਈ ਹੋ ਸਕੇ ਜਿਹੜੇ ਲੋਕਾਂ ਦੇ ਸਰੋਕਾਰਾਂ ਨੂੰ ਆਪਣੇ ਵਿਚ ਮਿਆਉਂਦੇ ਤੇ ਲੋਕਾਂ ਦੇ ਦੁੱਖਾਂ, ਸੁੱਖਾਂ, ਜਜ਼ਬਾਤਾਂ ਨੂੰ ਪੇਸ਼ ਕਰਦੇ ਰਹੇ। ਹਰ ਨਵੀਂ ਪੀੜ੍ਹੀ ਕੋਲ ਸਮਕਾਲ ਦੀ ਨਵੀਨਤਾ ਅਤੇ ਮੌਲਕਤਾ ਹੁੰਦੀ ਹੈ ਅਤੇ ਅਗਲੀਉਂ ਅਗਲੀ ਪੀੜ੍ਹੀ ਖ਼ੂਨ ਦੇ ਕੇ ਸਫ਼ਰਾਂ ਵਿਚ ਗਾਮਜ਼ਨ ਰੱਖਦੀ ਹੈ। ਪੰਜਾਬੀ ਗ਼ਜ਼ਲ ਨੂੰ ਸਮਰਪਿਤ ਹੋ ਜਾਣਾ ਇਸ ਤੱਥ ਦੀ ਗਰੰਟੀ ਹੈ ਕਿ ਪੰਜਾਬੀ ਗ਼ਜ਼ਲ ਕਈ ਹਾਵਾਂ-ਭਾਵਾਂ ਤੇ ਸੱਚਾਂ ਨੂੰ ਚਿਤਰਦੀ ਰਹੇਗੀ। ਜਦ ਤੱਕ ਪੰਜਾਬੀਆਂ ਨੂੰ ਕਵਿਤਾ ਲੋੜ ਰਹੇਗੀ ਤਦ ਤੱਕ ਪੰਜਾਬੀ ਗ਼ਜ਼ਲ ਉਨ੍ਹਾਂ ਦਾ ਪਿਆਰ ਬੱਛੋਆਣਾ ਮਾਲਵੇ ਖੇਤਰ ਦੇ ਬੁਢਲਾਢਾ ਕਸਬੇ ਦੇ ਲਾਗੇ ਪਿੰਡ ਬੱਛੋਆਣਾ ਦਾ ਹੈ ਅਤੇ ਥੋੜ੍ਹੇ ਹੀ ਸਮੇਂ ਵਿਚ ਉਸ ਨੇ ਆਪਣੀ ਉਚ ਪਾਏ ਦੀ ਮਹਿਕਾ ਦਿੱਤਾ ਹੈ। ਉਮੀਦ ਹੈ ਕਿ ਬੱਛੋਆਣਾ ਇਕ ਉਚ ਪੱਧਰੀ ਗ਼ਜ਼ਲਕਾਰ ਬਣੇਗਾ। ਜਨਵਰੀ 2012 ਵਿਚ ਉਸ ਦਾ ਵਿਆਹ ਹੋਇਆ ਸਾਥਣ ਨੂੰ ਵੀ ਜੀ ਆਇਆਂ ਕਹਿੰਦੇ ਹਾਂ।



ਸੁਲੱਖਣ ਸਰਹੱਦੀ
+91-94174-84337
sulakhansarhaddi@gmail.com

# ਕੁਲਵਿੰਦਰ ਬੱਛੋਆਣਾ ਦੀਆਂ ਕੁਝ ਗ਼ਜ਼ਲਾਂ

ਗ਼ਜ਼ਲ ਨੂੰ ਜਦ ਕਦੇ ਵੀ ਹੋਂਠ ਉਹ ਅਪਣੇ ਛੁਹਾ ਦੇਵੇ
ਬੁਝੇ ਹੋਏ ਸ਼ਬਦਾਂ ਨੂੰ ਦੀਵਿਆਂ ਵਾਂਗੂੰ ਜਗਾ ਦੇਵੇ

ਮੈਂ ਉਸ ਨੂੰ ਦੁਸ਼ਮਣਾਂ ਅੰਦਰ ਗਿਣਾਂ ਜਾਂ ਦੋਸ਼ਤਾਂ ਅੰਦਰ
ਪਿਆ ਕੇ ਜ਼ਹਿਰ ਮੈਨੂੰ ਉਮਰ ਲੰਬੀ ਦੀ ਦੁਆ ਦੇਵੇ

ਤ੍ਰਭਕੇ ਖੁਦ ਤਾਂ ਉਹ ਪਾਣੀ ਜੇ ਪੈਰਾਂ ’ਤੇ ਵੀ ਡੁੱਲ੍ਹ ਜਾਵੇ
ਤੇ ਮੈਨੂੰ ਖੌਲਦੇ ਸਾਗਰ ਚ ਕੁੱਦਣ ਦੀ ਸਲਾਹ ਦੇਵੇ

ਜਿਹੜੇ ਹੱਥਾਂ ਦੀਆਂ ਰੇਖਾਵਾਂ ਚੋਂ ਹੀ ਲੱਭ ਰਹੇ ਸਭ ਕੁਝ
ਇਹਨਾਂ ਨੂੰ ਕੀ ਦੇਊ ਕਿਸਮਤ, ਇਹਨਾਂ ਨੂੰ ਕੀ ਖੁਦਾ ਦੇਵੇ

ਉਹ ਹਰ ਵਾਰੀ ਇਹ ਸੋਚੇ ਭਰਮ ਹੈ ਜਾਂ ਪਿਆਸ ਹੈ ਸਚਮੁਚ
ਤੇ ਏਸੇ ਕਸ਼ਮਕਸ਼ ਵਿਚ ਹੀ ਨਦੀ ਵਗਦੀ ਸੁਕਾ ਦੇਵੇ

ਮੈਂ ਹੋ ਕੇ ਬੇ-ਪਰਾ ਜਦ ਵੀ ਹਾਂ ਉਸ ਦੇ ਦਰ ਗਿਆ ਪਰ ਲੈਣ
ਪਰਾਂ ਦੇ ਨਾਲ ਹੀ ਉਹ ਪਿੰਜਰਾ ਮੈਨੂੰ ਦਿਖਾ ਦੇਵੇ

ਬੜਾ ਔਖਾ ਹੈ ਤੱਕਣਾ ਕਾਤਲਾਂ ਨੂੰ ਤਖਤ ’ਤੇ ਬੈਠੇ
ਕਦੇ ਮੌਲਾ ਕਿਸੇ ਨੂੰ ਨਾ ’ਚੁਰਾਸੀ ਜਹੀ ਸਜਾ ਦੇਵੇ

ਕਿਤੇ ਆਦਤ ਨਾ ਪੈ ਜਾਵੇ ਬੈਸਾਖੀ ਨਾਲ ਚੱਲਣ ਦੀ
ਨਾ ਭੁੱਲੀਂ ਖੁਦ ਦੀ ਤਾਕਤ ਨੂੰ ਜੇ ਕੋਈ ਆਸਰਾ ਦੇਵੇ

---

ਜਿਉਂ ਹੀ ਹੋਏ ਅਵੇਸਲੇ, ਕਰ ਗਈ ਮੁੜਵਾਂ ਵਾਰ।
ਹੁਣ ਤੱਕ ਜਿਸਨੂੰ ਸਮਝਿਆ, ਸੀ ਅਪਣੀ ਤਲਵਾਰ।

ਧੜ ਦੇ ਉੱਤੇ ਸੀਸ ਨੂੰ, ਵੀ ਰੱਖਿਆ ਕਰ ਯਾਰ।
ਇੰਝ ਹਵਾ ਵਿੱਚ ਲਟਕਦੀ, ਚੰਗੀ ਨਈਂ ਦਸਤਾਰ।

ਪੀ ਲੋਕਾਂ ਦੇ ਖ਼ੂਨ ਨੂੰ, ਜਾਂਦੇ ਮਾਰ ਡਕਾਰ।
ਸ਼ਹਿਰ ਚ ਵੀ ਹੁਣ ਆ ਗਏ, ਜੀਵ ਬੜੇ ਖੂੰਖਾਰ।

ਰਸਤਾ ਪੁੱਛਣ ਕਾਫ਼ਲੇ, ਜਾਂਦੇ ਉਸਦੇ ਦੁਆਰ।
ਜਿਸਨੇ ਕੱਟੀ ਜ਼ਿੰਦਗੀ, ਦੀਵਾਰਾਂ ਵਿਚਕਾਰ।

ਮੋਹ ਨੂੰ ਤੀਲੀ ਲਾ ਗਿਆ, ਨਿਗਲ ਗਿਆ ਸਤਿਕਾਰ।
ਕੌਣ ਆਇਆ ਹੈ ਆਪਣੇ, ਦੋਹਾਂ ਦੇ ਵਿਚਕਾਰ।

ਐਵੇਂ ਨਿਹੱਥੇ ਸਮਝ ਕੇ, ਨਾ ਸਾਨੂੰ ਲਲਕਾਰ।
ਅਸੀਂ ਹਮੇਸ਼ਾ ਰੱਖੀਏ, ਮੱਥੇ ਵਿਚ ਹਥਿਆਰ।

ਜਦ ਨਾ ਕੋਈ ਜੰਮਿਆ, ਸ਼ਿਵਜੀ ਸਾਲ ਹਜਾਰ।
ਅਪਣੇ ਸਿਰ ਵਿਚ ਪਾ ਲਈ, ਮੈਂ ਗੰਗਾ ਦੀ ਧਾਰ।

---

ਸਾਡੇ ਕੋਲੋਂ ਪੁੱਛੋ ਰਾਹ ਇਸ ਸ਼ਹਿਰ ਦੇ ਕਬਰਸਤਾਨਾਂ ਦਾ।
ਰੋਜ਼ ਜਨਾਜਾ ਅਸੀਂ ਲਿਜਾਂਦੇ ਹਾਂ ਅਪਣੇ ਅਰਮਾਨਾਂ ਦਾ।

ਧੀਆਂ ਦੇ ਚਾ ਪੂਰੇ ਹੋਣ ’ਤੇ ਪੱਗ ਨੂੰ ਦਾਗ਼ ਜੇ ਲਗਦਾ ਸੀ,
ਕਿਹੜੀ ਇੱਜ਼ਤ ਖੱਟ ਲਈ ਖ਼ੂਨ ਵਹਾ ਕੇ ਕੱਚੀਆਂ ਜਾਨਾਂ ਦਾ?

ਹਾਲੇ ਤੱਕ ਨਾ ਲੱਗਿਆ ਤੈਥੋਂ ਇਕ ਵੀ ਤੀਰ ਨਿਸ਼ਾਨੇ ’ਤੇ,
ਵਰ੍ਹਿਆਂ ਤੂੰ ਉਂਝ ਮੋਢੇ ਚੁੱਕਿਐ ਬੋਝ ਤੂੰ ਤੀਰ ਕਮਾਨਾਂ ਦਾ।

ਲੋਕ ਅਜੇ ਤਾਂ ਹੋਰ ਲਕੀਰਾਂ ਵਹੁਣਾ ਚਹੁੰਦੇ ਧਰਤੀ ’ਤੇ,
ਕਿੱਥੇ ਜਾ ਕੇ ਰੁਕੂ ਸਿਲਸਿਲਾ ਖੌਰੇ ਪਾਕਿਸਤਾਨਾਂ ਦਾ?

ਸ਼ੌਪਿੰਗ ਮਾਲ ਜਦੋਂ ਤੋਂ ਖੁੱਲ੍ਹਿਐ ਸ਼ਹਿਰ ਦੀ ਮੰਡੀ ਦੇ ਵਿਚਕਾਰ,
ਲੈਣ ਲੱਗਾ ਹੈ ਅਪਣੇ ਅੰਤਿਮ ਸੁਆਸ, ਭਵਿੱਖ ਦੁਕਾਨਾਂ ਦਾ।

ਕੋਠੇ ਚੜ੍ਹ ਕੇ ਨਜ਼ਰ ਘੁਮਾ ਕੇ, ਆਖੇ ਉਹ “ਸਭ ਅੱਛਾ ਹੈ”,
ਮੈ ਤਾਂ ਬਹੁਤ ਜੁਝਾਰੂ ਬੰਦਾਂ, ਪਰ ਘਾਟਾ ਮੈਦਾਨਾਂ ਦਾ।

ਸਾਲਾਂ ਤੋਂ ਜਿੰਨ੍ਹਾਂ ਨੇ ਸਾਨੂੰ ਨਰਕ ਚ ਰੱਖਿਆ, ਫਿਰ ਆਇਐ,
ਦੇਣ ਲਈ ਸੁਰਗਾਂ ਦਾ ਲਾਰਾ, ਇਕ ਟੋਲਾ ਭਗਵਾਨਾਂ ਦਾ।

---

ਤਾਰਿਆਂ ਦਾ ਵੇਸ ਪਾਵਾਂ ਕਿਸਤਰਾਂ ?
ਚੰਦ ਦੀ ਰੋਟੀ ਬਣਾਵਾਂ ਕਿਸਤਰਾਂ ?

ਉਹ ਨਿਪਤਰਾ ਰੁੱਖ ਹੈ ਜਦ ਆਪ ਹੀ,
ਭਾਲਦੈਂ ਉਸ ਤੋਂ ਤੂੰ ਛਾਵਾਂ ਕਿਸਤਰਾਂ ?

ਵਰ੍ਹ ਨਹੀਂ ਸਕਿਆ ਪਿਆਸੀ ਧਰਤ ’ਤੇ,
ਖੁਦ ਨੂੰ ਮੈਂ ਬੱਦਲ ਕਹਾਵਾਂ ਕਿਸਤਰਾਂ ?

ਸੁਪਨਿਆਂ ਦੀ ਲਾਸ਼ ਮੋਢੇ ਰੱਖ ਕੇ,
ਜੀਣ ਦਾ ਸੁਪਨਾ ਸਜਾਵਾਂ ਕਿਸਤਰਾਂ ?

ਬਲ਼ ਰਹੀ ਧਰਤੀ ਤੋਂ ਜੋ ਹੈ ਬੇਖ਼ਬਰ,
ਉਸ ਖੁਦਾ ਨੂੰ ਸਿਰ ਝੁਕਾਵਾਂ ਕਿਸਤਰਾਂ ?

ਬੁਝ ਗਏ ਦੀਵੇ, ਸਿਵੇ ਪਰ ਬਲ਼ ਪਏ,
ਚੱਲੀਆਂ ਖੌਰੇ ਹਵਾਵਾਂ ਕਿਸਤਰਾਂ ?

ਬਲ ਰਿਹੈ ਬਾਂਸਾਂ ਦਾ ਜੰਗਲ ਸਾਹਮਣੇ,
ਬੰਸਰੀ ਤੈਨੂੰ ਸੁਣਾਵਾਂ ਕਿਸਤਰਾਂ ?

ਮੈਂ ਮਖੌਟੇ ਪਉਣ ਦਾ ਆਦੀ ਨਹੀਂ,
ਖੁਦ ਲਗਾਵਾਂ, ਖੁਦ ਬੁਝਾਵਾਂ ਕਿਸਤਰਾਂ ?

---

ਖੇਤਾਂ ਅੰਦਰ ਸ਼ੋਖ ਹਰਾ ਰੰਗ ਦੂਰ ਤੀਕ ਲਹਿਰਾਵੇ।
ਖੇਤ-ਲਲਾਰੀ ਦੇ ਹਿੱਸੇ ਪਰ ਰੰਗ ਕਾਲਾ ਹੀ ਆਵੇ।

ਪਗੜੀ, ਰੱਖੜੀ, ਚੁੰਨੀ, ਇੱਜ਼ਤ, ਉੱਚੀਆਂ ਬਹੁਤ ਦੀਵਾਰਾਂ,
ਦੁਲਹਨ ਦੀ ਹੱਕਾਂ ਦੀ ਗੁੱਡੀ ਦਾ ਦਮ ਘੁਟਦਾ ਜਾਵੇ।

ਹੱਥ ਉੱਤੇ ਹੱਥ ਧਰ ਕੇ ਬੈਠੇ ਰੋਂਦੇ ਨੇ ਸ਼ਰਧਾਲੂ,
ਗੈਰਾਂ ਦੀ ਗੋਦੀ ਵਿਚ ਜਾਂਦਾ ਸੋਮਨਾਥ ਮੁਸਕਾਵੇ।

ਨਹਿਰ ਕਿਨਾਰੇ ਬੈਠੇ ਕੁਝ ਦਾਨਸ਼ਵਰ ਕਰਨ ਵਿਚਾਰਾਂ,
ਆਖਣ ਡੁੱਬ ਰਹੇ ਬੰਦੇ ਨੂੰ, ਇੰਝ ਨਾ ਸ਼ੋਰ ਮਚਾਵੇ।

ਪੁੱਤ ਨੇ ਸ਼ਹਿਰ ਚ ਜਾ ਕੇ ਪਾ ਲੀ ਚਹੁੰ ਮੰਜ਼ਲਾਂ ਦੀ ਕੋਠੀ,
ਏਧਰ ਬਾਪੂ ਦੀ ਮੰਜੀ ਦੇ ਤਿੜ ਗਏ ਚਾਰੇ ਪਾਵੇ।

ਪਿੰਡ ਦੀ ਮਿੱਟੀ ਨੂੰ ਚੇਤੇ ਕਰ ਨਿੱਤ ਉਹ ਕੇਰੇ ਹੰਝੂ,
ਉਡਦੀ ਮਿੱਟੀ ਤੋਂ ਡਰਦਾ ਪਰ ਪਿੰਡ ਕਦੇ ਨਾ ਜਾਵੇ।

ਮੈਂ ਤਾਂ ਪਿੱਛੇ ਛੱਡ ਆਇਆ ਸੀ ਰੁੱਖ, ਨਦੀ, ਬਰਸਾਤਾਂ,
ਠੰਡੇ ਹਉਕੇ ਕਿਸ ਦੇ ਹਨ ਇਹ, ਥਲ ਵਿਚ ਕੌਣ ਬੁਲਾਵੇ।

ਕੱਸ ਕੇ ਫੜਿਆਂ ਮਰ ਜਾਂਦਾ ਹੈ, ਖੁੱਲ੍ਹਾ ਛੱਡਿਆਂ ਉੱਡੇ,
ਇਹ ਰਿਸ਼ਤੇ ਦਾ ਪੰਛੀ ਮੋਹ ਨਾਲ ਰਹਿੰਦਾ ਬੱਸ ਕਲਾਵੇ।

---

ਕਲ੍ਹ ਜਿਨ੍ਹਾਂ ਨੂੰ ਰੋਟੀ ਨਾ ਬਸਤਰ ਮਿਲੇ।
ਅੱਜ ਉਨ੍ਹਾਂ ਦੇ ਹੱਥਾਂ ਚੋਂ ਸ਼ਸਤਰ ਮਿਲੇ।

ਲਾਜ਼ਮੀ ਉਸ ਵਿੱਚੋਂ ਦੁੱਲਾ ਜਨਮਦੈ,
ਜਿਹੜੀ ਜੂਹ ਨੂੰ ਰੌਂਦ ਕੇ ਅਕਬਰ ਮਿਲੇ।

ਆਏ ਸੀ ਲੱਖ ਵਾਰ ਅਸੀਂ ਮਰਹਮ ਲਈ,
ਪਰ ਤੇਰੇ ਦਰ ਤੋਂ ਸਦਾ ਨਸ਼ਤਰ ਮਿਲੇ।

ਬਿਖੜਾ ਪੈਂਡਾ ਪਰ ਅਸਾਂ ਰੁਕਣਾ ਨਹੀਂ,
ਰਾਹਾਂ ਵਿਚ ਨਦੀਆਂ ਨੂੰ ਕਦ ਸਾਗਰ ਮਿਲੇ।

ਮੁਰਦਿਆਂ ਦੇ ਉੱਤੋਂ ਕੱਫਣ ਲਾਹ ਦਿਓ,
ਜਿਉਦਿਆਂ ਤਾਈਂ ਤਾਂ ਇਕ ਚਾਦਰ ਮਿਲੇ।

ਉਹ ਉਦਾਸੀ ’ਤੇ ਤੁਰੇ ਇਹ ਸੋਚ ਕੇ,
ਕਿਸ ਦਿਸ਼ਾ ਜਾਈਏ ਕਿ ਨਾ ਬਾਬਰ ਮਿਲੇ।

ਰੌਸ਼ਨੀ ਜਦ ਸੂਹੀ ਰਾਹੋਂ ਭਟਕ ਗਈ,
ਵਕਤ ਦੇ ਰਹਿਬਰ ਬਣੇ ਹਿਟਲਰ ਮਿਲੇ।

ਪੈਰਾਂ ਵਿਚ ਪਗੜੀ ਕਿਸੇ ਦੀ ਰੋਲ਼ਕੇ,
ਸੀਸ ਤੇਰੇ ਨੂੰ ਕਿਵੇਂ ਆਦਰ ਮਿਲੇ?

---

ਰਹੇ ਰੁੱਸੀ ਜਹੀ ਬਸ ਧੁੱਪ ਅਜਕਲ੍ਹ,
ਹਵਾ ਦੇ ਢੰਗ ਬਦਲੇ ਲੱਗ ਰਹੇ ਨੇ।
ਸਮੇਂ ਕੈਸੇ ਇਹ ਆਏ, ਰੁੱਖ ਸੋਚਣ,
ਕਿ ਪੱਤੇ ਹੁਣ ਜੜਾਂ ਨੂੰ ਠੱਗ ਰਹੇ ਨੇ।

ਹਵਾ ਨੂੰ ਵੀ ਮੇਰੇ ਤੋਂ ਦੂਰ ਕਰ ਗਏ,
ਉਹ ਮੇਰੀ ਹਿੱਕ ਤੇ ਵੀ ਬਰਫ ਧਰ ਗਏ,
ਬੁਝਣ ਦਾ ਨਾਂ ਨਹੀਂ ਲੈਂਦੇ ਇਹ ਫਿਰ ਵੀ,
ਜੁ ਕੋਲੇ ਸੀਨੇ ਅੰਦਰ ਮਘ ਰਹੇ ਨੇ।

ਬੜੇ ਸਾਲਾਂ ਤੋਂ ਥਲ ਦੀ ਰੇਤ ਤੜਪੇ,
ਬੜੇ ਸਾਲਾਂ ਤੋਂ ਮਰਦੇ ਬਿਰਖ ਸੜ ਕੇ,
ਇਹਨਾਂ ਦਰਿਆਵਾਂ ਦੇ ਹੀ ਦਿਲ ਨਹੀਂ ਹੈ,
ਅਜੇ ਵੀ ਸਾਗਰਾਂ ਵੱਲ ਵਗ ਰਹੇ ਨੇ।

ਇਹਨਾਂ ਚੋਂ ਕੌਣ ਜਿੱਤਣ ਹਰਨ ਵਾਲਾ,
ਬਚੇਗਾ ਕੌਣ, ਕੇਹੜਾ ਮਰਨ ਵਾਲਾ,
ਬਹੁਤ ਸਹਿਮੇ ਤੇ ਘਬਰਾਏ ਨੇ ਕਾਤਲ,
ਤੇ ਮਕਤੂਲਾਂ ਦੇ ਚੇਹਰੇ ਦਗ ਰਹੇ ਨੇ।

ਬੜੇ ਹੀ ਅਜਬ ਜਹੇ ਕਿਰਦਾਰ ਨੇ ਓਹ,
ਬਣੇ ਬਾਗਾਂ ਦੇ ਪਹਿਰੇਦਾਰ ਨੇ ਜੋ,
ਨ ਸਹਿੰਦੇ ਤਿਤਲੀਆਂ ਫੁੱਲਾਂ ਦਾ ਮਿਲਣਾ,
ਤੇ ਖ਼ੁਦ ਓਹ ਖੁਸ਼ਬੂਆਂ ਗਲ ਲੱਗ ਰਹੇ ਨੇ।

ਹਨੇਰੀ ਨੇ ਜ਼ੁਲਮ ਦੀ ਹੱਦ ਕੀਤੀ,
ਇਨ੍ਹਾਂ ਉੱਤੇ ਕਜ਼ਾ ਹਰ ਰੋਜ਼ ਬੀਤੀ,
ਹੋਏ ਨਈਂ ਫ਼ਰਜ਼ ਤੋਂ ਬੇਮੁੱਖ ਦੀਵੇ,
ਬੜੇ ਸਿਰੜੀ ਨੇ ਹੁਣ ਵੀ ਜਗ ਰਹੇ ਨੇ।

---

ਚਿਰਾਂ ਤੋਂ ਚਲ ਰਿਹਾ ਚੱਕਰ ਇਹ ਪੁੱਠਾ ਘੁੰਮਣਾ ਹੈ।
ਮਸੀਹੇ ਉੱਠਣੇ ਆਖ਼ਰ, ਸਲੀਬਾਂ ਟੁੱਟਣਾ ਹੈ।

ਇਹ ਤੇਰਾ ਜਾਲ ਛੋਟਾ ਪੈ ਜਾਏਗਾ, ਦੇਖ ਲੈਣਾ,
ਕਿ ਮੇਰੀ ਹੋਂਦ ਨੇ ਬ੍ਰਹਿਮੰਡ ਤੀਕਰ ਫੈਲਣਾ ਹੈ।

ਚੁਗਾਠ ਇਸ ਗੇਟ ਦੀ ਬੇਕਾਰ ਹੈ, ਹਰ ਚੂਲ਼ ਢਿੱਲੀ,
ਇਹਨੂੰ ਜਦ ਵੀ ਤੂੰ ਖੋਲੇਂਗਾ ਤਾਂ ਇਸ ਨੇ ਚੀਕਣਾ ਹੈ।

ਕਟਾ ਕੇ ਪਰ ਗਏ ਜੋ ਤੜਫਦੇ ਕੁਰਲਉਂਦੇ ਪੰਛੀ,
ਕਟਾਰਾਂ ਪੰਜਿਆਂ ਵਿਚ ਲੈ ਕੇ ਉਹਨਾਂ ਪਰਤਣਾ ਹੈ।

ਨਦੀ ਹਾਂ ਮੈਂ, ਕਰਾਂ ਕਿੰਝ ਫਿਕਰ ਸਾਗਰ ਦੀ ਹਵਸ ਦਾ,
ਮੈਂ ਔੜਾਂ ਮਾਰੀਆਂ ਫਸਲਾਂ ਨੂੰ ਹਾਲੇ ਸਿੰਜਣਾ ਹੈ।

ਨਪੀੜੇਗਾ ਤੇਰਾ ਹਰ ਅੰਗ, ਤੂੰ ਸੀ ਨਾ ਕਰੇਂਗਾ,
ਸਮੇਂ ਦੇ ਹਾਕਮਾਂ ਦੇ ਕੋਲ ਐਸਾ ਵੇਲਣਾ ਹੈ।

ਕਿਸੇ ਵੀ ਯੁੱਗ ਦੇ ਅੰਦਰ ਨਾ ਮੇਰੀ ਮੌਤ ਹੋਈ,
ਮੈਂ ਇਸ ਮਿੱਟੀ ਚ ਮਿਲ ਕੇ ਫਿਰ ਦੁਬਾਰਾ ਉੱਗਣਾ ਹੈ।।।

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL
STUCCO & RENOVATION
Residential
Commertial
ਰੈਨੋਵੇਸਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
♦ ਹਰੇਕ ਕਿਸਮ ਦੀ ਰੈਨੋਵੇਸ਼ਨ
♦ ਸਾਇਡਿੰਗ ਸੌਫਟ, ਫੇਸਿਆ
♦ ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363



# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport,
PIO, Citizenship Photos
Phone: 780-952-8017
lyallstudio@gmail.com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


Fancy DOORS & MOULDINGS LTD.
JELD-WEN ALEXANDRIA Masonite
SPRING SALE!
START THE SEASON WITH SAVINGS!
Interior Doors
Cheyenne
Smooth, H/C, Pre-Hung
18" x 36"
MDF Jamb, 3 Hinges
ONLY $49.99
Bostonian
6-Panel, Pre-Hung
18" to 36"
MDF Jamb, 3 Hinges
ONLY $55.99
Exterior Doors
Fibreglass "Parliament"
Pre-Hung
(32" or 36" x 80")
with 4.5" Jamb
ONLY $299.99
6-Panel Steel Door
with Brick Moulding
Pre-Hung (32" or 36")
with 4.5" Jamb
ONLY $149.99
A 3-Panel Mission Shaker, Fir
B 3-Panel Equal Shaker, MDF
C 5-Panel Shaker, MDF
French Doors
Single or Double "Paris" Doors
Circle Ring
Square Ring with Band
Pantry Slab
ONLY $99.00
Exterior Wood Doors
Prefinished 32" x 32" x 96"
THESE THREE DOORS ONLY $4500.00 EACH
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer Expires May 31, 2012
Taymor
SAVE ON DOOR KNOBS AND HANDLES!
Tofino Knob
ONLY $12.99
Superior Door Lock and Handle Set
ONLY $49.99
2 Piece Deadbolt
ONLY $24.99
Villa Passage Knob
ONLY $13.99
MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1 1/4" x 5 1/2" SPERO™ ONLY $1.99 /linear foot
#8039 Casing 3/4" x 3 1/2" MDF Primed ONLY $0.59 /linear foot
#8237 Baseboard 5/8" x 5 1/2" MDF Primed ONLY $0.69 /linear foot
#8081 Casing 5/8" x 3 1/4" MDF Primed ONLY $0.59 /linear foot
#8281 Baseboard 1/2" x 6" MDF Primed ONLY $0.69 /linear foot
ALEXANDRIA Moulding
MOULDING SPECIALS!
#5010 1 3/16" x 4 5/16" MDF Primed ONLY $1.29 /linear foot
#412 5/8" x 4 1/4" MDF Primed ONLY $0.55 /linear foot
#411 11/16" x 3" MDF Primed ONLY $0.45 /linear foot
#3140 3/8" x 3 1/4" MDF Primed ONLY $0.29 /linear foot
#356 2 1/4" x 3/8" MDF Primed ONLY $0.19 /linear foot
SAVE ON BATHROOM FIXTURES!
Infinity 4 Piece Bath Set:
ONLY $29.99
Robe Hook
Towel Bar
Paper Holder
Towel Ring
Towel Bar
Paper Holder
Robe Hook
Sunglow 4 Piece Bath Set
ONLY $24.99
Towel Ring

# ਫ਼ੋਟੋ ਗੈਲਰੀ



ਪ੍ਰੋਗਰੈਸਿਵ ਪੀਪਲਜ਼ ਫ਼ਾਉਡੇਸ਼ਨ ਆਫ਼ ਐਡਮਿੰਟਨ ਵੱਲੋ 'ਕੌਮਾਂਤਰੀ ਇਸਤਰੀ ਦਿਵਸ' ਸਬੰਧੀ ਕਰਵਾਏ ਸੈਮੀਨਾਰ ਦੌਰਾਨ ਇਕੱਤਰ ਔਰਤਾਂ ਨੂੰ ਸੰਬੋਧਨ ਕਰਦੇ ਹੋਏ ਬਖ਼ਸ਼ ਸੰਘਾ।



ਖਾਲਸਾ ਸਕੂਲ ਦੀ ਨਵੀਂ ਇਮਾਰਤ ਦੇ ਉਦਘਾਟਨ ਮੌਕੇ ਕਨੇਡਾ ਦੇ ਮੰਤਰੀ ਟਿੰਮ ਉੱਪਲ, ਰਾਜ ਮੰਤਰੀ ਨਰੇਸ਼ ਭਾਰਦਵਾਜ਼, ਐਮ.ਐਲ.ਏਜ਼ ਪੀਟਰ ਸੰਧੂ, ਜੀਨ ਜਵੈਜਡੈਸਕੀ, ਕੌਂਸਲਰ ਅਮਰਜੀਤ ਸੋਹੀ, ਸੁਹੇਲ ਕਾਦਰੀ, ਜ਼ੋਰਾ ਸਿੰਘ ਝੱਜ ਤੇ ਹੋਰ।




ਹਲਕਾ ਐਡਮਿੰਟਨ-ਮਿਲਵੁਡਜ਼ ਤੋਂ ਲਿਬਰਲ ਉਮੀਦਵਾਰ ਵੈਸਲੀਨ ਮੈਦਰ ਆਪਣੇ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਕੇਕ ਕੱਟਦੇ ਹੋਏ।



ਹਲਕਾ ਐਡਮਿੰਟਨ-ਐਲਰਸਲੀ ਤੋਂ ਪੀ.ਸੀ.ਉਮੀਦਵਾਰ ਨਰੇਸ਼ ਭਾਰਦਵਾਜ ਆਪਣੇ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਪੰਜਾਬੀ ਭਾਈਚਾਰੇ ਤੇ ਸਮਰਥਕਾਂ ਨਾਲ।




ਐਡਮਿੰਟਨ-ਮੈਨਿੰਗ ਤੋਂ ਐਨ.ਡੀ.ਪੀ. ਉਮੀਦਵਾਰ ਸਿੰਡੀ ਓਲਸਨ ਆਪਣੇ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਸਮਰਥਕਾਂ ਨਾਲ।




ਐਡਮਿੰਟਨ-ਰਿਵਰਵਿਊ ਤੋਂ ਐਨ.ਡੀ.ਪੀ. ਉਮੀਦਵਾਰ ਲੌਰੀ ਚੋਣ ਦਫ਼ਤਰ ਦੇ ਉਦਘਾਟਨ ਮੌਕੇ।



ਪੰਜਾਬੀ ਕਲਚਰਲ ਐਸੋਸ਼ੀਏਸ਼ਨ ਆਫ਼ ਅਲਬਰਟਾ ਦੀ ਸਾਲ 2012 ਲਈ ਨਵੀਂ ਚੁਣੀ ਟੀਮ ਐਮ.ਐਲ.ਏ. ਨਰੇਸ਼ ਭਾਰਦਵਾਜ, ਜੀਨ ਜਵੈਜਡੈਸਕੀ ਅਤੇ ਕੌਂਸਲਰ ਅਮਰਜੀਤ ਸੋਹੀ ਨਾਲ।



ਪੀ.ਸੀ. ਪਾਰਟੀ ਦੇ ਸੈਨਟ ਦੇ ਉਮੀਦਵਾਰ ਮਾਈਕ ਸੇਖ਼ ਇੱਕ ਮੀਟਿੰਗ ਦੌਰਾਨ, ਸੋਹੇਲ ਕਾਦਰੀ ਤੇ ਹੋਰਾਂ ਨਾਲ।



ਸਾਊਥ ਏਸ਼ੀਅਨ ਲੌਂਗ ਟਰਮ ਕੇਅਰ ਫ਼ਾਉਡੇਸ਼ਨ ਵੱਲੋਂ ਕਰਵਾਏ ਗਏ ਫ਼ੰਡ ਰੇਜ਼ਿੰਗ ਡਿਨਰ ਮੌਕੇ ਪ੍ਰਧਾਨ ਹਰਚੰਦ ਗਰੇਵਾਲ, ਡਾਇਰੈਕਟਰ ਪਰਮਜੀਤ ਉੱਭੀ, ਸੁਹੇਲ ਕਾਦਰੀ, ਗੁਰਚਰਨ ਬਰਾੜ ਤੇ ਹੋਰ।




ਐਡਮਿੰਟਨ-ਮੈਨਿੰਗ ਤੋਂ ਪੀ.ਸੀ. ਉਮੀਦਵਾਰ ਪੀਟਰ ਸੰਧੂ ਆਪਣੇ ਚੋਣ ਦਫ਼ਤਰ ਉਦਘਾਟਨ ਮੌਕੇ ਇੱਕਟਰਤ ਪੰਜਾਬੀ ਭਾਈਚਾਰਾ ਅਤੇ ਹੋਰ ਸਮਰਥਕ।



ਐਡਮਿੰਟਨ-ਮਿਲਕਰੀਕ ਤੋਂ ਪੀ.ਸੀ. ਉਮੀਦਵਾਰ ਜੀਨ ਜਵੈਜਡੈਸਕੀ ਦੇ ਚੋਣ ਦਫ਼ਤਰ ਉਦਘਾਟਨ ਮੌਕੇ ਰਾਜ ਮੰਤਰੀ ਨਰੇਸ਼ ਭਾਰਦਵਾਜ ਅਤੇ ਹੋਰ ਸਮਰਥਕ।




ਐਡਮਿੰਟਨ-ਮਿਲਵੁਡਜ਼ ਤੋਂ ਪੀ.ਸੀ. ਉਮੀਦਵਾਰ ਸੋਹੇਲ ਕਾਦਰੀ ਦੇ ਚੋਣ ਦਫ਼ਤਰ ਉਦਘਾਟਨ ਮੌਕੇ ਇੱਕਤਰ ਸਮਰਥਕ।


## Asian Western Grocery Store

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061

# PROGRESSIVE PEOPLES FOUNDATION OF EDMONTON

*[An umbrella body, representing four independent organizations, promoting secular & progressive values through lectures and performing arts.]*



*ORGANIZES*

**A SEMINAR**

**DEDICATED TO THE MEMORY OF SHAHEED BHAGAT SINGH RAJGURU AND SUKHDEV**

## SUBJECT
## "BHAGAT SINGH – POLITICS THEN AND NOW"

**ON**

**Sunday, April 15, 2012; 2:00 pm**

**AT**

**Millwoods Cultural Society of Retired & Semi-Retired**

**1508, 48 St. Edmonton**

**Speaker: Dr. Raj Pannu (Former MLA ), Retd. Prof. Dept of Sociology U of A**

*Some other speakers would also address the audience*

# ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਆਫ਼ ਐਡਮਿੰਟਨ

ਪੰਜਾਬੀ ਆਰਟ ਐਸੋਸ਼ੀਏਸ਼ਨ, ਮੈਪਲ ਲੀਫ਼ ਰਾਇਟਰਜ਼ ਫ਼ਾਉਡੇਸ਼ਨ, ਪੰਜਾਬੀ ਕਲਚਰਲ ਐਸੋਸ਼ੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸ਼ੀਏਸ਼ਨ

ਵੱਲੋਂ ਸਾਂਝੇ ਤੌਰ 'ਤੇ

ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸਮਰਪਿਤ ਸੈਮੀਨਾਰ

## ਵਿਸ਼ਾ: 'ਭਗਤ ਸਿੰਘ: ਰਾਜਨੀਤੀ, ਉਦੋਂ ਤੇ ਹੁਣ'

ਮਿਤੀ: 15 ਅਪ੍ਰੈਲ 2012 (ਐਤਵਾਰ) ਦੁਪਿਹਰ 2 ਵਜੇ

ਸਥਾਨ: ਮਿਲਵੁਡਜ਼ ਕਲਚਰਲ ਸੋਸਾਇਟੀ ਆਫ਼ ਰਿਟਾਇਰਡ ਐਂਡ ਸੈਮੀ-ਰਿਟਾਇਰਡ (ਸੀਨੀਅਰ ਸੈਂਟਰ) 1560-48 ਸਟਰੀਟ ਐਡਮਿੰਟਨ

## ਮੁੱਖ ਬੁਲਾਰੇ: ਡਾ. ਰਾਜ ਪੰਨੂ (ਸਾਬਕਾ ਵਿਧਾਇਕ)

ਤੇ ਹੋਰ ਬੁਲਾਰੇ ਸ਼ਮੂਲੀਅਤ ਕਰਨਗੇ

ਵਧੇਰੇ ਜਾਣਕਾਰੀ ਲਈ ਸਪੰਰਕ:

ਦਲਬੀਰ ਸਾਂਗਿਆਂਣ (780-995-5475), ਡਾ. ਪੀ.ਆਰ. ਕਾਲੀਆ (780-485-2990), ਗੁਰਬਿੰਦਰ ਗਿੱਲ ਸੋਨੀ (780-497-8801)
ਗੁਰਸੇਵਕ ਮਾਨ (780-710-3710) , ਨਵਤੇਜ ਬੈਂਸ (780-200-2872), ਜੋਗਿੰਦਰ ਰੰਧਾਵਾ (780-914-6251)
ਗੁਰਚਰਨ ਬਰਾੜ (780-265-3752), ਬਖ਼ਸ਼ ਸੰਘਾ (780-660-7520)

# ਮੈਂ ਦੂਰ-ਦੁਰਾਡੇ ਤੇ ਵਿਸਰੇ ਹੋਏ ਪਿੰਡ ਦਾ ਵਸਨੀਕ ਹਾਂ : ਮਹਿਮੂਦ ਦਰਵੇਸ਼



## ਕਵੀ ਤੇ ਕਵਿਤਾ

**ਮੁਲਾਕਾਤੀ-ਫਰਾਂਜ਼ ਚੌਧਾਂ**

(ਇਹ ਮੌਲਿਕ ਕਿਸਮ ਦਾ ਇੰਟਰਵਿਊ ਟੈਲੀਵਿਜ਼ਨ ਲਈ ਕੁਝ ਸਾਲ ਪਹਿਲਾਂ (1986) ਵਿਚ ਰਿਕਾਰਡ ਕੀਤਾ ਗਿਆ ਸੀ, ਪਰ ਇਹ ਪੇਸ਼ ਨਾ ਕੀਤਾ ਜਾ ਸਕਿਆ। ਪ੍ਰਸਿੱਧ ਫਿਲਮ ਨਿਰਮਾਤਾ ਫਰਾਂਜ਼ ਚੌਧਾਂ ਨੇ ਮਹਿਮੂਦ ਦਰਵੇਸ਼ ਦੀਆਂ 25 ਸਾਲਾਂ ਦੌਰਾਨ ਲਿਖੀਆਂ ਕਵਿਤਾਵਾਂ ਵਿਚੋਂ ਕੁਝ ਟੋਟੇ ਚੁਣੇ ਅਤੇ ਕੁਝ ਕਵਿਤਾਵਾਂ ਦੇ ਸਿਰਲੇਖ ਤੇ ਨਿਬੰਧਾਂ ਦੇ ਹਿੱਸੇ ਇਸ ਇੰਟਰਵਿਊ ਦੇ ਪ੍ਰਸ਼ਨਾਂ ਲਈ ਵਰਤੋਂ ਵਿਚ ਲਿਆਂਦੇ। ਦਰਵੇਸ਼ ਲਈ ਚੁਣੌਤੀ ਇਹ ਸੀ ਕਿ ਉਹ ਟਿੱਪਣੀ ਜਾਂ ਵਿਆਖਿਆ 'ਤੇ ਗੱਲ ਪੂਰੀ ਕਰਨ ਲਈ ਆਪਣੇ ਜੀਵਨ ਕਾਲ ਸਮੇਂ ਲਿਖੀਆਂ ਕਵਿਤਾਵਾਂ ਨੂੰ ਹੀ ਆਧਾਰ ਬਣਾਵੇ।)



ਅੰਗਰੇਜ਼ੀ ਵਿਚੋਂ ਅਨੁਵਾਦ
**ਹਰਭਜਨ ਸਿੰਘ ਹੁੰਦਲ**

? ਮੈਂ ਦੂਰ ਦੁਰਾਡੇ ਤੇ ਵਿਸਰੇ ਹੋਏ ਪਿੰਡ ਦਾ ਵਸਨੀਕ ਹਾਂ
ਜਿਸ ਦੀਆਂ ਬੇਨਾਮ ਗਲੀਆਂ ਨੇ, ਜਿਹਦੇ ਆਦਮੀ ਜਾਂ ਤਾਂ ਖੇਤਾਂ ਵਿਚ ਹਨ
ਤੇ ਜਾਂ ਫਿਰ ਪੱਥਰਾਂ ਦੀਆਂ ਖਾਣਾਂ ਵਿਚ

– ਇਹ ਸੱਚ ਹੈ ਕਿ ਮੈਂ ਇਕ ਛੋਟੇ ਤੇ ਦੂਰ ਦੁਰਾਡੇ ਪਿੰਡ ਵਿਚੋਂ ਆਇਆ ਹਾਂ, ਜਿਸਦੀਆਂ ਗਲੀਆਂ ਬੇਨਾਮ ਹਨ। ਅਸਲ ਵਿਚ ਪਿੰਡ ਦਾ ਕੋਈ ਨਾਮ ਨਹੀਂ। ਇਹ 'ਗਾਲੀਲੀ' ਵਿਚ ਕਿਸੇ ਥਾਂ 'ਤੇ ਹੈ ਅਤੇ ਇਸਦੇ ਸਾਰੇ ਵਾਸੀ ਜਾਂ ਤਾਂ ਖੇਤਾਂ 'ਚ ਕੰਮ ਕਰਦੇ ਨੇ ਤੇ ਜਾਂ ਫਿਰ ਖਾਣਾਂ ਵਿਚ। ਇਹ ਕਵਿਤਾ (ਸੁਣੋ, ਮੈਂ ਇਕ ਅਰਬ ਹਾਂ) 25 ਸਾਲ ਪਹਿਲਾਂ ਲਿਖੀ ਗਈ ਸੀ, ਇਕ ਦਿਨ ਜਦੋਂ ਮੈਂ ਇਜ਼ਰਾਈਲ ਦੀ ਗ੍ਰਹਿ ਵਜ਼ਾਰਤ ਕੋਲ ਜਾਣ-ਪਛਾਣ ਵਾਲਾ ਕਾਰਡ ਬਣਾਉਣ ਗਿਆ ਸੀ। ਜਦੋਂ ਉਨ੍ਹਾਂ ਮੈਨੂੰ ਪੁੱਛਿਆ ਕਿ ਮੈਂ ਕਿੱਥੋਂ ਆਇਆ ਹਾਂ ਤਾਂ ਮੈਂ ਇਹ ਉੱਤਰ ਦਿੱਤਾ ਸੀ।

? ਮੇਰਾ ਦਾਦਾ ਇਕ ਕਿਰਸਾਨ ਸੀ, ਜਿਹੜਾ ਕਿਤਾਬਾਂ ਤੇ ਧਨ ਪ੍ਰਤੀ ਅਜਨਬੀ ਸੀ, ਪਰ ਉਸ ਮੈਨੂੰ ਅੱਖਰਾਂ ਦਾ ਮਾਣ ਕਰਨਾ ਸਿਖਾਇਆ?

– ਮੈਂ ਕਿਸਾਨੀ 'ਚੋਂ ਆਇਆ। ਅਸੀਂ ਭੋਂਅ ਦੇ ਆਸਰੇ ਗੁਜ਼ਾਰਾ ਕਰਦੇ ਸੀ ਤੇ ਇਸ 'ਤੇ ਕਿਸਾਨਾਂ ਵਾਲਾ ਮਾਣ ਕਰਦੇ ਸੀ। ਇਹ ਵੀ ਸੱਚ ਹੈ ਕਿ ਇਕੋ ਇਕ ਜਿਹੜੀ ਪੁਸਤਕ ਘਰ ਵਿਚ ਸੀ, ਉਹ ਕੁਰਾਨ ਸੀ, ਫੇਰ ਵੀ ਮੇਰਾ ਦਾਦਾ ਅਚੇਤ ਹੀ ਮੇਰੇ ਹਿਰਦੇ ਵਿਚ ਸਵੈ-ਸਤਿਕਾਰ ਤੇ ਮਾਣ ਭਰਨ ਵਿਚ ਸਫਲ ਹੋ ਗਿਆ ਸੀ।

? ਸਾਡੇ ਅੰਗੂਰਾਂ ਦੇ ਜੱਦੀ-ਪੁਸ਼ਤੀ ਬਾਗ
ਤੇ ਧਰਤੀ, ਜਿਹੜੇ ਅਸੀਂ ਵਾਹੁੰਦੇ ਸੀ
ਸਾਥੋਂ ਖੋਹੇ ਗਏ ਹਨ।

– ਇਹ ਸਤਰਾਂ, ਜੋ ਉਸੇ ਹੀ ਕਵਿਤਾ ਵਿਚੋਂ ਲਈਆਂ ਗਈਆਂ ਹਨ, ਮੇਰੀ ਹੋਂਦ ਦੀਆਂ ਨਾੜਾਂ ਦੀਆਂ ਜ਼ਾਮਨ ਹਨ। ਅਥਵਾ ਸਾਡੀ ਉਹ ਜ਼ਮੀਨ, ਜਿਸ ਨੂੰ ਖੋਹੇ ਜਾਣ ਦਾ ਖ਼ਤਰਾ ਹੈ।

? ਕਿਸਾਨ ਸੀ ਮੇਰਾ ਦਾਦਾ?

-ਹਾਂ ਮੇਰਾ ਦਾਦਾ ਕਿਸਾਨ ਸੀ, ਜ਼ਮੀਨ ਦੀ ਸੰਭਾਲ ਕਰਨ ਵਾਲਾ। ਉਹ ਖ਼ੁਦ ਜ਼ਮੀਨ ਦਾ ਹੀ ਰੂਪ ਸੀ। ਉਸ ਪ੍ਰਤੀ ਮੇਰੀਆਂ ਭਾਵਨਾਵਾਂ ਸਦਾ ਹੀ ਬਹੁਤ ਤਕੜੀਆਂ ਰਹੀਆਂ ਨੇ ਤੇ ਬਦਲੇ ਵਿਚ ਉਹ ਵੀ ਮੈਨੂੰ ਬੜੇ ਨਿੱਘ ਨਾਲ ਮਿਲਦਾ ਸੀ। ਉਸ ਨੇ ਹੀ ਮੇਰੀ ਵਿਦਿਆ ਦੀ ਜ਼ਿੰਮੇਵਾਰੀ ਸੰਭਾਲੀ ਹੋਈ ਸੀ। ਇਹ ਕਹਿਣਾ ਤਾਂ ਕਠਿਨ ਹੈ ਕਿ ਉਸ ਲਈ ਭੋਂਅ ਦਾ ਕਿੰਨਾ ਮਹੱਤਵ ਸੀ। ਉਹ ਜ਼ਮੀਨ ਨਾਲ ਲਿਪਟ ਜਾਂਦਾ ਸੀ, ਇਕ ਚੋਲੇ ਦੀ ਤਰ੍ਹਾਂ। ਜਦੋਂ ਇਹ ਉਸ ਕੋਲੋਂ ਖੋਹੀ ਗਈ, ਉਹ ਉਸ ਕੰਡਿਆਲੀ




ਤਾਰ ਦੇ ਸਾਹਮਣੇ ਖਲੋ ਗਿਆ, ਜਿਹੜੀ ਉਸਦੀ ਜ਼ਮੀਨ ਦੇ ਦੁਆਲੇ ਵਲੀ ਹੋਈ ਸੀ, ਤੇ ਕੁੜੱਤਣ ਤੇ ਤ੍ਰਿਸ਼ਨਾ ਦੀ ਭਾਵਨਾ ਏਨੀ ਪ੍ਰਬਲ ਸੀ ਕਿ ਉਸ ਦੇ ਦਿਲ 'ਤੇ ਸੱਟ ਵੱਜੀ। ਉਹ ਉੱਥੇ ਹੀ ਡਿੰਗ ਪਿਆ ਤੇ ਮਰ ਗਿਆ।

? ਤੇ ਭਾਵੇਂ ਮੈਂ ਭੁੱਖਾ ਮਰ ਜਾਵਾਂ।
ਮੈਂ ਆਪਣੀ ਪੈਲੀ ਵੇਚਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

– ਇਹ ਇੰਝ ਹੀ ਵਾਪਰਿਆ। ਉਹਨਾਂ ਉਸਦੀ ਭੋਂਅ ਖਰੀਦਣ ਦੀ ਪੇਸ਼ਕਸ਼ ਕੀਤੀ, ਪਰ ਉਹ ਮੰਗਤੇ ਵਾਂਗ ਭੁੱਖਾ ਰਹਿ ਕੇ ਮਰ ਤਾਂ ਸਕਦਾ ਸੀ, ਪਰ ਆਪਣੀ ਆਤਮਾ ਨਹੀਂ ਸੀ ਵੇਚ ਸਕਦਾ। ਤੁਸੀਂ ਤੱਕੋ ਕਿ ਭੋਂਅ ਉਸਦੀ ਰੂਹ ਤੇ ਦਿਲ ਸੀ। ਜਿਵੇਂ ਕਿ ਇਹ ਸਭ ਫਲਸਤੀਨੀ ਕਿਸਾਨਾਂ ਲਈ ਹੈ। ਇਹ ਸਿਰਫ਼ ਮਿੱਟੀ ਨਹੀਂ। ਇਹ ਸਾਡੀ ਪਹਿਚਾਣ ਹੈ, ਇਹ ਸਾਡੀ ਆਤਮਾ ਨਾਲ ਜੁੜੀ ਹੋਈ ਹੈ ਤੇ ਹੈਰਾਨ ਨਾ ਹੋਣਾ, ਇਹ ਸਾਰੇ ਫਲਸਤੀਨੀ ਸਾਹਿਤ ਵਿਚ ਹਾਜ਼ਰ ਹੈ।

ਇਹ ਸਾਡੀ ਹੁਣ ਦੀ ਟੱਕਰ ਦਾ ਸਾਰ ਤੱਤ ਹੈ। ਜਿਸ ਕਵਿਤਾ ਦਾ ਮੈਂ ਹੁਣ ਜ਼ਿਕਰ ਕੀਤਾ ਹੈ, ਇਸ ਪਿੱਛੇ ਬੜੀ ਸਾਦੀ ਘਟਨਾ ਹੈ। ਜਿਵੇਂ ਮੈਂ ਦੱਸਿਆ ਕਿ ਮੈਂ ਆਪਣੇ ਪਹਿਚਾਣ ਪੱਤਰ ਲਈ ਦਰਖ਼ਾਸਤ ਦਿੱਤੀ ਸੀ। ਕਲਰਕ ਜ਼ਿਆਨਵਾਦੀ ਸੀ, ਜਿਸਨੇ ਮੇਰਾ ਕਾਰਡ ਭਰਿਆ, ਜਿਸ ਵਿਚ ਮੇਰਾ ਕੱਦ, ਵਾਲਾਂ ਦਾ ਰੰਗ, ਵਿਸ਼ੇਸ਼ ਨੈਣ ਨਕਸ਼ ਤੇ ਹੋਰ ਸਭ ਕੁਝ। ਜਦੋਂ ਉਸ ਮੇਰੀ ਕੌਮੀਅਤ ਪੁੱਛੀ ਮੈਂ ਦੱਸਿਆ ਕਿ ਮੈਂ ਅਰਬ ਹਾਂ। ਕਲਰਕ ਹੈਰਾਨ ਰਹਿ ਗਿਆ ਤੇ ਹੈਬਰਿਊ ਭਾਸ਼ਾ ਵਿਚ ਮੈਨੂੰ ਦੁਬਾਰਾ ਪੁੱਛਿਆ। ਮੈਂ ਉੱਤਰ ਦਿੱਤਾ, ''ਹਾਂ, ਇਹ ਠੀਕ ਗੱਲ ਹੈ। ਲਿਖ ਕਿ ਮੈਂ ਅਰਬ ਹਾਂ।'' ਘਰ ਨੂੰ ਜਾਂਦਿਆਂ ਮੈਂ ਇਹ ਗੱਲ ਬਾਰ-ਬਾਰ ਦੁਹਰਾਈ, ਮੈਂ ਇਹ ਮਹਿਸੂਸ ਨਾ ਕੀਤਾ ਕਿ ਇਕ ਕਵਿਤਾ ਬਣ ਰਹੀ ਸੀ। ਘਰ ਪਹੁੰਚ, ਇਹ ਮੂੰਹ ਭੰਨਵਾਂ ਉੱਤਰ ਕਵਿਤਾ ਬਣ ਚੁੱਕੀ ਸੀ। ਨਜ਼ਾਰੇਥ ਵਿਚ, ਕਵਿਤਾ ਦੇ ਉਤਸਵ ਸਮੇ ਮੈਂ ਕਈ ਕਵਿਤਾਵਾਂ ਸੁਣਾਈਆਂ, ਫਿਰ 'ਮੈਂ ਸਜਲ ਅਨਾ ਅਰਾਬੀ' ਕਵਿਤਾ ਸੁਣਾਈ, ਕਵਿਤਾ ਵਾਂਗ ਨਹੀਂ, ਸਗੋਂ ਰੋਸ ਦੇ ਇਕ ਭਜਨ ਵਾਂਗ। ਸਰੋਤਿਆਂ ਨੇ ਦੋ ਵਾਰ ਸਿਫਾਰਿਸ਼ ਕੀਤੀ ਤੇ ਉਸ ਦਿਨ ਤੋਂ ਅੱਜ ਤੀਕ, ਉਹ ਚੀਖ ਜਿੱਥੇ ਵੀ ਮੈਂ ਜਾਨਾਂ, ਮੇਰੇ ਮਗਰੇ-ਮਗਰ ਆਉਂਦੀ ਹੈ, ਭਾਵੇਂ ਕਿ ਮੈਂ ਇਸ ਕਵਿਤਾ ਨੂੰ ਨਿੱਜੀ ਯਤਨ ਨਹੀਂ, ਸਾਂਝੀ ਚੇਤਨਾ ਦੀ ਉਪਜ ਸਮਝਦਾ ਹਾਂ। ਜ਼ਰਾ ਹੋਰ ਅੱਗੇ ਵਿਕਾਸ ਕਰਨ ਲਈ, ਤੇ ਇਸ ਸੀਮਤ ਬਿੰਬ ਤੋਂ ਆਪਣੇ-ਆਪ ਨੂੰ ਅੱਗੇ ਤੋਰਨ ਲਈ ਮੈਂ ਪਬਲਿਕ ਵਲੋਂ ਬਾਰ-ਬਾਰ ਕੀਤੀਆਂ ਜਾ ਰਹੀਆਂ ਬੇਨਤੀਆਂ ਦੇ ਵਿਰੋਧ ਵਜੋਂ ਇਹ ਕਵਿਤਾ ਘੱਟ ਸੁਣਾਉਂਦਾ ਸੀ, ਪਰ ਛੇਤੀ ਹੀ ਮੈਨੂੰ ਅਨੁਭਵ ਹੋ ਗਿਆ ਕਿ ਉਸ ਗੱਲ ਤੋਂ ਬਚਣਾ ਕਿੰਨਾ ਮੁਸ਼ਕਿਲ ਸੀ, ਜਿਹੜੀ ਕਿ ਜਨਤਕ ਚੇਤਨਾ 'ਤੇ ਗੂੜ੍ਹੀ ਤਰ੍ਹਾਂ ਉੱਕਰੀ ਜਾ ਚੁੱਕੀ ਸੀ। ਇੰਝ ਲੱਗਦਾ ਸੀ ਜਿਵੇਂ ਕਵਿਤਾ ਪਬਲਿਕ ਦੀ ਜਾਇਦਾਦ ਬਣ ਚੁੱਕੀ ਸੀ ਤੇ ਮੈਨੂੰ ਪਬਲਿਕ ਅੱਗੇ ਸਿਰ ਝੁਕਾਉਣਾ ਪੈਂਦਾ ਸੀ।

? ਇਹ ਮੇਰਾ ਪ੍ਰਾਇਮਰੀ ਸਕੂਲ ਸੀ?

– ਕੀ ਮੈਂ ਸੱਚੀਂ ਇਸ ਤਰ੍ਹਾਂ ਕਿਹਾ? ਅਸਲ ਵਿਚ ਮੈਂ ਬੜੀ ਛੋਟੀ ਉਮਰੇ ਕਵਿਤਾ ਲਿਖਣ ਲੱਗ ਪਿਆ ਸੀ। ਇਸ ਲਈ ਮੈਂ ਜੋ ਇਸ ਸਤਰ ਵਿਚ ਕਿਹਾ ਸੀ, ਉਸਦਾ ਇਹੀ ਅਰਥ ਸੀ, ਪਰ ਮੈਨੂੰ ਯਾਦ ਨਹੀਂ, ਮੈਂ ਇਹ ਕਦੋਂ ਲਿਖੀ ਤੇ ਕਿੱਥੇ ਸੁਣਾਈ ਸੀ।

? 'ਆਮ ਸੈਨਿਕ ਦੀ ਡਾਇਰੀ' ਵਿਚ, ਮਿਲਟਰੀ ਗਵਰਨਰ ਦੇ ਆਉਣ 'ਤੇ ਕੀਤੇ ਗਏ ਜਸ਼ਨਾਂ ਸਮੇਂ।

– ਓ ਹਾਂ। ਪ੍ਰਾਇਮਰੀ ਸਕੂਲੇ ਪੜ੍ਹਦਾ ਸੀ ਤੇ 'ਇਜ਼ਰਾਈਲ ਰਿਆਸਤ' ਦਾ ਦਿਨ ਮਨਾਉਣ ਦੇ ਜਸ਼ਨ ਹੋ ਰਹੇ ਸਨ। ਸਕੂਲ ਪ੍ਰਬੰਧਕਾਂ ਨੇ ਮਿਲਟਰੀ ਗਵਰਨਰ ਨੂੰ ਸੱਦਿਆ ਸੀ। ਤੁਹਾਨੂੰ ਚੇਤੇ ਰੱਖਣਾ ਚਾਹੀਦਾ ਏ ਕਿ ਸਕੂਲ ਦੇ ਜਸ਼ਨ ਮਿਲਟਰੀ ਦੇ ਹੁਕਮ ਅਨੁਸਾਰ ਹੋ ਰਹੇ ਸਨ। ਤੇ ਮੈਨੂੰ ਇਕ ਕਵਿਤਾ ਪੜ੍ਹਨ ਲਈ ਕਿਹਾ ਗਿਆ ਸੀ। ਇਸ ਲਈ ਮੈਂ ਉਹ ਕਵਿਤਾ ਚੁਣੀ, ਜਿਹੜੀ ਫਲਸਤੀਨੀ ਹੱਕਾਂ ਦੀ ਗੱਲ ਕਰਦੀ ਸੀ ਤੇ ਇਜ਼ਰਾਈਲ ਜ਼ੁਲਮਾਂ ਉੱਤੇ ਇਲਜ਼ਾਮ ਲਾਉਂਦੀ ਹੋਈ ਉਂਗਲ ਕਰਦੀ ਸੀ। ਜਿਵੇਂ ਕਿ ਆਸ ਕੀਤੀ ਜਾਂਦੀ ਸੀ, ਮੈਨੂੰ ਉਸ ਦਿਨ ਦਮਨ ਦਾ ਪਹਿਲਾ ਸੁਆਦ ਮਿਲਣ ਵਾਲਾ ਸੀ, ਧਮਕੀਆਂ ਤੇ ਚਿਤਾਵਨੀਆਂ ਦੀ ਲੰਮੀ ਲੜੀ ਦਾ ਪਹਿਲਾ ਸੁਆਦ। ਮੈਨੂੰ ਚੁੱਪ ਤੇ ਕਵਿਤਾ ਵਿਚੋਂ ਇਕ ਦੀ ਚੋਣ ਕਰਨੀ ਪੈਣੀ ਸੀ ਤੇ ਜਿਵੇਂ ਤੁਸੀਂ ਵੇਖ ਰਹੇ ਹੋ, ਮੈਂ ਦੂਸਰੇ ਕੰਮ ਨੂੰ ਪਹਿਲ ਦਿੱਤੀ। ਉਸ ਨਾਲ ਜੁੜੀਆਂ ਸਭ ਜ਼ਿੰਮੇਵਾਰੀਆਂ ਸਮੇਤ। ਉਸ ਸਮੇਂ ਤੋਂ ਲੱਗ ਕੇ ਮੈਂ ਚੁੱਪ ਤੇ ਸ਼ਾਂਤੀ ਨੂੰ ਅਲਵਿਦਾ ਆਖ ਦਿੱਤੀ ਸੀ। ਮੇਰੇ ਵਰਗੀ ਕਵਿਤਾ ਦੀ ਕਿਸਮ ਕੋਈ ਖੇਡ ਨਹੀਂ। ਇਹ ਮਹਿੰਗੀ ਹੈ, ਤੇ ਔਕੜਾਂ ਭਰਿਆ ਜੂਆ ਹੈ।

? ਤੁਹਾਡੀ ਕਵਿਤਾ ਨੇ ਤੁਹਾਡੇ ਪਿਤਾ ਲਈ ਕੀ ਸਮੱਸਿਆਵਾਂ ਖੜ੍ਹੀਆਂ ਕੀਤੀਆਂ। ਕੀ ਨਹੀਂ ਕੀਤੀਆਂ? ਇਥੋਂ ਤੀਕ ਕਿ ਉਨ੍ਹਾਂ ਦੀ ਰੋਟੀ ਵੀ ਖ਼ਤਰੇ ਵਿਚ ਪੈ ਗਈ ਸੀ?

– ਜਦੋਂ ਮੈਂ ਕਵਿਤਾ ਦੀ ਚੋਣ ਕੀਤੀ, ਮੈਨੂੰ ਇਸ ਨਾਲ ਜੁੜੇ ਖ਼ਤਰਿਆਂ ਦਾ ਪੂਰਾ ਪਤਾ ਸੀ। ਪਰ ਮੇਰਾ ਮਤਲਬ ਰਾਜਸੀ ਖ਼ਤਰਿਆਂ ਤੋਂ ਹੀ ਨਹੀਂ। ਸਭ ਤੋਂ ਵੱਡੀ ਗੱਲ ਕਿ ਮੈਨੂੰ ਆਪਣਾ ਸਮੁੱਚਾ ਭਵਿੱਖ, ਮੇਰਾ ਤਜਰਬਾ ਤੇ ਮੇਰਾ ਗਿਆਨ ਕਵਿਤਾ ਨੂੰ ਅਰਪਿਤ ਕਰਨਾ ਪੈਣਾ ਸੀ। ਪਰ ਸੱਚੀ ਗੱਲ ਇਹ ਹੈ ਕਿ ਮੈਂ ਨਹੀਂ ਦੱਸ ਸਕਦਾ ਕਿ ਮੈਂ ਜੇਤੂ ਹੋ ਕੇ ਨਿਕਲਿਆ ਹਾਂ, ਮੈਂ ਤਾਂ ਸਿਰਫ਼ ਇਹ ਜਾਣਦਾ ਹਾਂ ਕਿ ਮੈਂ ਸਦਾ ਅੱਗੇ ਵਧਦਾ ਜਾਵਾਂਗਾ ਤੇ ਜੀਵਨ ਵਿਚ ਆਪਣੇ ਸਾਂਝੇ ਸਫ਼ਰ ਵਿਚ ਹੋਰ ਵਧੇਰੇ ਹਿੱਸਾ ਲੈਂਦਾ ਰਹਾਂਗਾ।

? ਇਜ਼ਰਾਈਲੀ ਸਮਾਜ ਭੂਤਰਿਆ ਸਾਨ੍ਹ ਹੈ, ਜਿਹੜਾ ਗੇੜੇ ਕੱਢੀ ਜਾਂਦਾ ਹੈ, ਅੱਖਾਂ ਤੋਂ ਅੰਨ੍ਹਾ ਤੇ ਉਸਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਕੋਈ ਉਸਦਾ ਟਾਕਰਾ ਨਹੀਂ ਕਰ ਸਕਦਾ।

– ਬਿਲਕੁਲ ਠੀਕ! ਇਜ਼ਰਾਈਲੀ ਚੇਤਨਾ ਇਕ ਧਰਤੀ ਹੈ, ਸਾਰਾ ਜ਼ਿਆਨਵਾਦੀ ਜੋਸ਼ ਇਕੋ ਸ਼ਕਤੀ ਦੇ ਭਿਆਨਕ ਹਊਏ ਵਿਚ ਬਦਲ ਦਿੱਤਾ ਗਿਆ ਹੈ। ਮਿਲਟਰੀ ਦੀ ਤਾਕਤ ਵਿਚ ਤੇ ਯਕੀਨੀ ਤੌਰ 'ਤੇ ਉਹ ਤਾਕਤਵਰ ਹਨ, ਭਾਵੇਂ ਕਿ ਮੈਂ ਉਹਨਾਂ ਕਾਰਨਾਂ ਦੀ ਗੱਲ ਨਹੀਂ ਕਰਾਂਗਾ ਕਿ ਉਹ ਕਿਉਂ ਏਨੇ ਤਾਕਤਵਰ ਹਨ, ਪਰ ਅਠੱਤੀ ਸਾਲਾਂ ਤੋਂ ਸਾਡੇ ਘਰ ਖੋਹ ਕੇ ਯਹੂਦੀ ਸੰਸਾਰ ਦੀਆਂ ਨਜ਼ਰਾਂ ਵਿਚੋਂ ਬਰੀ ਨਹੀਂ ਹੋਏ, ਨਾ ਹੀ ਉਹ ਆਪੋ ਵਿਚ ਸ਼ਾਂਤੀ ਕਾਇਮ ਕਰ ਸਕੇ ਹਨ ਤੇ ਆਪਣੀ ਇਜ਼ਰਾਈਲੀ ਪਹਿਚਾਣ ਦੀ। ਟੈਂਕਾਂ ਤੇ ਬਕਤਰ ਬੰਦ-ਗੱਡੀਆਂ ਨੇ ਉਹਨਾਂ ਦੀਆਂ ਆਤਮਕ ਤੇ ਸੱਭਿਆਚਾਰਕ ਸਮੱਸਿਆਵਾਂ ਨੂੰ ਅਜੇ ਤੀਕ ਵੀ ਹੱਲ ਨਹੀਂ ਕੀਤਾ। ਉਹ ਐਸੀ ਜੰਗ ਵਿਚ ਖੁੱਭ ਗਏ ਹਨ ਕਿ ਜਿਸਨੂੰ ਉਹ ਠੀਕ ਸਿੱਧ ਨਹੀਂ ਕਰ ਸਕੇ। ਕੋਈ ਵੀ ਸੁਸਾਇਟੀ ਦੂਸਰੇ ਨੂੰ ਹਰਾਉਣ ਦੀ ਸ਼ਕਤੀ ਦੇ ਨਿਸ਼ਾਨੇ ਦੇ ਸਿਰ 'ਤੇ ਜਿਉਂਦੀ ਨਹੀਂ ਰਹਿ ਸਕਦੀ। ਇਸ ਤੋਂ ਬਿਨਾਂ ਉਹ ਜਿੱਤਾਂ ਸਿਰਫ਼ ਕੁਝ ਹਾਲਤਾਂ ਦਾ ਫਲ ਹਨ ਜਿਹੜੀਆਂ ਬਦਲ ਵੀ ਸਕਦੀਆਂ ਹਨ ਤੇ ਜਿਹੜੀਆਂ ਨਵੇਂ ਹਾਲਾਤ ਨੂੰ ਜਨਮ ਦੇ ਸਕਦੀਆਂ ਹਨ। ਇਕ ਸ਼ਬਦ ਵਿਚ, ਭਵਿੱਖ ਨਿਸ਼ਚਿਤ ਹੋਣ ਤੋਂ ਕੋਹਾਂ ਦੂਰ ਹੈ। ਇਹ ਇਕ-ਪਾਸੜ ਯਹੂਦੀਵਾਤਾ ਮਾਨਸਿਕਤਾ ਨਿਸ਼ਚੇ ਹੀ ਇਸ ਗੱਲ 'ਤੇ ਲੈ ਜਾਵੇਗੀ ਕਿ ਇਹ ਮਨੋਰਥ ਅਸਫਲ ਹੋ ਕੇ ਹੀ ਰਹਿਣਾ ਹੈ, ਪਰ ਅਰਬਾਂ ਦੇ ਪੱਖੋਂ ਇਹਨਾਂ ਵੱਖਰੀਆਂ ਹਾਲਤਾਂ ਦੀ ਲੋੜ ਹੋਵੇਗੀ।

? ਫਲਸਤੀਨੀ ਮੌਤ ਤੇ ਜਨਮ ਤੇ ਫਲਸਤੀਨੀ ਆਵਾਜ਼ਾਂ ਬਾਰੇ

– ਇਹ ਸਤਰਾਂ ਫਲਸਤੀਨੀ ਪਿਆਰ ਕਵਿਤਾ 'ਚੋਂ ਹਨ, ਜਿਹੜੀ ਮੈਂ 1964 ਵਿਚ ਲਿਖੀ ਸੀ। ਇਹ ਕਵਿਤਾ ਇਜ਼ਰਾਈਲੀ ਜ਼ੁਲਮ ਦੀ ਪਕੜ ਵਿਰੁੱਧ 'ਫਲਸਤੀਨ' ਸ਼ਬਦ ਨੂੰ ਉਚਾਰਨ ਕਾਰਨ ਉਭਰਵੀਂ ਪਹਿਲੀ ਕਵਿਤਾ ਹੈ। ਇਹ ਸ਼ਬਦ ਸਾਡੀ ਸ਼ਖ਼ਸੀਅਤ ਤੇ ਪਛਾਣ ਦ੍ਰਿੜ ਕਰਾਉਂਦਾ ਹੈ। ਮੈਂ ਅਨੁਭਵ ਕਰਦਾ ਹਾਂ ਕਿ ਇਹ ਕਵਿਤਾ ਸਾਡੀ ਪਛਾਣ ਤੇ ਸ਼ਖ਼ਸੀਅਤ ਦੀ ਸਦੀਵਤਾ ਦੀ ਪ੍ਰਤੀਨਿਧਤਾ ਕਰਦੀ ਹੈ।

? ਕੀ ਅਸੀਂ ਜੂਨ ਤੀਕ ਨਿੱਕੀਆਂ ਘੁੱਗੀਆਂ
ਵਰਗੇ ਨਹੀਂ ਸੀ
ਪਰ ਸਾਡਾ ਪਿਆਰ ਹੱਥਕੜੀਆਂ
ਦੇ ਭਾਰ ਨਾਲ ਘਟਿਆ ਨਹੀਂ ਹੈ।

– ਅਸੀਂ ਅਰਬਾਂ ਨੇ ਜੂਨ 1967 ਦੇ ਜ਼ਖ਼ਮ ਨੂੰ ਇਤਨਾ ਸ਼ਿੱਦਤ ਨਾਲ ਮਹਿਸੂਸ ਕੀਤਾ ਸੀ ਕਿ ਜਿਸਦੇ ਠੀਕ ਹੋਣ ਨੂੰ ਦੇਰ ਲੱਗੇਗੀ। ਇੰਝ ਜਾਪਦਾ ਸੀ ਜਿਵੇਂ ਸਾਨੂੰ ਅਸਚਰਜ ਇਕਰਾਰ ਰਾਹੀਂ ਲੋਰੀ ਦੇ ਕੇ ਗੂੜ੍ਹੀ ਨੀਂਦੇ ਸੁਆ ਦਿੱਤਾ ਗਿਆ ਸੀ ਤੇ ਅਸੀਂ ਜਾਗਣ ਉੱਤੇ ਤਬਾਹੀ ਦੇ ਮੂੰਹ ਆ ਜਾਣਾ ਸੀ। ਮੈਨੂੰ ਹੈਫ਼ਾ ਦੀ ਉਹ ਰਾਤ ਕਦੇ ਨਹੀਂ ਭੁੱਲਣੀ, ਜਦੋਂ ਸਾਡੇ ਯਹੂਦੀ ਗੁਆਂਢੀਆਂ ਨੇ ਉਹਨਾਂ ਵਲੋਂ ਅਰਬਾਂ ਨਾਲ ਗੱਲ ਕਰਕੇ ਦਖ਼ਲ ਦੇਣ ਲਈ ਤਰਲੇ ਮਾਰੇ। ਇਹਨਾਂ ਅਰਬਾਂ ਦੀ ਕਿਸੇ ਸਮੇਂ ਵੀ ਆਮਦ ਦੀ ਉਡੀਕ ਸੀ। ਪਰ ਅਗਲੇ ਦਿਨ ਅਸੀਂ ਹਾਰੇ ਹੋਏ ਬਣ ਗਏ ਸੀ ਤੇ ਉਹ ਜੇਤੂ। ਇਹ ਕੁੜੱਤਣ ਭਰੀ ਨਿਰਾਸ਼ਤਾ

ਸੀ, ਜਿਸ ਕਾਰਨ ਮੈਂ ਕਿਹਾ ਸੀ ਕਿ 1976 ਦੀ ਹਾਰ ਨੇ ਸਾਨੂੰ ਏਨਾ ਹੀ ਭਿਆਨਕ ਝਟਕਾ ਲਾਇਆ ਸੀ ਜਿੰਨਾ 1948 ਦੇ ਦੁਖਾਂਤ ਨੇ।

? ਮੈਂ ਸਭ ਸ਼ਬਦ ਸਿੱਖ ਲਏ ਨੇ
ਉਹਨਾਂ ਦੇ ਸ਼ਬਦ ਜੋੜ ਕਰ ਲਏ ਨੇ
ਉਹਨਾਂ ਨੂੰ ਭੰਨ ਤੋੜ ਦਿੱਤਾ ਹੈ
ਤੇ ਇਕ ਨਵੇਂ ਸ਼ਬਦ 'ਮਾਤਭੂਮੀ' ਵਿਚ
ਦੁਬਾਰਾ ਉਸਾਰ ਲਿਆ ਹੈ।

– ਮੇਰੀ ਕਵਿਤਾ ਦਾ ਵਿਕਾਸ ਨਿਰਸੰਦੇਹ ਸ਼ਬਦਾਂ ਰਾਹੀਂ, ਮਾਂ-ਭੂਮੀ ਦੀ ਉਸਾਰੀ ਰਾਹੀਂ ਦਰਸਾਇਆ ਜਾ ਸਕਦਾ ਹੈ, ਇਹ ਮੇਰੀ ਸ਼ਕਤੀ ਵੀ ਹੈ ਤੇ ਕਮਜ਼ੋਰੀ ਵੀ। ਮੈਂ ਕਦੇ ਨਹੀਂ ਸੀ ਚਾਹਿਆ ਕਿ ਇੰਝ ਹੋਵੇ, ਪਰ ਹੁਣ ਮੈਨੂੰ ਇਸੇ ਤਰ੍ਹਾਂ ਹੀ ਪ੍ਰਵਾਨ ਕਰਨਾ ਪਿਆ ਹੈ, ਮੈਂ ਇਸ ਬਰਬਾਦੀ ਵਿਚੋਂ ਤਾਂ ਹੀ ਬਾਹਰ ਨਿਕਲ ਸਕਦਾ ਹਾਂ ਜੇ ਮੇਰੇ ਕੋਲ ਸ਼ਬਦਾਂ 'ਤੇ ਆਧਾਰਿਤ ਇਖ਼ਲਾਕੀ ਹੋਂਦ ਹੋਵੇ। ਮੈਂ ਮਹਿਸੂਸ ਕੀਤਾ ਹੈ ਕਿ ਮੈਂ ਖੁਦ ਲਈ ਤੇ ਆਪਣੇ ਲਈ ਆਤਮਿਕ ਮਾਂ-ਭੂਮੀ ਸ਼ਬਦਾਂ ਰਾਹੀਂ ਉਸਾਰਨ ਲਈ ਯਤਨ ਕਰ ਰਿਹਾ ਹਾਂ। ਕਵਿਤਾ ਰਾਹੀਂ ਯਥਾਰਥ ਇਕ ਨਵੀਂ ਸ਼ਕਲ ਧਾਰਨ ਕਰਦਾ ਹੈ।

? ਅਸਲ ਵਿਚ ਮਾਤ ਭੂਮੀ ਹੁੰਦੀ ਕੀ ਹੈ? ਕੋਈ ਵੀ ਇਸ ਦੀ ਇੰਝ ਪਕੜ ਕਰਨ ਵਿਚ ਸਫ਼ਲ ਤੇ ਨਹੀਂ ਹੋਇਆ, ਜਿਵੇਂ ਕਿ ਤੁਸੀਂ।

– ਮਾਤ-ਭੂਮੀ ਦੀ ਮੇਰੀ ਪਰਿਭਾਸ਼ਾ ਬੜੀ ਸੁਥੇਨ ਹੈ। ਇਹ ਉਹ ਥਾਂ ਹੈ, ਜਿੱਥੇ ਮਨੁੱਖ ਜਨਮਦਾ ਤੇ ਜਿੱਥੇ ਉਹ ਰਹਿੰਦਾ ਹੈ। ਪਰ ਸਾਡੇ ਮਾਮਲੇ ਵਿਚ ਅਜਿਹੀ ਸਾਦਗੀ, ਇਕ ਕਤਲਾਮ ਤੋਂ ਪਿੱਛੋਂ ਦੂਸਰੇ ਦੇ ਸਨਮੁੱਖ ਖਲੋਣ ਦੀ ਅਸਾਧਾਰਣ ਸੂਰਬੀਰਤਾ ਹੈ। ਅਸੀਂ ਇਸ ਸਾਦਗੀ ਤੀਕ ਅਗਨ ਪ੍ਰੀਖਿਆ ਰਾਹੀਂ ਪੁੱਜਣ ਲਈ ਜ਼ੁੰਮੇਵਾਰ ਹਾਂ। ਕਈ ਵਾਰ, ਮਾਤ ਭੂਮੀ ਦਾ ਅਰਥ ਸਿਰਫ਼ ਭੂਮੀ ਨਹੀਂ ਹੁੰਦਾ। ਸਗੋਂ ਬਰਬਾਦੀ ਦੇ ਵਿਰੁੱਧ ਜੰਗ ਲੜਨ ਦੀ ਆਤਮਿਕ ਸ਼ਕਤੀ ਬਣਨਾ ਹੁੰਦਾ ਹੈ।

ਇਹ ਤਬਾਹੀ ਦੇ ਵਿਰੁੱਧ ਕੋਈ ਪਛਾਣ, ਇਕ ਇਤਿਹਾਸ ਸਿਰਜਣਾ ਹੁੰਦਾ ਹੈ, ਇਸਦੀ ਅਣਹੋਂਦ ਸਦਕਾ ਹੀ ਮਾਤ ਭੂਮੀ ਦਾ ਵਿਚਾਰ, ਜਿਉਂਦੇ ਰਹਿਣ ਦੀ ਲਾਜ਼ਮੀ ਸ਼ਰਤ ਬਣ ਜਾਂਦਾ ਹੈ, ਇਸ ਦੇ ਅਸਤਿਤਵ ਦੇ ਹੱਕ ਦਾ ਪ੍ਰਮਾਣ। ਇੰਝ ਮਾਤ ਭੂਮੀ ਦੇ ਅਰਥ, ਭੂਮੀ ਤੋਂ ਪਰ੍ਹੇ ਦੇ ਬਣ ਜਾਂਦੇ ਹਨ। ਸੁਤੰਤਰਤਾ ਵਰਗੇ, ਪਰ ਸਾਡੇ ਫਲਸਤੀਨੀਆਂ ਲਈ ਜਿੱਥੇ ਕਿਤੇ ਵੀ ਅਸੀਂ ਰਹਿ ਰਹੇ ਹਾਂ, ਇਹ ਸਾਡੀ ਹੋਂਦ ਦੇ ਹੱਕ ਦੀ ਸ਼ਰਤ ਬਣ ਜਾਂਦਾ ਹੈ। ਮਨੁੱਖਾਂ ਵਾਂਗ ਜਿਉਂਦੇ ਰਹਿਣ ਦੇ ਹੱਕ ਦੀ ਸ਼ਰਤ, ਆਪਣੀ ਮਾਤ-ਭੂਮੀ ਨਾਲ ਜੁੜਨ ਦੀ ਸਮਰੱਥਾ।

ਮਾਤ-ਭੂਮੀ ਦੀਆਂ ਬਾਕੀ ਸਭ ਪਰਿਭਾਸ਼ਾਵਾਂ ਇਨ੍ਹਾਂ ਨਾਲੋਂ ਵਧੇਰੇ ਸਾਦਾ ਹਨ। ਪਰ ਸਾਡੇ ਲਈ ਉਥੇ ਪਹੁੰਚਣ ਲਈ, ਬੜੇ ਭਿਅੰਕਰ ਇਮਤਿਹਾਨਾਂ 'ਚੋਂ ਲੰਘਣਾ ਪੈਂਦਾ ਹੈ।

? ਸਭ ਸ਼ੀਸ਼ੇ ਹਨ
ਫਿਰ ਵੀ ਸਭ ਪੱਥਰ ਦੇ ਹਨ
ਅਸੀਂ ਅਜਿਹੀ ਯਾਤਰਾ ਦੀ ਕੋਸ਼ਿਸ਼ ਹੀ ਕਿਉਂ
ਕਰਦੇ ਹਾਂ,

– ਇਹ ਕਵਿਤਾ ਮਾਤ-ਭੂਮੀ ਦੇ ਅਰਥਾਂ ਦੀ ਡੂੰਘੀ ਤਰ੍ਹਾਂ ਪੁਣ-ਛਿਣ ਕਰਦੀ ਹੈ ਜਿਸ ਤੋਂ ਬਾਹਰ ਸ਼ੀਸ਼ਾ ਪ੍ਰਤੀਬਿੰਬ ਕਰਨ ਦੇ ਅਯੋਗ ਹੈ। ਅਸੀਂ ਮਾਤ-ਭੂਮੀ ਦੇ ਸ਼ੀਸ਼ੇ ਤੋਂ ਬਿਨਾਂ ਆਪਣੇ ਚਿਹਰੇ, ਆਪਣੇ ਨਕਸ਼ ਤੇ ਆਪਣੀਆਂ ਰੂਹਾਂ ਨਹੀਂ ਤੱਕ ਸਕਦੇ। ਇੰਝ ਇਹ ਯਾਤਰਾ, ਯਾਤਰਾ ਦੇ ਵਿਚ ਵਿਚ ਕੌਮ ਯਾਤਰਾ, ਸਾਡਾ ਸ਼ੀਸ਼ਾ ਸਿਰਜਣ ਦੀ, ਮਾਤ-ਭੂਮੀ ਦਾ ਸ਼ੀਸ਼ਾ ਸਿਰਜਣ ਦੀ ਇਕ ਕੋਸ਼ਿਸ਼ ਹੈ। ਵਰਤਮਾਨ ਹਾਲਤਾਂ ਵਿਚ, ਨਾ ਹੀ ਅਸੀਂ ਬਾਕੀ ਹੋਂਦ ਨਾਲ ਆਪਣੇ ਸਬੰਧ ਹੋਰ ਡੂੰਘੇ ਕਰ ਸਕਦੇ ਹਾਂ ਤੇ ਨਾ ਹੀ ਸੱਚੇ ਅਰਥਾਂ ਵਿਚ ਜੀ ਸਕਦੇ ਹਾਂ, ਜਾਂ ਸਾਨੂੰ ਆਪਣੀ ਮਾਤ-ਭੂਮੀ ਦਾ ਸ਼ੀਸ਼ਾ ਸਿਰਜਣ ਦੀ ਇਕ ਕੋਸ਼ਿਸ਼ ਹੈ। ਵਰਤਮਾਨ ਹਾਲਤਾਂ ਵਿਚ, ਨਾ ਹੀ ਅਸੀਂ ਬਾਕੀ ਹੋਂਦ ਨਾਲ ਆਪਣੇ ਸਬੰਧ ਹੋਰ ਡੂੰਘੇ ਕਰ ਸਕਦੇ ਹਾਂ ਤੇ ਨਾ ਹੀ ਸੱਚੇ ਅਰਥ ਵਿਚ ਜੀ ਸਕਦੇ ਹਾਂ, ਜਾਂ ਸਾਨੂੰ ਆਪਣੀ ਮਾਤ-ਭੂਮੀ ਮੁੜ ਪ੍ਰਾਪਤ ਕਰਨੀ ਚਾਹੀਦੀ ਹੈ ਤੇ ਜਾਂ ਫਿਰ ਆਪਣੇ ਅੰਦਰ ਮਾਤ-ਭੂਮੀ ਇਕੱਠੀ ਕਰਨੀ ਚਾਹੀਦੀ ਹੈ।

? ਇਕ ਦਿਨ ਪਿਤਾ ਨੇ ਕਿਹਾ
ਜਿਸ ਬੰਦੇ ਦੀ ਧਰਤ ਉੱਤੇ
ਮਾਤ-ਭੂਮੀ ਨਹੀਂ
ਉਸ ਦੀ ਕਬਰ ਵੀ ਨਹੀਂ ਹੋਵੇਗੀ।

– ਇਹ ਸਾਡੇ ਫਲਸਤੀਨੀ ਜੀਵਨ ਦਾ ਇਕ ਹੋਰ ਵਿਰੋਧਾਭਾਸ ਹੈ, ਜਿਹੜਾ ਸਾਡੇ ਸਫ਼ਰ ਦੌਰਾਨ ਵਾਰ-ਵਾਰ ਵਾਪਰਦਾ ਹੈ। ਸਿਰਫ਼ ਸਾਡੀ ਕੋਈ ਮਾਤ-ਭੂਮੀ ਹੀ ਨਹੀਂ, ਸਗੋਂ ਸਾਡੇ ਕੋਲ ਆਪਣੇ ਮਰ ਗਿਆਂ ਨੂੰ ਦਫ਼ਨਾਉਣ ਲਈ ਕੋਈ ਥਾਂ ਵੀ ਨਹੀਂ ਹੈ। ਮੇਰੇ ਮਿੱਤਰ, ਸਾਡੇ ਕਾਜ਼ ਲਈ ਸ਼ਹੀਦਾਂ ਵਾਸਤੇ ਆਖ਼ਰੀ ਆਰਾਮ ਲਈ ਕੋਈ ਥਾਂ ਨਹੀਂ। ਜਿਸਦੀ ਮਾਤ-ਭੂਮੀ ਨਹੀਂ ਹੁੰਦੀ, ਉਸਦਾ ਕੋਈ ਕਬਰਿਸਤਾਨ ਵੀ ਨਹੀਂ ਹੁੰਦਾ, ਕੀ ਸਾਡਾ ਇਹ ਹੱਕ ਨਹੀਂ ਕਿ ਅਸੀਂ ਆਪਣੇ ਕਬਰਿਸਤਾਨ ਨੂੰ ਆਪਣਾ ਕਹਿ ਸਕੀਏ? ਇਸ ਤੋਂ ਸਾਨੂੰ ਉਸ ਭਿਆਨਕਤਾ ਦਾ ਪਤਾ ਲੱਗਦਾ ਹੈ, ਜਿਹੜੀ ਤਬਾਹੀ ਵਿਰੁੱਧ ਆਪਣੀ ਲੜਾਈ ਵਿਚ ਸਾਡੇ ਲੋਕਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ।

? ਬੈਰੂਤ ਇਕ ਸੇਬ ਹੈ
ਪਰ ਹਿਰਦੇ ਵਿਚ ਇਕ ਕਬਰ ਹੈ
ਉਹ ਗਰਕ ਰਹੀ ਦੁਨੀਆ ਵਿਚ
ਕਿਸੇ ਨਖ਼ਲਿਸਤਾਨ ਵਾਂਗ ਹੈ।

– ਬੈਰੂਤ ਇਕ ਟਾਪੂ ਉੱਤੇ ਆਜ਼ਾਦੀ ਦੇ ਲੋਕ ਰਾਜ ਦਾ ਇਕ ਤਜਰਬਾ ਸੀ, ਪਰ ਇਹ ਟਾਪੂ ਖੁੱਸ ਗਿਆ ਤੇ ਡੁੱਬ ਗਿਆ। ਇਸੇ ਕਾਰਨ ਇਹ ਭਿਅੰਕਰਤਾ ਹੈ।

? ਅਸੀਂ ਤੈਨੂੰ ਬੈਰੂਤ ਤੋਂ ਲਿਖ ਰਹੇ ਹਾਂ
ਇਹ ਪੁੱਛਣ ਲਈ
ਕਿ ਕੌਣ ਕਿਸ ਨੂੰ ਘੇਰਾ ਪਾ ਰਿਹੈ?

– ਇਹ ਸਤਰਾਂ ਮੁਈਨ ਬਸੀਸੋ (ਇਕ ਹੋਰ ਫਲਸਤੀਨੀ ਕਵੀ) ਨਾਲ ਸਾਂਝੀਆਂ ਲਿਖੀਆਂ ਗਈਆਂ ਸਨ। ਜ਼ਿਕਰ ਅਧੀਨ ਕਵਿਤਾ ਇਕ ਖ਼ਤ ਸੀ, ਜਿਹੜਾ ਇਕ ਇਜ਼ਰਾਈਲੀ ਸੈਨਿਕ ਨੂੰ ਲਿਖਿਆ ਗਿਆ ਸੀ, ਜਿਸ ਨੇ ਕਿ ਬੈਰੂਤ 'ਤੇ ਹੱਲਾ ਕੀਤਾ ਸੀ। ਅਸੀਂ ਉਸਨੂੰ ਉਸਦਾ ਵਿਰੋਧਾਭਾਸ ਸਪੱਸ਼ਟ ਕਰਕੇ ਵਿਖਾਇਆ ਸੀ। ਉਹ ਇਕ ਅਜਿਹਾ ਸਿਪਾਹੀ ਹੈ, ਜਿਹੜਾ ਇਕ ਟੈਂਕ ਵਿਚ ਜਨਮਿਆ, ਉੱਥੇ ਹੀ ਪੜ੍ਹਿਆ, ਵਿਆਹ ਕਰਵਾਇਆ, ਟੈਂਕ ਵਿਚ ਹੀ ਰਿਹਾ ਤੇ ਨਿਸ਼ਚੇ ਹੀ ਟੈਂਕ ਵਿਚ ਮਰੇਗਾ। ਸਪੱਸ਼ਟ ਤੌਰ 'ਤੇ ਉਹ ਸਾਡੇ ਨਾਲੋਂ ਘੱਟ ਆਜ਼ਾਦ ਹੈ, ਅਸੀਂ ਜੋ ਹਰ ਰੋਜ਼ ਆਪਣੇ ਅਸੀਮ ਇਤਿਹਾਸਕ ਤੇ ਸਭਿਆਚਾਰਕ ਭਵਿੱਖ ਨਕਸ਼ੇ ਸਮੇਤ, ਉਸ ਸਿਪਾਹੀ 'ਤੇ ਹਮਲਾ ਕਰ ਰਹੇ ਸੀ, ਜਿਸਦਾ ਨਾ ਕੋਈ ਭੂਤ ਸੀ ਤੇ ਨਾ ਹੀ ਵਰਤਮਾਨ ਤੇ ਭਵਿੱਖ। ਉਸ ਕੋਲ ਤਾਂ ਬੱਸ ਇੱਕ ਬਕਤਰ ਬੰਦ ਟੈਂਕ ਹੀ ਰਹਿਣ ਵਾਲੀ ਥਾਂ ਸੀ। ਸਾਡਾ ਘੇਰਾ ਸਾਡੇ ਵਿਸ਼ਾਲ ਦਿਸਹੱਦੇ ਦੇ ਟਾਕਰੇ 'ਤੇ ਨਿਗੂਣਾ ਲੱਗਦਾ ਸੀ। ਸੈਬਰਾ ਸਾਡੇ ਦੇਸ਼ ਦੇ ਪ੍ਰਮਾਣਿਕਤਾ ਦਾ ਸਦੀਵੀ ਚਿੰਨ੍ਹ ਹੈ।

? ਸੈਬਰਾ ਇਕ ਲਾਸ਼ 'ਤੇ ਬਣਿਆ ਚੌਰਸਤਾ ਹੈ?

– ਸੈਬਰਾ ਸਾਡੇ ਦੇਸ਼ ਦੇ ਵੱਡੇ ਕਤਲਾਮਾਂ ਵਿਚੋਂ ਇੱਕ ਸੀ। ਇਸ ਨਾਂ 'ਤੇ ਲਹੂ ਦੇ ਇੱਕੋ ਅਰਥ ਹੀ ਬਣ ਗਏ ਹਨ। ਸੈਬਰਾ ਚੱਲਦੇ-ਚੱਲਦੇ ਵਾਪਰੀ ਕੋਈ ਘਟਨਾ ਜਾਂ ਗਲਤੀ ਨਹੀਂ ਸੀ। ਜਿਹੜੀ ਇਜ਼ਰਾਈਲੀਆਂ ਤੇ ਉਸਦੇ ਸਹਿਯੋਗੀਆਂ ਨੇ ਅਰਬ ਸੰਸਾਰ ਵਿਰੁੱਧ ਕੀਤੀ ਸੀ। ਇਹ ਇਕ ਨਸਲੀ ਐਲਾਨਨਾਮਾ ਸੀ। ਕਿਉਂਕਿ ਉਹ ਸਿਰਫ਼ ਫਲਸਤੀਨ ਨੂੰ ਰਾਜਸੀ ਪਿੜ ਵਿਚੋਂ ਹਟਣ ਦੀ ਮੰਗ ਹੀ ਨਹੀਂ ਕਰ ਰਹੇ, ਸਗੋਂ ਉਹ ਇਸਦਾ ਸਰੀਰਕ ਘਾਣ ਕਰਨਾ ਲੋਚਦੇ ਹਨ। ਪਰ ਸਭ ਤੋਂ ਭਿਆਨਕ ਗੱਲ ਤਾਂ ਇਹ ਹੈ ਕਿ ਇਹ ਮੌਸਮੀ ਨਰਸੰਘਾਰ, ਜਨ-ਸੰਚਾਰ ਸਾਧਨਾਂ ਲਈ ਇਤਿਹਾਸ ਦੀਆਂ ਬਹੁਤ ਨਿੱਕੀਆਂ ਦੁਰਘਟਨਾਵਾਂ ਹਨ, ਇਸਦੇ ਉਲਟ ਇਹ ਜਨ-ਸੰਚਾਰ ਸਾਧਨ ਕਿਸੇ ਯਹੂਦੀ ਨਾਲ ਵਾਪਰੀ ਨਿੱਕੀ ਜਿਹੀ ਘਟਨਾ ਨੂੰ 'ਸੈਮਟਿਕ ਵਿਰੋਧੀ' ਵੱਡੀ ਘਟਨਾ ਬਣਾ ਕੇ ਉਸਦੀ ਭੰਡੀ ਕਰਦੇ ਹਨ। ਸੈਬਰਾ ਫਲਸਤੀਨੀ ਮੌਤ-ਸੂਚੀ ਦੀ ਇਕ ਸਾਧਾਰਨ ਚੀਜ਼ ਤੋਂ ਬਹੁਤ ਵੱਧ ਹੈ। ਇਹ ਕੌਮਾਂਤਰੀ ਲੋਕ ਰਾਇ ਦੇ ਦੰਭ ਦਾ ਪ੍ਰਮਾਣ ਹੈ, ਜਿਹੜੇ ਕਿ ਆਪਣੀ ਚੁੱਪ ਨਾਲ ਸੈਬਰਾ ਵਰਗੇ ਨਿੱਤ ਦੁਹਰਾਏ ਜਾਂਦੇ ਕਤਲਾਮ ਨੂੰ ਠੀਕ ਸਿੱਧ ਕਰਦੇ ਹਨ। ਜਦੋਂ ਫਲਸਤੀਨ ਦੇ ਲੋਕਾਂ ਕੋਲੋਂ ਉਹਨਾਂ ਦੀ ਆਜ਼ਾਦੀ ਤੇ ਉਹਨਾਂ ਦੀ ਮਾਤ-ਭੂਮੀ ਖੋਹੀ ਜਾਂਦੀ ਹੈ, ਕੌਮਾਂਤਰੀ ਲੋਕ ਜ਼ਮੀਰ 'ਕੋਈ ਬੁਰਾਈ ਨਾ ਤੱਕੋ, ਕੋਈ ਬੁਰਾਈ ਨਾ ਸੁਣੋ' ਦੀ ਪਾਲਸੀ 'ਤੇ ਨਹੀਂ ਚਲ ਸਕਦੀ, ਜਿਹੜੀ ਲੋਕ ਰਾਇ, ਯੋਜਨਾ-ਬੱਧ ਕਤਲਾਮ ਅਗਿਆਨਤਾ ਵਜੋਂ ਪ੍ਰਵਾਨਗੀ ਨਹੀਂ ਦੇ ਰਹੀ, ਸਗੋਂ ਜਾਣ ਬੁੱਝ ਕੇ ਅਣਡਿੱਠ ਕਰ ਰਹੀ ਹੈ। ਸੰਚਾਰ ਸਾਧਨਾਂ ਦਾ ਇਕੋ ਇਕ ਈਮਾਨਦਾਰੀ ਵਾਲਾ ਫਰਜ਼ ਇਹ ਹੈ ਕਿ ਉਹ ਆਪਣੀ ਸ਼ਕਤੀ ਨਾਲ ਤੇ ਮਨੁੱਖੀ ਫਰਜ਼ ਵਲੋਂ ਲੋਕਾਂ ਦੇ ਆਪਣੀ ਮਾਤ-ਭੂਮੀ ਵਿਚ ਆਜ਼ਾਦੀ ਨਾਲ ਵਿਚਰਨ ਦੇ ਜ਼ਰੂਰੀ ਅਧਿਕਾਰ ਦੀ ਡਟ ਕੇ ਹਮਾਇਤ ਕਰਨ।



? ਮੈਂ ਇਕ ਵਿਦਾਇਗੀ ਤੋਂ
ਦੂਸਰੀ ਤੱਕ ਸਫ਼ਰ ਕਰਦਾ ਹਾਂ।

– ਮੇਰਾ ਖ਼ਿਆਲ ਹੈ ਕਿ ਇਹ ਕਾਵਿ-ਬੰਦ ਮੇਰੀ ਕਵਿਤਾ 'ਮੁਤਨਬੀ ਜਾ ਰਿਹਾ ਹੈ' ਵਿਚੋਂ ਹੈ। ਮੈਂ ਬਹੁਤ ਵਾਰ ਮੁਤਬਨੀ ਦਾ ਹਵਾਲਾ ਦਿੰਦਾ ਹਾਂ ਜਾਂ ਉਸਦਾ ਜ਼ਿਕਰ ਕਰਦਾ ਹਾਂ, ਕਿਉਂਕਿ ਉਸਦੀ ਰਚਨਾ ਵਿਚ ਹੋਰ ਗੱਲਾਂ ਤੋਂ ਬਿਨਾਂ ਸੂਰਬੀਰਤਾ ਤੇ ਨਾਇਕਾਂ ਵਾਲੀ ਗੱਲ ਦਾ ਆਨੰਦ-ਦਾਇਕ ਮਿਸ਼ਰਨ ਹੈ ਤੇ ਨਾਲ ਹੀ ਸ਼ਬਦਾਂ ਰਾਹੀਂ ਉਸਤਤੀ ਕੀਤੀ ਗਈ ਹੁੰਦੀ ਹੈ ਕਿ ਉਹ ਇਕ ਵੱਖਰੀ ਹੀ ਚੀਜ਼ ਬਣ ਜਾਂਦੀ ਹੈ। ਲਾਲਸਾ ਤੇ ਹੰਕਾਰ ਦੀ ਅੱਗ ਨਾਲ ਭਰਿਆ, ਪਰ ਜਿਸਨੂੰ ਕੋਈ ਇਕ ਦੇਸ਼ ਆਪਣੇ ਵਿਚ ਸਮੋਅ ਨਹੀਂ ਸੀ ਸਕਦਾ, ਇਹ ਸੀ ਮੁਤਨਬੀ। ਉਹ ਕਿਸੇ ਚੀਜ਼ ਦਾ ਨਿਸ਼ਾਨਾ ਰੱਖਦਾ ਸੀ ਤੇ ਰਾਹ ਵਿਚ ਹੋਰ ਕੋਈ ਚੀਜ਼ ਨਹੀਂ ਸੀ ਵੇਖ ਸਕਦਾ, ਇਕ ਵਿਦਾਇਗੀ ਦੂਸਰੀ ਤੀਕ ਲੈ ਜਾਂਦੀ ਸੀ। ਮੇਰੇ ਵਿਚ ਵੀ ਮੁਤਨਬੀ ਦਾ ਕੋਈ ਅੰਸ਼ ਹੈ। ਪਰ ਮੇਰਾ ਮਤਲਬ ਆਪਣੇ-ਆਪ ਦਾ ਉਸਦੇ ਕਾਵਿਕ ਮਹੱਤਵ ਨਾਲ ਟਾਕਰਾ ਕਰਨਾ ਨਹੀਂ। ਉਹ ਅਜਿਹਾ ਅਰਬ-ਕਵੀ ਹੈ ਜਿਹੜਾ ਉਸ ਸਭ ਕਾਸੇ ਦਾ ਨਿਚੋੜ ਹੈ, ਜੋ ਉਸ ਤੋਂ ਪਿੱਛੋਂ ਲਿਖਿਆ ਹੈ ਜਾਂ ਹੁਣ ਲਿਖਿਆ ਜਾ ਰਿਹਾ ਹੈ। ਅਸੀਂ ਬੱਸ ਹੁਣ ਇਹ ਕਰ ਰਹੇ ਹਾਂ ਕਿ ਮੁਤਨਬੀ ਦੇ ਕਾਵਿ-ਪੈਟਰਨਾਂ (ਨਮੂਨੇ) ਨੂੰ ਹੰਢਾ ਰਹੇ। ਹਾਂ, ਮੇਰਾ ਉਸ ਨਾਲ ਰਿਸ਼ਤਾ, ਉਸ ਤਾਂਘ ਦਾ ਰਿਸ਼ਤਾ ਹੈ, ਕਿਸੇ ਘੱਟ ਤੋਂ ਘੱਟ ਤੇ ਸਹਿਮਤ ਹੋਣ ਤੋਂ ਇਨਕਾਰ ਕਰਨਾ, ਪਹਿਲਾਂ ਦੇ ਸਥਾਪਿਤ ਵਿਸ਼ਵਾਸਾਂ ਨੂੰ ਕਵੀ ਵਜੋਂ ਆਸ ਦੇ ਸੋਮੇ ਵਜੋਂ ਰੱਦ ਕਰਨਾ ਹੈ। ਵਰਤਮਾਨ ਕਾਲ ਦੇ ਅਰਥ ਸਦਾ ਹੀ 'ਸੰਪੂਰਨ ਵਰਤਮਾਨ ਕਾਲ' ਹੁੰਦੇ ਹਨ ਅਤੇ ਇਹ ਕਵੀ ਦੇ ਹਿਰਦੇ ਨਾਲ ਵੇਦਨਾ ਨੂੰ ਉਤਪੰਨ ਕਰਦੇ ਹਨ। ਇਹ ਵੇਦਨਾ ਵਿਦਾਇਗੀਆਂ ਤੇ ਇਹ ਉਪਰਾਮਤਾ ਜਿਸ ਵਿਚੋਂ ਅਰਬ-ਸੰਸਾਰ ਲੰਘ ਰਿਹਾ ਹੈ। ਅਸੀਂ ਬਾਈਜ਼ੈਨਟਾਈਨ ਤੋਂ ਟੁੱਟ ਕੇ ਦੂਸਰੇ ਨਾਲ ਜੁੜਨ ਲਈ ਭਟਕਦੇ ਹਾਂ। ਕੀ ਅਜੋਕੇ ਸਮੇਂ ਵਿਚ ਅਰਬ-ਸੰਸਾਰ ਦੀ ਖੜੋਤ ਮੁਤਨਬੀ ਦੇ ਸੋਮਿਆਂ ਦਾ ਸ਼ੀਸ਼ਾ ਬਿੰਬ ਨਹੀਂ? ਵਰਤਮਾਨ ਛਿਣ ਵਿਚੋਂ ਕਵਿਤਾ ਬੁਣਨ ਦੀ ਯੋਗਤਾ ਬਾਰੇ ਸਾਂਝੇ ਨੁਕਤਿਆਂ ਦਾ ਜਿਥੋਂ ਤੀਕ ਸਬੰਧ ਹੈ, ਇਹ ਇਕ ਬਿਲਕੁਲ ਵੱਖਰਾ ਮਸਲਾ ਹੈ। ਮੁਤਨਬੀ ਸਮੁੱਚੇ ਜੀਵਨ-ਕਾਲ ਦਾ ਪ੍ਰਗਟਾਵਾ ਕਰਦਾ ਸੀ, ਇਸ ਕਵਿਤਾ ਵਿਚੋਂ ਸਮੁੱਚਾ ਤਜਰਬਾ। 'ਸੰਤਾਪ, ਹਵਾ ਵੱਲ ਪਿੱਠ ਕਰੀਂ' ਅਸੀਂ ਹੋਰ ਇਸ ਤੋਂ ਬਿਨਾਂ ਕੀ ਕਰ ਸਕਦੇ ਹਾਂ ਕਿ ਇਹ ਸੰਤਾਪ ਨੂੰ ਭੋਗਣ ਲਈ ਇਹਨੂੰ ਧਾਰਨ ਕਰ ਲਈਏ ਤੇ ਆਪਣੀ ਭਾਲ ਜਾਰੀ ਰੱਖੀਏ।

? ਰਾਹ ਦੇ ਵਿਚ ਇਕ ਹੋਰ ਵੀ ਰਾਹ ਹੈ
ਤੇ ਇਸ ਰਾਹ ਵਿਚ
ਵਿਦਾਇਗੀ ਦੀ ਬਥੇਰੀ ਗੁੰਜਾਇਸ਼ ਹੈ।

–ਇਹੀ ਮਸਲਾ ਹੈ। ਰਾਹ ਦੇ ਨਾਲ-ਨਾਲ ਹੋਰ ਰਸਤਾ ਹੁੰਦਾ ਹੈ, ਕਵੀ ਉੱਤਰ ਲੈ ਕੇ ਨਹੀਂ ਹਾਜ਼ਰ ਹੁੰਦੇ ਤੇ ਕੋਈ ਪੜਾਅ ਵੀ ਆਖ਼ਰੀ ਨਹੀਂ ਮੰਨਿਆ ਜਾ ਸਕਦਾ। ਹੱਲ ਦੱਸਣ ਦਾ ਮਤਲਬ ਹੈ ਕਵਿਤਾ ਲਈ ਮੌਤ ਦੀ ਸਜ਼ਾ। ਕਵੀ ਦੀ ਹੋਣੀ ਸਫ਼ਰ ਨੂੰ ਜਾਰੀ ਰੱਖਣ ਦੀ ਹੁੰਦੀ ਹੈ, ਰਾਹਾਂ ਵਿਚੋਂ ਹੋਰ ਰਾਹ ਲੱਭਣੇ। ਇਹ ਸਫ਼ਰ ਮਾਤ-ਭੂਮੀ ਵੱਲ ਪਰਤਣ ਜਾਂ ਜਾਣ ਦਾ ਸਫ਼ਰ ਹੈ ਜਾਂ ਆਪਣੇ-ਆਪ ਵੱਲ ਆਉਣ ਦਾ ਤੇ ਜਾਂ ਫਿਰ ਇਸ ਤੋਂ ਵੀ ਪਰ੍ਹੇ ਦਾ। ਇਹ ਕਵੀ ਦੀ ਹੋਣੀ ਹੈ। ਉਸਦਾ ਦਰਦ ਤੇ ਉਸਦਾ ਵਿਸ਼ੇਸ਼ ਅਧਿਕਾਰ ਵੀ।

? ਫਲਸਤੀਨੀ ਹੋਣ ਦਾ ਪਾਗਲਪਨ?

– ਫਲਸਤੀਨੀ ਹੋਣ ਦਾ ਅਰਥ, ਮੇਰਾ ਇੱਕ ਮਿੱਤਰ ਫਵਾਜ਼ ਤਰਾਬਊਜ਼ੀ ਦੇ ਸ਼ਬਦਾਂ ਵਿਚ, ਇਕ 'ਲਾ ਇਲਾਜ ਆਸ' ਦੀ ਬੀਮਾਰੀ ਦਾ ਮਰੀਜ਼ ਹੋਣਾ ਹੈ। ਅਜਿਹੀ ਉਮੀਦ ਫਲਸਤੀਨ ਲਈ ਖ਼ਬਤੀਪੁਣੇ ਵਿਚੋਂ ਹੀ ਜਨਮਦੀ ਹੈ। ਸ਼ੁਦਾ ਦੀ ਹੱਦ ਤੀਕ ਆਸ, ਮੁਕੰਮਲ ਪਾਗਲਪਨ।

? ਕਵਿਤਾ ਹਰ ਚੀਜ਼ ਨਾਲ ਨਿਰੰਤਰ ਵਿਰੋਧ ਦਾ ਨਾਂ ਹੈ। ਜਦ ਵੀ ਕੋਈ ਕਵੀ ਕਿਸੇ ਚੀਜ਼ ਨਾਲ ਇਕਸੁਰ ਹੋਣ ਲੱਗਦਾ ਹੈ ਤਾਂ ਉਸੇ ਸਮੇਂ ਉਹ ਹੋਰ ਉਲਝ ਜਾਂਦੀਆਂ ਹਨ ਤੇ ਵਿਰੋਧ ਵਿਚ ਆ ਖਲੋਂਦੀਆਂ ਹਨ

– ਬਿਲਕੁਲ ਸੱਚ! ਕਵਿਤਾ ਵਾਦ-ਵਿਵਾਦ ਦੀ ਅਵਸਥਾ ਹੈ, ਆਦਮੀ ਆਪਣੇ-ਆਪ ਨਾਲ ਟੱਕਰ 'ਚ ਹੁੰਦਾ ਹੈ। ਫਿਰ ਦੂਸਰਿਆਂ ਨਾਲ, ਚੀਜ਼ਾਂ ਨਾਲ, ਹੁਣ ਨਾਲ ਤੇ ਫਿਰ ਖ਼ੁਦ ਨਾਲ। ਕਵਿਤਾ ਖ਼ੁਦ ਕਵੀ ਨਾਲ ਟੱਕਰ ਵਿਚ ਆ ਖਲੋਂਦੀ ਹੈ। ਜਦੋਂ ਇਹ ਖ਼ਤਮ ਹੁੰਦੀ ਹੈ ਤਾਂ ਇਹ ਬੀਤੇ ਦਾ ਅੰਗ ਬਣ ਜਾਂਦੀ ਹੈ। ਕਵਿਤਾ ਦੀ ਇਕ ਸੰਭਾਵਿਤ ਪਰਿਭਾਸ਼ਾ ਇਹ ਹੋ ਸਕਦੀ ਹੈ, 'ਅਤ੍ਰਿਪਤ ਤਾਂਘ' ਜਦੋਂ ਇੱਛਾ ਕਵਿਤਾ ਵਿਚ ਢਲ ਜਾਂਦੀ ਹੈ, ਇੱਛਾ ਸਾਧਾਰਨ ਤੌਰ 'ਤੇ ਨਵਾਂ ਰੂਪ ਧਾਰਦੀ ਹੈ। ਕਵੀ ਫਿਰ ਹੋਰ ਇੱਛਾ ਕਰਨ ਲੱਗਦਾ ਹੈ। ਤਾਂ ਫਿਰ ਕਵੀ ਹੋਣਾ, ਨਿਸ਼ਚੇ ਹੀ ਪਾਗਲਪਨ ਹੈ। ਜਾਂ ਸ਼ਾਇਦ ਕੁਝ ਸੁਧਰੇ ਰੂਪ ਵਿਚ, ਕਵੀ ਹੋਣਾ ਦਿਸ਼ਾਹੀਣ ਹੋਣਾ ਹੈ, ਅਰਥਾਤ ਹਰ ਵੇਲੇ ਨਿਰੰਤਰ, ਆਪਣੀ ਮੌਤ ਪਿੱਛੇ ਭੱਜੇ ਫਿਰਨਾ ਹੈ।

? ਮੈਂ ਮਲਬੇ ਵਿਚੋਂ ਕਵਿਤਾ ਦੀ ਝਲਕ ਮਾਤਰ ਲੱਭਣ ਲਈ ਹੱਥ ਮਾਰਦਾ ਹਾਂ?

– ਕਵੀ ਸਦਾ ਹੀ ਕਵਿਤਾਵਾਂ ਦੀ ਭਾਲ ਵਿਚ ਰਹਿੰਦੇ ਹਨ। ਪਰ ਉਹ ਬਹੁਤ ਘੱਟ ਕਵਿਤਾ ਵਿਚੋਂ ਉਹ ਕੁਝ ਪ੍ਰਾਪਤ ਕਰਦੇ ਹਨ, ਜੋ ਉਹ ਲੱਭਦੇ ਰਹਿੰਦੇ ਹਨ। ਕਵਿਤਾਵਾਂ ਤੋਹਫ਼ੇ ਨਹੀਂ ਹੁੰਦੀਆਂ। ਉਹ ਗ਼ੈਰ-ਕਵਿਤਾ ਵਿਚੋਂ ਜਨਮਦੀਆਂ ਹਨ, ਉਹਨਾਂ ਖੰਡਰਾਂ ਵਿਚੋਂ ਸਿਰ ਚੁੱਕਦੀਆਂ ਹਨ, ਜਿਨ੍ਹਾਂ ਦਾ ਕਵਿਤਾ ਨਾਲ ਕੁਝ ਵੀ ਮਿਲਦਾ-ਜੁਲਦਾ ਨਹੀਂ ਹੁੰਦਾ ਹੈ, ਇਸੇ ਕਾਰਨ ਪਾਗਲਪਨ ਲਗਨ ਹੈ। ਇਹੀ ਮਨੁੱਖੀ ਸਿਰਜਣਾ ਹੈ।

? ਤੇ ਤੁਸੀਂ ਜੀਭਾਂ ਦੇ ਸੁਖਾਂਤ ਨੂੰ
ਸੁਫਨਿਆਂ ਦੀ ਸਰਹੱਦ ਨੂੰ ਨਾਂਹ, ਅਸੰਭਵ ਨੂੰ
ਨਾਂਹ।

– ਹਰ ਚੀਜ਼ ਨੂੰ ਨਾਂਹ। ਕਵਿਤਾ ਇਨਕਾਰ ਹੈ, ਇੱਥੋਂ ਤੱਕ ਕਿ ਕਵਿਤਾ ਨੂੰ ਵੀ ਇਨਕਾਰ। ਕਵਿਤਾ ਤਾਂ ਆਪਣੇ ਬਿੰਬ ਸਾਹਵੇਂ ਵੀ ਨਹੀਂ ਖਲੋਂਦੀ। ਕਵਿਤਾ ਨਾਂਹ ਹੈ, ਮੋਟੇ ਅੱਖਰਾਂ ਵਿਚ ਨਾਂਹ।

? ਸੁਪਨਾ ਸਦਾ ਹੀ ਵਧੇਰੇ ਸੱਚਾ ਹੁੰਦਾ ਹੈ। ਸੁਪਨੇ ਤੇ ਰਾਕਟ ਦੇ ਖੋਲ ਵਿਚ ਛੁਪੇ ਹੋਏ ਜਿਸਮ ਵਿਚ



ਮਹਿਮੂਦ ਦਰਵੇਸ਼ ਦੀ ਅੰਤਿਮ ਯਾਤਰਾ ਵਿਚ ਫਿਲਸਤੀਨੀ ਬੱਚੇ

ਕੋਈ ਫ਼ਰਕ ਨਹੀਂ ਹੁੰਦਾ, ਸਿਵਾਏ ਇਸ ਤੋਂ ਕਿ ਸੁਪਨਾ ਵਧੇਰੇ ਅਸਲੀ ਹੁੰਦਾ ਹੈ।

– ਮੈਨੂੰ ਪੂਰੀ ਤਰ੍ਹਾਂ ਯਾਦ ਨਹੀਂ ਆਉਂਦਾ ਕਿ ਮੇਰਾ 'ਸੁਪਨਾ ਵਧੇਰੇ ਅਸਲੀ ਹੁੰਦਾ ਹੈ' ਤੋਂ ਕੀ ਅਰਥ ਸੀ। ਸ਼ਾਇਦ ਮੈਂ ਅਪ੍ਰਵਾਨ ਦੇ ਸਬੰਧ ਵਿਚ ਕਿਹਾ ਹੋਵੇ, ਅਰਬ-ਸੰਸਾਰ ਵਿਚ ਸੋਚੀ ਨਾ ਜਾ ਸਕਣ ਵਾਲੀ ਹਾਲਤ, ਜਿਥੇ ਅਮੂਰਤ ਅਸਲੀ ਬਣ ਜਾਂਦਾ ਹੈ। ਅਜਿਹੀਆਂ ਹਾਲਤਾਂ ਵਿਚ, ਸੁਪਨੇ ਦੀ ਤਲਾਸ਼ ਵਿਚ ਅਰਬ-ਯਥਾਰਥ ਦਾ ਗੈਰ-ਯਥਾਰਥਕ ਪੱਖ ਆਪਣਾ ਸੰਤੁਲਨ ਪ੍ਰਾਪਤ ਕਰ ਲੈਂਦਾ ਹੈ।

? ਉਹ ਹੈਰਾਨ ਹੋਵੇਗੀ, ਕਵਿਤਾ ਦਾ ਕੀ ਲਾਭ ਹੈ?

ਕਵੀ ਦੋ ਅੱਖਰਾਂ 'ਚੋਂ ਫੁੱਲ ਤੇ ਬਾਰੂਦ ਕੱਢ ਲੈਂਦਾ ਹੈ। ਪਰ ਫੁੱਲਾਂ ਤੇ ਬਾਰੂਦ ਨੇ ਦੋਂਹ ਜੰਗਾਂ ਸਮੇਂ ਕਾਮਿਆਂ ਦਾ ਕਚੂੰਮਰ ਕੱਢ ਦਿੱਤਾ ਸੀ?

– ਤੂੰ ਇਥੇ ਮੇਰੇ ਤੇ ਆਪਣੀ ਪਕੜ ਕੱਸੀ ਜਾ ਰਿਹਾ ਏਂ। ਮੈਂ ਇਹ ਕਦੋਂ ਕਿਹਾ ਸੀ? ਓ ਹਾਂ ਹੁਣ, ਮੈਨੂੰ ਯਾਦ ਆ ਗਿਆ ਇਹ ''ਉਹ ਤਿਤਲੀਆਂ ਦਾ ਭਾਰ ਚੁੱਕਦੀ ਹੈ'' ਕਵਿਤਾ 'ਚੋਂ ਹੈ। ਕੁਝ ਲੋਕ ਹਨ ਜਿਹੜੇ ਕਵਿਤਾ ਦੀ ਸੁੰਦਰਤਾ ਦੀ ਤਲਾਸ਼ ਕਰਦੇ ਹਨ। ਇਹ ਇਕ ਪੁਰਾਣਾ ਝਗੜਾ ਹੈ। ਇਕ ਗਲਤ ਫਹਿਮੀ ਜਿਸਦਾ ਹੱਲ ਨਹੀਂ ਲੱਭਾ। ਕਵਿਤਾ ਤੇ ਸਾਰਥਕਤਾ। ਕਵਿਤਾ ਪ੍ਰਭਾਵਸ਼ਾਲੀ ਨਹੀਂ ਹੋਵੇਗੀ, ਜੇ ਇਹ ਸੁੰਦਰ ਨਹੀਂ ਹੈ, ਇਸੇ ਕਾਰਨ ਹੀ ਸੁੰਦਰਤਾ ਤੇ ਪ੍ਰਭਾਵਸ਼ੀਲਤਾ ਵਿਚ ਸੰਤੁਲਨ ਦੀ ਤਲਾਸ਼ ਜਾਰੀ ਹੈ। ਸੰਕਟ ਦੇ ਸਮੇਂ ਮਨੁੱਖ ਕਵਿਤਾ ਵਿਚੋਂ ਤੁਰੰਤ ਸੁੱਖ ਦੀ ਭਾਲ ਕਰਦਾ ਹੈ। ਉਸਦੀ ਸ਼ੁਭ ਭਾਵਨਾ ਦੇ ਬਾਵਜੂਦ, ਕਵੀ ਆਮ ਕਰਕੇ ਇਹ ਲੋੜ ਪੂਰੀ ਕਰਨ ਦੇ ਕਾਬਿਲ ਨਹੀਂ ਹੁੰਦਾ। ਪਰ ਜੇ ਉਸਨੇ ਕਵੀ ਰਹਿਣਾ ਹੈ ਤਾਂ ਉਸਨੂੰ ਘੱਟੋ ਸੁਹਜ ਤੇ ਸਾਰਥਕਤਾ ਵਿਚਕਾਰ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਭਾਵੇਂ ਕਿ ਸੁਹਜ ਮਨੁੱਖ ਦੀ ਮੰਗ ਅਨੁਸਾਰ ਕਦੇ-ਕਦੇ ਨਾਲ ਕਦਮ ਮਿਲਾ ਕੇ ਚੱਲਣ ਤੋਂ ਝਿਜਕਦਾ ਹੋਵੇ।

? ਹੇ ਪਾਠਕ! ਮੇਰੇ ਕੋਲੋਂ ਨਾ ਗੁਣਗੁਣਾਉਣ ਦੀ ਆਸ ਰੱਖੀਂ ਤੇ ਨਾ ਹੀ ਤੀਬਰ ਆਨੰਦ ਲਈ ਬੇਨਤੀ ਕਰੀਂ।

– ਮੇਰਾ ਸਪੱਸ਼ਟ ਤੌਰ 'ਤੇ ਅਰਥ ਇਹ ਸੀ ਕਿ ਮੇਰਾ ਰੋਲ ਕਿਸੇ ਵੀ ਤਰ੍ਹਾਂ ਆਪਣੀ ਕਵਿਤਾ ਰਾਹੀਂ ਲੋਕਾਂ ਦਾ ਮਨ ਪ੍ਰਚਾਵਾ ਕਰਨਾ ਜਾਂ ਉਹਨਾਂ ਨੂੰ ਨਸ਼ਿਆਉਣਾ ਨਹੀਂ ਸੀ। ਫਰਜ਼ ਵਜੋਂ ਮੈਂ ਪੁੱਛਗਿੱਛ ਕਰਨੀ ਹੈ, ਆਪਣੇ ਸੰਤਾਪ ਨੂੰ ਢੂੰਡਣਾ ਹੈ ਤੇ ਲੋਕਾਂ ਨੂੰ ਕੁਝ ਨਵਾਂ ਦੇਣਾ ਹੈ, ਜੋ ਵੀ ਕਵੀ, ਕਵਿਤਾ ਦੇ ਨਾਂ 'ਤੇ ਮੇਰੀ ਜ਼ਿੰਮੇਵਾਰੀ ਬਣਦੀ ਹੈ।

? ਕਵੀ ਦੀ ਕਵਿਤਾ ਨੇ ਤੈਨੂੰ ਨੰਗਾ ਕਰ ਦਿੱਤਾ ਹੈ?

– ਇਹ ਸੱਚ ਹੈ ਕਿ ਕਈ ਵਾਰ ਕਵੀ ਦੀ ਕਵਿਤਾ ਉਸਨੂੰ ਬਿਲਕੁਲ ਨੰਗਾ ਕਰ ਦਿੰਦੀ ਹੈ। ਉਹ ਖੋਖਲੇ ਪੱਧਰ ਦੀ ਕਵਿਤਾ ਹੈ, ਜਦੋਂ ਦਾਈਏ ਉੱਚੇ ਹੋਣ ਤੇ ਕਵੀ ਹਾਰ ਖਾ ਜਾਵੇ, ਕਿਉਂਕਿ ਉਹ ਇਕ ਅਜਿਹੀ ਚੀਜ਼ ਨਾਲ ਜੂਆ ਖੇਡ ਰਿਹਾ ਹੁੰਦਾ ਹੈ, ਜਿਹੜੀ ਵਿਰੋਧਾਂ ਦੀ ਭਰੀ ਹੁੰਦੀ ਹੈ। ਇਹ ਗੱਲ ਸੀ ਜੋ ਖਲੀਲ ਹਾਊਈ ਨਾਲ ਵਾਪਰੀ, ਇਕ ਕਵੀ ਜਿਹੜਾ ਕਦੇ ਅਨੁਭਵ ਕਰਦਾ ਹੁੰਦਾ ਸੀ ਕਿ ਉਸਦੀ ਕਵਿਤਾ ਉੱਤੇ ਮਜ਼ਬੂਤ ਪਕੜਸ ੀ, ਇਹ 'ਜੁਲਾਈ ਵਾਪਸੀ' ਤੇ 'ਪੁਨਰ ਜਨਮ' ਰਚਨਾਵਾਂ ਤੋਂ ਪ੍ਰਗਟ ਹੁੰਦੀ ਹੈ, ਐਪਰ ਬੈਰੂਤ ਦੀ ਹਾਰ ਤੇ ਮਗਰਲੇ ਹਮਲਿਆਂ ਸਮੇਂ ਉਹ ਬੱਸ, ਬੇਬਸੀ ਵਿਚ ਵੇਖਦਾ ਹੀ ਰਹਿ ਗਿਆ, ਉਸ ਦੀ ਕਵਿਤਾ ਨੇ, ਜਿਸ ਵਿਚ ਉਸਨੇ ਸਭ ਕੁਝ ਲਾ ਦਿੱਤਾ ਸੀ, ਬਦਨਾਮੀ ਦੀ ਹੱਦ ਤੀਕ ਫ਼ਜ਼ੂਲ ਪੱਖ ਲੈਣਾ ਆਰੰਭ ਕਰ ਦਿੱਤਾ ਤੇ ਆਪਣੀ ਕਵਿਤਾ ਦੇ ਅਨੁਸਾਰ ਹੀ ਉਸਨੇ ਆਤਮ ਹੱਤਿਆ ਕਰ ਲਈ। ਇਸ ਨਿਰਾਸਤਾ ਭਰੇ ਕਦਮ ਦਾ ਅਰਥ ਸੀ ਕਿ ਆਪਣੇ ਵਾਅਦੇ ਪੂਰੇ ਕਰਨ ਦਾ ਆਪਣਾ ਹੀ ਢੰਗ ਸੀ ਤੇ ਉਹ ਯਥਾਰਥ ਵਲੋਂ ਉਪਰਾਮ ਹੋ ਚੁੱਕਾ ਸੀ।

? ਕੀ ਤੁਸੀਂ ਹੈਰਾਨ ਹੋਣਾ ਸ਼ੁਰੂ ਨਹੀਂ ਕੀਤਾ ਕਿ ਕਵਿਤਾ ਹਾਲੀ ਵੀ ਹਵਾਈ ਜਹਾਜ਼ਾਂ ਨਾਲੋਂ ਸ਼ਕਤੀਸ਼ਾਲੀ ਹੈ ਜਾਂ ਨਹੀਂ?

– ਮੈਂ ਕਦੇ ਵੀ ਇੰਝ ਨਹੀਂ ਸੋਚਿਆ। ਲੜਾਈ ਵਿਚ ਕੋਈ ਖੁੰਢਾ ਹਥਿਆਰ ਵੀ, ਇਕ ਕਵਿਤਾ ਨਾਲੋਂ ਤਾਕਤਵਰ ਹੁੰਦਾ ਹੈ। ਪਰ ਮੇਰਾ ਨਿਸ਼ਚੇ ਹੀ ਇਹ ਵਿਚਾਰ ਹੈ ਕਿ ਕਵਿਤਾ ਦੀ ਸ਼ਕਤੀ, ਧੀਮੀ, ਅੰਦਰ ਦੀ ਅੰਤਰ ਪ੍ਰਕਿਰਿਆ ਵਿਚ ਹੁੰਦੀ ਹੈ, ਲੜਾਈ ਦੇ ਮੈਦਾਨ ਵਿਚ ਨਹੀਂ। ਕਵਿਤਾ ਕਿਸੇ ਫੌਜ ਨੂੰ ਮਾਰ ਕੇ ਭਜਾ ਨਹੀਂ ਸਕਦੀ, ਸਗੋਂ ਇਹ ਸੰਕੇਤਮਈ ਅਥਵਾ ਅਲੰਕਾਰਕ ਹੁੰਦੀ ਹੈ। ਅਸਲ ਵਿਚ, ਕਵਿਤਾ ਨੇ ਲਗਾਤਾਰ ਆਪਣਾ ਸਾਹਿਤਕ ਤੇ ਸਮਾਜਿਕ ਪ੍ਰਮਾਣ ਪੇਸ਼ ਕਰਨਾ ਹੁੰਦਾ ਹੈ, ਇਹ ਸਾਬਤ ਕਰਨ ਲਈ ਕਿ ਇਹ ਫਜ਼ੂਲ ਨਹੀਂ ਹੁੰਦੀ। ਨਹੀਂ ਮੈਨੂੰ ਸ਼ੱਕ ਹੈ ਕਿ ਕੋਈ ਕਵਿਤਾ ਜਹਾਜ਼ ਨੂੰ ਮਾਰ ਕੇ ਭਜਾ ਸਕਦੀ ਹੈ, ਪਰ ਇਹ ਵੀ ਬਰਾਬਰ ਦਾ ਸੱਚ ਹੈ ਕਿ ਜਹਾਜ਼ਾਂ ਨੇ ਕਦੇ ਵੀ ਕਿਸੇ ਕਵਿਤਾ ਨੂੰ ਮਾਰ ਮੁਕਾਇਆ ਨਹੀਂ।

ਮਨੁੱਖ ਦੀ ਆਤਮਿਕ ਸ਼ਕਤੀ ਅਤੇ ਤਬਾਹਕਰੂ ਸਮਾਜਿਕ ਸ਼ਕਤੀਆਂ ਵਿਚਕਾਰ ਲਗਾਤਾਰ ਜੰਗ ਲੱਗੀ ਰਹਿੰਦੀ ਹੈ। ਜੇ ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ, ਤਾਂ ਨਿਰਸੰਦੇਹ ਕਲਮ ਤਲਵਾਰ ਨਾਲੋਂ ਸ਼ਕਤੀਸ਼ਾਲੀ ਰਹੀ ਹੈ। ਪਰ ਸ਼ਾਬਦਿਕ ਅਰਥਾਂ ਵਿਚ ਟਾਕਰਾ ਕਰਨ ਦੇ ਕੋਈ ਅਰਥ ਨਹੀਂ ਬਣਦੇ। ਜ਼ਾਤੀ ਤੌਰ 'ਤੇ, ਉਹਨਾਂ ਕਵੀਆਂ ਨਾਲ ਕੋਈ ਲਗਾਓ ਨਹੀਂ, ਜਿਹੜੇ ਫਜ਼ੂਲ ਆਸ਼ਾਵਾਦ ਦੇ ਸ਼ਿਕਾਰ ਹਨ ਅਤੇ ਆਪਣੀ ਕਵਿਤਾ ਦੇ ਵਿਰੁੱਧ ਪਦਾਰਥਕ ਤੱਤਾਂ ਦੀ ਮਹੱਤਤਾ ਨੂੰ ਜਾਚਣ ਵਿਚ ਅਸਫ਼ਲ ਹੁੰਦੇ ਹਨ।

? ਸਾਨੂੰ ਇਸ ਬੇਕਿਰਕ ਪਿਆਰ ਤੋਂ ਬਚਾਓ?

ਮੈਂ ਇਹ ਲੇਖ 1967 ਵਿਚ, ਉਸ ਸਮੇਂ ਲਿਖਿਆ ਸੀ, ਜਦੋਂ ਕਿ ਅਰਬ ਸਭਿਆਚਾਰਕ ਜੀਵਨ, ਕਬਜ਼ੇ ਹੇਠ ਆਏ ਇਲਾਕੇ ਦੀ ਕਵਿਤਾ, ਅਥਵਾ ਬਾਰੂਦ ਦੀ ਲੱਭਤ ਦੀਆਂ ਖੁਸ਼ੀਆਂ ਮਨਾ ਰਹੇ ਸੀ। ਅਚਾਨਕ ਹੀ ਸਾਰੀ ਕਵਿਤਾ ਇਸ ਅਸਚਰਜ ਲੱਭਤ ਕਾਰਨ ਦੂਜੀ ਕਵਿਤਾ ਦੀ ਥਾਂ ਲੈ ਰਹੀ ਸੀ। ਇਹ ਗੱਲ ਬੜੀ ਹਿਮਾਕਤ ਭਰੀ ਹੈ ਕਿ ਅਰਬ-ਭਰਾਵਾਂ ਨੂੰ ਅਚਾਨਕ ਹੀ ਅਸੀਂ ਲੱਭ ਪਏ ਹੋਈਏ, ਅਸੀਂ ਜਿਹੜੇ ਕਿ ਪਹਿਲਾਂ ਹੀ ਉੱਥੇ ਸੀ। ਭਾਵੇਂ ਬਹੁਤ ਸਾਰੀਆਂ ਗੱਲਾਂ ਇਸ ਵਰਤਾਰੇ ਦੀ ਵਿਆਖਿਆ ਕਰਦੀਆਂ ਹਨ, ਪਰ ਇਹ ਕਿਸੇ ਤਰ੍ਹਾਂ ਵੀ ਸਹੀ ਸਿੱਧ ਨਹੀਂ ਹੁੰਦਾ, ਕਿਸੇ ਕਵੀ ਦੀ ਰਿਹਾਇਸ਼ ਵਾਲਾ ਦੇਸ਼ ਆਪਣੇ-ਆਪ ਹੀ ਕਵੀ ਦੀ ਪ੍ਰਤਿਭਾ ਦਾ ਪ੍ਰਮਾਣ ਨਹੀਂ ਬਣਨਾ ਚਾਹੀਦਾ। ਇਹ ਹੀ ਕਾਰਨ ਹੈ ਕਿ ਮੈਂ ਅਰਬ-ਸੰਸਾਰ ਦੇ ਸਾਹਿਤਕ ਆਲੋਚਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਸਾਡੀਆਂ ਰਚਨਾਵਾਂ ਪ੍ਰਤੀ ਵਧੇਰੇ ਦਿਆਲੂ ਨਾ ਹੋਇਆ ਕਰਨ। ਤੇ ਉਹਨਾਂ ਨੂੰ ਮੁੱਖ ਤੌਰ 'ਤੇ ਕਲਾਤਮਿਕ ਰਚਨਾਵਾਂ ਵਜੋਂ ਵਾਚਿਆ ਕਰਨ ਤੇ ਸਿਰਫ਼ ਦੇਸ਼ ਭਗਤੀ ਕਾਰਨ ਹੀ ਨਹੀਂ। ਅਸੀਂ ਆਤਮ ਤ੍ਰਿਪਤੀ ਤੋਂ ਬਿਨਾਂ ਹੀ ਸਾਰ ਸਕਦੇ ਹਾਂ।

? ਹੇ ਕਵਿਤਾਵਾਂ ਦੀਆਂ ਰੂਹੋ
ਸਾਡੇ ਮਰ ਗਿਆਂ ਦੇ ਨਾਮ ਸੰਭਾਲਣ ਤੋਂ ਬਿਨਾਂ ਤੁਹਾਡੇ ਕੋਲ ਹੈ ਕੀ?

– ਇਹ ਬਹੁਤ ਵੱਡੀ ਪ੍ਰਾਪਤੀ ਹੋਵੇਗੀ ਜੇ ਕਵਿਤਾਵਾਂ ਨਿਰਸੰਦੇਹ ਸਾਡੇ ਮਰ ਗਏ ਲੋਕਾਂ ਦੇ ਨਾਵਾਂ ਨੂੰ ਸੰਭਾਲ ਰੱਖਣ। ਪਰ ਮੈਨੂੰ ਇਸ ਬਾਰੇ ਕੋਈ ਭਰੋਸਾ ਨਹੀਂ। ਕਵਿਤਾ ਦਾ ਹੋਰ ਵੀ ਵਿਰੋਧਾਭਾਸ ਹੈ। ਮੇਰੀ ਆਪਣੀ ਕਵਿਤਾ ਵਿਚ ਕੀ ਕੁਝ ਜਿਊਂਦਾ ਰਹੇਗਾ? ਮੇਰਾ ਖ਼ਿਆਲ ਹੈ ਕਿ ਹੋਰ ਭਾਵੇਂ ਕੁਝ ਨਾ ਰਹੇ, ਪਰ ਖ਼ਤਮ ਕੀਤੇ ਜਾ ਰਹੇ ਲੋਕਾਂ ਦੀ ਆਵਾਜ਼ ਜਿਊਂਦੀ ਰਹੇਗੀ। ਮੈਂ ਆਪਣੇ ਪਿੱਛੇ ਉਹ ਨਿਸ਼ਾਨੀਆਂ ਜਾਂ ਪੈੜਾਂ ਛੱਡ ਜਾਵਾਂਗਾ, ਜਿਹੜੀਆਂ ਜ਼ਿਆਨਾਦੀਆਂ ਵਲੋਂ ਖ਼ਤਮ ਕੀਤੇ ਜਾ ਰਹੇ ਫਲਸਤੀਨੀਆਂ ਦੀ ਔਖੀ ਘੜੀ ਵਿਚ ਸਮਰੱਥਾ ਦਾ ਪ੍ਰਮਾਣ ਬਣਨਗੀਆਂ। ਸਾਡੀਆਂ ਕਵਿਤਾਵਾਂ ਅਜਿਹੇ ਖ਼ਤਰੇ ਵਿਰੁੱਧ ਢਾਲ ਦਾ ਕੰਮ ਦਿੰਦੀਆਂ ਹਨ। ਉਹ ਲੋਕ, ਜਿਹੜੇ ਆਪਣੀਆਂ ਕਲਾਵਾਂ ਨੂੰ ਸੰਭਾਲ ਰੱਖਦੇ ਤੇ ਅਮੀਰ ਕਰਦੇ ਹਨ, ਰਚਨਾਤਮਕ ਲੋਕ ਹੁੰਦੇ ਹਨ ਤੇ ਕਵਿਤਾ ਉਹਨਾਂ ਦੀ ਰੂਹ ਨੂੰ ਸੰਭਾਲੀ ਰੱਖਦੀ ਹੈ। ਬਦਲੇ ਵਿਚ, ਉਹ ਆਪਣੀ ਕਵਿਤਾ ਨੂੰ ਸੁਰੱਖਿਅਤ ਰੱਖਦੇ ਹਨ।

? ਸਿਰਫ਼ ਕਵਿਤਾ ਲਿਖ ਕੇ ਹੀ
ਮੈਂ ਤੇਰੇ ਪ੍ਰਤੀ ਆਪਣੇ ਪਿਆਰ ਨੂੰ
ਸਾਬਤ ਕਰ ਸਕਦਾ ਸੀ।
(ਸਮੀਹ ਅਲ-ਕਾਸਿਮ ਨੂੰ ਸਮਰਪਿਤ)

– ਅਸਲ ਵਿਚ ਅਣਗਿਣਤ ਵਿਸਥਾਰ, 'ਸਮੀਹ ਕਾਸਿਮ' ਪ੍ਰਤੀ ਮੇਰੇ ਪਿਆਰ ਤੇ ਸਤਿਕਾਰ ਨੂੰ ਪ੍ਰਗਟ ਕਰਦੇ ਹਨ। ਪਰ ਫਿਰ ਵੀ ਅਸਾਂ ਲਿਖਣਾ ਤਾਂ ਹੈ ਹੀ। ਇਹ ਇਕ ਤਰ੍ਹਾਂ ਦੀ ਸਵੈ-ਰੱਖਿਆ ਹੈ, ਭਾਵੇਂ ਕਿ ਕਵਿਤਾਵਾਂ ਨਾਲੋਂ ਹਵਾਈ ਜਹਾਜ਼ ਵੱਧ ਸ਼ਕਤੀਸ਼ਾਲੀ ਹੁੰਦੇ ਹਨ, ਸਾਡੇ ਕੋਲ ਕੋਈ ਹੋਰ ਮੁਤਬਾਦਲ ਰਾਹ ਨਹੀਂ ਹੈ। ਸਾਨੂੰ ਆਤਮਿਕ ਹਾਜ਼ਰੀ ਦੀ ਲੋੜ ਹੁੰਦੀ ਹੈ।

? ਪਰ ਮੈਂ ਗੀਤ ਦੇ ਦਰਿਆ ਮਗਰ ਜਾਵਾਂਗਾ
ਭਾਵੇਂ ਗੁਲਾਬ ਦੇ ਫੁੱਲ ਘੱਟ ਹੀ ਹੋਣ।

– ਹਨੇਰੀਆਂ ਰਾਤਾਂ ਵੀ ਹੁੰਦੀਆਂ ਹਨ ਤੇ ਘੱਟ ਗੁਲਾਬ ਵੀ। ਹਾਲੀ ਹੋਰ ਵੀ ਕਾਲੀਆਂ ਰਾਤਾਂ ਰਾਹ ਵਿਚ ਆਉਣਗੀਆਂ ਤੇ ਸਾਡੀਆਂ ਅੱਖਾਂ ਸਾਹਮਣੇ ਪਹਾੜ ਢਹਿ-ਢੇਰੀ ਹੋ ਜਾਣਗੇ। ਅਸੀਂ ਇਹ ਸਭ ਕੁਝ ਵੇਖਾਂਗੇ ਪਰ ਆਪਣੇ ਸਾਰੇ ਸਾਧਨਾਂ ਨਾਲ ਇਸਦਾ ਵਿਰੋਧ ਜਾਰੀ ਰੱਖਾਂਗੇ। ਭਾਵੇਂ ਇਸ ਦਾ ਅਰਥ ਘੱਟ ਗੁਲਾਬ ਹੀ ਕਿਉਂ ਨਾ ਹੋਣ।

? ਮੁਈਨ ਬਸੀਸੋ?

– ਮੁਈਨ ਬਸੀਸੋ ਫਲਸਤੀਨੀ ਦੇ ਮਹਾਨ ਕਵੀਆਂ ਵਿਚੋਂ ਇਕ ਹੈ। ਅਸਲ ਵਿਚ ਉਹ ਮੇਰਾ ਚਹੇਤਾ ਕਵੀ ਹੈ। ਭਾਵੇਂ ਅਸੀਂ ਮਜਬੂਤ ਮਿੱਤਰਤਾ ਵਿਚ ਬੱਝੇ ਹੋਏ ਹਾਂ, ਪਰ ਸਾਡਾ ਰਿਸ਼ਤਾ ਵਿਰੋਧਮਈ ਵੀ ਹੈ, ਇਹ ਗੱਲ ਸਾਡੀ ਦਸ ਸਾਲ ਲੰਮੀ ਵਾਰਤਾਲਾਪ ਦੇ ਰਾਹ ਵਿਚ ਰੁਕਾਵਟ ਨਹੀਂ ਬਣੀ। ਉਸਦੇ ਕੰਮ ਵਿਚ ਕੁਝ ਕੱਚਪੁਣਾ ਤੇ ਨਿਰਦਈਪੁਣਾ ਵੀ ਹੈ ਕਿ ਨਿਸ਼ਚੇ ਹੀ ਉਹ ਸ਼ਕਤੀਸ਼ਾਲੀ ਤੇ ਤੁਰੰਤ ਪ੍ਰਭਾਵ ਦੀ ਕੋਸ਼ਿਸ਼ ਕਰ ਰਿਹਾ ਹੈ। ਕਿਸੇ ਵੀ ਕਵਿਤਾ ਵਾਂਗ ਠੀਕ ਤੇ ਪ੍ਰਭਾਵਸ਼ਾਲੀ। ਇਹ ਮੇਰੀ ਨਿੱਜੀ ਭਾਵਨਾ ਹੈ ਕਿ ਕਵਿਤਾ ਉਦੋਂ ਹੀ ਪ੍ਰਭਾਵਸ਼ਾਲੀ ਹੁੰਦੀ ਹੈ, ਜਦੋਂ ਇਹ ਹੌਲੀ-ਹੌਲੀ ਧੀਮੀ ਤੋਰੇ ਪਾਠਕਾਂ ਦੀ ਚੇਤਨਾ 'ਤੇ ਪ੍ਰਭਾਵ ਪਾਉਂਦੀ ਹੈ। ਮੈਂ ਸੰਖੇਪ ਝਲਕਾਰਿਆਂ ਵਿਚ ਵਿਸ਼ਵਾਸ ਨਹੀਂ ਕਰਦਾ। ਰਾਵਾਂ ਦੇ ਇਸ ਵਿਰੋਧ ਸਦਕਾ ਹੀ ਸਾਡੇ ਵਿਚ ਕੁਝ ਤਰੇੜ ਪਈ ਸੀ। ਪਰ ਇਕ ਤਰ੍ਹਾਂ ਨਾਲ ਸਾਨੂੰ ਨੇੜੇ ਵੀ ਲਿਆਂਦਾ ਕਿ ਉਸਦੀ ਮੌਤ ਤੇ ਆਖਰੀ ਕਵਿਤਾ ਵੀ ਸਾਨੂੰ ਵੱਖ ਨਾ ਕਰ ਸਕੀ। ਉਹ ਸਦਾ ਹੀ ਮੇਰੇ ਵਿਚ ਹੈ, ਮਨ ਤੇ ਰੂਹ ਵਲੋਂ।

? ਸਮੀਹ ਉਲ ਕਾਸਿਮ।
ਮੈਂ ਤੈਨੂੰ ਆਪਣੇ ਦਿਲ ਦੇ ਕੰਢੇ 'ਤੇ
ਖਿੜਿਆ ਨਰਗਸੀ ਫੁੱਲ ਕਹਿੰਦਾ ਹਾਂ।

– ਮੇਰਾ ਦਿਲ ਇੱਕ ਫੁਹਾਰੇ ਵਾਲਾ ਛੋਟਾ ਤਲਾਅ ਹੈ ਤੇ ਇਹ ਇਕ ਪੱਥਰ 'ਤੇ ਜੜਿਆ ਹੋਇਆ ਹੈ। ਉਥੇ ਸਮੀਹ ਕਾਸਿਮ ਰਹਿੰਦਾ ਹੈ ਤੇ ਉਥੇ ਉਸ ਵਿਚੋਂ ਦੀ ਮੈਂ ਆਪਣੇ-ਆਪ ਨੂੰ ਵੇਖਦਾ ਹਾਂ। ਉਸ ਨਾਲ ਮੇਰੀ ਨੇੜਤਾ ਦੀਆਂ ਭਾਵਨਾਵਾਂ ਇੰਝ ਹਨ, ਜਿਵੇਂ ਜਲਾਵਤਨੀ ਦੇ ਦੇਸ਼ ਨੂੰ ਕੋਈ ਮਾਤ-ਭੂਮੀ ਨਾਲ ਜੋੜਦਾ ਹੈ। ਇਹੀ ਗੱਲ ਸਾਡੇ ਲੋਕਾਂ ਨੂੰ ਆਪੇ ਵਿਚ ਜੋੜਦੀ ਹੈ ਤੇ ਕਦੇ ਵੱਖ ਨਹੀਂ ਕਰ ਸਕਦੀ। ਮੈਂ ਸਮੀਹ ਕਾਸਿਮ ਨੂੰ ਇਸ ਕਾਰਨ ਖ਼ਤ ਨਹੀਂ ਲਿਖਦਾ ਕਿ ਉਹ ਮੇਰਾ ਬਚਪਨ ਦਾ ਯਾਰ ਹੈ, ਜਾਂ ਅਸੀਂ ਦੋਵੇਂ ਇਕੋ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੇ ਹਾਂ, ਸਗੋਂ ਇਸ ਕਾਰਨ ਕਿ ਉਹ ਪਿੱਛੇ ਟਿਕਿਆ ਰਿਹਾ ਤੇ ਮੈਂ ਚਲਾ ਗਿਆ। ਮੈਂ ਇਸ ਦਿਲ ਦੇ ਦੁਆਲੇ ਪ੍ਰਕਰਮਾ ਕਰਨੋਂ ਹੱਟ ਨਹੀਂ ਸਕਦਾ, ਇਸ ਫੁਹਾਰੇ ਵਾਲੇ ਤਲਾਅ ਦੇ।

ਇਹ ਗੱਲ ਮੈਨੂੰ ਜਿਊਂਦੇ ਰੱਖਣ ਵਾਲੀਆਂ ਗੱਲਾਂ ਵਿਚੋਂ ਇਕ ਹੈ, ਮੇਰੀ ਮਨੋਵਿਗਿਆਨਕ ਤੇ ਕਾਵਿਕ ਪਛਾਣ ਵਾਲੀ।

ਮੇਰਾ ਦਿਲ ਇੱਕ ਫੁਹਾਰੇ ਵਾਲਾ ਛੋਟਾ ਤਲਾਅ ਹੈ ਤੇ ਇਹ ਇਕ ਪੱਥਰ 'ਤੇ ਜੜਿਆ ਹੋਇਆ ਹੈ। ਉਥੇ ਸਮੀਹ ਕਾਸਿਮ ਰਹਿੰਦਾ ਹੈ ਤੇ ਉਥੇ ਉਸ ਵਿਚੋਂ ਦੀ ਮੈਂ ਆਪਣੇ-ਆਪ ਨੂੰ ਵੇਖਦਾ ਹਾਂ। ਉਸ ਨਾਲ ਮੇਰੀ ਨੇੜਤਾ ਦੀਆਂ ਭਾਵਨਾਵਾਂ ਇੰਝ ਹਨ, ਜਿਵੇਂ ਜਲਾਵਤਨੀ ਦੇ ਦੇਸ਼ ਨੂੰ ਕੋਈ ਮਾਤ-ਭੂਮੀ ਨਾਲ ਜੋੜਦਾ ਹੈ। ਇਹੀ ਗੱਲ ਸਾਡੇ ਲੋਕਾਂ ਨੂੰ ਆਪੇ ਵਿਚ ਜੋੜਦੀ ਹੈ ਤੇ ਕਦੇ ਵੱਖ ਨਹੀਂ ਕਰ ਸਕਦੀ। ਮੈਂ ਸਮੀਹ ਕਾਸਿਮ ਨੂੰ ਇਸ ਕਾਰਨ ਖ਼ਤ ਨਹੀਂ ਲਿਖਦਾ ਕਿ ਉਹ ਮੇਰਾ ਬਚਪਨ ਦਾ ਯਾਰ ਹੈ, ਜਾਂ ਅਸੀਂ ਦੋਵੇਂ ਇਕੋ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੇ ਹਾਂ, ਸਗੋਂ ਇਸ ਕਾਰਨ ਕਿ ਉਹ ਪਿੱਛੇ ਟਿਕਿਆ ਰਿਹਾ ਤੇ ਮੈਂ ਚਲਾ ਗਿਆ। ਮੈਂ ਇਸ ਦਿਲ ਦੇ ਦੁਆਲੇ ਪ੍ਰਕਰਮਾ ਕਰਨੋਂ ਹੱਟ ਨਹੀਂ ਸਕਦਾ, ਇਸ ਫੁਹਾਰੇ ਵਾਲੇ ਤਲਾਅ ਦੇ। ਇਹ ਗੱਲ ਮੈਨੂੰ ਜਿਊਂਦੇ ਰੱਖਣ ਵਾਲੀਆਂ ਗੱਲਾਂ ਵਿਚੋਂ ਇਕ ਹੈ, ਮੇਰੀ ਮਨੋਵਿਗਿਆਨਕ ਤੇ ਕਾਵਿਕ ਪਛਾਣ ਵਾਲੀ।

? ਤੁਸਾਂ 1981 ਵਿਚ 'ਅਲ-ਕਾਰਮਿਲ' ਨਾਂ ਦਾ ਰੀਵਿਊ ਚਾਲੂ ਕੀਤਾ ਸੀ, ਤੇ ਆਪਣੇ ਪਹਿਲੇ ਹੀ ਸੰਪਾਦਕੀ ਵਿਚ ਤੁਸਾਂ ਰਚਨਾ ਤੇ ਇਨਕਲਾਬ ਵਿਚਾਲੇ ਰਿਸ਼ਤੇ ਬਾਰੇ ਗੱਲ ਕੀਤੀ ਸੀ।

– ਬਿਲਕੁਲ ਠੀਕ। ਇਹ ਉਹ ਮਸਲਾ ਹੈ, ਜਿਹੜਾ ਅਸੀਂ ਉਹਨਾਂ ਲੋਕਾਂ ਵਿਚ ਉਠਾਉਣਾ ਚਾਹੁੰਦੇ ਹਾਂ, ਜਿਹੜੇ ਇਨਕਲਾਬ ਦੇ ਅੰਦਰ-ਅੰਦਰ ਸਾਹਿਤ ਬਾਰੇ ਕੋਈ ਸਮਝ ਰੱਖਦੇ ਹਨ।

ਕੁਝ ਅਜਿਹੀਆਂ ਵੀ ਲਿਖਤਾਂ ਹੁੰਦੀਆਂ ਹਨ, ਜਿਨ੍ਹਾਂ ਰਾਹੀਂ ਉਹ ਉਪਦੇਸ਼ ਦੇਣ ਦਾ ਯਤਨ ਕੀਤਾ ਹੁੰਦਾ ਹੈ ਕਿ ਕਲਾ ਦੇ ਖੇਤਰ ਵਿਚ ਇਨਕਲਾਬ ਲਿਆਏ ਤੋਂ ਬਿਨਾਂ, ਇਨਕਲਾਬ ਦੀ ਸੇਵਾ ਕਿਵੇਂ ਕਰਨੀ ਹੁੰਦੀ ਹੈ। ਦੂਸਰੇ ਪਾਸੇ ਉਹ ਲੋਕ ਵੀ ਹਨ, ਜਿਹੜੇ ਸਾਹਿਤ ਦੇ ਇਨਕਲਾਬੀ ਰੋਲ ਨੂੰ ਨਜ਼ਰ ਅੰਦਾਜ਼ ਕਰਦੇ ਹਨ, ਉਹ ਦਲੀਲ ਦਿੰਦੇ ਹੋਏ ਕਿ ਸਾਹਿਤ ਸੁਤੰਤਰ ਹੁੰਦਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਦੋਵੇਂ ਗੱਲਾਂ ਸੱਚ ਤੋਂ ਦੂਰ ਹਨ। ਨਿਰਸੰਦੇਹ ਸਾਹਿਤ ਰਾਹੀਂ ਇਨਕਲਾਬ ਦੇ ਉਦੇਸ਼ ਨੂੰ ਨਿਭਾਇਆ ਜਾ ਸਕਦਾ ਹੈ, ਪਰ ਇਸਦੇ ਕਾਬਿਲ ਹੋਣ ਲਈ ਸਾਹਿਤ ਦੀਆਂ ਸੰਰਚਨਾਵਾਂ ਵਿਚ ਵੀ ਪਰਿਵਰਤਨ ਲਿਆਉਣਾ ਪਵੇਗਾ। ਸੌਖੇ ਸ਼ਬਦਾਂ ਵਿਚ, ਕਲਾ ਵਿਚ ਇਨਕਲਾਬ ਉਸੇ ਤਰ੍ਹਾਂ ਹਾਜ਼ਰ ਹੋਣਾ ਚਾਹੀਦਾ ਹੈ, ਜਿਵੇਂ ਇਨਕਲਾਬ ਵਿਚ ਕਲਾ ਦੀ ਹੋਂਦ ਜ਼ਰੂਰੀ ਹੈ। ਉਹ ਦੋਵੇਂ ਅੱਡ ਨਹੀਂ ਹੋ ਸਕਦੇ ਤੇ ਕਦੇ ਵੀ ਅਜੋੜ ਨਹੀਂ ਸਮਝਣੇ ਚਾਹੀਦੇ। ਜਿਵੇਂ ਕਿ ਕੁੱਝ ਬੁੱਧੀਜੀਵੀ ਕਰਨ ਦਾ ਯਤਨ ਕਰਦੇ ਹਨ।

? ਜਿਸ ਦਿਨ ਮੇਰੇ ਸ਼ਬਦ ਮਿੱਟੀ ਵਿਚ ਰਚੇ ਗਏ ਸੀ
ਮੈਂ ਕਣਕ ਦੇ ਨਾੜ ਦਾ ਮਿੱਤਰ ਬਣ ਗਿਆ।

– ਜਿਸ ਦਿਨ ਜਦੋਂ ਮੇਰੇ ਸ਼ਬਦ ਪੱਥਰਾਂ 'ਚੋਂ ਤਰਾਸ਼ੇ ਗਏ
ਮੈਂ ਵਗਦੀ ਨਦੀ ਦਾ ਮਿੱਤਰ ਬਣ ਗਿਆ
ਜਿਸ ਦਿਨ ਮੇਰੇ ਸ਼ਬਦਾਂ ਵਿਚ ਰੋਹ ਭਰ ਗਿਆ
ਮੈਂ ਜ਼ੰਜੀਰਾਂ ਦਾ ਮਿੱਤਰ ਬਣ ਗਿਆ
ਜਿਸ ਦਿਨ ਮੇਰੇ ਸ਼ਬਦ ਕਰਾਂਤੀ ਬਣ ਗਏ
ਮੈਂ ਆਸ਼ਾਵਾਦੀ ਬਣ ਗਿਆ
ਜਦੋਂ ਮੇਰੇ ਸ਼ਬਦ ਸ਼ਹਿਦ ਬਣ ਗਏ
ਮੇਰੇ ਬੁੱਲ੍ਹਾਂ 'ਤੇ ਮੱਖੀਆਂ ਆ ਬੈਠੀਆਂ

? ਮੈਂ ਤੈਨੂੰ ਆਰੰਭ ਆਖਾਂ
ਜਾਂ ਅੰਤ ਕਹਾਂ?

– ਆਰੰਭ ਤੇ ਅੰਤ ਇਕ ਨੁਕਤੇ ਤੇ ਮਿਲਦੇ ਹਨ, ਜਿਥੋਂ ਇਕ ਨਵਾਂ ਆਰੰਭ ਫੁੱਟੇ। ਜੇ ਚਾਹੋ ਤਾਂ ਮੈਨੂੰ ਆਰੰਭ ਕਹਿ ਲਵੋ।

? ਤੇ ਇਕ ਵਾਰ ਫਿਰ

– ਆਰੰਭ..... ਮੈਂ ਸਦਾ ਹੀ ਆਰੰਭ ਦੀ ਅਵਸਥਾ ਵਿਚ ਰਹਿਣ ਦੀ ਤਾਂਘ ਕਰਦਾ ਹਾਂ। ਹਰ ਦਿਨ ਹਰ ਕਵਿਤਾ, ਨਵਾਂ ਆਰੰਭ ਹੁੰਦੀ ਹੈ। ਮੈਂ ਅੰਤ ਨੂੰ ਪ੍ਰਵਾਨ ਕਰਨ ਤੋਂ ਇਨਕਾਰੀ ਹਾਂ, ਕਿਉਂਕਿ ਅਸਲ ਵਿਚ ਅਜਿਹਾ ਕੋਈ ਬੰਦਾ ਹੈ ਹੀ ਨਹੀਂ, ਜਿਹੜਾ ਗੁਫ਼ਾਵਾਂ ਵਿਚ ਬੈਠ ਗੀਤ ਬੁਣਦਾ ਰਿਹਾ ਹੋਵੇ। ਅਸੀਂ ਸਦਾ ਹੀ ਮਨੁੱਖਤਾ ਲਈ ਨਵੇਂ ਆਰੰਭ ਲੈ ਕੇ ਆਉਂਦੇ ਹਾਂ, ਨਿਰੰਤਰ ਹੀ। ਮੈਂ ਕੁਝ ਹੋਰ ਦੇਰ ਜਿਉਣਾ ਚਾਹੁੰਦਾ ਹਾਂ, ਕਿ ਮੇਰਾ ਦਿਲ ਮਿੱਤਰਾਂ ਨੂੰ ਜਾਣ ਸਕੇ।


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
$9.99
From March 1 - May 1 2012
Holi & Vaisakhi Specials
KHOYA MITHAI $6.99/LB
JALEBI $1.99
LADDO $2.99
SAMOSAS 3 for $1
Catering $10/head
Book Any Banquet Party
$ 20.00
per person
NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

# ਪੰਜਾਬੀ ਅਕਾਦਮੀ ਲੁਧਿਆਣਾ ਅੰਦਰਲੇ ਸੱਚ ਦਾ ਸੇਕ

ਰਮਨ

ਸਵਾਲ ਉਠਾਇਆ ਗਿਆ ਹੈ ਕਿ ਪੰਜਾਬੀ ਭਵਨ ਅੰਦਰਲੇ ਕਾਰਜਾਂ ਨੂੰ ਕੀ ਪ੍ਰਕਾਸ਼ਕਾਂ ਦੀ ਦੁਕਾਨਦਾਰੀ ਉਪਰ ਕੇਂਦਰਿਤ ਕਰਨਾ ਗੈਰ ਕਾਨੂੰਨੀ ਨਹੀਂ ਹੋਵੇਗਾ? ਇਸ ਸੰਦਰਭ ਵਿਚ ਕਮੇਟੀ ਨੇ ਸੁਝਾਇਆ ਹੈ ਕਿ ਪੰਜਾਬੀ ਭਵਨ ਅੰਦਰਲੀਆਂ ਇਮਾਰਤਾਂ ਜਾਂ ਦੁਕਾਨਾਂ ਪ੍ਰਕਾਸ਼ਕਾਂ ਨੂੰ ਦੇਣ ਦੀ ਥਾਂ ਸਾਹਿਤਕ ਕਾਮਿਆਂ, ਜਿਵੇਂ ਕਿ ਪੰਜਾਬੀ ਟਾਈਪਿਸਟਾਂ, ਬਾਈਂਡਰਾਂ ਆਦਿ ਨੂੰ ਦੇਣੀਆਂ ਵਾਜਬ ਹੋਣਗੀਆਂ ਕਿਉਂਕਿ ਲੇਖਕਾਂ ਨੂੰ ਇਹ ਸੁਵਿਧਾਵਾਂ ਲੈਣ ਲਈ ਹੀ ਅਕਸਰ ਪ੍ਰਕਾਸ਼ਕਾਂ ਦੀ ਬਲੀ ਦਾ ਬੱਕਰਾ ਬਣਨਾ ਪੈਂਦਾ ਹੈ।

ਵਿਵਾਦਾਂ ਵਿਚ ਘਿਰੀ ਹੋਈ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਆਪਣੇ ਮੈਂਬਰਾਂ ਦੀ ਪ੍ਰਕਾਸ਼ਿਤ ਸੂਚੀ ਪੁਸਤਿਕਾ ਜਾਰੀ ਕਰ ਦਿੱਤੀ ਗਈ ਹੈ। ਆਮ ਵਾਂਗ ਇਸ ਪੁਸਤਿਕਾ ਵਿਚ ਵੱਖ-ਵੱਖ ਪ੍ਰਵਰਗਾਂ ਦੇ ਮੈਂਬਰਾਂ ਦੇ ਨਾਮ ਤੇ ਥਹੁ-ਪਤੇ ਪ੍ਰਕਾਸ਼ਿਤ ਕੀਤੇ ਗਏ ਹਨ। ਅਕਾਦਮੀ ਦਾ ਸੰਖੇਪ ਇਤਿਹਾਸ ਤੇ ਸੰਵਿਧਾਨ ਵੀ ਇਸ ਵਿਚ ਦਰਜ ਹੈ। ਅਕਾਦਮੀ ਦੇ ਹੁਣ ਤੱਕ ਰਹੇ ਪ੍ਰਧਾਨਾਂ ਤੇ ਸਕੱਤਰਾਂ ਦੀਆਂ ਇਕੱਠੀਆਂ ਤਸਵੀਰਾਂ ਵੀ ਹੁਣ ਇਸੇ ਪੁਸਤਿਕਾ ਵਿਚ ਹੀ ਦੇਖਣ ਨੂੰ ਮਿਲਣਗੀਆਂ (ਪਹਿਲਾਂ ਇਨ੍ਹਾਂ ਤਸਵੀਰਾਂ ਲਈ ਅਕਾਦਮੀ ਇਮਾਰਤ ਦੀ ਆਰਟ ਗੈਲਰੀ ਰਾਖਵੀਂ ਸੀ, ਇਹ ਆਰਟ ਗੈਲਰੀ ਹੁਣ ਇਕ ਦੁਕਾਨਦਾਰ ਨੂੰ ਮਾਮੂਲੀ ਕਿਰਾਏ 'ਤੇ ਦੇ ਦਿੱਤੀ ਗਈ ਹੈ)

ਇਸ ਸੂਚੀ ਪੁਸਤਿਕਾ ਦੇ ਨਾਲ ਅਕਾਦਮੀ ਦੁਆਰਾ ਇਕ ਵਿਸ਼ੇਸ਼ ਰਿਪੋਰਟ ਵੀ ਜਾਰੀ ਕੀਤੀ ਗਈ ਹੈ। ਇਹ ਰਿਪੋਰਟ ਸੁਰਿੰਦਰ ਕੈਲੇ, ਮਿੱਤਰ ਸੈਨ ਮੀਤ ਤੇ ਸ.ਪ. ਸਿੰਘ 'ਤੇ ਆਧਾਰਿਤ ਸਾਹਿਤ ਅਕਾਦਮੀ ਟੀਮ ਨੇ ਕਾਫੀ ਘੋਖ਼ ਪੜਤਾਲ ਉਪਰੰਤ ਤਿਆਰ ਕੀਤੀ ਹੈ। ਪਹਿਲੀ ਨਜ਼ਰੇ ਇਹ ਰਿਪੋਰਟ ਹੈਰਾਨ ਕਰ ਦੇਣ ਵਾਲੀ ਜਾਪਦੀ ਹੈ, ਇਸ ਕਰਕੇ ਨਹੀਂ ਕਿ ਇਸ ਵਿਚ ਕੋਈ ਸਨਸਨੀਖੇਜ਼ ਖੁਲਾਸੇ ਕੀਤੇ ਗਏ ਹਨ, ਸਗੋਂ ਇਸ ਕਰਕੇ ਕਿ ਅਕਾਦਮੀ ਦੀ ਮੌਜੂਦਾ ਟੀਮ ਦੁਆਰਾ ਇਹ ਰਿਪੋਰਟ ਤਿਆਰ ਕਰ ਕੇ ਨਸ਼ਰ ਕਰਨ ਦਾ ਕੰਮ ਆਖਰ ਕਿਵੇਂ ਹੋ ਗਿਆ। ਇਹ ਰਿਪੋਰਟ ਉਸ ਆਲੋਚਨਾਤਮਿਕ ਚਰਚਾ ਦੀ ਪੁਸ਼ਟੀ ਕਰਦੀ ਹੈ, ਜਿਹੜੀ ਅਕਾਦਮੀ ਦੇ ਪ੍ਰਬੰਧ ਹੇਠਲੇ ਪੰਜਾਬੀ ਭਵਨ ਦੇ ਦੁਰਪ੍ਰਬੰਧ ਨੂੰ ਲੈ ਕੇ ਤੇ ਕਿਸੇ ਹੱਦ ਤੱਕ ਭ੍ਰਿਸ਼ਟਾਚਾਰ ਨੂੰ ਲੈ ਕੇ ਸਾਹਿਤਕ ਹਲਕਿਆਂ ਵਿਚ ਛਿੜੀ ਹੋਈ ਸੀ। ਸਾਹਿਤ ਅਕਾਦਮੀ ਦੁਆਰਾ ਗਠਿਤ ਤਿੰਨ ਮੈਂਬਰੀ ਕਮੇਟੀ ਨੇ ਅਕਾਦਮੀ ਦੀ ਕਾਰਜਕਾਰਨੀ ਵੱਲੋਂ ਪਿਛਲੇ ਕੁਝ ਅਰਸੇ ਦੌਰਾਨ ਲਏ ਗਏ ਫੈਸਲਿਆਂ, ਇਸ ਦੀ ਕਾਰਜਸ਼ੈਲੀ ਅਤੇ ਇਸ ਦੇ ਪ੍ਰਤੱਖ ਦਿਖਾਈ ਦੇ ਰਹੇ ਸਿੱਟਿਆਂ ਦੀ ਬਾਰੀਕੀ ਨਾਲ ਪੜਤਾਲ ਕੀਤੀ ਹੈ ਅਤੇ ਨਾਲੋ-ਨਾਲ ਇਨ੍ਹਾਂ ਦੇ ਕਾਨੂੰਨੀ ਪੱਖ ਵੀ ਵਿਚਾਰੇ ਹਨ। ਰਿਪੋਰਟ ਵਿਚ ਪਾਇਆ ਗਿਆ ਹੈ ਕਿ ਅਕਾਦਮੀ ਹੇਠਲੇ ਪੰਜਾਬੀ ਭਵਨ ਦੇ ਪ੍ਰਬੰਧ ਵਿਚ ਭਾਰੀ ਗੜਬੜ ਹੈ। ਇਹ ਅਹਿਮ ਸੰਸਥਾ ਹੌਲੀ-ਹੌਲੀ ਦੁਰਪ੍ਰਬੰਧ ਦੀ ਭੇਂਟ ਚੜ੍ਹਦੀ ਦਿਖਾਈ ਦੇ ਰਹੀ ਹੈ। ਅਕਾਦਮੀ, ਜਿਸ ਦਾ ਅਸਲ ਉਦੇਸ਼ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਵਿਕਾਸ ਕਰਨਾ ਹੈ, ਕੁਝ ਇਕ ਵਪਾਰੀਆਂ ਦੇ ਹਿੱਤਾਂ ਦੀ ਪੂਰਤੀ ਹੀ ਕਰ ਰਹੀ ਹੈ। ਅਕਾਦਮੀ ਦੀ ਤਿੰਨ ਮੈਂਬਰੀ ਕਮੇਟੀ ਨੇ ਲੇਕਾਂ ਨੂੰ ਸੁਚੇਤ ਕੀਤਾ ਹੈ ਕਿ ਪੁਸਤਕ ਪ੍ਰਕਾਸ਼ਨਾ ਦੇ ਮਾਮਲੇ ਵਿਚ ਉਨ੍ਹਾਂ ਦਾ ਹੋ ਰਿਹਾ ਸ਼ੋਸ਼ਣ ਕੇਵਲ ਪ੍ਰਕਾਸ਼ਕਾਂ ਦੀ ਤਜਾਰਤ-ਬਿਰਤੀ ਤੇ ਮਨਮਰਜ਼ੀ ਦਾ ਨਤੀਜਾ ਨਹੀਂ, ਸਗੋਂ ਇਹ ਇਕ ਮਿਲੀਭੁਗਤ ਦਾ ਸਿੱਟਾ ਹੈ ਤੇ ਇਸ ਮਿਲੀਭੁਗਤ ਵਿਚ ਅਕਾਦਮੀ ਦੇ ਕੁਝ ਚੁਣੇ ਹੋਏ ਅਹੁਦੇਦਾਰਾਂ ਦੀ ਭੂਮਿਕਾ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ।





ਪੰਜਾਬੀ ਸਾਹਿਤ ਅਕਾਦਮੀ ਦੀ ਤਿੰਨ ਮੈਂਬਰੀ ਕਮੇਟੀ ਨੇ ਪੰਜਾਬੀ ਭਵਨ ਦੀ ਵਰਤੋਂ ਸਬੰਧੀ ਬੜੇ ਅਹਿਮ ਤੇ ਬੁਨਿਆਦੀ ਨੁਕਤੇ ਉਠਾਏ ਹਨ। ਇਸ ਵਿਚ ਬਿਆਨ ਕੀਤਾ ਗਿਆ ਹੈ ਕਿ ਅਕਾਦਮੀ ਵੱਲੋਂ ਕਾਫੀ ਸਮਾਂ ਪਹਿਲਾਂ ਇਕ ਵਿਅਕਤੀ ਨੂੰ ਪੰਜਾਬੀ ਭਵਨ ਅੰਦਰ ਇਕ ਦੁਕਾਨ ਪੁਸਤਕ ਵਿਕਰੀ ਕੇਂਦਰ ਚਲਾਉਣ ਲਈ ਮਾਮੂਲੀ ਕਿਰਾਏ 'ਤੇ ਦਿੱਤੀ ਗਈ ਸੀ। ਇਸ ਦੁਕਾਨ ਵਿਚ ਇਸ ਵਿਅਕਤੀ ਵੱਲੋਂ ਲੇਖਕਾਂ ਤੋਂ ਪੇਸ਼ਗੀ ਪੈਸੇ ਲੈ ਕੇ ਪੁਸਤਕ ਪ੍ਰਕਾਸ਼ਨ ਦਾ ਕਾਰੋਬਾਰ ਚਲਾਇਆ ਗਿਆ। ਲੇਖਕਾਂ ਦੀ ਲੁੱਟ ਤੋਂ ਕੀਤੀ ਕਮਾਈ ਸਦਕਾ ਇਹ ਵਿਅਕਤੀ ਇਸ ਸਮੇਂ ਆਪਣਾ ਕਾਰੋਬਾਰ ਖੂਬ ਫੈਲਾਅ ਰਿਹਾ ਹੈ। ਉਸ ਨੇ ਹੀਲਾ-ਵਸੀਲਾ ਵਰਤ ਕੇ ਪੰਜਾਬੀ ਭਵਨ ਦੀ ਆਰਟ ਗੈਲਰੀ 'ਤੇ ਵੀ ਕਬਜ਼ਾ ਕਰ ਲਿਆ ਹੈ। ਰਿਪੋਰਟ ਵਿਚ ਜਾਪਦਾ ਹੈ ਕਿ ਆਪਣਾ ਅੱਡਾਨੁਮਾ ਪ੍ਰਕਾਸ਼ਨ ਤੇ ਪੁਸਤਕ ਵਿਕਰੀ ਕੇਂਦਰ ਵਜੋਂ ਹੱਥ ਹੇਠ ਆਈ ਲੇਖਕਾਂ ਦੀ ਆਰਟ ਗੈਲਰੀ ਨੂੰ ਉਹ ਹਾਲ ਦੀ ਘੜੀ ਛੱਡਣ ਲਈ ਤਿਆਰ ਨਹੀਂ ਹੈ। ਤਿੰਨ ਮੈਂਬਰੀ ਕਮੇਟੀ ਨੇ ਸਵਾਲ ਉਠਾਇਆ ਹੈ ਕਿ ਇਸ ਤਰ੍ਹਾਂ ਦੇ ਕਬਜ਼ਿਆਂ ਤੋਂ ਪੰਜਾਬੀ ਭਵਨ ਨੂੰ ਕਿਸ ਤਰ੍ਹਾਂ ਮੁਕਤ ਕਰਵਾਇਆ ਜਾਵੇ।



ਸਾਹਿਤ ਅਕਾਦਮੀ ਦੀ ਰਿਪੋਰਟ ਵਿਚ ਪੰਜਾਬੀ ਭਵਨ ਅੰਦਰ ਉਸਾਰੇ ਜਾ ਰਹੇ, ਅੱਧ ਵਿਚਕਾਰ ਲਟਕੇ, ਸਾਈਂ ਮੀਆਂ ਮੀਰ ਪੁਸਤਕ ਬਾਜ਼ਾਰ ਦੀ ਲੋੜ ਬਾਰੇ ਜਾਂ ਇਸ ਦੀ ਉਚਿਤਤਾ ਬਾਰੇ ਵੀ ਕਈ ਸਵਾਲ ਉਠਾਏ ਗਏ ਹਨ। ਮੁੱਖ ਸਵਾਲ ਇਹ ਹੈ ਕਿ ਪੰਜਾਬੀ ਭਵਨ ਅੰਦਰ ਸਰਕਾਰੀ ਗਰਾਂਟਾਂ ਨਾਲ ਕਰਵਾਏ ਜਾ ਰਹੇ ਕਾਰਜਾਂ ਦਾ ਇਹ ਮਕਸਦ ਤਾਂ ਹਰਗਿਜ਼ ਨਹੀਂ ਹੈ ਕਿ ਇਥੇ ਵਪਾਰਕ ਸਭਿਆਚਾਰ ਪ੍ਰਫੁੱਲਿਤ ਕੀਤਾ ਜਾਵੇ। ਸਵਾਲ ਉਠਾਇਆ ਗਿਆ ਹੈ ਕਿ ਪੰਜਾਬੀ ਭਵਨ ਅੰਦਰਲੇ ਕਾਰਜਾਂ ਨੂੰ ਕੀ ਪ੍ਰਕਾਸ਼ਕਾਂ ਦੀ ਦੁਕਾਨਦਾਰੀ ਉਪਰ ਕੇਂਦਰਿਤ ਕਰਨਾ ਗੈਰ ਕਾਨੂੰਨੀ ਨਹੀਂ ਹੋਵੇਗਾ? ਇਸ ਸੰਦਰਭ ਵਿਚ ਕਮੇਟੀ ਨੇ ਸੁਝਾਇਆ ਹੈ ਕਿ ਪੰਜਾਬੀ ਭਵਨ ਅੰਦਰਲੀਆਂ ਇਮਾਰਤਾਂ ਜਾਂ ਦੁਕਾਨਾਂ ਪ੍ਰਕਾਸ਼ਕਾਂ ਨੂੰ ਦੇਣ ਦੀ ਥਾਂ ਸਾਹਿਤਕ ਕਾਮਿਆਂ, ਜਿਵੇਂ ਕਿ ਪੰਜਾਬੀ ਟਾਈਪਿਸਟਾਂ, ਬਾਈਂਡਰਾਂ ਆਦਿ ਨੂੰ ਦੇਣੀਆਂ ਵਾਜਬ ਹੋਣਗੀਆਂ ਕਿਉਂਕਿ ਲੇਖਕਾਂ ਨੂੰ ਇਹ ਸੁਵਿਧਾਵਾਂ ਲੈਣ ਲਈ ਹੀ ਅਕਸਰ ਪ੍ਰਕਾਸ਼ਕਾਂ ਦੀ ਬਲੀ ਦਾ ਬੱਕਰਾ ਬਣਨਾ ਪੈਂਦਾ ਹੈ। ਰਿਪੋਰਟ ਵਿਚ ਇਹ ਸੁਝਾਅ ਵੀ ਸ਼ਾਮਿਲ ਹੈ ਕਿ ਪੰਜਾਬੀ ਭਵਨ ਨੂੰ ਲੇਖਕਾਂ ਦੀ ਮਨੋਬਿਰਤੀ ਦੇ ਅਨੁਕੂਲ ਮਾਹੌਲ ਲਈ ਰਾਖਵਾਂ ਰੱਖਿਆ ਜਾਵੇ। ਇਸ ਨੂੰ ਲੇਖਕਾਂ ਵਿਚ ਧੜੇਬੰਦੀ ਪੈਦਾ ਕਰਨ ਦੇ ਕੇਂਦਰੀ ਸਥਾਨ ਵਜੋਂ ਵਿਕਸਿਤ ਕਰਨ ਤੋਂ ਗੁਰੇਜ਼ ਕੀਤਾ ਜਾਵੇ, ਜਿਵੇਂ ਕਿ ਇਸ ਸਮੇਂ ਇਥੇ ਵਾਪਰ ਰਿਹਾ ਹੈ। ਸ਼ਾਤਰ ਪ੍ਰਕਾਸ਼ਕ ਕੁਝ ਲੇਖਕਾਂ ਤੇ ਅਕਾਦਮੀ ਅਹੁਦੇਦਾਰਾਂ ਨੂੰ ਲਾਲਚ ਦੇ ਕੇ ਆਪਣੇ ਪ੍ਰਭਾਵ ਹੇਠ ਕਰ ਲੈਂਦੇ ਹਨ। ਪੰਜਾਬੀ ਭਵਨ ਅੰਦਰ ਵਧੇਰੇ ਪ੍ਰਕਾਸ਼ਕਾਂ ਦੇ ਪ੍ਰਵੇਸ਼ ਨਾਲ ਵਧੇਰੇ ਧੜੇਬੰਦੀ ਪੈਦਾ ਹੋਵੇਗੀ, ਸਿੱਟੇ ਵਜੋਂ ਇਸ ਦਾ ਮਾਹੌਲ ਹਰ ਸਮੇਂ ਤਣਾਅ ਭਰਪੂਰ ਬਣਿਆ ਰਿਹਾ ਕਰੇਗਾ।

ਅਕਾਦਮੀ ਦੁਆਰਾ ਜਾਰੀ ਇਸ ਰਿਪੋਰਟ ਪ੍ਰਤੀ ਲੇਖਕਾਂ ਦਾ ਰੁਖ਼ ਕਾਫੀ ਸਕਾਰਾਤਮਿਕ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਇਹ ਰਿਪੋਰਟ ਪੰਜਾਬੀ ਭਾਸ਼ਾ ਤੇ ਸਾਹਿਤ ਪ੍ਰਤੀ ਲੋੜੀਂਦੀ ਪ੍ਰਤੀਬੱਧਤਾ, ਸੁਹਿਰਦਤਾ ਅਤੇ ਤੱਥਾਂ ਉਪਰ ਅਧਾਰਿਤ ਹੈ ਤੇ ਅਕਾਦਮੀ ਦੀਆਂ 15 ਅਪ੍ਰੈਲ 2012 ਨੂੰ ਹੋਣ ਜਾ ਰਹੀਆਂ ਚੋਣਾਂ ਉਪਰ ਇਸ ਦਾ ਪ੍ਰਭਾਵ ਪੈਣ ਦੀ ਵੀ ਕਾਫੀ ਸੰਭਾਵਨਾ ਹੈ।


## Elite Driving School

Learn to drive with experienced,
caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room
& 10 Hours in Car
Package Available







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

## ਸਤਨਾਮ ਚਾਨਾ ਦਾ ਬਹੁ-ਪਰਤੀ ਸੰਵਾਦ

# ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ





ਸਤਨਾਮ ਚਾਨਾ

ਡਾ. ਹਰਬੰਸ ਸਿੰਘ ਚਾਹਲ
+91-94174-20033
chahalharbans@yahoo.com

ਸਤਨਾਮ ਚਾਨਾ ਦੀ ਵਿਲੱਖਣਤਾ ਬਹੁ-ਪਰਤੀ ਸੰਵਾਦ ਦੀ ਰਚਨਾ ਕਰਨ ਵਿਚ ਹੈ। ਉਸਨੇ ਇਸ ਪੁਸਤਕ ਰਾਹੀਂ ਇਕੋ ਸਮੇਂ ਕਈ ਧਿਰਾਂ ਨਾਲ ਸੰਵਾਦ ਰਚਾਉਣ ਦਾ ਯਤਨ ਕੀਤਾ ਹੈ। ਸਤਨਾਮ ਚਾਨਾ ਦਾ ਇਹ ਬਹੁ-ਪਰਤੀ ਸੰਵਾਦ ਉਸਦੇ ਆਪਣੇ ਤੋਂ ਪਹਿਲੇ ਸਿਧਾਂਤਾਂ, ਫ਼ਲਸਫ਼ਿਆਂ ਤੇ ਇਤਿਹਾਸਾਂ/ਇਤਿਹਾਸਕਾਰਾਂ ਨਾਲ ਵਿਚਾਰਧਾਰਕ ਟਕਰਾਓ ਰਾਹੀਂ ਪ੍ਰਗਟ ਹੁੰਦਾ ਹੈ। ਲੇਖਕ ਦੀ ਇਹ ਸ਼ੁਰੂਆਤੀ ਬੇਨਤੀ ਕਿ, 'ਹੱਥਲੇ ਅਧਿਐਨ ਬਾਰੇ ਵਿਚ ਵਾਅਦਾ ਉੱਕਾ ਨਹੀਂ ਕਿ ਇਹ ਇਤਿਹਾਸ ਦੀ ਕਿਰਤ ਹੈ ਜਾਂ ਸਮਾਜਿਕ ਅਧਿਐਨ ਹੈ ਜਾਂ ਰਾਜਨੀਤਕ ਵਿਸ਼ਲੇਸ਼ਣ ਹੈ'- ਇਸ ਪੁਸਤਕ ਨੂੰ ਇਕ ਬਹੁ-ਪਰਤੀ ਸੰਵਾਦ ਵਜੋਂ ਸਵੀਕਾਰ ਕੀਤੇ ਜਾਣ ਦੀ ਹੀ ਸਨਿਮਰ ਬੇਨਤੀ ਹੈ। ਲੇਖਕ ਦੀ ਇਸ ਬੇਨਤੀ ਨੂੰ ਠੁਕਰਾ ਕੇ ਪੁਸਤਕ ਆਪਣੇ ਆਪ ਨੂੰ ਇਤਿਹਾਸ ਦੀ ਇਕ ਕਿਰਤ ਵਜੋਂ ਵੀ ਸਥਾਪਤ ਕਰਦੀ ਹੈ। ਸਮਾਜਿਕ ਅਧਿਐਨ ਵਜੋਂ ਵੀ ਤੇ ਰਾਜਨਿਤਕ ਵਿਸ਼ਲੇਸ਼ਣ ਵਜੋਂ ਵੀ, ਇਸ ਬਹੁ-ਪਰਤਤਾ ਕਾਰਨ ਇਸਦਾ ਸੰਵਾਦੀ ਖਾਸਾ ਹੋਰ ਵੀ ਦ੍ਰਿੜ ਹੁੰਦਾ ਦਿਸਦਾ ਹੈ। ਲੇਖਕ ਦਾ ਮੁੱਖ ਮੰਤਵ ਬੰਦਾ ਸਿੰਘ ਬਹਾਦਰ ਦੀਆਂ ਪ੍ਰਾਪਤੀਆਂ ਨੂੰ ਸਹੀ ਰੌਸ਼ਨੀ ਵਿਚ ਪੇਸ਼ ਕਰਨ ਦਾ ਹੈ ਪਰੰਤੂ ਇਹ ਪੁਸਤਕ ਇਸ ਮੰਤਵ ਦੀ ਪੂਰਤੀ ਲਈ ਲੇਖਕ ਦੀ ਯਾਤਰਾ ਦਾ ਪਹਿਲਾ ਪੜਾਅ ਤੈਅ ਕਰਦੀ ਹੈ ਤੇ ਬੰਦਾ ਸਿੰਘ ਬਹਾਦਰ ਦੇ ਇਤਿਹਾਸਕ ਤੇ ਸਿਧਾਂਤਕ ਪਿਛੋਕੜ ਵਿਚੋਂ ਉਨ੍ਹਾਂ ਸੰਦਰਭਾਂ ਦੀ ਨਿਸ਼ਾਨਦੇਹੀ ਕਰਦੀ ਹੈ ਜਿਨ੍ਹਾਂ ਵਿਚ ਰੱਖਕੇ ਉਸਦੀਆਂ ਪ੍ਰਾਪਤੀਆਂ ਨੂੰ ਸਹੀ ਤੌਰ 'ਤੇ ਆਂਕਿਆ ਜਾ ਸਕੇ। ਨਿਸ਼ਚੇ ਹੀ ਇਸ ਨਿਸ਼ਾਨੇ ਦੀ ਸਫ਼ਲਤਾ ਇਨ੍ਹਾਂ ਸੰਦਰਭਾਂ ਦੀ ਸਹੀ-ਸਹੀ ਪਛਾਣ 'ਤੇ ਨਿਰਭਰ ਕਰੇਗੀ।

ਸਤਨਾਮ ਚਾਨਾ ਦੀ ਬਹੁ-ਪਰਤੀ ਸੰਵਾਦ ਦੀ ਪਹਿਲੀ ਪਰਤ ਇਤਿਹਾਸ ਦੀ ਹੈ। ਉਹ ਇਸ ਪੁਸਤਕ ਵਿਚ ਇਤਿਹਾਸ ਕੀ ਹੈ, ਸੰਤੁਲਿਤ ਤੇ ਅਸੰਤੁਲਿਤ ਇਤਿਹਾਸ ਵਿਚ ਕੀ ਅੰਤਰ ਹੁੰਦਾ ਹੈ ਆਦਿ ਪ੍ਰਸ਼ਨਾਂ ਬਾਰੇ ਥਾਂ-ਪੁਰ-ਥਾਂ ਚਰਚਾ ਕਰਦਾ ਹੈ। ਇਤਿਹਾਸ, ਸਮਾਜਿਕ, ਆਰਥਿਕ ਤੇ ਰਾਜਨਿਤਕ ਪ੍ਰਸਥਿਤੀਆਂ ਵਿਚ ਅਵਾਪਰਦੀਆਂ ਤਬਦੀਲੀਆਂ ਦਾ ਨਾਮ ਹੀ ਹੈ, ਪਰ ਇਹ ਤਬਦੀਲੀਆਂ ਅਲੌਕਿਕ ਜਾਂ ਚਮਤਕਾਰੀ ਨਹੀਂ ਹੁੰਦੀਆਂ ਸਗੋਂ ਕਿਸੇ ਤਰਕ ਜਾਂ ਨੇਮ ਅਨੁਸਾਰ ਵਾਪਰਦੀਆਂ ਹਨ। ਘਟਨਾਵਾਂ ਦੇ ਇਸ ਬੁਨਿਆਦੀ ਤਰਕ ਨੂੰ ਨਜ਼ਰਅੰਦਾਜ਼ ਕਰਕੇ ਰਚਿਆ ਇਤਿਹਾਸ ਇਤਿਹਾਸ ਨਹੀਂ ਹੈ। ਸਤਨਾਮ ਚਾਨਾ ਇਤਿਹਾਸ ਦੀ ਮਿਥਿਹਾਸਿਕਤਾ ਨੂੰ ਸਾਹਿਤਕਤਾ ਜਾਂ ਕਾਵਿਕਤਾ ਦਾ ਨਾਮ ਵੀ ਦਿੰਦਾ ਹੈ। ਸਹੀ ਇਤਿਹਾਸ ਵਾਸਤੇ ਪਰਿਕਲਪਨਾਵਾਂ ਤੋਂ ਆਜ਼ਾਦ ਹੋਣਾ ਅਤਿ ਜ਼ਰੂਰੀ ਹੈ। ਸਤਨਾਮ ਚਾਨਾ ਅਨੁਸਾਰ ਇਤਿਹਾਸਕਾਰੀ 'ਹਿੱਤਾਂ ਦੀ ਖੇਡ ਹੈ'। ਵਰਤਮਾਨ ਇਤਿਹਾਸਕ ਖੋਜ ਦੀ ਅਸਪਸ਼ਟਤਾ, ਸੰਕੀਰਣਤਾ, ਉਲਾਰਪਣ ਤੇ ਪੱਖ਼ਪਾਤ ਹਾਕਮ ਵਰਗ ਜਾਂ ਪ੍ਰਧਾਨ ਜਮਾਤ ਲਈ ਹਿਤਕਾਰੀ ਹੈ। ਇਹ ਹਾਕਮ ਵਰਗ ਵਲੋਂ ਵਰਤਿਆ ਜਾਣ ਵਾਲਾ ਚੇਤੰਨ ਹਥਿਆਰ ਹੈ ਜਿਸਦੀ ਮਦਦ ਨਾਲ ਉਹ ਗਰੀਬ ਜਨਤਾ ਦੀ ਲੁੱਟ-ਖਸੁੱਟ ਨੂੰ ਜਾਰੀ ਰੱਖਣ ਤੇ ਆਪਣੇ ਆਪ ਦੀ ਪੁਸ਼ਟੀ ਕਰਨ ਦਾ ਯਤਨ ਕਰਦਾ ਹੈ। ਦੱਬੇ-ਕੁਚਲੇ ਕਿਰਤੀ ਵਰਗ ਦਾ ਇਹ ਫ਼ਰਜ਼ ਹੈ ਕਿ ਇਤਿਹਾਸ ਦੇ ਖੇਤਰ ਵਿਚ ਹਿੱਤਾਂ ਦੀ ਇਸ ਵਿਚਾਰਧਾਰਕ ਲੜਾਈ ਨੂੰ ਵੀ ਵਰਗ ਸੰਘਰਸ਼ ਦਾ ਹਿੱਸਾ ਸਮਝ ਕੇ ਲੜੇ।

ਸਤਨਾਮ ਚਾਨਾ ਇਸ ਪੁਸਤਕ ਵਿਚ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਵਿਚ ਪਾਏ ਜਾਂਦੇ ਭਰਮ-ਭੁਲੇਖੇ ਦੂਰ ਕਰਨ ਲਈ ਇਤਿਹਾਸ ਦੇ ਸਿਧਾਂਤਕ ਮਸਲਿਆਂ, ਇਤਿਹਾਸਕ ਘਟਨਾਵਾਂ ਤੇ ਤੱਥਾਂ ਨਾਲ ਦੋ ਚਾਰ ਹੁੰਦਾ ਹੈ। ਲੇਖਕ ਅਨੁਸਾਰ ਬੰਦਾ ਸਿੰਘ ਬਹਾਦਰ ਦੀਆਂ ਪ੍ਰਾਪਤੀਆਂ ਸਿੱਖ ਲਹਿਰ ਦਾ ਸੁਭਾਵਕ ਸਿੱਟਾ ਸਨ। ਇਸ ਲਈ ਸਿੱਖ ਲਹਿਰ ਦੇ ਉਥਾਨ ਤੇ ਵਿਕਾਸ ਦਾ ਅਧਿਐਨ ਇਸ ਪੁਸਤਕ ਵਿਚ ਸ਼ਾਮਲ ਹੈ, ਪਰੰਤੂ ਸਤਨਾਮ ਚਾਨਾ ਇਥੋਂ ਤੱਕ ਸੰਤੁਸ਼ਟ ਨਹੀਂ ਹੋ ਜਾਂਦਾ। ਉਹ ਸਿੱਖ ਲਹਿਰ ਤੋਂ ਪਹਿਲਾਂ ਦੇ ਪੰਜਾਬ ਬਾਰੇ ਹੀ ਨਹੀਂ ਸਗੋਂ ਸਮੁੱਚੇ ਭਾਰਤ ਬਾਰੇ ਵੀ ਚਰਚਾ ਕਰਦਾ ਹੈ ਅਤੇ ਉਸ ਪ੍ਰਾਚੀਨ ਪਿਠ-ਭੂਮੀ ਵਿਚੋਂ ਸਿੱਖ ਲਹਿਰ ਦੀਆਂ ਸਮਾਜਿਕ, ਰਾਜਨੀਤਕ ਤੇ ਵਿਚਾਰਧਾਰਕ ਜੜ੍ਹਾਂ ਲੱਭਦਾ ਹੈ। ਇਤਿਹਾਸਕਾਰੀ ਦੀਆਂ ਵਿਕ੍ਰਿਤੀਆਂ ਕਾਰਨ ਸਿੱਖ ਇਤਿਹਾਸ ਦਾ ਚਿਹਰਾ-ਮੁਹਰਾ ਧੁੰਦਲਾ ਹੁੰਦਾ ਗਿਆ ਹੈ ਤੇ ਇਹ ਮਿਥਿਹਾਸਕਤਾ ਦੀ ਪੁੱਠ ਤੋਂ ਬੱਚ ਨਹੀਂ ਸਕਿਆ। ਜਿਨ੍ਹਾਂ ਸੂਰਮਿਆਂ ਤੇ ਸ਼ਹੀਦਾਂ ਨੂੰ ਸਿੱਖ ਲਹਿਰ ਦਾ ਮਾਣ ਕਿਹਾ ਜਾ ਸਕਦਾ ਸੀ, ਉਨ੍ਹਾਂ ਨੂੰ ਅਪਰਾਧੀ ਤੇ ਸਰਾਪੇ ਹੋਏ ਗਰਦਾਨ ਦਿੱਤਾ ਗਿਆ। ਸਤਨਾਮ ਚਾਨਾ ਨੇ ਨਾ ਸਿਰਫ਼ ਸਿੱਖ ਇਤਿਹਾਸ ਦੀ ਇਸ ਵਿਕ੍ਰਿਤੀ 'ਤੇ ਉਂਗਲ ਧਰਨ ਦੀ ਹੀ ਕੋਸ਼ਿਸ਼ ਕੀਤੀ ਹੈ ਸਗੋਂ ਇਸ ਦੇ ਕਾਰਨਾਂ ਦਾ ਜਮਾਤੀ ਤੇ ਵਿਗਿਆਨਕ ਵਿਸ਼ਲੇਸ਼ਣ ਵੀ ਕੀਤਾ ਹੈ ਕਿ ਇਹ ਗਲਤੀਆਂ ਕਿਵੇਂ ਹੋਈਆਂ, ਕਿਨ੍ਹਾਂ ਦੁਆਰਾ ਤੇ ਕਿਉਂ ਕੀਤੀਆਂ ਗਈਆਂ। ਉਸ ਅਨੁਸਾਰ ਬਹੁਤੇ ਇਤਿਹਾਸਕਾਰ 'ਵਿਸ਼ੇਸ਼ ਪ੍ਰਤੀਬੱਧਤਾਵਾਂ, ਬੇਲੋੜੇ ਉਲਾਰਪਣ, ਕਾਵਿਕ ਮਨੋ-ਵਿਰਤੀ, ਕਾਲਪਨਿਕ ਉਡਾਰੀਆਂ ਅਤੇ ਬੌਧਿਕ ਸੀਮਾਂਵਾਂ' ਦੇ ਸ਼ਿਕਾਰ ਹੋ ਜਾਣ ਕਾਰਨ ਸਿੱਖ ਲਹਿਰ ਨਾਲ ਇਨਸਾਫ਼ ਨਹੀਂ ਕਰ ਸਕੇ।

ਲੰਬੇ ਇਤਿਹਾਸਕ ਪਿਛੋਕੜ ਵਿਚ ਰੱਖ ਕੇ ਬੰਦਾ ਸਿੰਘ ਬਹਾਦਰ ਦੀ ਲਹਿਰ ਨੂੰ 'ਪੰਜਾਬ ਕਮਿਊਨ' ਦਾ ਨਾਮ ਦਿੱਤਾ ਗਿਆ ਹੈ। ਬੰਦਾ ਸਿੰਘ ਬਹਾਦਰ ਵਲੋਂ ਜਗੀਰਦਾਰੀ ਪ੍ਰਥਾ ਨੂੰ ਖ਼ਤਮ ਕੀਤੇ ਜਾਣ ਨੂੰ ਸਿੱਖ ਤੇ ਮੁਗ਼ਲ ਜਗੀਰਦਾਰੀ ਦੇ ਵਿਕਾਸ ਦੇ ਸੰਦਰਭ ਵਿਚ ਰੱਖ ਕੇ ਇਕ ਇਨਕਲਾਬੀ ਕਦਮ ਸਾਬਿਤ ਕੀਤਾ ਗਿਆ। ਰਜਵਾੜਿਆਂ ਤੇ ਜਗੀਰਦਾਰ ਕੁਲੀਨ ਘਰਾਣਿਆਂ ਦੀ ਆਪਸੀ ਵਿਰੋਧਤਾ ਦੇ ਆਰਥਿਕ ਅਧਾਰਾਂ ਨੂੰ ਸਮਝਣ/ਸਮਝਾਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਤਨਾਮ ਚਾਨਾ ਅਨੁਸਾਰ, ਬੰਦਾ ਸਿੰਘ ਬਹਾਦਰ ਦੀ ਜਗੀਰਦਾਰੀ ਪ੍ਰਥਾ ਨੂੰ ਖ਼ਤਮ ਕੀਤੇ ਜਾਣ ਨਾਲੋਂ ਵੀ ਵਡੇਰੀ ਪ੍ਰਾਪਤੀ ਜਾਤ-ਪਾਤ ਨੂੰ ਖ਼ਤਮ ਕਰਨਾ ਸੀ। ਇਸ ਦੇ ਪਿਛੋਕੜ ਨੂੰ ਸਮਝਣ ਲਈ ਉਹ ਪਿਛੇ ਪ੍ਰਾਚੀਨ ਸਮਿਆਂ ਵੱਲ ਚਲਾ ਜਾਂਦਾ ਹੈ ਜਦੋਂ ਆਰੀਅਨ ਜਾਂ ਸਿਥੀਅਨ ਜਾਤੀਆਂ ਨੇ ਅਜੇ ਭਾਰਤ ਵੱਲ ਕੂਚ ਵੀ ਨਹੀਂ ਸੀ ਕੀਤਾ। ਇਨ੍ਹਾਂ ਦੇ ਆਗਮਨ ਤੋਂ ਪਹਿਲਾਂ ਭਾਰਤੀ ਸਮਾਜ ਵਿਚ ਜਾਤ-ਪਾਤ ਦੀ ਕੀ ਸਥਿਤੀ ਸੀ, ਆਰੀਅਨ ਤੇ ਸਿਥੀਅਨ ਲੋਕਾਂ ਵਿਚ ਜਾਤ-ਪਾਤ ਸੀ ਜਾਂ ਨਹੀਂ, ਉਨ੍ਹਾਂ ਕੌਮਾਂ ਦੀ ਸਮਾਜਿਕ ਬਣਤਰ ਕੀ ਸੀ, ਉਹ ਲੋਕ ਭਾਰਤ ਵਿਚ ਕਦੋਂ ਆਏ ਤੇ ਉਨ੍ਹਾਂ ਦੇ ਇੱਥੇ ਆ ਕੇ ਵਸਣ ਨਾਲ ਪੰਜਾਬੀ ਸਮਾਜ ਵਿਚ ਕੀ ਤਬਦੀਲੀਆਂ ਵਾਪਰੀਆਂ, ਆਰੀਅਨਾਂ ਦੀ ਜਾਤ-ਪਾਤ ਸਿਸਟਮ ਨੂੰ ਕੀ ਦੇਣ ਸੀ, ਸਿਥੀਅਨ ਜੱਟਾਂ ਨੇ ਸਿੱਖ ਲਹਿਰ ਨੂੰ ਤੇਜ਼ੀ ਨਾਲ ਕਿਉਂ ਅਪਣਾ ਲਿਆ ਆਦਿ ਬਹੁਤ ਸਾਰੇ ਪ੍ਰਸ਼ਨ ਹਨ, ਜਿਨ੍ਹਾਂ ਨਾਲ ਸਤਨਾਮ ਚਾਨਾ ਪੰਜਾਬ ਦੇ ਇਤਿਹਾਸ ਨਾਲ ਆਪਣੇ ਵਿਹਾਰਕ ਸੰਵਾਦ ਦੌਰਾਨ ਦੋ-ਚਾਰ ਹੁੰਦਾ ਹੈ। ਜਾਤ-ਪਾਤ ਦੀ ਮੌਜੂਦਾ ਸਥਿਤੀ ਤੇ ਇਸ ਨੂੰ ਖ਼ਤਮ ਕਰਨ ਦੀ ਭਵਿੱਖਤ ਸੰਭਾਵਨਾ ਬਾਰੇ ਖੋਜ ਕਰਨ ਵਾਲਿਆਂ ਲਈ ਸਤਨਾਮ ਚਾਨਾ ਦੀ ਇਹ ਪੁਸਤਕ ਕਾਫ਼ੀ ਲਾਹੇਵੰਦ ਸਾਬਤ ਹੋ ਸਕਦੀ ਹੈ।

ਇਤਿਹਾਸਕ ਵਾਸਤਵਿਕਤਾ ਦੀ ਪ੍ਰਾਪਤੀ ਲਈ ਸਤਨਾਮ ਚਾਨਾ ਮੌਜੂਦਾ ਉੱਘੜ-ਦੁੱਘੜ ਘਟਨਾਵਾਂ ਨੂੰ ਨਵੇਂ ਸੰਦਰਭਾਂ ਅਨੁਸਾਰ ਥਾਂ-ਸਿਰ ਕਰਨ ਦਾ ਯਤਨ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਤੱਥ ਤੇ ਅੰਕੜੇ ਗੁੰਗੇ ਹੁੰਦੇ ਹਨ ਤੇ ਆਪਣੀ ਅਸਲੀਅਤ ਖੁਦ ਬਿਆਨ ਨਹੀਂ ਕਰ ਸਕਦੇ। ਅਸਲੀਅਤ ਦੀ ਸਹੀ ਜਾਣਕਾਰੀ ਲੈਣ ਲਈ ਤੱਥਾਂ ਤੇ ਅੰਕੜਿਆਂ ਨੂੰ ਸਹੀ ਪ੍ਰਸੰਗ ਵਿਚ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ। ਹਾਕਮ ਜਮਾਤ ਦਾ ਹਮੇਸ਼ਾ ਯਤਨ ਹੁੰਦਾ ਹੈ ਕਿ ਉਹ ਇਤਿਹਾਸ ਨੂੰ ਆਪਣੇ ਹਿਤਕਾਰੀ ਪ੍ਰਸੰਗ ਵਿਚ ਪੇਸ਼ ਕਰੇ। ਲੁਟੀਂਦੇ ਕਿਰਤੀ ਵਰਗ ਨੇ ਬਦਲਵੇਂ ਇਤਿਹਾਸ ਦੀ ਸਿਰਜਣਾ ਲਈ ਇਤਿਹਾਸ ਦੀ ਇਸ ਗਲਤ ਪੇਸ਼ਕਾਰੀ ਦਾ ਪੜਦਾ ਫ਼ਾਸ਼ ਕਰਨਾ ਹੁੰਦਾ ਹੈ। ਇਸ ਪੁਸਤਕ ਵਿਚ ਸਤਨਾਮ ਚਾਨਾ ਨੇ ਇਤਿਹਾਸ ਸੰਦਰਭਾਂ ਨੂੰ ਦਰੁਸਤ ਕਰਨ ਦਾ ਭਰਪੂਰ ਅਤੇ ਅਤੀ ਸ਼ਲਾਘਾਯੋਗ ਉੱਦਮ ਕੀਤਾ ਹੈ।




---

ਜਸਕੰਵਲ
+91-98550-84533

# ਸਰਬਜੀਤ ਸੋਹਲ ਦੀ *ਐਵੇਂ ਕਿਵੇਂ*

'ਐਵੇਂ ਕਿਵੇਂ' ਦੀ ਲੇਖਿਕਾ ਡਾ. ਸਰਬਜੀਤ ਕੌਰ ਸੋਹਲ ਦੀ ਕਵਿਤਾ ਬਹੁਪੱਖੀ ਕਵਿਤਾ ਹੈ, ਜਿਸ ਵਿਚ ਜ਼ਿੰਦਗੀ ਦੇ ਕਈ ਰੰਗ ਪੜ੍ਹਨ ਤੇ ਮਹਿਸੂਸ ਕਰਨ ਨੂੰ ਮਿਲਦੇ ਹਨ।

ਸਰਬਜੀਤ ਦੀਆਂ ਕਵਿਤਾਵਾਂ ਅੱਜ ਦੇ ਦੌਰ ਦੀ ਸੋਚਵਾਨ, ਸੰਵੇਦਨਸ਼ੀਲ ਨਾਰੀ ਦੇ ਮਨ ਵਿਚ ਚਲ ਰਹੇ ਦਵੰਦ ਦਾ ਵਖਿਆਨ ਹਨ। ਉਨ੍ਹਾਂ ਵਿਚ ਉਦਾਸੀ, ਪਿਆਰ, ਖੌਫ਼, ਗਮ ਤੇ ਉਡਣ ਦੇ ਸੁਪਨੇ ਮੁੱਖ ਹਨ। ਸਭ ਕਾਸੇ ਦੇ ਬਾਵਜੂਦ ਉਸ ਨੇ ਨਾਰੀ ਦੀ ਉਦਾਸੀ ਤੇ ਬੇਬਸੀ ਨੂੰ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਉਸ ਦੇ ਕਾਵਿ ਸੰਗ੍ਰਹਿ ਦਾ ਨਾਮ 'ਐਵੇਂ ਕਿਵੇਂ' ਵੇਖਿਆ ਜਾਵੇ ਤਾਂ ਜ਼ਿੰਦਗੀ ਦੀ ਹਰ ਹਰਕਤ, ਹਰ ਨਤੀਜੇ ਨੂੰ ਰੂਪਮਾਨ ਕਰਦਾ ਹੈ ਚਾਹੇ ਉਹ ਚੰਗਾ ਹੋਵੇ, ਚਾਹੇ ਮਾੜਾ। ਉਸ ਦਾ ਇਹ ਕਹਿਣਾ ਹੁੰਦਾ ਹੈ ਐਵੇਂ ਕਿਵੇਂ। ਚਾਹੇ ਉਹ ਰੁੱਤਾਂ ਦਾ ਖਹਿ ਕੇ ਲੰਘ ਜਾਣਾ (ਕਿਸੇ ਦਾ ਸਹਿਜ ਸੁਭਾਅ ਤੁਹਾਡੇ ਮਨ ਨੂੰ ਛੂਹ ਜਾਣਾ ਤੇ ਉਸ ਅਹਿਸਾਸ ਨੂੰ ਹਵਾ ਵਿਚ ਮਹਿਸੂਸ ਕਰਨਾ ਤੇ ਉਸ ਮਧੁਰ ਸੰਗੀਤ ਦਾ ਵਜਣਾ ਜੋ ਦਿਲਾਂ ਦੇ ਮਿਲਣ 'ਤੇ ਸੁਣਦਾ ਹੈ।) ਇਹ ਸਭ ਐਵੇਂ ਕਿਵੇਂ ਹਵਾ ਵਿਚ ਮਹਿਸੂਸ ਹੁੰਦਾ ਹੈ। ਬਿਨਾਂ ਉਸ ਬੰਦੇ ਦੀ ਹੋਂਦ ਦੇ।

ਸਰਬਜੀਤ ਨੇ ਨਾਰੀ ਦੇ ਮਨ ਦਾ ਚਿਤਰਣ ਅਪਣੀਆਂ ਕਵਿਤਾਵਾਂ ਰਾਹੀਂ ਬਹੁਤ ਹੀ ਸੁੰਦਰ ਢੰਗ ਨਾਲ ਕੀਤਾ ਹੈ। ਕਿਤੇ ਕਿਤੇ ਤਾਂ ਉਹ ਨਾਰੀ ਨੂੰ ਰੁਖ ਹੀ ਮੰਨਦੀ ਹੈ। 'ਰੁੱਖ ਦਾ ਵੀ ਤਾਂ ਜੀਅ ਕਰਦਾ, ਕੋਈ ਉਸ 'ਤੇ ਛਾਂ ਕਰੇ।' ਸਾਰੀ ਉਮਰ ਨਾਰੀ ਘਰ ਦੇ ਕੰਮਾਂ-ਕਾਰਾਂ ਵਿਚ, ਸਭ ਦੁੱਖ-ਸੁੱਖ ਵੇਖਣ ਵਿਚ, ਤੇ ਸਭ ਲਈ ਸੁਖ ਸੰਜੋਣ ਲਈ ਤੇ ਸਭ ਦੀਆਂ ਸਹੂਲਤਾਂ ਲਈ ਲਗੀ ਰਹਿੰਦੀ ਹੈ, ਆਪਾ ਭੁੱਲ ਕੇ। ਉਸ ਦਾ ਵੀ ਤਾਂ ਜੀਅ ਕਰਦਾ ਹੈ : ਧਰਤ ਸਹਿਲਾਵੇ/ ਸੂਰਜ ਰੁੱਖ ਬਦਲੇ/ਜਾਂ ਫਿਰ ਅੰਬਰ/ ਚੁੰਨੀ ਵਾਂਗੂ ਉਸ ਦੇ ਸਿਰ 'ਤੇ ਆਣ ਟਿਕੇ....। ਇਸ ਦੇ ਨਾਲ ਮਿਲਦੀ ਜੁਲਦੀ ਦੂਜੀ ਕਵਿਤਾ 'ਦੋ ਬੁੱਕ ਛਾਂ' ਵਿਚ ਵੀ ਨਾਰੀ ਮਨ ਦੀ ਵਿਆਥਾ ਨੂੰ ਬਹੁਤ ਚੰਗੀ ਤਰ੍ਹਾਂ ਦਰਸਾਇਆ ਗਿਆ ਹੈ। ਆਮ ਜ਼ਿੰਦਗੀ ਕਿਵੇਂ ਐਵੇਂ ਹੀ ਨਿਕਲ ਜਾਂਦੀ ਹੈ, ਬਿਨਾਂ ਕੁਝ ਖਾਸ ਕੀਤਿਆਂ।

ਜ਼ਿੰਦ ਨਿਮਾਣੀ/ ਰੂਹ ਮਰ ਜਾਣੀ/ ਵਹਿੰਦੀ ਨਦੀ / ਔੜ ਦੀ ਰੁੱਤ/ ਪਰਬਤ ਉਹਲੇ/ ਤਿਖੜੇ ਧੁੱਪ/ ਅੱਗ ਦੇ ਭਾਂਬੜ/ ਰੂਹ ਦਾ ਠਾਰਾ/ ਮਨ ਦਾ ਪਾਲਾ/ ਜ਼ਿੰਦਗੀ ਕੀ ਏ?

ਕਿਤੇ ਕਿਤੇ ਸ਼ਾਇਰਾ ਨੇ ਨਾਰੀ ਨੂੰ ਬੜੀ ਨਿਰਾਸ਼ਾਜਨਕ ਹਾਲ 'ਚ ਦਰਸਾਇਆ ਹੈ 'ਜ਼ਿੰਦਗੀ-3' ਬਰਫ਼ ਦੀ ਡਲੀ ਜਿਹੀ/ ਸਮੁੰਦਰੀ ਲੂਹਣੀ ਭਰੀ/ ਕੁਝ ਸੁਲਗਦੀ/ ਕੁਝ ਡਲਕਦੀ/ ਕੁਝ ਲਰਜਦੀ/ ਕੁਝ ਕਲਪਦੀ/ ਸਵੈ ਸਰਜਿਤ ਸੀਮਾਵਾਂ ਵਿਚ/ ਤਮਾਮ ਜ਼ਿੰਦਗੀ ਐਵੇਂ ਕਿਵੇਂ ਹੀ ਬਸ ਗੁਜ਼ਰ ਗਈ ਤੇ ਕਦੇ ਕਦੇ ਕਵਿਤ੍ਰੀ ਖਾਬਾਂ ਵਿਚ ਵੀ ਉਡਦੀ ਹੈ, ਜਿਸ ਵਿਚ ਸੁੰਦਰ ਸੁਜੀਲੇ ਸੁਪਨਿਆਂ ਵਿਚ ਪਿਆਰ, ਸਮੁੰਦਰ, ਘੋਗੇ ਸਿੱਪੀਆਂ ਫੜਦੇ ਤੇ ਵਹਿੰਦੇ ਤਰਦੇ ਅੱਠ ਖੇਲੀਆਂ ਕਰਦੇ ਜਜ਼ਬਾਤ ਨੇ, ਤਾਰਿਆਂ ਨਾਲ ਲੁਕਣਮੀਟੀ, ਚੰਦ ਨੂੰ ਕਲਾਵੇ ਭਰਨਾ, ਮੁਹੱਬਤ ਦੇ ਗੀਤ ਤੇ ਕਾਇਨਾਤ ਨੂੰ ਸਿਜਦਾ ਕਰਨ ਦੀ ਤਮਨਾ ਹੈ।

ਮੇਰੇ ਮੁਤਾਬਕ ਤਾਂ ਨਾਰੀ ਵੇਦਨਾ ਅਤੇ ਸੰਵੇਦਨਾ ਦਾ ਬਹੁ-ਪਸਾਰੀ ਤੇ ਮੁਕੰਮਲ ਪ੍ਰਤੀਨਿਧਤਾ ਕਰਨ ਵਾਲਾ ਕਾਵਿ-ਸੰਗ੍ਰਹਿ ਹੈ 'ਐਵੇਂ ਕਿਵੇਂ'।






# ਕਣਕ ਦੀ ਐਲਰਜੀ



ਡਾ. ਬਲਵਿੰਦਰ ਕੌਰ
Certified Diabetic Educator
Pfizer India Ltd., Chandigarh
Mob. No : +91-99158-02886
balwinderdietician77@gmail.com

ਦੁਨੀਆ ਭਰ ਵਿਚ ਵੱਡੀ ਗਿਣਤੀ ਲੋਕਾਂ ਨੂੰ ਖੁਰਾਕ ਤੋਂ ਐਲਰਜੀ ਹੁੰਦੀ ਹੈ। ਜਿਹੜਾ ਭੋਜਨ ਅਸੀਂ ਖਾਂਦੇ ਹਾਂ, ਉਨ੍ਹਾਂ ਵਿਚੋਂ ਕਈ ਚੀਜ਼ਾਂ ਤੋਂ ਕਿਸੇ ਨਾ ਕਿਸੇ ਨੂੰ ਐਲਰਜੀ ਹੁੰਦੀ ਹੈ। ਇਸ ਨੂੰ ਖਾ ਕੇ ਉਨ੍ਹਾਂ ਨੂੰ ਬੇਚੈਨੀ ਹੋਣ ਲਗਦੀ ਹੈ ਤੇ ਕਈ ਵਾਰ ਤਾਂ ਇਹ ਜ਼ਿੰਦਗੀ ਲਈ ਖ਼ਤਰਨਾਕ ਵੀ ਸਿੱਧ ਹੁੰਦੀ ਹੈ। ਭੋਜਨ ਐਲਰਜੀ ਉਹ ਹੁੰਦੀ ਹੈ, ਜਦੋਂ ਕਿਸੇ ਖੁਰਾਕੀ ਪਦਾਰਥ ਦੇ ਖਾਣ ਨਾਲ ਸਾਡੀ ਪਾਚਣ ਪ੍ਰਣਾਲੀ ਤਕਲੀਫ ਵਿਚ ਆ ਜਾਂਦੀ ਹੈ। ਇਸ ਦਾ ਕੋਈ ਇਲਾਜ ਨਹੀਂ ਹੁੰਦਾ। ਇਸ ਤੋਂ ਬਚਣ ਦਾ ਇਕੋ ਇਕ ਤਰੀਕਾ ਹੈ ਕਿ ਜਿਸ ਭੋਜਨ ਤੋਂ ਐਲਰਜੀ ਹੋਵੇ, ਉਹ ਨਾ ਖਾਧਾ ਜਾਵੇ।

ਆਮ ਤੌਰ 'ਤੇ ਹੇਠ ਲਿਖੇ ਭੋਜਨ ਐਲਰਜੀ ਲਈ ਜ਼ਿੰਮੇਵਾਰ ਹੁੰਦੇ ਹਨ-

- ਸ਼ੈਲਫਿਸ਼ ਜਿਵੇਂ ਕਿ ਸ਼ਰਿੰਪ, ਕਰੈਬ ਤੇ ਲੋਬਸਟਰ
- ਸੁੱਕੇ ਮੇਵੇ ਜਿਵੇਂ ਕਿ ਬਦਾਮ, ਕਾਜੂ, ਅਖਰੋਟ ਆਦਿ
- ਮੂੰਗਫਲੀ
- ਮੱਛੀ
- ਭੋਜਨ 'ਚ ਵਰਤੇ ਜਾਣ ਵਾਲੇ ਰੰਗ, ਥਿਕਨਰਜ਼ ਤੇ ਭੋਜਨ ਨੂੰ ਸੁਰੱਖਿਅਤ ਰੱਖਣ ਵਾਲੇ ਰਸਾਇਣ (ਮੋਨੋਸੋਡੀਅਮ ਗਲੂਟਾਮੇਟ ਪ੍ਰਮੁੱਖ ਹਨ)

ਜ਼ਿਆਦਾਤਰ ਲੋਕਾਂ ਨੂੰ ਕਣਕ ਤੋਂ ਆਮ ਹੀ ਐਲਰਜੀ ਹੋ ਜਾਂਦੀ ਹੈ ਜਾਂ ਕਹਿ ਲਓ ਖਾਣਾ ਹਜ਼ਮ ਕਰਨ ਦੀ ਸਮਰੱਥਾ ਨਹੀਂ ਰਹਿੰਦੀ।

ਕਣਕ ਐਲਰਜੀ ਸਰੀਰ ਦੀ ਅਸਾਧਾਰਨ ਪ੍ਰਤੀਕਿਰਿਆ ਹੈ ਜੋ ਕਣਕ ਵਿਚਲੇ ਪ੍ਰੋਟੀਨ ਕਾਰਨ ਹੁੰਦੀ ਹੈ। ਕਈ ਕਿਸਮ ਦੇ ਭੋਜਨਾਂ ਵਿਚ ਕਣਕ ਦੇ ਪਦਾਰਥ ਹੁੰਦੇ ਹਨ। ਕਣਕ ਦੀ ਸ਼ਮੂਲੀਅਤ ਵਾਲੇ ਭੋਜਨਾਂ ਤੋਂ ਬਚਣ ਲਈ ਪੈਕੇਟ ਦੇ ਬਾਹਰ ਇਸ ਭੋਜਨ ਅੰਦਰ ਸ਼ਾਮਲ ਤੱਤ ਪੜ੍ਹ ਲੈਣੇ ਚਾਹੀਦੇ ਹਨ।

ਕਣਕ ਰਹਿਤ ਖੁਰਾਕ ਦਾ ਲੇਬਲ ਕਿਵੇਂ ਪੜ੍ਹਿਆ ਜਾਵੇ?

ਇਸ ਗੱਲ ਦਾ ਖਾਸ ਖਿਆਲ ਰੱਖੋ ਕਿ ਹੇਠ ਲਿਖੀ ਸਮੱਗਰੀ ਪੈਕੇਟ ਦੇ ਬਾਹਰ ਨਹੀਂ ਲਿਖੀ ਹੋਣੀ ਚਾਹੀਦੀ।

ਸੁੱਕੀ ਬਰੈਡ,ਚੋਕਰ, ਸੈਮੋਲੀਨਾ(ਸੂਜੀ),ਸੀਰੀਅਲ ਐਕਸਟਰੈਕਟ, ਕਰੈਕਰ ਮੀਲ, ਐਨਰਿਚਡ ਫਲੋਰ, ਗਲੂਟਨ, ਗਰਾਹਮ ਫਲੋਰ, ਹਾਈ ਗਲੂਟਨ ਫਲੋਰ, ਹਾਈ ਪ੍ਰੋਟੀਨ ਫਲੋਰ, ਪੁਗਰੀ ਕਣਕ, ਵਾਈਟਲ ਗਲੂਟਨ, ਵੀਟ ਬਰੈਨ, ਵੀਟ ਜਰਮ, ਵੀਟ ਗਲੂਟਨ, ਵੀਟ ਮਾਲਟ, ਵੀਟ ਸਟਾਰਚ, ਹੋਲ ਵੀਟ, ਰੋਟੀ, ਚਪਾਤੀ, ਹੋਲ ਵੀਟ ਬੈਰੀਜ਼।

ਕਣਕ ਜਾਂ ਕਣਕ ਪਦਾਰਥਾਂ ਦੇ ਹੋਰ ਸੰਭਵ ਸਰੋਤ। ਹੇਠ ਲਿਖੀ ਸਮੱਗਰੀ ਕਣਕ ਪ੍ਰੋਟੀਨ ਦੀ ਮੌਜੂਦਗੀ ਦਰਸਾ ਸਕਦੀ ਹੈ-

- ਗਲੈਟਨਾਈਜ਼ਡ
- ਸਟਾਰਚ
- ਹਾਈਡ੍ਰੋਲਾਈਜ਼ਡ ਵੈਜੀਟੇਬਲ ਪ੍ਰੋਟੀਨ
- ਮੋਡੀਫਾਈਡ ਫੂਡ ਸਟਾਰਚ
- ਮੋਡੀਫਾਈਡ ਸਟਾਰਚ
- ਨੈਚੁਰਲ ਫਲੇਵਰਿੰਗ
- ਸੋਇਆ ਸੌਸ
- ਸਟਾਰਚ ਵੈਜੀਟੇਬਲ
- ਗਮ

ਕਣਕ ਦੀ ਥਾਂ ਵਰਤੇ ਜਾਣ ਵਾਲੇ ਪਦਾਰਥ ਇਸ ਪ੍ਰਕਾਰ ਹਨ-

ਕਣਕ ਰਹਿਤ ਭੋਜਨ ਦਾ ਮਤਲਬ ਹੈ ਕਿ ਕਿਸੇ ਹੋਰ ਅਨਾਜ ਦੀ ਵਰਤੋਂ ਕਰਨਾ। ਹੁਣ ਸਾਡੇ ਕੋਲ ਹਰ ਤਰ੍ਹਾਂ ਦੀ ਬਰੈਡ, ਪਾਸਤਾ ਤੇ ਬੇਕ ਕੀਤੇ ਪਦਾਰਥ ਮੌਜੂਦ ਹਨ ਜੋ ਬਾਜ਼ਾਰ ਵਿਚ ਆਸਾਨੀ ਨਾਲ ਮਿਲ ਜਾਂਦੇ ਹਨ। ਇਹ ਸਾਰੇ ਕਣਕ ਤੋਂ ਬਿਨਾਂ ਅਨਾਜਾਂ ਦੇ ਬਣੇ ਹੁੰਦੇ ਹਨ। ਇਹ ਅਨਾਜ ਉਨ੍ਹਾਂ ਲੋਕਾਂ ਲਈ ਹੁੰਦੇ ਹਨ ਜਿਨ੍ਹਾਂ ਨੂੰ ਕਣਕ ਤੋਂ ਐਲਰਜੀ ਹੁੰਦੀ ਹੈ। ਅਮਰੰਥ, ਐਰੋਰੂਟ, ਬੱਕ ਵੀਟ, ਮੱਕੀ, ਮਿਲਟ, ਓਟ, ਚੌਲ, ਟੈਪੀਓਕਾ ਦੇ ਰੂਪ ਵਿਚ ਇਹ ਉਪਲਬਧ ਹਨ।






# ਔਰਤਾਂ 'ਚ ਛਾਤੀ ਦਾ ਕੈਂਸਰ

ਸਾਦੀਆ ਅਨਵਰ

ਅਲਬਰਟਾ ਵਿਚ 9 ਵਿਚੋਂ 1 ਔਰਤ ਨੂੰ ਉਨ੍ਹਾਂ ਦੇ ਜੀਵਨ ਵਿਚ ਕੈਂਸਰ ਹੁੰਦਾ ਹੈ। 2009 ਵਿਚ ਅਲਬਰਟਾ ਵਿਚ 2000 ਔਰਤਾਂ ਦੀ ਛਾਤੀ ਦੇ ਕੈਂਸਰ ਨਾਲ ਮੌਤ ਹੋਈ। ਇਹ ਔਰਤਾਂ ਵਿਚ ਮੌਤ ਦਾ ਦੂਜਾ ਵੱਡਾ ਕਾਰਨ ਹੈ। ਪਹਿਲਾ ਕਾਰਨ ਹਿਰਦਾ ਰੋਗ ਹੈ। ਭੈਅ ਦੇ ਬਾਵਜੂਦ ਦਾ ਇਕ ਪੱਕਾ ਕੇਸ ਹੈ ਤਾਂ ਉਸਨੂੰ ਜ਼ਰੂਰ ਆਪਣੇ ਪਰਿਵਾਰਕ ਡਾਕਟਰ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ, ਜਿਹੜਾ ਜ਼ਰੂਰ ਉਸਨੂੰ 50 ਸਾਲ ਦੀ ਹੋਣ ਤੋਂ ਪਹਿਲਾਂ ਹੀ ਨਿਰੀਖਣ ਲਈ ਭੇਜ ਦੇਵੇਗਾ।

ਇਹ ਬੀਮਾਰੀ ਹੋਣ ਵਿਚ ਕਈ ਚੀਜ਼ਾਂ ਦਾ ਯੋਗਦਾਨ ਹੈ।

ਸਾਡੇ ਭਾਈਚਾਰੇ ਦੀਆਂ ਸਾਰੀਆਂ ਔਰਤਾਂ ਲਈ ਇਨ੍ਹਾਂ ਰੋਕਥਾਮ ਦੇ ਢੰਗ ਤਰੀਕਿਆਂ ਦੀ ਮਹੱਤਤਾ ਨੂੰ ਸਮਝਣਾ ਜ਼ਰੂਰੀ ਹੈ, ਕਿਉਂਕਿ ਜਾਂਚ ਨਾਲ 30% ਉਮਰ ਵਧ ਸਕਦੀ ਹੈ। ਸਿੱਖਿਅਕ ਵਜੋਂ

| ਉਮਰ | ਤੁਹਾਡੀ ਭੂਮਿਕਾ |
|---|---|
| ਉਮਰ 20-39 ਹੋਣ 'ਤੇ | • ਆਪਣੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਨੂੰ ਲਗਾਤਾਰ ਮਿਲੋ ਅਤੇ ਸੰਭਾਵੀ ਖ਼ਤਰਿਆਂ ਬਾਰੇ ਵਿਚਾਰ-ਵਟਾਂਦਰਾ ਕਰੋ। |
| 40-49 ਸਾਲ ਹੋਣ 'ਤੇ | • ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਤੋਂ ਛਾਤੀ ਦੀ ਵਾਰਸ਼ਿਕ ਜਾਂਚ ਕਰਵਾਓ। ਸੰਭਾਵੀ ਖ਼ਤਰਿਆਂ ਦੀ ਚਰਚਾ ਕਰੋ। |
| 50-69 ਹੋਣ 'ਤੇ | • ਹਰ ਦੋ ਸਾਲ ਬਾਅਦ ਲਗਾਤਾਰ ਸਕਰੀਨਿੰਗ ਕਰਵਾਓ। ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਤੋਂ ਛਾਤੀ ਦੀ ਜਾਂਚ ਕਰਵਾਓ। |
| 70+ ਹੋਣ 'ਤੇ ਖ਼ਤਰਿਆਂ | • ਵਾਰਸ਼ਿਕ ਛਾਤੀ ਦੀ ਜਾਂਚ ਕਰਵਾਓ ਅਤੇ ਛਾਤੀ ਦੇ ਕੈਂਸਰ ਦੀ ਸੰਭਾਵੀ ਬਾਰੇ ਵਿਚਾਰ-ਵਟਾਂਦਰਾ ਕਰੋ ਅਤੇ ਆਪਣੇ ਡਾਕਟਰ ਤੋਂ ਸਕਰੀਨਿੰਗ ਕਰਵਾਓ। |

ਜਿਹੜਾ ਸ਼ਬਦ 'ਛਾਤੀ ਦਾ ਕੈਂਸਰ' ਤੋਂ ਪੈਦਾ ਹੁੰਦਾ ਹੈ, ਇਹ ਇਲਾਜ ਯੋਗ ਹੈ ਬਸ਼ਰਤੇ ਇਸਦਾ ਮੁਢਲੇ ਪੜਾਅ 'ਤੇ ਪਤਾ ਲੱਗ ਜਾਵੇ। ਸਾਡੇ ਭਾਈਚਾਰੇ ਵਿਚ ਜਾਗਰੂਕਤਾ ਦੀ ਘਾਟ ਕਾਰਨ ਸਥਿਤੀ ਗੰਭੀਰ ਹੈ। ਜੇਕਰ ਗਿਲਟੀ ਪਤਾ ਕਰਨ 'ਚ ਦੇਰੀ ਹੋ ਜਾਵੇ ਤਾਂ ਇਹ ਜਾਨਲੇਵਾ ਸਾਬਤ ਹੋ ਸਕਦਾ ਹੈ।

ਹੁਣ ਇਸ ਤਰ੍ਹਾਂ ਅਸੀਂ ਆਪਣੇ ਆਪ ਨੂੰ ਹੋਣੀ ਤੋਂ ਬਚਾ ਸਕਦੇ ਹਾਂ? ਜਵਾਬ, ਰੋਕਥਾਮ ਪ੍ਰੋਗਰਾਮ ਦੀ ਜਾਣਕਾਰੀ ਵਿਚ ਪਿਆ ਹੈ। ਹਰ ਔਰਤ ਨੂੰ ਆਪਣੀ ਛਾਤੀ ਵਿਚ ਹੋਣ ਵਾਲੀਆਂ ਤਬਦੀਲੀਆਂ ਦਾ ਧਿਆਨ ਰੱਖਣ ਦੀ ਲੋੜ ਹੈ। ਕਈ ਲੱਛਣ, ਲਾਲੀ ਜਾਂ ਛਾਤੀ ਗਿਰਦ ਖ਼ਾਰਸ਼, ਨਿੱਪਲਜ਼ ਵਿਚੋਂ ਰਿਸਾਵ ਜਾਂ ਕਠੋਰਪਣ ਗ਼ੈਰ ਸੁਭਾਵਕ ਹੋ ਸਕਦੇ ਹਨ। ਜੇਕਰ ਕਿਸੇ ਨੂੰ ਇਨ੍ਹਾਂ ਤਬਦੀਲੀਆਂ ਦਾ ਪਤਾ ਲੱਗੇ ਤਾਂ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਰੋਕਥਾਮ ਦਾ ਇਕ ਨੁਕਤਾ ਛਾਤੀ ਨਿਰੀਖਣ ਹੈ। 50 ਸਾਲ ਦੀ ਔਰਤ ਸ਼ਹਿਰ ਦੇ ਸਕਰੀਨਿੰਗ ਸੈਂਟਰ ਤੋਂ ਇਹ ਸੁਵਿਧਾ ਹਾਸਲ ਕਰਨ ਦੇ ਯੋਗ ਹੈ। ਜੇਕਰ ਔਰਤ 40 ਸਾਲ ਦੀ ਹੈ ਉਸਨੂੰ ਡਾਕਟਰ ਦੀ ਸਿਫ਼ਾਰਸ਼ ਦੀ ਲੋੜ ਹੈ। ਜੇਕਰ ਕਿਸੇ ਔਰਤ ਦੇ ਪਰਿਵਾਰ ਵਿਚ ਛਾਤੀ ਦੇ ਕੈਂਸਰ ਜਿਨ੍ਹਾਂ ਔਰਤਾਂ ਦਾ ਮਾਸਿਕ ਧਰਮ 12 ਸਾਲ ਦੀ ਉਮਰ ਤੋਂ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਜਾਂ 55 ਸਾਲ ਦੀ ਉਮਰ ਤੋਂ ਬਾਅਦ ਵੀ ਜਾਰੀ ਰਹਿੰਦਾ ਹੈ, ਔਰਤਾਂ ਜਿਹੜੀਆਂ ਲੰਮੇ ਸਮੇਂ ਤੱਕ ਹਾਰਮੋਨ ਤਬਦੀਲੀ ਦੇ ਇਲਾਜ ਅਧੀਨ ਰਹਿੰਦੀਆਂ ਹਨ, ਔਰਤਾਂ ਜਿਨ੍ਹਾਂ ਦੀ ਨੇੜਲੀ ਰਿਸ਼ਤੇਦਾਰ ਜਿਵੇਂ ਕਿ ਭੈਣ, ਮਾਤਾ ਜਾਂ ਧੀ ਨੂੰ ਛਾਤੀ ਦਾ ਕੈਂਸਰ ਹੋਵੇ (ਪਰਿਵਾਰਕ ਇਤਿਹਾਸ), ਸਰੀਰਕ ਕਮਜ਼ੋਰੀ, ਸਿਗਰੇਟ ਪੀਣਾ, ਵਧੇਰੇ ਸ਼ਰਾਬ ਪੀਣਾ ਅਤੇ ਵਧੇਰੇ ਵਜ਼ਨ ਛਾਤੀ ਦੇ ਕੈਂਸਰ ਦੇ ਕਾਰਨ ਹੋ ਸਕਦੇ ਹਨ। ਇਹ ਜਾਣਨਾ ਮਹੱਤਵਪੂਰਨ ਹੈ ਕਿ ਜਿਨ੍ਹਾਂ ਔਰਤਾਂ ਦੇ ਪਰਿਵਾਰ ਵਿਚ ਛਾਤੀ ਦਾ ਕੈਂਸਰ ਨਹੀਂ ਵੀ ਹੈ ਉਨ੍ਹਾਂ ਨੂੰ ਵੀ ਛਾਤੀ ਦਾ ਕੈਂਸਰ ਹੋ ਸਕਦਾ ਹੈ।

ਹਰ ਉਮਰ ਵਰਗ ਦੀਆਂ ਔਰਤਾਂ ਅਤੇ ਵਿਸ਼ੇਸ਼ ਕਰਕੇ 40 ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਇਨ੍ਹਾਂ ਤੱਥਾਂ ਤੋਂ ਜਾਣੂ ਹੋਣਾ ਚਾਹੀਦਾ ਹੈ। 40 ਸਾਲ ਦੀ ਔਰਤ ਨੂੰ ਆਪਣੇ ਪਰਿਵਾਰਕ ਡਾਕਟਰ ਨੂੰ ਸਾਲਾਨਾ ਛਾਤੀ ਨਿਰੀਖਣ ਲਈ ਕਹਿਣਾ ਚਾਹੀਦਾ ਹੈ। ਭਾਵੇਂ ਗਿਲਟੀਆਂ ਪਤਾ ਕਰਨ ਦਾ ਸਭ ਤੋਂ ਵਧੀਆ ਢੰਗ, ਸਵੈ ਛਾਤੀ ਨਿਰੀਖਣ ਵੀ ਛਾਤੀ ਵਿਚ ਕਿਸੇ ਗਿਲਟੀ ਦਾ ਪਤਾ ਲਗਾਉਣ ਲਈ ਸਹਾਈ ਹੋ ਸਕਦਾ ਹੈ।

ਖ਼ੁਦ ਆਪਣੇ ਤਜਰਬੇ ਤੋਂ ਛਾਤੀ ਦੀ ਸਿਹਤ ਲਈ ਮੈਂ ਦੇਖਿਆ ਹੈ ਕਿ ਸਾਡੇ ਭਾਈਚਾਰੇ ਦੀਆਂ ਔਰਤਾਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਸਾਨੂੰ ਸਾਡੇ ਭਾਈਚਾਰੇ ਦੀਆਂ ਔਰਤਾਂ ਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ। ਸਾਨੂੰ ਆਪਣੀ ਸਿਹਤ ਨੂੰ ਪ੍ਰਾਥਮਿਕਤਾ ਦੇਣ ਅਤੇ ਦੂਸਰਿਆਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਸਾਨੂੰ ਸਾਡੀਆਂ ਸਭਿਆਚਾਰਕ ਰੋਕਾਂ ਨੂੰ ਕਾਬੂ ਕਰਨਾ ਚਾਹੀਦਾ ਹੈ, ਅਸੀਂ ਇਸ ਵਿਸ਼ੇ 'ਤੇ ਗੱਲਬਾਤ ਕਰਨਾ ਸੁਖਾਵਾਂ ਮਹਿਸੂਸ ਨਹੀਂ ਕਰਦੇ ਪਰੰਤੂ ਇਹ ਵਤੀਰਾ ਸਾਡਾ ਕੋਈ ਭਲਾ ਨਹੀਂ ਕਰਦਾ। ਛਾਤੀ ਦਾ ਕੈਂਸਰ ਕਿਸੇ ਵੀ ਔਰਤ ਨੂੰ ਕਿਸੇ ਵੀ ਸਮੇਂ ਹੋ ਸਕਦਾ ਹੈ।

ਛਾਤੀ ਦੀ ਸਿਹਤ ਚੇਤਨਾ ਅਤੇ ਛਾਤੀ ਦੀ ਜਾਂਚ ਖ਼ਤਰੇ ਨੂੰ ਰੋਕਣ ਦਾ ਇਕੋ-ਇਕ ਹਥਿਆਰ ਹੈ। ਛਾਤੀ ਸਿਹਤ ਸਬੰਧੀ ਜਾਣਕਾਰੀ, ਸਹਾਇਤਾ ਵਾਸਤੇ, ਸਕਰੀਨਿੰਗ, ਮੈਮੋਗ੍ਰਾਮ ਬੁਕਿੰਗ, ਰੈਫਰਲਜ਼ ਅਤੇ ਛਾਤੀ ਕੈਂਸਰ ਤੋਂ ਬਚ ਗਏ ਵਿਅਕਤੀਆਂ ਦੀ ਮਦਦ ਲਈ ਤੁਸੀਂ ਮੇਰੇ ਨਾਲ sadia.anwar@assistcsc.org ਜਾਂ 780-965-8464 'ਤੇ ਫੋਨ ਰਾਹੀਂ ਸੰਪਰਕ ਕਰ ਸਕਦੇ ਹੋ।

# ਕਿਵੇਂ ਘਟਾਈਏ ਭਾਰ?

ਭਾਰ ਦੇ ਜ਼ਿਆਦਾ ਵੱਧ ਜਾਣ ਨਾਲ ਬਿਮਾਰੀਆਂ ਵੀ ਵਧ ਜਾਂਦੀਆਂ ਹਨ। ਇਸ ਲਈ ਸਰੀਰ ਨੂੰ ਤੰਦਰੁਸਤ ਤੇ ਪਤਲਾ ਰੱਖਣ ਲਈ ਲਗਾਤਾਰ ਕਸਰਤ ਦੀ ਜ਼ਰੂਰਤ ਹੈ। ਦੂਸਰਾ ਖੁਰਾਕ ਨੂੰ ਬਹੁਤ ਧਿਆਨ ਨਾਲ ਖਾਣਾ ਪੈਂਦਾ ਹੈ, ਸਾਰੇ ਜੰਕ ਫੂਡ ਛੱਡਣੇ ਪੈਂਦੇ ਹਨ। ਜਦੋਂ ਵੀ ਭੁੱਖ ਲਗੇ ਰੋਟੀ ਖਾਣ ਤੋਂ ਪਹਿਲਾਂ ਪਾਣੀ ਰੱਜ ਕੇ ਪੀ ਲਉ ਜਾਂ ਕੋਈ ਫਲ ਖਾ ਲੈਣਾ ਚਾਹੀਦਾ ਹੈ ਤਾਂ ਜੋ ਕੇ ਤੁਹਾਡੀ ਕੁਝ ਕੁ ਭੁੱਖ ਮਰ ਜਾਵੇ, ਫਿਰ ਜਦ ਤੁਸੀਂ ਰੋਟੀ ਖਾਉਗੇ ਆਪਣੇ ਆਪ ਹੀ ਰੋਟੀ ਘੱਟ ਖਾ ਹੋਵੇਗੀ। ਖੁਰਾਕ ਉਨੀ ਹੀ ਖਾਣੀ ਚਾਹੀਦੀ ਹੈ ਜਿੰਨੀ ਭੁੱਖ ਹੋਵੇ। ਵਾਧੂ ਖੁਰਾਕ ਚਰਬੀ ਦਾ ਰੂਪ ਧਾਰਨ ਕਰਦੀ ਹੈ, ਜਿਸ ਨਾਲ ਮੋਟਾਪਾ ਵਧਦਾ ਹੈ।



ਜ਼ਿਆਦਾ ਮੋਟਾਪੇ ਕਾਰਨ ਸਰੀਰ ਦੇਖਣ ਵਾਲੇ ਨੂੰ ਚੰਗਾ ਨਹੀਂ ਲੱਗਦਾ। ਫਿਰ ਜਦੋਂ ਕੋਈ ਸਾਡੇ ਵਧੇ ਹੋਏ ਭਾਰ ਬਾਰੇ ਆਖੇਗਾ ਤਾਂ ਸਾਨੂੰ ਬੁਰਾ ਵੀ ਬਹੁਤ ਲੱਗਦਾ ਹੈ। ਇਸ ਲਈ ਭਾਰ ਵਧਾਉਣਾ ਸੌਖਾ ਹੈ, ਪਰ ਭਾਰ ਨੂੰ ਘਟਾਉਣਾ ਬਹੁਤ ਔਖਾ ਹੈ। ਸਰੀਰ ਕਮਾਉਣਾ ਪੈਸਾ ਕਮਾਉਣ ਨਾਲੋਂ ਵੀ ਔਖਾ ਕੰਮ ਹੈ। ਇਸ ਵਾਸਤੇ ਸਰੀਰ ਦਾ ਹਰ ਵੇਲੇ ਖਿਆਲ ਰੱਖਣਾ ਜ਼ਰੂਰੀ ਹੈ।

ਬਹੁਤ ਸਾਰੇ ਲੋਕ ਜਦੋਂ ਆਪਣਾ ਭਾਰ ਘਟਾਉਂਦੇ ਹਨ ਤਾਂ ਜ਼ਿਆਦਾ ਭੁੱਖੇ ਰਹਿ ਕੇ ਘਟਾਉਂਦੇ ਹਨ। ਇਸ ਤਰ੍ਹਾਂ ਭਾਰ ਘਟਾਉਣ ਨਾਲ ਵੀ ਕਈ ਵਾਰ ਬਿਮਾਰੀਆਂ ਲੱਗ ਜਾਂਦੀਆਂ ਹਨ। ਬਹੁਤ ਜ਼ਿਆਦਾ ਖੁਰਾਕ ਨੂੰ ਇੱਕੋ ਵਾਰੀ ਘਟਾ ਦੇਣ ਨਾਲ ਹੋਰ ਕਈ ਬਿਮਾਰੀਆਂ ਲਗਣ ਦਾ ਡਰ ਰਹਿੰਦਾ ਹੈ, ਇਸ ਤਰ੍ਹਾਂ ਭਾਰ ਘਟਾਉਣ ਸਰੀਰ ਦੀ ਸ਼ਕਤੀ ਵੀ ਘਟਦੀ ਹੈ। ਭਾਰ ਨੂੰ ਘਟਾਉਣ ਲਈ ਦੌੜਨਾ ਜਾਂ ਜ਼ਿਆਦਾ ਤੁਰਨਾ ਜ਼ਰੂਰੀ ਹੈ। ਜੇਕਰ ਤੁਹਾਨੂੰ ਫਲ ਖਾਣੇ ਪਸੰਦ ਨਹੀਂ ਤਾਂ ਫਲ ਖਾਣ ਦੀ ਆਦਤ ਪਾਉਣੀ ਚਾਹੀਦੀ ਹੈ। ਡਰਾਈ ਫਰੂਟ ਵੀ ਸਿਹਤ ਵਾਸਤੇ ਠੀਕ ਹੁੰਦੇ ਹਨ। ਦਿਨ ਵਿੱਚ ਕੁਝ ਮਾਤਰਾ ਵਿਚ ਡਰਾਈ ਫਰੂਟ ਵੀ ਖਾਣੇ ਜ਼ਰੂਰੀ ਹਨ, ਜੇਕਰ ਤੁਸੀਂ ਆਪਣੇ ਭਾਰ ਨੂੰ ਘਟਾਉਣਾ ਚਾਹੁੰਦੇ ਹੋ ਤਾਂ ਤਲੀਆਂ ਹੋਈਆਂ ਚੀਜ਼ਾਂ ਬਿਲਕੁਲ ਬੰਦ ਕਰ ਦਿਉ। ਪਾਰਟੀ ਹੋਵੇ ਜਾਂ ਵਿਆਹ ਜੇਕਰ ਕੁਝ ਖਾਣਾ ਵੀ ਪਵੇ ਤਾਂ ਸਿਰਫ ਸਵਾਦ ਦੇ ਤੌਰ 'ਤੇ ਹੀ ਖਾਉ ਜੇਕਰ ਤੁਸੀਂ ਹਰ ਰਵਾਜ ਦਾ ਕੱਪੜਾ ਪਾ ਕੇ ਸੱਜਣਾਂ ਚਾਹੁੰਦੇ ਹੋ ਤਾਂ ਭਾਰ 'ਤੇ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ, ਦੇਖਣ ਵਾਲੇ ਨੂੰ ਤੁਸੀਂ ਘੱਟ ਉਮਰ ਦੇ ਜਾਪੋਗੇ।

# ਸਚਿਨ ਤੋਂ ਬਿਨਾਂ ਕ੍ਰਿਕਟ ਦੀ ਦੁਨੀਆ ਅਧੂਰੀ



ਐਡਮਿੰਟਨ, (ਨਦਬ) - ਵਨਡੇ ਹੋਵੇ ਜਾਂ ਟੈਸਟ, ਉਸ ਨੇ ਕ੍ਰਿਕਟ ਨੂੰ ਇਕ ਨਵੀਂ ਉਚਾਈ ਦਿੱਤੀ ਹੈ। ਮੈਦਾਨ ਅਤੇ ਮੈਦਾਨ ਦੇ ਬਾਹਰ ਉਸ ਦੀ ਸਖਸ਼ੀਅਤ ਕਈ ਲੋਕਾਂ ਲਈ ਇਕ ਮਿਸਾਲ ਹੈ। ਸਾਲ 1989 ਵਿਚ ਜਦੋਂ ਪਾਕਿਸਤਾਨ ਦੌਰੇ ਲਈ ਸਚਿਨ ਤੇਂਦੂਲਕਰ ਨੂੰ ਟੀਮ ਵਿਚ ਜਗ੍ਹਾ ਮਿਲੀ ਤਾਂ ਕਿਸੇ ਨੇ ਇਹ ਨਹੀਂ ਸੋਚਿਆ ਸੀ ਕਿ ਆਉਣ ਵਾਲੇ ਦਿਨਾਂ ਵਿਚ ਕੌਮਾਂਤਰੀ ਕ੍ਰਿਕਟ ਸਚਿਨ ਤੋਂ ਬਿਨਾਂ ਅਧੂਰੀ ਰਹੇਗੀ।

ਇਨ੍ਹਾਂ 22 ਸਾਲਾਂ ਵਿਚ ਸਚਿਨ ਤੇਂਦੂਲਕਰ ਨੇ ਮੈਦਾਨ 'ਤੇ ਆਪਣੀ ਖੇਡ ਨਿਤ ਨਵੀਆਂ ਮਿਸਾਲਾਂ ਕਾਇਮ ਕੀਤੀਆਂ ਹਨ। ਸਚਿਨ ਤੇਂਦੂਲਕਰ ਦਾ ਜਨਮ 24 ਅਪ੍ਰੈਲ 1973 ਨੂੰ ਮੁੰਬਈ ਵਿਚ ਹੋਇਆ ਸੀ। ਸਚਿਨ ਦੇ ਪਿਤਾ ਰਮੇਸ਼ ਤੇਂਦੂਲਕਰ ਮਰਾਠੀ ਨਾਵਲਕਾਰ ਸਨ। ਉਨ੍ਹਾਂ ਆਪਣੇ ਮਨਪਸੰਦ ਸੰਗੀਤ ਨਿਰਦੇਸ਼ਕ ਸਚਿਨ ਦੇਵ ਬਰਮਨ ਦੇ ਨਾਮ 'ਤੇ ਆਪਣੇ ਬੇਟੇ ਦਾ ਨਾਮ ਸਚਿਨ ਰੱਖਿਆ ਸੀ।

ਸਚਿਨ ਨੂੰ ਕ੍ਰਿਕਟ ਜਗਤ ਵਿਚ ਲਿਆਉਣ ਦਾ ਸਿਹਰਾ ਉਨ੍ਹਾਂ ਦੇ ਭਰਾ ਅਜੀਤ ਨੂੰ ਜਾਂਦਾ ਹੈ। ਸ਼ਾਰਦਾ ਆਸ਼ਰਮ ਵਿਦਿਆ ਮੰਦਰ ਵਿਚ ਪੜ੍ਹਾਈ ਦੌਰਾਨ ਸਚਿਨ ਨੇ ਰਮਾਕਾਂਤ ਅਚਰੇਕਰ ਤੋਂ ਕ੍ਰਿਕਟ ਦੇ ਗੁਰ ਸਿੱਖੇ।

ਲੋਕਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪਹਿਲਾਂ ਸਚਿਨ ਤੇਂਦੂਲਕਰ ਤੇਜ਼ ਗੇਂਦਬਾਜ਼ ਬਣਨਾ ਚਾਹੁੰਦੇ ਸਨ। ਸਕੂਲ ਦੇ ਦੌਰਾਨ ਹੀ ਉਹ ਤੇਜ਼ ਗੇਂਦਬਾਜ਼ੀ ਦੇ ਗੁਰ ਸਿੱਖਣ ਲਈ ਐਮ.ਆਰ.ਐਫ ਪੇਸ ਫਾਊਂਡੇਸ਼ਨ ਗਏ। ਪਰ ਆਸਟ੍ਰੇਲੀਆ ਦੇ ਸਾਬਕਾ ਤੇਜ਼ ਗੇਂਦਬਾਜ਼ ਡੈਨਿਸ ਲਿਲੀ ਉਨ੍ਹਾਂ ਤੋਂ ਖ਼ੁਸ਼ ਨਹੀਂ ਸਨ। ਲਿਲੀ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਆਪਣਾ ਧਿਆਨ ਬੱਲੇਬਾਜ਼ੀ 'ਤੇ ਦੇਣ।

ਇਸ ਤੋਂ ਬਾਅਦ ਰਮਾਕਾਂਤ ਅਚਰੇਕਰ ਦੀ ਸਿਖਲਾਈ 'ਚ ਸਚਿਨ ਦੀ ਬੱਲੇਬਾਜ਼ੀ ਪ੍ਰਫੁਲਿਤ ਹੋਈ। ਸਚਿਨ ਘੰਟਿਆਂ ਤੱਕ ਨੈਟ ਅਭਿਆਸ ਕਰਦੇ ਸਨ। ਆਪਣੀ ਸਕੂਲ ਦੀ ਪੜ੍ਹਾਈ ਦੌਰਾਨ ਹੀ ਸਚਿਨ ਆਪਣੀ ਬੱਲੇਬਾਜ਼ੀ ਕਾਰਨ ਚਰਚਾ ਦਾ ਵਿਸ਼ਾ ਬਣਨ ਲੱਗੇ ਸਨ। ਸਾਲ 1988 ਦਾ ਸਕੂਲੀ ਸੀਜ਼ਨ ਸਚਿਨ ਲਈ ਅਸਾਧਾਰਣ ਸੀ। ਇਸ ਸੀਜ਼ਨ ਦੀ ਹਰ ਪਾਰੀ ਵਿਚ ਸਚਿਨ ਨੇ ਸੈਂਕੜਾ ਲਗਾਇਆ। ਇਸੇ ਸੈਸ਼ਨ ਦੌਰਾਨ ਲਾਰਡ ਹੈਰਿਸ ਸ਼ੀਲਡ ਇੰਟਰ ਸਕੂਲ ਮੈਚ ਵਿਚ ਉਨ੍ਹਾਂ ਨੇ ਵਿਨੋਦ ਕਾਂਬਲੀ ਨਾਲ ਮਿਲ ਕੇ 664 ਦੌੜਾਂ ਦੀ ਅਜੇਤੂ ਹਿੱਸੇਦਾਰੀ ਕੀਤੀ ਸੀ, ਜੋ ਸਾਲਾਂ ਤੱਕ ਇਕ ਰਿਕਾਰਡ ਰਿਹਾ।

ਸਾਲ 1987 ਵਿਚ ਵਾਨਖੇੜੇ ਸਟੇਡੀਅਮ ਵਿਚ ਭਾਰਤ ਅਤੇ ਜ਼ਿੰਮਬਾਵੇ ਵਿਚਾਲੇ ਵਿਸ਼ਵ ਕੱਪ ਦਾ ਮੈਚ ਹੋਇਆ ਸੀ। ਇਸ ਮੈਚ ਵਿਚ ਸਚਿਨ ਤੇਂਦੂਲਕਰ ਇਕ ਬਾਲ ਬੁਆਏ ਸਨ। ਇਸੇ ਦੌਰਾਨ ਮਹਾਨ ਸੁਨੀਲ ਗਾਵਸਕਰ ਨੇ ਆਪਣੇ ਪੈਡ ਸਚਿਨ ਨੂੰ ਦਿੱਤੇ ਸਨ। ਇਸ ਘਟਨਾ ਤੋਂ ਕਰੀਬ 20 ਸਾਲ ਬਾਅਦ ਸਚਿਨ ਨੇ ਸੁਨੀਲ ਗਾਵਸਕਰ ਦੇ 34 ਸੈਂਕੜਿਆਂ ਦਾ ਰਿਕਾਰਡ ਤੋੜ ਦਿੱਤਾ ਸੀ।

**ਸ਼ੁਰੂਆਤ** : 11 ਦਸੰਬਰ, 1988 ਨੂੰ ਸਚਿਨ ਨੇ ਆਪਣੇ ਪਹਿਲੇ ਫ੍ਰਸਟ ਕਲਾਸ ਮੈਚ ਵਿਚ ਗੁਜਰਾਤ ਖਿਲਾਫ਼ ਅਜੇਤੂ 100 ਦੌੜਾਂ ਬਣਾਈਆਂ ਸਨ। ਉਸ ਸਮੇਂ ਸਚਿਨ ਦੀ ਉਮਰ ਸੀ 15 ਸਾਲ 232 ਦਿਨ। ਇਰਾਨੀ ਟਰਾਫੀ ਫਾਈਨਲ ਵਿਚ ਵੀ ਉਨ੍ਹਾਂ ਨੇ ਸੈਂਕੜਾ ਲਗਾਇਆ। ਉਨ੍ਹਾਂ ਨੇ ਇਸ ਸੀਜ਼ਨ ਵਿਚ ਮੁੰਬਈ ਲਈ ਸਭ ਤੋਂ ਜ਼ਿਆਦਾ ਦੌੜਾਂ ਬਣਾਈਆਂ। ਸਚਿਨ ਨੂੰ ਕੌਮਾਂਤਰੀ ਕ੍ਰਿਕਟ ਵਿਚ ਲਿਆਉਣ ਦਾ ਸਿਹਰਾ ਰਾਜ ਸਿੰਘ ਡੁੰਗਰਪੁਰ ਨੂੰ ਜਾਂਦਾ ਹੈ। ਜਦੋਂ ਉਨ੍ਹਾਂ ਨੇ 1989 ਦੇ ਪਾਕਿਸਤਾਨ ਦੌਰੇ ਲਈ ਟੀਮ ਵਿਚ ਸਚਿਨ ਨੂੰ ਜਗ੍ਹਾ ਦਿੱਤੀ ਸੀ।

ਆਪਣਾ ਪਹਿਲਾ ਟੈਸਟ ਮੈਚ ਉਨ੍ਹਾਂ ਨੇ ਪਾਕਿਸਤਾਨ ਖ਼ਿਲਾਫ਼ 1989 ਵਿਚ ਖੇਡਿਆ ਸੀ। ਉਸ ਮੈਚ ਵਿਚ ਸਚਿਨ ਸਿਰਫ 15 ਦੌੜਾਂ ਹੀ ਬਣਾ ਸਕੇ ਅਤੇ ਵਕਾਰ ਯੂਨਿਸ ਨੇ ਉਨ੍ਹਾਂ ਨੂੰ ਬੋਲਡ ਕਰ ਦਿੱਤਾ ਸੀ। ਪਰ ਉਸ ਮੈਚ ਦੌਰਾਨ ਜਿਸ ਤਰ੍ਹਾਂ ਉਨ੍ਹਾਂ ਨੇ ਪਾਕਿਸਤਾਨੀ ਗੇਂਦਬਾਜ਼ਾਂ ਦਾ ਸਾਹਮਣਾ ਕੀਤਾ, ਉਸ ਦੀ ਕ੍ਰਿਕਟ ਜਾਣਕਾਰਾਂ ਨੇ ਸ਼ਲਾਘਾ ਕੀਤੀ।

ਸਿਆਲਕੋਟ ਵਿਚ ਹੋਏ ਆਖਰੀ ਟੈਸਟ ਮੈਚ ਦੌਰਾਨ ਸਚਿਨ ਨੂੰ ਇਕ ਬਾਊਂਸਰ ਨਾਲ ਸੱਟ ਲੱਗੀ। ਉਨ੍ਹਾਂ ਦੀ ਨੱਕ ਤੋਂ ਖ਼ੂਨ ਨਿਕਲ ਰਿਹਾ ਸੀ, ਪਰ ਉਨ੍ਹਾਂ ਨੇ ਮੈਡੀਕਲ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਕ੍ਰਿਕਟ ਪ੍ਰਤੀ ਸਚਿਨ ਦਾ ਸਮਰਪਣ, ਜੋ ਅੱਗੇ ਚੱਲ ਕੇ ਹੋਰ ਨਿਖਰਿਆ। ਪਾਕਿਸਤਾਨ ਦੌਰੇ 'ਤੇ ਸਚਿਨ ਦਾ ਨਾਮ ਉਸ ਸਮੇਂ ਹੋਰ ਚਰਚਾ ਵਿਚ ਆਇਆ, ਜਦੋਂ ਉਨ੍ਹਾਂ ਨੇ ਇਕ ਪ੍ਰਦਰਸ਼ਨੀ ਮੈਚ ਦੌਰਾਨ ਪਾਕਿਸਤਾਨ ਦੇ ਚਰਚਿਤ ਸਪਿੰਨਰ ਅਬਦੁਲ ਕਾਦਿਰ ਦੀ ਖਾਸੀ ਧੁਲਾਈ ਕੀਤੀ। ਸਚਿਨ ਨੇ ਸਿਰਫ 18 ਗੇਂਦਾਂ 'ਤੇ 53 ਦੌੜਾਂ ਬਣਾਈਆਂ। ਉਨ੍ਹਾਂ ਨੇ ਅਬਦੁਲ ਕਾਦਿਰ ਦੇ ਇਕ ਓਵਰ ਵਿਚ 28 ਦੌੜਾਂ ਬਣਾਈਆਂ।

ਸਚਿਨ ਨੇ ਆਪਣਾ ਪਹਿਲਾ ਸੈਂਕੜਾ ਇੰਗਲੈਂਡ ਖ਼ਿਲਾਫ਼ ਸਾਲ 1990 ਵਿਚ ਓਲਡ ਟ੍ਰੈਫਰਡ ਵਿਚ ਬਣਾਇਆ। ਸਾਲ 1991-92 ਦੇ ਆਸਟ੍ਰੇਲੀਆ ਦੌਰੇ 'ਤੇ ਸਚਿਨ ਨੇ ਆਪਣੇ ਪ੍ਰਦਰਸ਼ਨ ਦਾ ਲੋਹਾ ਮਨਵਾਇਆ, ਜਦੋਂ ਉਨ੍ਹਾਂ ਨੇ ਸਿਡਨੀ ਵਿਚ ਅਜੇਤੂ 148 ਦੌੜਾਂ ਬਣਾਈਆਂ। ਫਿਰ ਪਰਥ ਵਿਚ ਵੀ ਉਨ੍ਹਾਂ ਨੇ ਸੈਂਕੜਾ ਲਗਾਇਆ।

**ਸੁਨਹਿਰਾ ਦੌਰ** : ਵਨਡੇ ਕ੍ਰਿਕਟ ਵਿਚ ਸਚਿਨ ਦਾ ਸੁਨਹਿਰਾ ਦੌਰ ਉਸ ਸਮੇਂ ਸ਼ੁਰੂ ਹੋਇਆ, ਜਦੋਂ 1994 ਵਿਚ ਨਿਊਜ਼ੀਲੈਂਡ ਖ਼ਿਲਾਫ਼ ਮੈਚ ਵਿਚ ਉਨ੍ਹਾਂ ਨੂੰ ਪਾਰੀ ਦੀ ਸ਼ੁਰੂਆਤ ਕਰਨ ਦੀ ਜ਼ਿੰਮੇਵਾਰੀ ਮਿਲੀ। ਸਚਿਨ ਨੇ ਸਿਰਫ 49 ਗੇਂਦਾਂ 'ਤੇ 84 ਦੌੜਾਂ ਬਣਾ ਦਿੱਤੀਆਂ। ਇਸੇ ਸਾਲ ਉਨ੍ਹਾਂ ਨੇ ਆਸਟ੍ਰੇਲੀਆ ਖ਼ਿਲਾਫ਼ ਕੋਲੰਬੋ ਵਿਚ ਹੋਏ ਇਕ ਵਨਡੇ ਮੈਚ ਵਿਚ ਆਪਣਾ ਵਨਡੇ ਸੈਂਕੜਾ ਲਗਾਇਆ। ਸਾਲ 1996 ਦੇ ਵਿਸ਼ਵ ਕੱਪ ਵਿਚ ਸਚਿਨ ਸਭ ਤੋਂ ਜ਼ਿਆਦਾ ਦੌੜਾਂ ਬਣਾਉਣ ਵਾਲੇ ਖਿਡਾਰੀ ਬਣੇ। ਹਾਲਾਂਕਿ ਭਾਰਤੀ ਟੀਮ ਸੈਮੀਫਾਈਨਲ ਵਿਚ ਸ੍ਰੀਲੰਕਾ ਤੋਂ ਹਾਰ ਗਈ। ਇਸ ਮੈਚ ਵਿਚ ਵੀ ਸਚਿਨ ਨੇ ਭਾਰਤ ਵੱਲੋਂ ਸਭ ਤੋਂ ਜ਼ਿਆਦਾ ਦੌੜਾਂ ਬਣਾਈਆਂ।

ਸਚਿਨ ਦਿਨੋਂ-ਦਿਨ ਨਿਖਰਦੇ ਜਾ ਰਹੇ ਸਨ ਅਤੇ ਕ੍ਰਿਕਟ ਦੀ ਦੁਨੀਆ ਉਨ੍ਹਾਂ ਤੋਂ ਬਿਨਾਂ ਅਧੂਰੀ ਲੱਗਣ ਲੱਗੀ। ਸ਼ਾਰਜਾਹ ਵਿਚ ਸ਼ੇਨ ਵਾਰਨ ਦੀ ਧੁਲਾਈ ਨੂੰ ਕੌਣ ਭੁੱਲ ਸਕਦਾ ਹੈ।

ਬੱਲੇਬਾਜ਼ ਦੇ ਰੂਪ ਵਿਚ ਬਿਹਤਰੀਨ ਸਚਿਨ ਨੂੰ ਸਾਲ 1996 ਵਿਚ ਕਪਤਾਨੀ ਮਿਲੀ, ਪਰ ਸਚਿਨ ਕਪਤਾਨੀ ਵਿਚ ਨਹੀਂ ਚੱਲ ਸਕੇ। ਸਚਿਨ ਤੋਂ ਬਾਅਦ ਸੌਰਵ ਗਾਂਗੁਲੀ ਭਾਰਤੀ ਟੀਮ ਦੇ ਕਪਤਾਨ ਬਣੇ ਅਤੇ ਭਾਰਤੀ ਕ੍ਰਿਕਟ ਦਾ ਸੁਨਹਿਰਾ ਦੌਰ ਸ਼ੁਰੂ ਹੋਇਆ। ਇਸ ਸੁਨਹਿਰੇ ਦੌਰ ਵਿਚ ਸਚਿਨ ਵਨਡੇ ਹੋਵੇ ਜਾਂ ਟੈਸਟ, ਦੋਨਾਂ ਵਿਚ ਭਾਰਤੀ ਟੀਮ ਦੀ ਰੀੜ੍ਹ ਬਣੇ ਰਹੇ। ਸਾਲ 2003 ਦੇ ਵਿਸ਼ਵ ਕੱਪ ਵਿਚ ਸਚਿਨ ਆਪਣੇ ਪ੍ਰਦਰਸ਼ਨ ਦੇ ਸੁਨਹਿਰੇ ਦੌਰ ਵਿਚ ਸਨ। ਲੱਗ ਰਿਹਾ ਸੀ ਕਿ 20 ਸਾਲ ਬਾਅਦ ਭਾਰਤ ਨੂੰ ਵਿਸ਼ਵ ਕੱਪ ਜਿੱਤਣ ਤੋਂ ਕੋਈ ਰੋਕ ਨਹੀਂ ਸਕੇਗਾ। ਪਰ ਫਾਈਨਲ ਵਿਚ ਸਚਿਨ ਨਹੀਂ ਚੱਲੇ ਅਤੇ ਇਕ ਪਾਸੜ ਫਾਈਨਲ ਵਿਚ ਆਸਟ੍ਰੇਲੀਆ ਨੇ ਭਾਰਤ ਨੂੰ ਹਰਾ ਦਿੱਤਾ।

**ਸੁਪਨਾ** : ਸਾਲ 2007 ਦੇ ਵਿਸ਼ਵ ਕੱਪ ਵਿਚ ਸਚਿਨ ਵੀ ਬੁਰੇ ਦੌਰ ਤੋਂ ਗੁਜ਼ਰੇ ਅਤੇ ਭਾਰਤੀ ਟੀਮ ਵੀ ਪਹਿਲੇ ਹੀ ਦੌਰ ਵਿਚ ਬਾਹਰ ਹੋ ਗਈ। ਸਚਿਨ ਦੀ ਵੀ ਕਾਫੀ ਆਲੋਚਨਾ ਹੋਈ ਅਤੇ ਸੰਨਿਆਸ ਦੀ ਮੰਗ ਵੀ ਉਠੀ। ਪਰ ਸਚਿਨ ਇਸ ਤੋਂ ਚਿੰਤਤ ਨਹੀਂ ਹੋਏ। ਚਾਰ ਸਾਲ ਬਾਅਦ ਜਦੋਂ ਭਾਰਤੀ ਟੀਮ ਨੇ ਵਿਸ਼ਵ ਕੱਪ ਜਿੱਤਿਆ ਤਾਂ ਸਚਿਨ ਦਾ ਇਕ ਅਧੂਰਾ ਸੁਪਨਾ ਪੂਰਾ ਹੋਇਆ। ਆਪਣੇ ਅੰਤਰਰਾਸ਼ਟਰੀ ਕੈਰੀਅਰ ਵਿਚ ਹਰ ਖਿਡਾਰੀ ਦੀ ਤਰ੍ਹਾਂ ਸਚਿਨ ਦਾ ਬੁਰਾ ਦੌਰ ਵੀ ਆਇਆ। ਕਦੇ ਟੈਨਿਸ ਐਲਬੋ ਤੇ ਕਦੇ ਜ਼ਖ਼ਮੀ ਹੋਣ ਕਾਰਨ ਉਹ ਕਈ ਵਾਰ ਅੰਤਰਰਾਸ਼ਟਰੀ ਕ੍ਰਿਕਟ ਤੋਂ ਦੂਰ ਵੀ ਰਹੇ, ਪਰ ਹਰ ਵਾਰ ਨਿਖਰ ਕੇ ਵਾਪਸ ਆਏ। ਵਨਡੇ ਅਤੇ



ਟੈਸਟ ਮੈਚਾਂ ਵਿਚ ਸਚਿਨ ਦੇ ਨਾਂਅ ਬੇਹੱਦ ਰਿਕਾਰਡ ਹਨ।

ਆਪਣੇ 22 ਸਾਲ ਤੋਂ ਜ਼ਿਆਦਾ ਦੇ ਕ੍ਰਿਕਟ ਕੈਰੀਅਰ ਵਿਚ ਸਚਿਨ ਕੌਮਾਂਤਰੀ ਕ੍ਰਿਕਟ ਦੇ ਇਕ ਅਜਿਹੇ ਸਤੰਭ ਹਨ, ਜਿਨ੍ਹਾਂ 'ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਾਣ ਹੋਵੇਗਾ।

# 2008 ਦੀਆਂ ਓਲੰਪਿਕ ਖੇਡਾਂ 'ਚ ਚੀਨ ਦਾ ਰਿਹਾ ਦਬਦਬਾ

204 ਦੇਸ਼ | 10,942 ਐਥਲੀਟ | 302 ਮੁਕਾਬਲੇ



**2008 ਓਲੰਪਿਕ 'ਚ ਸਭ ਤੋਂ ਵੱਧ ਸੋਨ ਤਮਗੇ ਜਿੱਤਣ ਵਾਲੇ ਦੇਸ਼**

| | | | |
|---|---|---|---|
| ਚੀਨ | 51 | ਜਰਮਨੀ | 16 |
| ਅਮਰੀਕਾ | 36 | ਆਸਟ੍ਰੇਲੀਆ | 14 |
| ਰੂਸ | 23 | ਹੋਰ ਦੇਸ਼ | 143 |
| ਗ੍ਰੇਟ ਬ੍ਰਿਟੇਨ | 19 | ਕੁੱਲ | 302 |

ਬੀਜਿੰਗ, (ਨਦਬ) - ਤਮਗਾ ਸੂਚੀ ਵਿਚ ਚੀਨ ਸਭ ਤੋਂ ਉਪਰ ਰਿਹਾ। ਹਾਲਾਂਕਿ ਕੁੱਲ ਤਮਗੇ ਉਸ ਨੂੰ ਘੱਟ ਮਿਲੇ, ਪਰ ਸੋਨ ਤਮਗੇ ਜਿੱਤਣ ਦੇ ਮਾਮਲੇ ਵਿਚ ਉਸ ਨੂੰ ਅਮਰੀਕਾ ਨੂੰ ਵੀ ਪਛਾੜ ਦਿੱਤਾ।

ਇਕ ਅਨੁਮਾਨ ਮੁਤਾਬਕ 3.6 ਅਰਬ ਦਰਸ਼ਕਾਂ ਨੇ ਇਨ੍ਹਾਂ ਖੇਡਾਂ ਦਾ ਲੁਤਫ਼ ਉਠਾਇਆ, ਜੋ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਨਵਾਂ ਰਿਕਾਰਡ ਹੈ।

ਅਮਰੀਕੀ ਖਿਡਾਰੀ ਮਾਈਕਲ ਫੇਲਪਸ ਨੇ ਕਿਸੇ ਇਕ ਓਲੰਪਿਕ ਵਿਚ ਸਭ ਤੋਂ ਜ਼ਿਆਦਾ ਸੋਨੇ ਦੇ ਤਮਗੇ ਜਿੱਤਣ ਦਾ ਨਵਾਂ ਰਿਕਾਰਡ ਬਣਾਇਆ। ਕਿਸੇ ਓਲੰਪਿਕ ਖਿਡਾਰੀ ਦੇ ਕੈਰੀਅਰ ਵਿਚ ਸਭ ਤੋਂ ਜ਼ਿਆਦਾ ਸੋਨੇ ਦੇ ਤਮਗੇ ਜਿੱਤਣ ਦਾ ਰਿਕਾਰਡ ਵੀ ਉਨ੍ਹਾਂ ਦੇ ਨਾਮ ਹੀ ਹੈ। ਉਨ੍ਹਾਂ ਨੇ ਤੈਰਾਕੀ ਵਿਚ 8 ਤਮਗੇ ਜਿੱਤੇ।

ਇਕ ਹਾਦਸੇ ਵਿਚ ਆਪਣਾ ਖੱਬਾ ਪੈਰ ਗਵਾਉਣ ਵਾਲੀ ਦੱਖਣੀ ਅਫਰੀਕੀ ਤੈਰਾਕ ਨਤਾਲੀ ਡੂ ਟਾਈਟ ਨੇ ਓਲੰਪਿਕ ਖੇਡਾਂ ਲਈ ਕੁਆਲੀਫਾਈ ਕੀਤਾ। ਉਸ ਤੋਂ ਪਹਿਲਾਂ ਸਾਲ 1936 ਵਿਚ ਓਲੀਵਰ ਹਲਾਸੀ ਨੇ ਇਸੇ ਸ਼੍ਰੇਣੀ ਵਿਚ ਓਲੰਪਿਕ ਖੇਡਾਂ ਵਿਚ ਕੁਆਲੀਫਾਈ ਕੀਤਾ ਸੀ।

2008 ਓਲੰਪਿਕ 'ਚ ਦੇਸ਼ਾਂ ਦੇ ਹਿਸਾਬ ਨਾਲ ਸੋਨੇ ਦੇ ਤਮਗੇ

# ਓਲੰਪਿਕ ਦਾ ਬਾਈਕਾਟ ਨਹੀਂ ਕਰੇਗਾ ਭਾਰਤ

## ਭੋਪਾਲ ਤ੍ਰਾਸਦੀ ਬਾਰੇ ਦੁਨੀਆ 'ਚ ਹੋਰ ਜਾਣਕਾਰੀ ਫੈਲਾਏਗੀ ਸਰਕਾਰ

ਨਵੀਂ ਦਿੱਲੀ (ਨਦਬ)- ਡਾਓ ਕੈਮੀਕਲ ਦੇ ਓਲੰਪਿਕ ਸਪੌਂਸਰ ਨੂੰ ਲੈ ਕੇ ਭਾਰਤ ਸਰਕਾਰ ਨੇ ਆਪਣੇ ਐਥਲੀਟਾਂ ਨੂੰ ਓਲੰਪਿਕ ਦੇ ਬਾਈਕਾਟ ਲਈ ਨਹੀਂ ਕਿਹਾ ਹੈ। ਰਾਜ ਸਭਾ ਵਿਚ ਐਨ.ਕੇ ਸਿੰਘ ਦੇ ਇਕ ਸਵਾਲ ਦੇ ਲਿਖਿਤ ਜਵਾਬ ਵਿਚ ਕੇਂਦਰੀ ਖੇਡ ਮੰਤਰੀ ਅਜੇ ਮਾਕਨ ਨੇ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਆਖਿਆ ਕਿ ਸਰਕਾਰ ਨੇ ਡਾਓ ਕੈਮੀਕਲ ਦਾ ਨਾਮ ਸਪੌਂਸਰ ਤੋਂ ਹਟਾਉਣ ਦੇ ਸਬੰਧ ਵਿਚ ਕੂਟਨੀਤਿਕ ਨਜ਼ਰੀਏ ਨਾਲ ਬਰਤਾਨਵੀ ਸਰਕਾਰ ਨਾਲ ਗੱਲਬਾਤ ਕੀਤੀ ਗਈ, ਪਰ ਉਨ੍ਹਾਂ ਨੇ ਸੰਕੇਤ ਦਿੱਤਾ ਹੈ ਕਿ ਉਹ ਅਜਿਹਾ ਕਰਨ ਵਿਚ ਅਸਮਰਥ ਹਨ।

ਅਜਿਹੇ ਵਿਚ ਸਰਕਾਰ ਨੇ ਫੈਸਲਾ ਕੀਤਾ ਕਿ ਉਹ ਡਾਓ ਕੈਮੀਕਲ ਤੋਂ ਭਾਰਤ ਦੇ ਦੇ ਲੋਕਾਂ ਨੂੰ ਹੋਏ ਨੁਕਸਾਨ ਬਾਰੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਮੈਂਬਰ ਦੇਸ਼ਾਂ ਵਿਚ ਆਪਣੇ ਮਿਸ਼ਨਾਂ ਰਾਹੀਂ ਹੋਰ ਜਾਣਕਾਰੀ ਦੇਣਗੇ। ਬਿਆਨ ਅਨੁਸਾਰ ਸਰਕਾਰ ਇਹ ਕੋਸ਼ਿਸ਼ ਕਰੇਗੀ ਕਿ ਪੂਰੀ ਦੁਨੀਆ ਵਿਚ ਭੋਪਾਲ ਤ੍ਰਾਸਦੀ ਬਾਰੇ ਪਤਾ ਚੱਲੇ ਅਤੇ ਇਸ ਬਾਰੇ ਪੂਰਾ ਜ਼ੋਰ ਲਗਾਏਗੀ ਕਿ ਓਲੰਪਿਕ ਕਮੇਟੀ ਦੇ ਮੈਂਬਰ ਦੇਸ਼ਾਂ ਨੂੰ ਇਸ ਸਬੰਧ ਵਿਚ ਹੋਰ ਜ਼ਿਆਦਾ ਜਾਣਕਾਰੀ ਹਾਸਿਲ ਹੋਵੇ।

ਸਰਕਾਰ ਨੇ ਦੱਸਿਆ ਕਿ ਭਾਰਤੀ ਓਲੰਪਿਕ ਐਸੋਸੀਏਸ਼ਨ ਨੂੰ ਕਿਹਾ ਗਿਆ ਸੀ ਕਿ ਇਹ ਮਾਮਲਾ ਇੰਟਰਨੈਸ਼ਨਲ ਓਲੰਪਿਕ ਕਮੇਟੀ ਦੇ ਸਾਹਮਣੇ ਉਠਾਇਆ ਜਾਵੇ। ਜਦੋਂ ਓਲੰਪਿਕ ਐਸੋਸੀਏਸ਼ਨ ਨੇ ਇਹ ਮਾਮਲਾ ਕਮੇਟੀ ਦੇ ਸਾਹਮਣੇ ਰੱਖਿਆ ਤਾਂ ਕਮੇਟੀ ਨੇ ਜਵਾਬ ਦਿੱਤਾ ਕਿ ਡਾਓ ਕੈਮੀਕਲਸ ਦਾ ਭੋਪਾਲ ਤ੍ਰਾਸਦੀ ਨਾਲ ਕੋਈ ਸਬੰਧ ਨਹੀਂ ਹੈ ਕਿਉਂਕਿ ਡਾਓ ਕੈਮੀਕਲਜ਼ ਦਾ ਯੂਨੀਅਨ ਕਾਰਬਾਈਡ ਵਿਚ ਕੋਈ ਦਾਅਵਾ ਨਹੀਂ ਹੈ। ਇਸ ਨੂੰ ਦੇਖਦੇ ਹੋਏ ਹੁਣ ਸਰਕਾਰ ਨੇ ਤੈਅ ਕੀਤਾ ਹੈ ਕਿ ਐਥਲੀਟ ਓਲੰਪਿਕ ਦਾ ਬਾਈਕਾਟ ਨਹੀਂ ਕਰਨਗੇ, ਪਰ ਭੋਪਾਲ ਤ੍ਰਾਸਦੀ ਬਾਰੇ ਪੂਰੀ ਦੁਨੀਆ ਵਿਚ ਹੋਰ ਜਾਣਕਾਰੀ ਫੈਲਾਈ ਜਾਵੇਗੀ।

GLOBAL

GLOBAL RESP CORPORATION
Approved Distributor of the Global Educational Trust Plan (Global Plan)

# ਕੀ ਤੁਸੀਂ ਆਪਣੇ ਬੱਚੇ ਨੂੰ ਡਾਕਟਰ, ਟੀਚਰ ਜਾਂ ਇੰਜਨੀਅਰ ਬਣਾਉਣ ਦਾ ਸੁਪਨਾ ਦੇਖ ਰਹੇ ਹੋ?

## ਕੀ ਤੁਸੀਂ ਆਪਣੇ ਬੱਚੇ ਦੇ ਐਜੁਕੇਸ਼ਨ ਸੇਵਿੰਗ ਪਲੈਨ ਦੀ ਚੋਣ ਕਰਨ ਲਈ ਉਲਝਣ ਵਿੱਚ ਹੋ?

- ਜੇ ਤੁਸੀਂ ਘੱਟ ਆਮਦਨ ਵਾਲੇ ਪਰਿਵਾਰ ਵਿੱਚ ਆਉਂਦੇ ਹੋ ਤਾਂ ਤੁਸੀਂ ਵਾਧੂ ਸਰਕਾਰੀ ਗਰਾਂਟਾਂ ਦੇ ਹੱਕਦਾਰ ਹੋ।
- ਜੇਕਰ ਤੁਹਾਡਾ ਬੱਚਾ ਸਾਲ 2004 ਜਾਂ ਉਸ ਤੋਂ ਬਾਅਦ ਪੈਦਾ ਹੋਇਆ ਹੈ ਤਾਂ ਵੀ ਤੁਸੀਂ ਵਾਧੂ ਸਰਕਾਰੀ ਗਰਾਂਟਾਂ ਦੇ ਹੱਕਦਾਰ ਹੋ।
- ਅਸੀਂ ਗਲੋਬਲ ਐਜੂਕੇਸਨ ਟਰੱਸਟ ਪਲੈਨ ਰਾਹੀਂ ਤੁਹਾਡੇ ਬੱਚੇ ਦੇ ਸੋਹਣੇ ਭਵਿੱਖ ਦੇ ਸੁਪਨੇ ਸਾਕਾਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।




- Families with low income may be eligible to receive more CESG yearly for each of their children
- Children born on or after January 1, 2004 can be eligible for the CLB when the family receives the National Child Benefit (NCB) Supplement.
- Children born to or adopted by an Alberta family on or after January 1, 2005 are eligible to receive ACES grant

ਕੀ ਤੁਸੀ ਜਾਣਦੇ ਹੋ ਕਿ 50% ਤੋਂ ਜਿਆਦਾ ਬੱਚੇ ਕਰਜੇ ਦੇ ਭਾਰ ਥੱਲੇ ਦੱਬ ਕੇ ਯੂਨੀਵਰਸਿਟੀ ਵਿੱਚੋਂ ਨਿਕਲਦੇ ਹਨ?

**ਅਸੀਂ ਤੁਹਾਡੇ ਬੱਚੇ ਨੂੰ ਕਨੇਡਾ ਅਤੇ ਅਲਬਰਟਾ ਸਰਕਾਰ ਵਲੋਂ ਮਿਲਦੀਆਂ $10,000* ਤੱਕ ਦੀਆਂ ਗਰਾਂਟਾਂ ਲੈ ਕੇ ਦੇ ਸਕਦੇ ਹਾਂ।**

ਆਪਣੇ ਬੱਚੇ ਦੇ ਉੱਜਲ ਭਵਿੱਖ ਲਈ ਗਲੋਬਲ ਐਜੁਕੇਸ਼ਨ ਪਲੈਨ ਕਰਵਾਉਣ ਲਈ ਅੱਜ ਹੀ ਫੋਨ ਕਰੋ:

**Jasvir Deol**
**Branch Manager**
**780-465-6900**

GLOBAL RESP CORPORATION

*Canada Education Savings Grant up to $ 72,00 Canada Learning Bond up to $ 2,000 and Alberta Centennial Education Savings Plan Grant up to $ 800

**Jessie Singh**
**Branch Manager**
**403-830-7007**



# Creative Doors & Mouldings Ltd.

"Your Complete Finishing Store"

* Interior * Prehung Units
* Locks & Hardware * French Doors
* Bi-Folds * Mouldings * Accessories
* Railing





Phone: 780 438 2224
Fax: 780 438 4422

**9838-60 Avenue Edmonton, AB T6E 0C5**


Lease Rates As Low As 0.9%
All Vehicles Certified & Carproof Verified
MILLWOODS SUZUKI.COM
NEW & PRE-OWNED SUPER CENTER
SHOP 24/7 @ www.millwoodssuzuki.com
Over 500 vehicles to choose from.
Purchase any new or pre-owned vehicle and receive $500 in accessories
MILLWOODS SUZUKI SPRING FLING
2011 KIZASHI SX iAWD OWN IT FOR $189 B/W $29,474 SELLING PRICE
2011 SX4 HATCHBACK JX iAWD OWN IT FOR $139 B/W $21,679 SELLING PRICE
2011 GRAND VITARA JX 4WD OWN IT FOR $175 B/W $27,299 SELLING PRICE
2011 KIA SORENTO LX STK# 12T217-1 $21,995 LOADED!
2011 SUZUKI SX4 HATCHBACK $14,995 5 TO CHOOSE FROM
2011 SUZUKI GRAND VITARA JX 4X4 $19,995 6 TO CHOOSE FROM
2010 DODGE GRAND CARAVAN SE STK# 12011-0 $16,995 STOW N' GO! LOADED!
2010 FORD FUSION SE STK# 12002-0 $15,995 LOADED & POWER ROOF!
2010 VOLKSWAGEN PASSAT cc 2.0T 4DR COUPE STK# 11T120-1 $27,995 ONLY 33,000 KMS!
2007 NISSAN MURANO SL AWD STK# 12004-0 $18,995
FREE EXTERIOR CAR WASH WITH EVERY SERVICE & HALF PRICE NITROGEN TIRE FILL FOR ONLY $24.95 (REG $49.95) FROM MARCH 20TH TO APRIL 20TH.
Spring Fling $75⁰⁰ +GST (a $125 value)
"C" Clean & Oil Change
"C" Cleaning Package Includes:
• Exterior Clean • Complete Interior Wipe Down • Complete vacuum (including trunk) • Engine Shampoo • Glass Clean
Valid Until: xxxxxxxx Signature: xxxxxxxx Coupon #: xxx
MILLWOODS SUZUKI CARING FOR CUSTOMERS
Enter ballot at Millwoods Suzuki's Service Department for your chance to win a complimentary "A" Clean!
Name: Phone: Email:
MILLWOODS SUZUKI.com
Don't Have Bluetooth? Install HANDSFREE BLUETOOTH with BACK-UP CAMERA in your vehicle today for only $319.95 (most vehicles).
WE SERVICE ALL MAKES AND MODELS
Shop charge and GST extra
Apply @ MWSCREDIT.CA
780-450-4500
34th AVE AUTO ROW | 3403-93 ST. SPECIAL TOLL FREE 1-866-8997-4570
All payments include taxes and fees on longest possible term available with $2000 down O.A.C.
BBB ACCREDITED BUSINESS
Jessy Parihar
Nand Bhasin
Vijay Soni


NEW WAY Stucco Ltd.
Quality work at reasonable rates.
We do Splash Dash Stucco and Acrylic.
For Free estimates, Call:
Baljit
Ph: 780-708-1436 Fax: 780-462-0691


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
Fax : 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7, Brampton, ON L6S 0C4


ਮੁਲਾਕਾਤ Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com



ELECT ✓ CINDY OLSEN
for EDMONTON MANNING
Alberta's NDP
Because Alberta belongs to you



ELECT ✓ ALI HAYMOUR
for EDMONTON-DECORE
Call Ali: 780-267-6766
Alberta's NDP
Because Alberta belongs to you

Alberta Liberal

Make it matter; make it MATHER



**Weslyn Mather**
**Edmonton - Mill Woods**

**"I understand the issues; with your help and YOUR VOTE I will provide the leadership MillWoods deserves."**

YES

If the vision of Mill Woods was Alberta, we would have a different government.

We would not have parties making promises many know they cannot keep, then hoping the electors will forget them after the votes are counted.

We would not have politicians attacking each other; focused on exposing weaknesses rather than working to build bridges in areas of agreement.
We would not have candidates hiding behind labels and talking points rather than admitting they do not have all the answers and seeing this honesty to be strength.

We would have communities talking to each other about shared concerns.

We would have candidates offering constructive alternatives to agreed issues.

We would be discussing issues and ideas with voters and candidates from other regions to stretch our knowledge and understanding of the challenges we face together.

I am Weslyn Mather, I have lived, worked and connected with Mill Woods for over 30 years.

For four years I was your Member of the Legislative Assembly. I brought my ability to listen, to conciliate, to connect and to advocate on your behalf into a forum with members from all regions, parties and walks of life. I showed a different way to do democracy.

If you elect me as your MLA on April 23, I will do this again. I will serve with the same integrity, but with greater experience from being in and out of office these past eight years. You, too have greater experience, having lived under different representation.

I'm a member of a progressive party but my party is not my priority – you are. The policies I propose and support grow from people like yourselves; people with whom I've talked, worked and grown.

I am a Voice of One, working with others who share these values. And the people who live in Mill Woods can make this voice a strong one again.

*Authorized by the Weslyn Mather Campaign*
mathercampaign@shaw.ca

# ADVANCE DRIVING SCHOOL & LIMOS

- Lady Instructor Available
- Defensive Training Classes to Restore Demerits
- Free Pick up & Drop



- Airport Service Flat Rate
- Wedding Ceremony
- Any Other Function

## 780 660 4090

#202 3456 91 Street NW, Edmonton AB






## Home Renovations

AI

**Our Services**

- **Basement Development**
- **General Carpentry**
- **Electrical & Plumbing**
- **Drywall** - Mud & Tape, Texturing
- **Kitchen & Bathroom Remodeling**
- **Flooring** - Hardwood, Laminate, Tile, Carpet
- **Painting** - Interior, Exterior

**We specialize in commercial and residential renovations.**

Over 15 years in the industry, customer satisfaction is our #1 goal. We are licensed, insured, BBB members with WCB coverage.

**Call us today for a free estimate!**

**780.484.8885**



*We'd Like...*

*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*

*Toll Free: 1-866-996-9776*

*sales@progressivewarranty.com*

*www.progressivewarranty.com*

CARB
CANADIAN ALLIANCE OF RESIDENTIAL BUILDERS



# Re-Elect PC Candidate

# PETER SANDHU



## Honest, Sincere, Hardworking and Committed

**Edmonton-Manning deserve a voice in Government**

## Advance Polling:

**April 19,20,21-2012**
**JJ-Bowlen School, 6110, 144 Ave,**
**9AM to 8PM**

## Election Day 23 April, 2012

ਪੀਟਰ ਸੰਧੂ ਨੇ ਮੈਨਿੰਗ ਹਲਕੇ ਦਾ ਪਿਛਲੇ 4 ਸਾਲ ਡਟ ਕੇ ਵਿਕਾਸ ਕਰਵਾਇਆ ਤੇ ਅੱਗੇ ਤੋਂ ਵਚਨਬੱਧ। ਮੈਂ ਪਿਛਲੇ ਸਾਲਾਂ ਵਿੱਚ ਦਿੱਤੇ ਮਾਣ ਸਨਮਾਨ ਦਾ ਬਹੁਤ ਧੰਨਵਾਦੀ ਹਾਂ। ਪੀਟਰ ਸੰਧੂ Low Tax, New Schools, Anthony Henday ਨੂੰ ਪੂਰਾ ਕਰਵਾਉਣ, ਅਤੇ ਹਸਪਤਾਲਾਂ 'ਚ ਅਮਰਜੈਂਸੀ ਦਾ ਸਮਾਂ ਘਟਾਉਣ ਲਈ ਵਚਨਬੱਧ ਹਨ।

PC Alberta

ਤੁਹਾਡੇ ਪਰਖੇ ਹੋਏ ਸੂਝਵਾਨ, ਨਿਧੜਕ, ਇਮਾਨਦਾਰ, ਵਿਸ਼ਵਾਸਪਾਤਰ, ਐਡਮਿੰਟਨ ਮੈਨਿੰਗ ਹਲਕੇ ਦੇ ਲੋਕਾਂ ਦੀ ਆਵਾਜ਼, ਅਲਬਰਟਾ ਦੀ ਅਸੈਂਬਲੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਤੁਹਾਡੀ ਆਵਾਜ਼ ਪਹੁੰਚਾਣ ਵਾਲੇ ਪੀਟਰ ਸੰਧੂ ਨੂੰ ਵੋਟਾਂ ਪਾ ਕੇ ਕਾਮਯਾਬ ਬਣਾਓ। ਆਓ ਆਪਾਂ ਸਾਰੇ ਚੋਣ ਮੁਹਿੰਮ ਦਾ ਹਿੱਸਾ ਬਣੀਏ।

Campaign Office:
#220, Manning Crossing,
Shopping Centre, Edmonton, Alberta
Ph: 780-406-2703

# Harjeet Sandhu

"Serving all your Real Estate needs" **REALTOR**

ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।

"CONVERTING YOUR DREAMS INTO REALITY"



**(780) 233-3100**

Friendly Service & Free Market Evaluation



To view Thousands of properties online visit:
**www.harjeetsandhu.com**

harjsandhu@gmail.com

**Realty Executives Polaris**
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris

Member - Edmonton Real Estate Board, Residential & Commercial Divsion

## VAISAKHI NAGAR KIRTAN COMMITTEE, EDMONTON

**Gurdwara Millwoods - Gurdwara Siri Guru Singh Sabha – Siri Guru Nanak Sikh Gurdwara of Alberta**

ਅਲਬਰਟਾ ਨਿਵਾਸੀ ਸਾਧ ਸੰਗਤ ਜੀ:

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ॥

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਖ਼ਾਲਸੇ ਦਾ ਸਿਰਜਨਾ ਦਿਵਸ ਮਨਾਉਂਦਿਆਂ ਐਡਮਿੰਟਨ ਸ਼ਹਿਰ ਵਿਖੇ ਵੈਸਾਖੀ ਨਗਰ ਕੀਰਤਨ ਦਾ ਪ੍ਰਬੰਧ ਐਤਵਾਰ, 20 ਮਈ 2012 (ਵਿਕਟੋਰੀਆ ਡੇਅ ਵੀਕਐਂਡ) ਨੂੰ ਉਤਸ਼ਾਹ, ਸ਼ਰਧਾ, ਅਤੇ ਸਤਿਕਾਰ ਸਹਿਤ ਕੀਤਾ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਮਹਾਨ ਦਿਹਾੜੇ ਤੇ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਜੀ। ਇਸ ਸਾਲ ਨਗਰ ਕੀਰਤਨ ਗੁਰਦੁਆਰਾ ਮਿੱਲਵੁਡਜ਼ ਸਾਹਿਬ ਤੋਂ ਬਾਅਦ ਦੁਪਹਿਰ 12:30 ਵਜੇ ਅਰੰਭ ਹੋਵੇਗਾ, ਅਤੇ ਵੱਡੀ ਸਟੇਜ ਗੁਰਦੁਆਰਾ ਸਾਹਿਬ ਸਿਰੀ ਗੁਰੂ ਸਿੰਘ ਸਭਾ ਵਿਖੇ ਸਜਾਈ ਜਾਵੇਗੀ। ਇਸ ਮਹਾਨ ਕਾਰਜ ਲਈ ਸਾਨੂੰ ਵਾਲੰਟੀਅਰ ਸੇਵਾਦਾਰਾਂ ਦੀ ਲੋੜ ਹੈ। ਜੋ ਵੀ ਸੱਜਨ ਸੇਵਾ ਵਿੱਚ ਹਿੱਸਾ ਪਾਉਣ ਲਈ ਸਮਾਂ ਕੱਢ ਸਕਦੇ ਹਨ ਉਹ ਨਗਰ ਕੀਰਤਨ ਕਮੇਟੀ ਨਾਲ ਸੰਪਰਕ ਕਰਨ ਜੀ।

ਖ਼ਾਲਸੇ ਦੇ ਸਾਜਨਾਂ ਦਿਵਸ ਦੇ ਸੰਬੰਧ ਵਿੱਚ ਹੀ ਵੈਸਾਖੀ ਵਾਲੇ ਦਿਨ ਸਨਿੱਚਰਵਾਰ 14 ਅਪ੍ਰੈਲ, 2012 ਨੂੰ ਸਿਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ 5 ਬਜੇ ਅੰਮ੍ਰਿਤ ਵੇਲੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸਿੱਖ ਨੂੰ ਜੀਵਨ ਵਿੱਚ ਅਨੁਸ਼ਾਸਨ ਲਿਆਉਣ ਲਈ, ਸ਼ਬਦ-ਨਾਮ ਦੀ ਦੀਖਿਆ ਲੈ ਕੇ ਜੀਵਨ ਯਾਤਰਾ ਸਫ਼ਲ ਕਰਨ ਲਈ, ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਣ ਲਈ, ਅਤੇ ਸੰਤ-ਸਿਪਾਹੀ ਦੇ ਆਦ੍ਰਸ਼ਿਕ ਜੀਵਨ ਵੱਲ ਤੁਰਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਜ਼ਰੂਰੀ ਹੈ। ਅੰਮ੍ਰਿਤ ਅਭਿਲਾਖ਼ੀਆਂ ਪਾਸ ਬੇਨਤੀ ਹੈ ਕਿ ਆਪਣੇ ਨਾਮ ਛੇਤੀ ਤੋਂ ਛੇਤੀ ਨਗਰ ਕੀਰਤਨ ਕਮੇਟੀ, ਜਾਂ ਕਿਸੇ ਵੀ ਸਥਾਨਿਕ ਗੁਰਦੁਆਰਾ ਸਾਹਿਬ ਦੀ ਕਮੇਟੀ ਪਾਸ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਸੰਗਤਾਂ ਦੇ ਦਾਸ:

ਪਾਲ ਸਿੰਘ ਪੁਰੇਵਾਲ
(ਸਕੱਤਰ) Phone: (780) 707-8403

ਬਲਬੀਰ ਸਿੰਘ ਚਾਨਾ
(ਚੇਅਰਮੈਨ) Tel: (780) 951-9154

# A City Limos Ltd.

**Ph: 780-462-4940**
**Toll Free: 1-888-462-4623**



Wedding
School Proms
Birthday
City Tours
Airport Service

Edmonton-Calgary Vancouver

Contact
780-951-7260



e-mail: dhaliwalsd@hotmail.com, www.acitylimousine.com

ਕਹਾਣੀ

# ਕਥਾ-ਕੁੰਜ

ਗੁਲਜ਼ਾਰ ਮੁਹੰਮਦ ਗੋਰੀਆ ਦੀ ਕਹਾਣੀ 'ਕਥਾ-ਕੁੰਜ' ਉਸ ਅੰਨ੍ਹੀ ਸ਼ਰਧਾ 'ਤੇ ਕੇਂਦਰਿਤ ਹੈ ਜਿਹੜੀ ਆਮ ਲੋਕਾਂ ਨੂੰ ਅਕਸਰ ਗ਼ਹਿਰੇ ਸੰਕਟ ਵਿੱਚ ਧਕੇਲ ਦਿੰਦੀ ਹੈ। ਕਹਾਣੀ ਦਾ ਕਥਾਨਕ ਵੀ ਉਸ ਘਟਨਾ ਦੇ ਹਵਾਲੇ ਨਾਲ ਉਸਾਰਿਆ ਗਿਆ ਹੈ ਜੋ ਧਾਰਮਿਕ ਤੁਅੱਸਬ ਦੀ ਪ੍ਰਤੀਨਿਧ ਮਿਸਾਲ ਵੱਜੋਂ ਦੇਸ਼ ਦੇ ਇਤਿਹਾਸ ਵਿੱਚ ਦਰਜ ਹੈ। ਧਾਰਮਿਕ ਸ਼ਰਧਾ ਤੋਂ ਪ੍ਰੇਰਿਤ ਤੇ ਅਖਾਉਤੀ ਧਰਮ-ਗੁਰੂਆਂ ਦੇ ਵਰਗਲਾਏ ਲੋਕ ਭੀੜਾਂ ਭਰੇ ਵੱਡੇ ਇੱਕਠਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਇਨ੍ਹਾਂ ਇਕਠਾਂ ਤੋਂ ਲੋਕਾਂ ਨੂੰ ਨਾ ਤਾਂ ਆਪਣੇ ਕਿਸੇ ਉਦੇਸ਼ ਦੀ ਪੂਰਤੀ ਹੁੰਦੀ ਹੈ ਅਤੇ ਨਾ ਹੀ ਕੋਈ ਆਤਮਿਕ ਸ਼ਾਂਤੀ ਹਾਸਲ ਹੁੰਦੀ ਹੈ, ਉਲਟਾ ਉਹ ਡਾਢੇ ਖੱਜਲ-ਖੁਆਰ ਹੁੰਦੇ ਹਨ ਤੇ ਕਈ ਕਿਸਮ ਦੀਆਂ ਅਣਕਿਆਸੀਆਂ ਪ੍ਰੇਸ਼ਾਨੀਆਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਔਰਤਾਂ ਤੇ ਬੱਚਿਆਂ ਦੀ ਤਾਂ ਕਈ ਵਾਰ ਵਧੇਰੇ ਹੀ ਦੁਰਦਸ਼ਾ ਹੁੰਦੀ ਹੈ। ਇਸ ਕਹਾਣੀ ਦੇ ਪਾਤਰਾਂ ਨੂੰ ਵੀ ਅਜਿਹੀਆਂ ਹੀ ਪ੍ਰਸਥਿਤੀਆਂ 'ਚੋ ਨਿਕਲਣਾ ਪੈਂਦਾ ਹੈ। ਕਹਾਣੀਕਾਰ ਜਦੋਂ ਗ਼ੈਰਮਨੁੱਖੀ ਤੁਅੱਸਬੀ ਵਰਤਾਰੇ ਦੇ ਸਨਮੁੱਖ ਮਾਨਵ ਕਲਿਆਣ ਨੂੰ ਪ੍ਰਣਾਏ ਤੇ ਧਾਰਮਿਕ ਵਖਰੇਵਿਆਂ ਤੋਂ ਉੱਪਰ ਉਠੇ ਲੋਕਾਂ ਦੇ ਵਿਹਾਰ ਨੂੰ ਪੇਸ਼ ਕਰਦਾ ਹੈ ਤਾਂ ਕਹਾਣੀ ਦੇ ਅਸਲ ਅਰਥ ਉਜਾਗਰ ਹੋ ਜਾਂਦੇ ਹਨ। ਭਾਰਤੀ ਸਭਿਆਚਾਰ 'ਚ ਧਾਰਮਿਕ ਜਨੂੰਨ ਨੇ ਮਾਨਵਵਾਦੀ ਸੋਚ ਨੂੰ ਉੱਭਰਨ ਦੇ ਬਹੁਤ ਘੱਟ ਮੌਕੇ ਦਿੱਤੇ ਹਨ। ਪਰ ਜਿੱਥੇ ਕਿਤੇ ਵੀ ਇਹ ਮੌਕੇ ਸੁਲੱਭ ਹਨ, ਉਥੇ ਹੀ ਮਨੁੱਖ ਨੂੰ ਅਸਲ ਮਾਨਵੀ ਸੱਚ ਦਾ ਸੁਖਾਵਾਂ ਅਹਿਸਾਸ ਹੁੰਦਾ ਹੈ। ਕੁੱਝ ਅਜਿਹਾ ਹੀ ਸੰਦੇਸ਼ ਹੈ ਕਹਾਣੀ 'ਕਥਾ-ਕੁੰਜ' ਦਾ।



ਗੁਲਜ਼ਾਰ ਮੁਹੰਮਦ ਗੋਰੀਆ

ਸਵਿਤਰੀ ਬਚਪਨ ਤੋਂ ਹੀ ਰਾਮ ਦਾ ਨਾਮ ਤਾਂ ਸੁਣਦੀ ਆ ਰਹੀ ਸੀ, ਐਨੀ ਗਿਣਤੀ ਵਿਚ ਰਾਮ ਭਗਤਾਂ ਦਾ ਇੱਕਠ ਉਸਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ। ਲੱਖਾਂ ਲੋਕ ਕੰਨ ਪਾੜਵੇਂ ਸ਼ੋਰ ਵਿਚ 'ਜੈ ਸੀਆ ਰਾਮ' ਦੇ ਨਾਅਰੇ ਲਾਉਂਦੇ ਹੋਏ ਕਾਰ ਸੇਵਾ ਵਿਚ ਜੁਟੇ ਹੋਏ ਸਨ। ਇਨ੍ਹਾਂ ਵਿਚ ਉਸਦਾ ਖ਼ਾਵੰਦ ਵੀ ਸ਼ਾਮਲ ਸੀ। ਉਹ ਬੜੀ ਬੇਸਬਰੀ ਨਾਲ ਉਸੇ ਦੀ ਉਡੀਕ ਕਰ ਰਹੀ ਸੀ। ਉਸ ਮੂੰਹੋਂ ਆਪ ਮੁਹਾਰੇ 'ਜੈ ਸੀਆ ਰਾਮ' ਦਾ ਨਾਅਰਾ ਨਿਕਲ ਜਾਂਦਾ। ਘਰੋਂ ਉਹ ਬੜੀ ਖੁਸ਼ ਤੇ ਉਮਾਹ ਨਾਲ ਤੁਰੀ ਸੀ। ਅੰਤਾਂ ਦੀ ਸ਼ਰਧਾ ਨਾਲ ਭਰੀ ਹੋਈ। ਤੁਰਨ ਤੋਂ ਪਹਿਲਾਂ ਕਿੰਨੇ ਹੀ ਦਿਨ ਉਹ ਰਾਮ ਜਨਮ ਭੂਮੀ ਦੇ ਦਰਸ਼ਨ ਆਪਣੇ ਮਨ ਹੀ ਮਨ ਕਰਦੀ ਰਹੀ ਸੀ। ਉਸ ਦਿਨ, ਉਸ ਘੜੀ ਨੂੰ ਤਸੱਵਰ ਵਿਚ ਲਿਆਉਂਦਿਆਂ-ਉਸਦਾ ਮਨ ਸ਼ਰਧਾ ਨਾਲ ਭਰ ਜਾਂਦਾ-ਜਦੋਂ ਉਹ ਭਗਵਾਨ ਦੀ ਜਨਮ ਭੋਂ 'ਤੇ ਨਮਸਕਾਰ ਕਰੇਗੀ ਤੇ ਆਪਣੇ ਬੇਟੇ ਦੇ ਮੱਥੇ ਨੂੰ ਸਪੱਰਸ਼ ਕਰਵਾ ਸਕੇਗੀ।

ਉਸਦੇ ਘਰ ਵਾਲੇ ਕੇਵਲ ਕ੍ਰਿਸ਼ਨ ਦਾ ਤਾਂ ਇਹ ਪੱਕਾ ਵਿਸ਼ਵਾਸ ਸੀ ਕਿ ਚਾਰ ਧੀਆਂ ਬਾਅਦ ਉਸਨੂੰ ਜੋ ਪੁੱਤਰ ਦੀ ਪ੍ਰਾਪਤੀ ਹੋਈ ਹੈ ਤਾਂ ਇਹ ਭਗਵਾਨ ਦੀ ਹੀ ਕ੍ਰਿਪਾ ਹੈ, ਨਹੀਂ ਤਾਂ ਪੁੱਤਰ ਪ੍ਰਾਪਤੀ ਲਈ ਉਸਨੇ ਕਿਸ ਕਿਸ ਥਾਂ 'ਤੇ ਮੰਨਤਾਂ ਨਹੀਂ ਸਨ ਮੰਨੀਆਂ। ਭਗਵਾਨ ਦੇ ਰੰਗ! ਜਦੋਂ ਉਹ ਪਹਿਲੀ ਵਾਰ ਸ਼ਿਲਾਨਿਆਸ ਦੀ ਕਾਰ ਸੇਵਾ ਕਰਕੇ ਘਰ ਪਹੁੰਚਿਆ ਸੀ ਤਾਂ ਉਸਦੇ ਘਰ ਚੰਨ ਵਰਗੇ ਪੁੱਤਰ ਨੇ ਜਨਮ ਲਿਆ ਸੀ। ਉਸਨੇ ਉਸੇ ਦਿਨ ਮਨ ਵਿਚ ਧਾਰ ਲਿਆ ਕਿ ਭਗਵਾਨ ਦੇ ਬਖ਼ਸ਼ੇ ਹੋਏ ਲੱਲਾ ਨੂੰ 'ਰਾਮ ਲੱਲਾ' ਦੇ ਦਰਸ਼ਨ ਜ਼ਰੂਰ ਕਰਵਾਏਗਾ।

ਸੱਬਬ ਬਣ ਵੀ ਗਿਆ। ਸੈਂਕੜੇ ਕਾਰ ਸੇਵਕਾਂ ਦਾ ਜੱਥਾ ਉਨ੍ਹਾਂ ਦੇ ਸ਼ਹਿਰੋਂ ਅਯੁੱਧਿਆ ਲਈ ਤੁਰਿਆ ਸੀ। ਉਹ ਵੀ ਇਸ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਵੀ ਕੀਤਾ ਗਿਆ ਸੀ ਕਿ ਉਥੇ ਆਪਣੀ ਸਰਕਾਰ ਹੈ। ਅੱਛੀ ਖਾਸੀ ਵਿਵਸਥਾ ਹੋਵੇਗੀ। ਕੋਈ ਤਕਲੀਫ਼ ਨਹੀਂ ਹੋਣ ਲੱਗੀ। ਸਾਰੀ ਦੁਨੀਆ ਜਾਣਦੀ ਹੈ ਕਿ 'ਕਾਰ ਸੇਵਾ' ਹੋ ਰਹੀ ਹੈ-ਫੇਰ ਵਿਵਸਥਾ ਕਿਉਂ ਨਾ ਹੋਵੇਗੀ!

ਕੱਲ ਹੀ ਉਹ ਅਯੁੱਧਿਆ ਪਹੁੰਚੇ ਸਨ। ਸਵਿਤਰੀ ਹੋਰ ਔਰਤਾਂ ਨਾਲ 'ਦੁਰਗਾ ਵਾਹਿਣੀ ਝੰਡੇ ਹੇਠ ਮਾਰਚ ਕਰਦਿਆਂ ... ਕਿਤੇ ਸ਼ਾਮ ਤੀਕਤ 'ਕਥਾ-ਕੁੰਜ' ਅਪੜੀ ਸੀ। ਉਸ ਨੇ ਇਕ ਖੂੰਝੇ ਜਿਹੇ ਆਪਣੇ ਲਈ ਟਿਕਾਣਾ ਬਣਾਉਣ ਦਾ ਯਤਨ ਕੀਤਾ। ਅਥਾਹ ਭੀੜ ਸੀ। ਧੁਰ ਤੀਕਰ ਮਨੁੱਖਾਂ ਦਾ ਇਕ ਸਮੁੰਦਰ ਵਿਖਾਈ ਦਿੰਦਾ ਸੀ। ਕੇਵਲ ਕ੍ਰਿਸ਼ਨ ਦੇ ਅੱਖੋਂ ਉਹਲੇ ਹੁੰਦਿਆਂ ਹੀ ਉਸਦੇ ਡੋਬੂ ਪੈਣਾ ਸ਼ੁਰੂ ਹੋ ਜਾਂਦਾ ਸੀ। ਪਰ ਉਹ ਕਿਵੇਂ ਨਾ ਕਿਵੇਂ, ਇਕ ਮਿੰਟ ਲਈ, ਵਕਤ ਕਢੱਕੇ ਉਸਨੂੰ ਵਿਖਾਈ ਜ਼ਰੂਰ ਦੇ ਜਾਂਦਾ।

ਸਵਿਤਰੀ ਦਾ ਉਤਸ਼ਾਹ ਇਸ ਸ਼ਹਿਰ 'ਚ ਦਾਖਲ ਹੁੰਦਿਆਂ ਹੀ ਬੁਝ ਜਿਹਾ ਗਿਆ ਸੀ। ਇਕ ਤਾਂ ਉਹ ਆਪ ਬੇਆਰਾਮੀ ਤੇ ਮਾਰਚ ਕਰਦਿਆਂ ਥੱਕ ਕੇ ਚੂਰ ਹੋ ਗਈ ਸੀ। ਦੂਜੇ, ਵਰੁਣ ਜ਼ਿਆਦਾ ਭੀੜ ਕਾਰਨ ਤੰਗ ਹੋਇਆ ਵਿਲਕੀ ਜਾਂਦਾ ਸੀ। ਇਕ ਦੋ ਵਾਰ ਤਾਂ ਉਸਨੂੰ 'ਦੁਰਗਾ ਵਾਹਿਣੀ' ਦੀਆਂ ਆਗੂ ਔਰਤਾਂ ਵੱਲੋਂ ਤਾੜਿਆ ਵੀ ਗਿਆ। ਉਹ ਸਭ ਕੁਝ ਜਰਦੀ ਰਹੀ।

'ਕਥਾ-ਕੁੰਜ' ਵਿਚ ਬੈਠਿਆਂ ਹੀ ਰਾਤ ਗੁਜ਼ਰੀ ਸੀ। ਤੜਕੇ ਕੇਵਲ ਕ੍ਰਿਸ਼ਨ ਵਿਖਾਈ ਦਿੱਤਾ ਸੀ। ਉਸਨੇ ਰੋ ਕੇ ਆਪਣੀ ਵਿਥਿਆ ਦੱਸੀ ਸੀ ਤਾਂ ਬੜੇ ਜੋਸ਼ ਨਾਲ ਭਰੇ ਹੋਏ ਕੇਵਲ ਕ੍ਰਿਸ਼ਨ ਨੇ ਕਿਹਾ ਸੀ, "ਇਕ ਦਿਹਾੜੀ ਦੀ ਸਾਰੀ ਗੱਲ ਐ। ਭਗਵਾਨ ਦੀ ਕ੍ਰਿਪਾ ਨਾਲ ਸਭ ਠੀਕ ਹੀ ਰਵ੍ਹੇਗਾ। ਆਪਾਂ ਇਥੇ ਸਾਰੀ ਉਮਰ ਥੋੜਾ ਕੱਟਣੀ ਹੈ। ਵੇਖ ਭਗਤਾਂ ਦਾ ਕਿਵੇਂ ਹੜ੍ਹ ਆਇਆ ਪਿਆ ਹੈ। ਮੈਂ ਖ਼ਬਰ ਰੱਖਾਂਗਾ। ਤੂੰ ਫ਼ਿਕਰ ਨਾ ਕਰ।"

ਹੋਰ ਔਰਤਾਂ ਦੀ ਮਦਦ ਨਾਲ ਸਵਿਤਰੀ ਨੇ ਵੀ ਥੋੜ੍ਹਾ ਬਹੁਤ ਲੰਗਰ ਪ੍ਰਾਪਤ ਕਰ ਲਿਆ ਸੀ। ਜਦੋਂ ਤੋਂ ਕਾਰ ਸੇਵਾ ਸ਼ੁਰੂ ਹੋਈ ਸੀ ਲੋਕਾਂ ਨੂੰ ਆਪਣੀ ਸੁੱਧ-ਬੁੱਧ ਭੁੱਲ ਗਈ ਸੀ। ਹਰ ਕੋਈ 'ਪ੍ਰਸ਼ਾਦ' ਪ੍ਰਾਪਤੀ ਦੀ ਤਾਂਘ ਵਿਚ ਬਿਨਾ ਆਪਣੀ ਜਾਨ ਦੀ ਪ੍ਰਵਾਹ ਕੀਤਿਆਂ-ਕਾਰ ਸੇਵਕਾਂ ਦੀ ਭੀੜ ਵਿਚ ਗੁੰਮ ਹੋ ਰਿਹਾ ਸੀ। ਘਮਾਸਾਣ ਯੁੱਧ ਵਰਗਾ ਹਾਲ ਹੋਇਆ ਪਿਆ ਸੀ। ਅਸਮਾਨ ਪਾਟਣ 'ਤੇ ਆਇਆ ਹੋਇਆ ਸੀ। ਸਵਿਤਰੀ ਏਸ ਸਾਰੇ ਹਜੂਮ ਦਾ ਇਕ ਹਿੱਸਾ ਹੁੰਦੀ ਹੋਈ ਵੀ ਇਸ ਤੋਂ ਨਿਰਲੇਪ ਸੀ। ਉਸਦਾ ਸਾਰਾ ਧਿਆਨ ਆਪਣੇ ਬੱਚੇ ਵੱਲ ਲੱਗਿਆ ਹੋਇਆ ਸੀ। ਜਦੋਂ ਵੀ ਉਹ ਉਲਟੀ ਕਰਦਾ ਉਸਦੇ ਮੂੰਹੋਂ 'ਜੈ ਸੀਆ ਰਾਮ' ਨਿਕਲ ਜਾਂਦਾ। ਭਗਵਾਨ ਤੋਂ ਬਿਨਾਂ ਉਸਦਾ ਕੋਈ ਵੀ ਤਾਂ ਨਹੀਂ ਸੀ ਇਥੇ।

ਸ਼ਾਮ ਪੈ ਗਈ ਸਰਦੀ ਵੀ ਵੱਧ ਰਹੀ ਸੀ-ਕੇਵਲ ਕ੍ਰਿਸ਼ਨ ਅਜੇ ਆਇਆ ਨਹੀਂ ਸੀ। ਵਰੁਣ ਨੂੰ ਬੁਖ਼ਾਰ ਤੇਜ਼ ਹੋ ਗਿਆ ਸੀ। ਉਹ ਦੁੱਧ ਚੁੰਘਦਾ। ਕੁਝ ਚਿਰ ਚੁੱਪ ਕਰ ਜਾਂਦਾ। ਫੇਰ ਵਿਲਕਣ ਲਗਦਾ। ਰੋਂਦੇ ਦਾ ਉਸਦਾ ਗਲ੍ਹਾ ਬੈਠ ਗਿਆ ਸੀ। ਸਵਿਤਰੀ ਦੀਆਂ ਲੋਰੀਆਂ ਦੀ ਅਵਾਜ਼, "ਮੇਰਾ ਚੰਨ ਦਾ ਟੋਟਾ! ਮੇਰਾ ਲਾਲ। ਹਾਏ ਮੈਂ ਮਰ ਜਾਵਾਂ ਕੀ ਹੋਇਆ ਮੇਰੇ ਲਾਲ ਨੂੰ!"-ਸ਼ਾਇਦ ਰੌਲੇ ਕਾਰਨ ਉਸਨੂੰ ਸੁਣਾਈ ਨਹੀਂ ਸੀ ਦੇ ਰਹੀ। ਆਪਣੇ ਕੋਲ ਮੌਜੂਦ ਕਪੜਿਆਂ ਵਿਚ ਉਹ ਵੱਧ ਤੋਂ ਵੱਧ ਨਾਲ ਆਪਣੇ ਬੱਚੇ ਨੂੰ ਲੁਕਾਉਣ ਲੱਗੀ ਹੋਈ ਸੀ।

ਰਾਤ ਦੇ ਅੱਠ ਵੱਜੇ ਤੋਂ ਬਾਅਦ ਕੇਵਲ ਕ੍ਰਿਸ਼ਨ ਲੱਭਦਾ ਲਭਾਉਂਦਾ ਹੋਇਆ, ਸਵਿਤਰੀ ਕੋਲ ਅਪੜਿਆ। ਉਸਦੇ ਹੁਲੀਏ ਤੋਂ ਉਸਨੂੰ ਪਛਾਨਣਾ ਮੁਸ਼ਕਲ ਲਗਦਾ ਸੀ। ਮੂੰਹ ਸਿਰ ਮਿੱਟੀ ਨਾਲ ਅੱਟਿਆ ਪਿਆ ਸੀ। ਉਸਦੀ ਬਗਲ ਵਿਚ ਇਕ ਇੱਟ ਸੀ 'ਪ੍ਰਸ਼ਾਦ' ਦੇ ਰੂਪ ਵਿਚ। ਉਹ ਬਹੁਤ ਖੁਸ਼ ਸੀ-ਜਿਵੇਂ ਉਸਨੂੰ ਕੋਈ ਖਜਾਨਾ ਲੱਭ ਪਿਆ ਹੋਵੇ। ਸਵਿਤਰੀ ਨੇ ਵੀ ਉਸਦੇ ਨਾਲ, "ਜੈ ਸੀਆ ਰਾਮ-ਬਨ ਗਿਆ ਕਾਮ" ਦਾ ਨਾਅਰਾ ਲਾ ਕੇ ਖ਼ੁਸ਼ੀ ਜ਼ਾਹਰ ਕੀਤੀ। ਬਿੰਦ ਕੁ ਪਿੱਛੋਂ ਉਸਨੇ ਵਰੁਣ ਨੂੰ ਕੇਵਲ ਕ੍ਰਿਸ਼ਨ ਦੀ ਝੋਲੀ ਪਾ ਦਿੱਤਾ। ਉਸਦੀ ਹਾਲਤ ਦੱਸਦੇ ਹੋਏ-ਇਸ ਉਮਾਹ ਤੇ ਖ਼ੁਸ਼ੀ ਭਰੇ ਮਾਹੌਲ ਵਿਚ ਵੀ ਉਸਦੀਆਂ ਅੱਖਾਂ ਵਿਚ ਹੰਝੂ ਆ ਗਏ। ਕੇਵਲ ਕ੍ਰਿਸ਼ਨ ਬਹੁਤ ਜ਼ਿਆਦਾ ਜੋਸ਼ ਵਿਚ ਸੀ। ਉਸਨੂੰ ਲੱਗਿਆ ਕਿ ਖੁਸ਼ੀ ਦੇ ਇਨ੍ਹਾਂ ਪਲਾਂ ਨੂੰ ਵਰੁਣ ਨੇ ਟੁੱਕ ਦਿੱਤਾ ਹੋਵੇ। ਉਸਦਾ ਜੀਅ ਕੀਤਾ ਵਰੁਣ ਨੂੰ ਪਰ੍ਹਾਂ ਵਗਾਹ ਮਾਰੇ। ਛੇਤੀ ਹੀ ਉਸਨੇ ਆਪਣੇ ਆਪ 'ਤੇ ਕਾਬੂ ਪਾ ਲਿਆ। ਬੱਚੇ ਨੂੰ ਆਪਣੇ ਨਾਲ ਘੁੱਟਦਾ ਹੋਇਆ ਬੋਲਿਆ, "ਭਗਵਾਨ ਦੀ ਕ੍ਰਿਪਾ ਨਾਲ ਸਭ ਠੀਕ ਹੋਵੇਗਾ। ਪ੍ਰਸ਼ਾਦ ਮਿਲ ਗਿਆ ਹੈ। ਹੁਣ ਮੈਂ ਇੱਥੇ ਹੀ ਹਾਂ। ਆਪਾਂ ਸਵਾਮੀ ਜੀ ਕੋਲ ਚਲਾਂਗੇ। ਸਭ ਠੀਕ ਕਰ ਦੇਣਗੇ।" -ਪਾਣੀ ਦਾ ਘੁੱਟ ਤੇ ਚਾਹ ਦਾ ਕੱਪ ਪੀਣ ਬਾਅਦ ਉਹ ਸਵਾਮੀ ਜੀ ਦੇ ਦਰਸ਼ਨਾਂ ਲਈ ਤੁਰ ਪਏ। ਅਥਾਹ ਭੀੜ 'ਚ ਉਨ੍ਹਾਂ ਦਾ ਦਮ ਘੁੱਟ ਰਿਹਾ ਸੀ, ਤਾਂ ਵੀ ਉਹ ਸਿਰੜ ਨਹੀਂ ਸੀ ਛੱਡ ਰਹੇ। - ਸਵਾਮੀ ਜੀ ਆਪ ਵੀ ਖੁਸ਼ੀ ਦੇ ਸਮੁੰਦਰ ਵਿਚ ਗੋਤੇ ਲਾ ਰਹੇ ਸਨ। ਉਨ੍ਹਾਂ ਨੇ ਬੱਚੇ ਨੂੰ ਅਸ਼ੀਰਵਾਦ ਦਿੱਤਾ। ਪਾਠ ਕਰਨ ਦਾ ਉਪਦੇਸ਼ ਕੀਤਾ। ਭੀੜ ਤੋਂ ਬਚਣ ਦੀ ਕੋਸ਼ਿਸ਼ ਵਿਚ ਉਹ ਇਕ ਕੰਧ ਨਾਲ ਲੱਗ ਕੇ ਬੈਠ ਗਏ। ਵਰੁਣ ਉਲਟੀ ਦੇ ਨਾਲ-ਨਾਲ ਪਤਲੀਆਂ ਟੱਟੀਆਂ ਵੀ ਕਰ ਰਿਹਾ ਸੀ। ਸਵਿਤਰੀ ਕਿਵੇਂ ਨਾ ਕਿਵੇਂ ਉਸਨੂੰ ਸੰਭਾਲਦੀ। ਸਾਫ਼ ਕਰਦੀ। ਆਪਣੀ ਹਿੱਕ ਨਾਲ ਲਾਉਂਦੀ। ਫਿਰ ਦੁੱਧ ਚੁੰਘਾਉਂਦੀ। ਉਸ ਘੜੀ ਨੂੰ ਕੋਸਦੀ ਜਦੋਂ ਉਸਨੇ ਸੋਚਿਆ ਤੇ ਫੈਸਲਾ ਕੀਤਾ- ਇਥੇ ਪਹੁੰਚਣ ਦਾ। ਉਸਨੂੰ ਸੁਫ਼ਨੇ 'ਚ ਵੀ ਅਜਿਹੇ ਮਾਹੌਲ ਦੀ ਉਮੀਦ ਨਹੀਂ ਸੀ। ਇਹ ਤਾਂ ਰਾਮ ਦੀ ਜਨਮ ਭੋਂ 'ਤੇ ਕੋਈ ਯੁੱਧ ਲੜਿਆ ਜਾ ਰਿਹਾ ਸੀ।

ਜਦੋਂ ਵੀ ਵਰੁਣ ਥੋੜ੍ਹਾਂ ਜਿਹਾ ਵਿਲਕਦਾ-ਕੇਵਲ ਕ੍ਰਿਸ਼ਨ 'ਪ੍ਰਸ਼ਾਦ' ਵਾਲੀ ਇੱਟ ਨੂੰ ਆਪਣੀ ਹਿੱਕ ਨਾਲ ਘੁੱਟ ਲੈਂਦਾ। ਤੜਕੇ ਉਨ੍ਹਾਂ ਦੇ ਬੱਚੇ ਦੀ ਹਾਲਤ ਬਹੁਤ ਗੰਭੀਰ ਹੋ ਗਈ। ਉਨ੍ਹਾਂ ਦਾ ਦੁੱਖ ਉਨ੍ਹਾਂ ਦੇ ਵੱਸੋਂ ਬਾਹਰ ਹੋ ਗਿਆ। ਸਵਿਤਰੀ ਘਬਰਾ ਕੇ ਉੱਚੀ-ਉੱਚੀ ਰੋਣ ਲੱਗ ਪਈ। ਕੇਵਲ ਕ੍ਰਿਸ਼ਨ ਉਸਨੂੰ ਸੰਭਾਲਦਾ। ਕਦੇ ਆਪ ਮੁਹਾਰੇ ਉਸਦੇ ਮੂੰਹੋਂ ਰਾਮ ਦਾ ਜੈਕਾਰਾ ਨਿਕਲ ਜਾਂਦਾ। ਸਵਾਮੀ ਜੀ ਬਿਨਾਂ ਉਹਨਾਂ ਨੂੰ ਕੋਈ ਸਹਾਰਾ ਦਿਖਾਈ ਨਹੀਂ ਸੀ ਦੇ ਰਿਹਾ। ਲੋਕਾਂ ਦੇ ਠਾਠਾਂ ਮਾਰਦੇ ਸਮੁੰਦਰ ਵਿਚ ਉਹਨਾਂ ਨੂੰ ਕੋਈ ਵੀ ਅਜਿਹਾ ਮਨੁੱਖ ਨਹੀਂ ਸੀ ਲੱਭ ਰਿਹਾ ਜੋ ਇਹਨਾਂ ਦਾ ਦੁੱਖ ਸੁਣਦਾ। ਲੋਕ ਤਾਂ ਬਹੁਤ ਵੱਡੇ ਕੰਮ 'ਚ ਮਸਰੂਫ਼ ਸਨ। ਅਜਿਹੀ ਨਿੱਕੀ ਗੱਲ ਨੂੰ ਕੌਣ ਗੌਲਦਾ? ਸਪੀਕਰਾਂ 'ਤੇ ਐਲਾਨ ਹੋ ਰਿਹਾ ਸੀ, "ਆਪਣੀ ਸਰਕਾਰ ਟੁੱਟ ਗਈ ਹੈ। ਲੋਕ ਆਪਣੇ ਘਰਾਂ ਨੂੰ ਚਲੇ ਜਾਣ। ਕਾਰ ਸੇਵਾ ਹੋ ਗਈ ਹੈ। ਸੁਰਖ਼ਸ਼ਾ ਬਲਾਂ ਨੇ ਅਯੁੱਧਿਆ ਨੂੰ ਘੇਰਾ ਪਾ ਲਿਆ ਹੈ ਬਚੋ-ਦੌੜੋ!" - ਉਨ੍ਹਾਂ ਨੂੰ ਸਵਾਮੀ-ਜੀ ਨਾ ਲੱਭੇ। ਆਪਣਾ ਕੋਈ ਨਜ਼ਰ ਨਹੀਂ ਸੀ ਆ ਰਿਹਾ ਜਿਵੇਂ। ਰਾਮ ਭਗਤਾਂ ਦਾ ਹਜੂਮ ਸੀ। ਪਰ ਉਨ੍ਹਾਂ ਦਾ ਦੁੱਖ ਜਾਂ ਤਾਂ ਉਹ ਜਾਣਦੇ ਸਨ ਜਾਂ ਰਾਮ।

ਉਨ੍ਹਾਂ ਚੁਫੇਰੇ ਨਜ਼ਰ ਦੌੜਾਈ। ਭਗਤਾਂ ਦੇ ਹਜੂਮ ਨੇ ਜਿਵੇਂ ਹੁਣ ਵਰਦੀ ਪਹਿਨ ਲਈ ਹੋਵੇ। ਇੱਟਾਂ ਰੋੜ੍ਹਿਆਂ ਦੇ ਵੱਡੇ ਚਬੂਤਰੇ ਉੱਤੇ ,ਇਕ ਤੰਬੂ ਲੱਗਿਆ ਹੋਇਆ ਸੀ। ਇਸ ਵਿਚ ਵਰਦੀ ਵਾਲੇ ਲੋਕ ਮੱਥਾ ਟੇਕਣ ਬਾਅਦ ਆਪੋ-ਆਪਣੀ ਡਿਊਟੀ ਸੰਭਾਲ ਰਹੇ ਸਨ। ਸਵਿਤਰੀ ਤੇ ਕੇਵਲ ਕ੍ਰਿਸ਼ਨ ਨੇ ਇਕ ਦੂਜੇ ਵੱਲ ਦੇਖਿਆ। ਕੋਈ ਗੱਲ ਨਹੀਂ ਕੀਤੀ। ਉਹ ਰਾਮ ਜਨਮ ਭੂਮੀ ਤੋਂ ਪਰਤਣ ਵਾਸਤੇ ਗੱਡੀ ਦੀ ਭਾਲ ਵਿਚ ਸਨ।

ਫੈਜ਼ਾਬਾਦ ਰੇਲਵੇ ਸਟੇਸ਼ਨ ਤਾਂ ਇਥੋਂ ਅਜੇ ਦੂਰ ਸੀ। ਉਹ ਦਿਲ ਕੈੜ੍ਹਾ ਕਰਕੇ ਤੁਰ ਪਏ। ਤੁਰਦੇ-ਤੁਰਦੇ ਸਰਜੂ ਦਰਿਆ 'ਤੇ ਆ ਗਏ। ਇਥੋਂ ਘਾਟਾਂ ਕੋਲੋਂ ਦੀ ਉਨ੍ਹਾਂ ਫੈਜ਼ਾਬਾਦ ਰੇਲਵੇ ਸਟੇਸ਼ਨ ਵੱਲ ਆਉਣਾ ਸੀ। ਸਰਜੂ ਦਰਿਆ ਦੇ ਕੰਢੇ 'ਤੇ ਬੈਠ ਕੇ ਉਹ ਕੁਝ ਚਿਰ ਜਿਵੇਂ ਸੋਚੀਂ ਪੈ ਗਏ। "ਫਿਕਰ ਨਾ ਕਰ ਸਵਿਤਰੀ। ਹੁਣੇ ਆਪਾਂ ਕਿਸੇ ਡਾਕਟਰ ਦੇ ਚੱਲਾਂਗੇ। ਓੜਕ ਨੂੰ ਸ਼ਹਿਰ ਐ।" ਉਨ੍ਹਾਂ ਦੀ ਪੂਰੀ-ਪੂਰੀ ਸੁਰਤੀ ਆਪਣੇ ਬੱਚੇ ਵਿਚ ਜੁੜੀ ਹੋਈ ਸੀ। ਕੇਵਲ ਕ੍ਰਿਸ਼ਨ ਕਾਹਲੀ ਨਾਲ ਸਰਜੂ ਦਰਿਆ ਦੇ ਕੰਢੇ ਪੇਤਲੀ ਜਿਹੀ ਥਾਂ 'ਤੇ ਬੈਠਕੇ ਮਿੱਟੀ - ਘੱਟੇ ਨਾਲ ਭਰੇ ਹੋਏ ਆਪਣੇ ਹੱਥ-ਮੂੰਹ ਧੋਣ ਲੱਗਾ। ਬਰਫ਼ ਵਰਗਾ ਠੰਡਾ ਪਾਣੀ ਉਸਦੇ ਅੰਦਰਲੀ ਤਪਸ਼ ਨੂੰ ਜਿਵੇਂ ਸਹਿਲਾ ਰਿਹਾ ਸੀ। ਉਸਨੂੰ ਲਗਦਾ ਸੀ ਜਿਵੇਂ ਸਰਜੂ ਦਰਿਆ ਦੇ ਪਾਣੀ ਨੇ ਉਸਦੀ ਰੂਹ ਧੋ ਦਿੱਤੀ ਹੋਵੇ।

ਸਟੇਸ਼ਨ ਤੋਂ ਥੋੜ੍ਹਾ ਜਿਹਾ ਉਰ੍ਹਾਂ ਨੂੰ, ਉਨ੍ਹਾਂ ਨੂੰ ਇਕ ਨਰਸ ਜਿਹੀ ਲਗਦੀ ਔਰਤ ਵਿਖਾਈ ਦਿੱਤੀ। ਸ਼ਾਇਦ ਉਹ ਰਾਤ ਦੀ ਡਿਊਟੀ ਕਰਕੇ ਪਰਤ ਰਹੀ ਸੀ। ਉਹ ਕਾਹਲੀ ਨਾਲ ਉਸ ਵੱਲ ਅਹੁਲ ਪਏ। ਜਿਵੇਂ ਨਿਥਾਵਿਆਂ ਨੂੰ ਕੋਈ ਠਾਹਰ ਲੱਭ ਗਈ ਹੋਵੇ। ਦੋਵੇਂ ਤੀਵੀਂ-ਮਾਲਕ ਐਨੇ ਘਬਰਾਏ ਹੋਏ ਸਨ ਕਿ ਉਨ੍ਹਾਂ ਤੋਂ ਇਕ ਸ਼ਬਦ ਵੀ ਨਾ ਬੋਲ ਹੋਇਆ। ਕੰਬਦੇ ਹੱਥਾਂ ਨਾਲ ਉਸ ਔਰਤ ਨੇ ਬੱਚੇ ਨੂੰ ਸਵਿਤਰੀ ਤੋਂ ਆਪਣੀ ਗੋਦ ਵਿਚ ਲੈ ਲਿਆ। ਬੱਚੇ ਦੇ ਦਿਲ ਦੀ ਧੜਕਣ ਸੁਣਨ ਲਈ ਆਪਣਾ ਕੰਨ ਉਸਦੀ ਹਿੱਕ 'ਤੇ ਲਾ ਦਿੱਤਾ। ਉਸਦੀਆਂ ਅੱਖਾਂ ਵਿਚ ਅਨੋਖੀ ਚਮਕ ਆ ਗਈ। ਉਹ ਬੜੀ ਫੁਰਤੀ ਨਾਲ ਤੁਰਦੀ ਹੋਈ ਬੋਲੀ ਜਾ ਰਹੀ ਸੀ, "ਫ਼ਿਕਰ ਨਹੀਂ, ਕਰਨੇ ਕਾ। ਜਲਦੀ ਆਓ! ਨਬਜ਼ ਧੀਮਾ ਹੈ...! ਆਓ! ਆਮਨਾ ਨਾਮ ਹੈ ਮੇਰਾ। ਮੈਂ ਡਾ. ਫ਼ਰੈਡਰਕ ਕੇ ਕਲੀਨਿਕ ਮੇਂ ਹੂੰ। ਬੱਚਾ ਤੋ ਬਹੁਤ ਸੀਰੀਅਸ ਹੈ। ਦੇਖੋ!"

ਡਾ. ਫ਼ਰੈਡਰਕ ਜਲਦੀ ਹੀ ਗਾਊਨ ਪਹਿਨਦਾ ਹੋਇਆ ਕਲੀਨਿਕ ਅੰਦਰ ਪਹੁੰਚ ਗਿਆ। ਉਸਦੇ ਆਉਂਦਿਆਂ ਨੂੰ ਆਮਨਾ ਨੇ ਬੱਚੇ ਨੂੰ ਨਿੱਘਾ ਕਰਨ ਲਈ ਹੀਟਰ ਲਾ ਦਿੱਤਾ ਸੀ। ਡਾ. ਨੇ ਸ਼ਾਂਤ ਚਿੱਤ ਰਹਿੰਦਿਆਂ ਬੱਚੇ ਨੂੰ ਚੈੱਕ ਕੀਤਾ। ਫੌਰਨ ਗੁਲੂਕੋਜ਼ ਲਾ ਦਿੱਤਾ। ਆਮਨਾ ਆਕਸੀਜਨ ਦੇ ਸਿਲੰਡਰ ਨੂੰ ਬੱਚੇ ਦੇ ਸਿਰਹਾਣੇ ਵੱਲ ਰੁਖ ਸਿਰ ਕਰ ਰਹੀ ਸੀ। ਸਵਿਤਰੀ ਦੀਆਂ ਅੱਖਾਂ ਵਿਚੋਂ ਆਪ ਮੁਹਾਰੇ ਟੱਪ-ਟੱਪ ਹੰਝੂ ਡਿੱਗ ਰਹੇ ਸਨ-ਜਿਵੇਂ ਇਹੀ ਗੁਲੂਕੋਜ਼ ਦੇ ਤੁਪਕੇ ਬਣ-ਬਣਕੇ ਵਰੁਣ ਦੇ ਸ਼ਰੀਰ ਅੰਦਰ ਪ੍ਰਵੇਸ਼ ਕਰ ਰਹੇ ਸਨ। ਆਮਨਾ ਉਨ੍ਹਾਂ ਅੱਗੇ ਚਾਹ ਦੇ ਪਿਆਲੇ ਰੱਖਦਿਆਂ ਸਾਂਤਵਨਾ ਦੇ ਰਹੀ ਸੀ, "ਅਬ ਘਬਰਾਓ ਨਹੀਂ। ਖ਼ੁਦਾ ਪਰ ਭਰੋਸਾ ਰੱਖੋ। ਅੱਛਾ ਹੀ ਹੋਗਾ ਸੱਭ!" ਦੋਵੇਂ ਨਮ ਅੱਖਾਂ ਨਾਲ ਚਾਹ ਨੂੰ ਸੜ੍ਹਾਕ ਰਹੇ ਸਨ-ਜਿਵੇਂ ਹੰਝੂ ਪੀ ਰਹੇ ਹੋਣ।

ਹਦੋਂ ਡਾ. ਫ਼ਰੈਡਰਕ ਬੱਚੇ ਨੂੰ ਤੀਜਾ ਇੰਨਜੈਕਸ਼ਨ ਦੇ ਰਿਹਾ ਸੀ-ਤਾਂ ਤਕਲਿਫ਼ ਮਹਿਸੂਸ ਕਰਦਿਆਂ ਵਰੁਣ ਨੇ ਕਰਾਹੁੰਦੇ ਹੋਏ ਨੇ ਅੱਖਾਂ ਪੁੱਟੀਆਂ। ਸਵਿਤਰੀ ਤੇ ਕੇਵਲ ਕ੍ਰਿਸ਼ਨ ਦੇ ਚਿਹਰੇ 'ਤੇ ਅਜਿਹੀ ਖੁਸ਼ੀ ਦੀ ਲਹਿਰ ਦੌੜੀ-ਜੋ ਅਗੰਮੀ ਸੀ। ਉਨ੍ਹਾਂ ਨੇ ਡਾ. ਫ਼ਰੈਡਰਕ ਤੇ ਆਮਨਾ ਵੱਲ ਸ਼ੁਕਰਾਨੇ ਭਰੀਆਂ ਨਜ਼ਰਾਂ ਨਾਲ ਤੱਕਿਆ। ਸ਼ਾਇਦ ਪ੍ਰਮਾਤਮਾ ਦਾ ਸ਼ੁਕਰਾਨਾ ਵੀ ਕਦੇ ਕੋਈ ਇਉਂ ਨਾ ਕਰਦਾ ਹੋਵੇਗਾ। ਤੀਜੇ ਦਿਨ ਉਨ੍ਹਾਂ ਨੂੰ ਛੁੱਟੀ ਮਿਲੀ। ਘਰ ਪਹੁੰਚ ਕੇ ਦੇਣ ਵਾਲੀਆਂ ਦਵਾਈਆਂ ਫੜਾਉਂਦਿਆਂ ਡਾ. ਫ਼ਰੈਡਰਕ ਨੇ ਐਨਾ ਹੀ ਆਖਿਆ, "ਐਸੀ ਭੀੜ ਮੇਂ ਬੱਚੇ ਕੋ ਨਹੀਂ ਲਾਨਾ ਚਾਹਿਏ ਥਾ। ਯੇ ਤੋ ਫੂਲ ਸਮਾਨ ਹੋਤੇ ਹੈਂ - ਕੁਮਲਾ ਜਾਤੇ ਹੈਂ।"

ਫ਼ੈਜ਼ਾਬਦ ਰੇਲਵੇ ਸਟੇਸ਼ਨ ਵੱਲ ਨੂੰ ਤੁਰੇ ਆਉਂਦਿਆਂ ਕੇਵਲ ਕ੍ਰਿਸ਼ਨ ਨੂੰ ਆਪਣੇ ਮੋਢੇ ਨਾਲ ਬਹੁਤ ਸਾਰਾ ਬੋਝ ਮਹਿਸੂਸ ਹੋਇਆ। ਉਸਨੇ ਝੋਲੇ 'ਤੇ ਹੱਥ ਮਾਰਕੇ ਟੋਹਿਆ। 'ਪ੍ਰਸ਼ਾਦ' ਵਾਲੀ ਇੱਟ ਸੀ। ਉਹ ਕਾਹਲੀ ਨਾਲ ਰੁਕਿਆ। ਇੱਟ ਬਾਹਰ ਕੱਢੀ ਅਤੇ ਇਸਨੂੰ ਪਰ੍ਹਾਂ ਵਗ੍ਹਾ ਮਾਰਿਆ। ਸਵਿਤਰੀ ਜੋ ਅਚੰਭੇ ਭਰੀਆਂ ਨਜ਼ਰਾਂ ਨਾਲ ਉਸ ਵੱਲ ਤੱਕ ਰਹੀ ਸੀ, ਦੀ ਬਾਂਹ ਫੜ੍ਹਕੇ ਬੋਲਿਆ, " ਆ ਹੁਣ ਘਰ ਨੂੰ ਚਲੀਏ!" ਸਵਿਤਰੀ ਦੇ ਮੋਢੇ ਨਾਲ ਲੱਗਿਆ ਵਰੁਣ ਮੁਸਕਰਾ ਰਿਹਾ ਸੀ।





ਸ਼ਿਵ ਵਰਮਾ

ਅਨੁਵਾਦ : ਕਮਲ ਦੁਸਾਂਝ
+91-97813-60020

## ਇਕ ਸੱਚੀ ਕਹਾਣੀ

# ਸੁਲੇਮਾਨ ਸ਼ਾਹ

### ਇਤਿਹਾਸ ਬੋਲਦਾ ਹੈ

ਜੇਲ੍ਹਖ਼ਾਨੇ ਦੀ ਦੁਨੀਆ ਆਪਣੀ ਕਿਸਮ ਦੀ ਦੁਨੀਆ ਹੈ ਜਿਸ ਦੀ ਭਾਸ਼ਾ, ਰਹਿਣ-ਸਹਿਣ, ਕਾਇਦੇ-ਕਾਨੂੰਨ ਸਭ ਬਾਹਰ ਦੀ ਦੁਨੀਆ ਤੋਂ ਵੱਖਰੇ ਹਨ। ਮੈਨੂੰ ਫਾਂਸੀ ਦੀ ਸਜ਼ਾ ਮਿਲਣ ਉਤੇ ਮੌਤ ਦਾ ਇੰਤਜ਼ਾਰ ਕਰਨ ਵਾਲੇ ਕੈਦੀਆਂ ਵਿਚ ਰਹਿਣ ਅਤੇ ਉਨ੍ਹਾਂ ਨੂੰ ਨੇੜੀਓਂ ਦੇਖਣ ਦਾ ਕਾਫ਼ੀ ਮੌਕਾ ਮਿਲਿਆ। ਇਨ੍ਹਾਂ ਕੈਦੀਆਂ ਨੂੰ ਮੋਟੇ ਤੌਰ 'ਤੇ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਸ਼੍ਰੇਣੀ ਉਨ੍ਹਾਂ ਕੈਦੀਆਂ ਦੀ ਜਿਨ੍ਹਾਂ ਨੂੰ ਕਿਸੇ ਨੇਕ ਕੰਮ ਵਿਚ ਸਜ਼ਾ ਮਿਲੀ। ਅਜਿਹੇ ਲੋਕ ਮੌਤ ਨੂੰ ਲਲਕਾਰਦੇ ਹੋਏ ਫਾਂਸੀ ਦਾ ਫੰਦਾ ਚੁੰਮਦੇ ਹਨ। ਦੂਜੀ ਸ਼੍ਰੇਣੀ ਉਨ੍ਹਾਂ ਕੈਦੀਆਂ ਦੀ ਹੈ, ਜਿਨ੍ਹਾਂ ਨੇ ਭਾਵੁਕ ਹੋ ਕੇ ਕੁਝ ਕਰ ਦਿੱਤਾ ਅਤੇ ਬਾਅਦ ਵਿਚ ਆਪਣੀ ਗਲਤੀ ਦਾ ਅਹਿਸਾਸ ਹੋਣ ਉਤੇ ਪਛਤਾਵੇ ਵਜੋਂ ਬੇਸਬਰੀ ਨਾਲ ਮੌਤ ਦਾ ਇੰਤਜ਼ਾਰ ਕਰਦੇ ਹਨ। ਤੀਸਰੀ ਸ਼੍ਰੇਣੀ ਉਨ੍ਹਾਂ ਦੀ ਹੈ, ਜੋ ਸਵਾਰਥ ਲਈ ਕੁਝ ਵੀ ਕਰ ਸਕਦੇ ਹਨ-ਭਾੜੇ ਦੇ ਗੁੰਡੇ, ਡਾਕੂ, ਚੋਰ-ਉਚੱਕੇ ਆਦਿ। ਇਹ ਲੋਕ ਸ਼ੁਰੂ ਵਿਚ ਅਜਿਹਾ ਵਿਹਾਰ ਕਰਦੇ ਹਨ ਜਿਵੇਂ ਕੁਝ ਹੋਇਆ ਹੀ ਨਾ ਹੋਵੇ, ਪਰ ਜਿਵੇਂ-ਜਿਵੇਂ ਮੌਤ ਦਾ ਦਿਨ ਨਜ਼ਦੀਕ ਆਉਂਦਾ ਹੈ, ਉਵੇਂ-ਉਵੇਂ ਉਨ੍ਹਾਂ ਦੀ ਆਕੜ ਖ਼ਤਮ ਹੋ ਜਾਂਦੀ ਹੈ ਅਤੇ ਮੌਤ ਉਨ੍ਹਾਂ ਉਪਰ ਪੂਰੀ ਤਰ੍ਹਾਂ ਹਾਵੀ ਹੋ ਜਾਂਦੀ ਹੈ। ਫਾਂਸੀ ਉਤੇ ਜਾਣ ਵਾਲੇ ਅਜਿਹੇ ਲੋਕਾਂ ਦੀ ਸੰਖਿਆ ਹੀ ਸਭ ਤੋਂ ਵੱਧ ਹੈ। ਹੱਥਲੀ ਸੱਚੀ ਕਹਾਣੀ ਦਾ ਪਾਤਰ 'ਸੁਲੇਮਾਨ' ਪਹਿਲੀ ਸ਼੍ਰੇਣੀ ਦੇ ਮਹਾਨ ਲੋਕਾਂ ਵਿਚੋਂ ਸੀ।

-ਸ਼ਿਵ ਵਰਮਾ

ਪਹਿਲੇ ਵਿਸ਼ਵ ਯੁੱਧ ਵੇਲੇ ਭਾਰਤੀ ਮੁਸਲਮਾਨਾਂ ਦਾ ਇਕ ਦਲ ਹੱਜ ਦੇ ਬਹਾਨੇ ਅਰਬ ਹੁੰਦੇ ਹੋਏ ਤੁਰਕੀ ਦੀਆਂ ਫੌਜਾਂ ਵਿਚ ਸ਼ਾਮਿਲ ਹੋ ਗਿਆ ਸੀ। ਖ਼ਿਲਾਫ਼ਤ (ਤੁਰਕੀ ਵਿਚ ਅੰਗਰੇਜ਼ਾਂ ਦੇ ਖ਼ਿਲਾਫ਼ ਚੱਲੀ ਇਕ ਲਹਿਰ) ਅਤੇ ਅੰਗਰੇਜ਼ੀ ਹਕੂਮਤ ਪ੍ਰਤੀ ਡੂੰਘੀ ਨਫ਼ਰਤ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਲੋਕਾਂ ਨੇ ਇਹ ਕਦਮ ਚੁੱਕਿਆ ਸੀ।

ਉਨ੍ਹਾਂ ਵਿਚੋਂ ਜ਼ਿਆਦਾਤਰ ਤਾਂ ਲੜਦੇ-ਲੜਦੇ ਯੁੱਧ ਵਿਚ ਮਾਰੇ ਗਏ ਅਤੇ ਜੋ ਬਚ ਗਏ ਉਹ ਯੁੱਧ ਕਰਨ ਦੇ ਅਪਰਾਧ ਵਿਚ ਧਾਰਾ 121 ਤਹਿਤ ਉਮਰ ਕੈਦ ਦੀ ਸਜ਼ਾ ਦੇ ਕੇ ਕਾਲਾਪਾਣੀ ਭੇਜ ਦਿਤੇ ਗਏ। ਉਨ੍ਹੀਂ ਦਿਨੀਂ ਕਾਲਾਪਾਣੀ (ਅੰਡੇਮਾਨ) ਵਿਚ ਬੰਦੀਆਂ ਲਈ ਭਾਰੀ ਤਸ਼ੱਦਦ, ਕੁੱਟਮਾਰ, ਅਪਮਾਨ ਆਦਿ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੀ। ਉਥੇ ਬੰਦੀ ਮਨੁੱਖ ਨਹੀਂ ਪਸ਼ੂ ਸੀ-ਇਕ ਬੋਲਣ ਵਾਲਾ ਪਸ਼ੂ ਜਿਸ ਦੇ ਚਾਰੇ ਪਾਸੇ ਬੰਦਿਸ਼ ਹੀ ਬੰਦਿਸ਼ ਸੀ।

ਆਪਣੇ ਵਤਨ ਤੋਂ ਸੈਂਕੜੇ ਮੀਲ ਦੂਰ ਸਮੁੰਦਰ ਪਾਰ ਅੰਡੇਮਾਨ ਦੀਪ ਸਮੂਹ ਦੇ ਅਬਰਡੀਨ ਟਾਪੂ ਉਤੇ ਵਸੇ ਪੋਰਟ ਬਲੇਅਰ ਨਗਰ ਦੀ ਤਿਮੰਜ਼ਿਲਾ ਜੇਲ੍ਹ ਦੀ ਉਪਰਲੀ ਮੰਜ਼ਿਲ ਦੀ ਇਕ ਛੋਟੀ ਜਿਹੀ ਕੋਠੜੀ ਵਿਚ ਜਿਸ ਦਿਨ ਉਸ ਨੂੰ ਸ਼ੁਰੂ ਵਿਚ ਬੰਦ ਕੀਤਾ ਗਿਆ ਤਾਂ ਉਸ ਦੀ ਨਜ਼ਰ ਤੋਂ ਸਾਰੀ ਦੁਨੀਆ ਉਹਲੇ ਹੋ ਗਈ-ਰਹਿ ਗਿਆ ਸਾਹਮਣੇ ਦੂਰ ਤੱਕ ਲਹਿਰਾਉਂਦਾ ਹੋਇਆ ਸਾਗਰ, ਜਿਸ ਦਾ ਸਾਫ਼ ਪਾਣੀ ਆਕਾਸ਼ ਦੇ ਪ੍ਰਛਾਵੇਂ ਅਤੇ ਆਪਣੀ ਡੂੰਘਾਈ ਦਾ ਮੇਲ ਖਾ ਕੇ ਕੈਦੀਆਂ ਦੁਆਰਾ ਦਿੱਤੇ ਗਏ 'ਕਾਲੇਪਾਣੀ' ਦੇ ਨਾਂ ਨੂੰ ਸਾਰਥਕ ਬਣਾ ਰਿਹਾ ਸੀ।

ਹਾਤਾ ਨੰਬਰ ਤਿੰਨ ਵਿਚ ਉਪਰਲੀ ਮੰਜ਼ਿਲ ਦੀ ਆਖਰੀ ਕੋਠੜੀ ਦੇ ਵਰਾਂਡੇ ਨੂੰ ਤਿੰਨ ਪਾਸਿਆਂ ਤੋਂ ਸੀਖਾਂ ਨਾਲ ਘੇਰ ਕੇ ਉਪਰ ਮੋਟੀ ਜਾਲੀ ਲਾ ਦਿੱਤੀ ਗਈ ਸੀ। ਸੁਲੇਮਾਨ ਸ਼ਾਹ ਨੂੰ ਜਦ ਉਸ ਜਾਲੀ ਲੱਗੇ ਵਰਾਂਡੇ ਵਾਲੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਤਾਂ ਉਸ ਨੂੰ ਲੱਗਾ ਜਿਵੇਂ ਉਹ ਮਨੁੱਖ ਨਹੀਂ ਕਿਸੇ ਚਿੜੀਆ ਘਰ ਦੇ ਜੰਗਲੇ ਵਿਚ ਕੋਈ ਖ਼ਤਰਨਾਕ ਪਸ਼ੂ ਹੈ। ਕੋਠੜੀ ਵਿਚ ਲੈਟਰੀਨ ਆਦਿ ਲਈ ਗੜਵੀ ਦੇ ਅਕਾਰ ਦੇ ਇਕ ਛੋਟੇ ਜਿਹੇ ਮਿੱਟੀ ਦੇ ਭਾਂਡੇ ਨੂੰ ਛੱਡ ਕੇ ਹੋਰ ਕੁਝ ਵੀ ਨਹੀਂ ਸੀ। ਪਹਿਲੇ ਦਿਨ ਸ਼ਾਮ ਤੱਕ ਕਿਸੇ ਨੇ ਉਸ ਦੀ ਸਾਰ ਨਾ ਲਈ-ਨਾ ਰੋਟੀ ਨਾ ਪਾਣੀ। ਭੁੱਖ ਨਾਲ ਉਸ ਦਾ ਬੁਰਾ ਹਾਲ ਸੀ ਅਤੇ ਪਾਣੀ ਨਾ ਹੋਣ ਕਾਰਨ ਉਸ ਦਾ ਗਲਾ ਸੁੱਕ ਰਿਹਾ ਸੀ। ਸਾਹਮਣੇ ਵਿਸ਼ਾਲ ਸਮੁੰਦਰ ਦੀਆਂ ਲਹਿਰਾਂ ਉਠ ਰਹੀਆਂ ਹਨ। ਉਸ ਦੀਆਂ ਤਰੰਗਾਂ ਤੱਟ ਦੀ ਸਖ਼ਤ ਚੱਟਾਨ ਨਾਲ ਟਕਰਾ ਕੇ ਹਾਹਾਕਾਰ ਕਰਦੀਆਂ ਅਤੇ ਬਿਖਰ ਜਾਂਦੀਆਂ-ਠੀਕ ਉਸੇ ਤਰ੍ਹਾਂ ਜਿਵੇਂ ਉਸ ਦੇ ਆਪਣੇ ਅਰਮਾਨ ਅੰਗਰੇਜ਼ ਸਾਮਰਾਜਸ਼ਾਹੀ ਸ਼ਕਤੀ ਨਾਲ ਟਕਰਾ ਕੇ ਬਿਖਰ ਗਏ ਸਨ। ਉਸ ਦੇ ਸੱਜੇ-ਖੱਬੇ ਅਤੇ ਸਾਹਮਣੇ ਪਾਣੀ ਹੀ ਪਾਣੀ ਸੀ ਅਤੇ ਉਹ ਆਪਣੀ ਕੋਠੜੀ ਵਿਚ ਦੋ ਬੂੰਦ ਵੀ ਪਾਣੀ ਨਾ ਹੋਣ ਕਾਰਨ ਸੁੱਕੀ ਜ਼ੁਬਾਨ ਨਾਲ ਸੁੱਕੇ ਬੁੱਲ੍ਹਾਂ ਨੂੰ ਤਰ ਰੱਖਣ ਦੀ ਬੇਅਰਥ ਕੋਸ਼ਿਸ਼ ਕਰ ਰਿਹਾ ਸੀ।

ਦਿਨ ਗੁਜ਼ਰਿਆ, ਰਾਤ ਆਈ। ਇਕ ਜਮਾਂਦਾਰ ਇਕ ਕੈਦੀ ਨਾਲ ਕੁਝ ਲੈ ਕੇ ਆਉਂਦਾ ਦਿਖਾਈ ਦਿੱਤਾ। ਕੋਲ ਆ ਕੇ ਉਸ ਨੇ ਪਿੰਜਰੇ ਦਾ ਜਿੰਦਰਾ ਖੋਲ੍ਹਿਆ ਅਤੇ ਕੈਦੀ ਨੇ ਚਾਰ ਅੱਧ ਪੱਕੀਆਂ ਰੋਟੀਆਂ ਉਪਰ ਥੋੜ੍ਹੀ ਸਬਜ਼ੀ ਰੱਖ ਕੇ ਹੱਥ ਉਸ ਵੱਲ ਵਧਾ ਦਿੱਤਾ।

ਸਵੇਰੇ ਜਹਾਜ਼ ਤੋਂ ਉਤਾਰ ਕੇ ਤਲਾਸ਼ੀ ਆਦਿ ਦੀ ਫਰਜ਼ੀ ਕਾਰਵਾਈ ਤੋਂ ਬਾਅਦ ਹੀ ਉਸ ਨੂੰ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ ਸੀ ਅਤੇ ਉਦੋਂ ਤੋਂ ਦੂਰ ਤੱਕ ਨਾ ਤਾਂ ਉਸ ਨੂੰ ਕੋਈ ਆਦਮੀ ਦਿਖਾਈ ਦਿੱਤਾ ਅਤੇ ਨਾ ਹੀ ਕਿਸੇ ਦੇ ਬੋਲ ਸੁਣਾਈ ਦਿੱਤੇ। ਜਮਾਂਦਾਰ ਅਤੇ ਰੋਟੀ ਲੈ ਕੇ ਆਉਣ ਵਾਲੇ ਕੈਦੀ ਨੂੰ ਦੇਖ ਕੇ ਉਸ ਨੂੰ ਹਿੰਮਤ ਆਈ। ਕੋਲ ਭਾਂਡੇ ਆਦਿ ਨਾ ਹੁੰਦੇ ਹੋਏ ਵੀ ਉਸ ਨੇ ਹੱਥ ਵਧਾ ਕੇ ਰੋਟੀਆਂ ਲੈ ਲਈਆਂ ਅਤੇ ਭਾਂਡੇ ਅਤੇ ਪਾਣੀ ਦਾ ਕੀ ਹੋਵੇਗਾ, ਬਿਸਤਰਾ ਆਦਿ ਕਦੋਂ ਮਿਲੇਗਾ, ਉਸ ਨੇ ਪੁੱਛਿਆ।

ਜਵਾਬ ਵਿਚ ਜਮਾਂਦਾਰ ਨੇ ਨੱਕ ਚੜ੍ਹਾਇਆ। ਮੱਥੇ ਦੀਆਂ ਤਿਉੜੀਆਂ ਉਭਰੀਆਂ, ਫੇਰ ਇਕ ਜ਼ੋਰ ਦੇ ਝਟਕੇ ਨਾਲ ਜੰਗਲਾ ਖਿੱਚ ਕੇ ਜਿੰਦਰਾ ਲਾਇਆ ਅਤੇ ਲੋਹੇ ਦੀਆਂ ਖੁਰੀਆਂ ਲੱਗੇ ਮਜ਼ਬੂਤ ਬੂਟਾਂ ਨਾਲ ਭਾਰੀ ਅਤੇ ਲੰਬੇ-ਲੰਬੇ ਕਦਮ ਪੁੱਟਦਾ ਚਲਾ ਗਿਆ। ਉਸ ਦੇ ਕਦਮਾਂ ਦੀ ਆਵਾਜ਼ ਹੌਲੀ-ਹੌਲੀ ਘੱਟ ਹੋ ਕੇ ਕੰਨਾਂ ਦੀ ਪਹੁੰਚ ਤੋਂ ਬਾਹਰ ਹੋ ਗਈ। ਰਹਿ ਗਈ ਸਾਹਮਣੇ ਲਹਿਰਾਉਂਦੇ ਸਾਗਰ ਦੀਆਂ ਲਹਿਰਾਂ ਦੀ ਬੇਬਸੀ, ਚੱਟਾਨ ਦੇ ਮੱਥੇ ਨੂੰ ਛੋਹਣ ਦੀ ਕੋਸ਼ਿਸ਼ ਵਿਚ ਹਰ ਵਾਰ ਬਿਖਰ ਕੇ ਚੂਰ-ਚੂਰ ਹੋ ਜਾਣ ਉਤੇ ਵੀ ਉਨ੍ਹਾਂ ਦਾ ਵਾਰ-ਵਾਰ ਉਸ ਨਾਲ ਟਕਰਾਉਣਾ। ਕੀ ਇਸ ਪਿੰਜਰੇ ਵਿਚ ਦੋ ਬੂੰਦ ਪਾਣੀ ਦੀ ਕਮੀ ਨਾਲ ਮਰਨਾ ਪਏਗਾ, ਉਸ ਨੇ ਸੋਚਿਆ। ਉਹ ਖੜ੍ਹਾ-ਖੜ੍ਹਾ ਜਮਾਂਦਾਰ ਨੂੰ ਉਸ ਵੇਲੇ ਤੱਕ ਦੇਖਦਾ ਰਿਹਾ, ਜਦ ਤੱਕ ਉਹ ਉਸ ਦੀਆਂ ਅੱਖਾਂ ਤੋਂ ਓਹਲੇ ਨਾ ਹੋ ਗਿਆ। ਫੇਰ ਉਸ ਦਾ ਧਿਆਨ ਆਪਣੇ ਹੱਥਾਂ ਦੀਆਂ ਰੋਟੀਆਂ ਵੱਲ ਗਿਆ ਅਤੇ ਉਸ ਨੇ ਉਨ੍ਹਾਂ ਨੂੰ ਸੰਭਾਲ ਕੇ ਰੱਖ ਦੇਣ ਦੇ ਇਰਾਦੇ ਨਾਲ ਜਿਉਂ ਹੀ ਦੂਜੇ ਹੱਥ ਵਿਚ ਲਿਆ, ਉਵੇਂ ਹੀ ਉਹ ਟੁੱਟ ਕੇ ਹੇਠਾਂ ਜ਼ਮੀਨ ਉਤੇ ਡਿੱਗ ਪਈਆਂ। ਸੁਲੇਮਾਨ ਨੇ ਰੋਟੀਆਂ ਦੇ ਟੁਕੜਿਆਂ ਨੂੰ ਚੁਗ ਕੇ ਆਪਣੇ ਪਰਨੇ ਵਿਚ ਰੱਖਿਆ, ਜੀਭ ਨਾਲ ਬੁੱਲ੍ਹਾਂ ਨੂੰ ਤਰ ਕੀਤਾ ਅਤੇ ਜੰਗਲਾ ਫੜ ਕੇ ਖੜ੍ਹਾ ਹੋ ਗਿਆ। ਤਦੇ ਇਕ ਉਚੀ ਲਹਿਰ ਤੇਜ਼ੀ ਨਾਲ ਆਈ ਅਤੇ ਚੱਟਾਨ ਨਾਲ ਟਕਰਾ ਕੇ ਵਾਪਸ ਚਲੀ ਗਈ।

ਠੋਸ ਹੋ ਕੇ ਵੀ ਇਨ੍ਹਾਂ ਲਹਿਰਾਂ ਵਿਚ ਕਿੰਨੀ ਲਗਨ ਹੈ, ਦ੍ਰਿੜ੍ਹਤਾ ਹੈ, ਸੁਲੇਮਾਨ ਨੇ ਸੋਚਿਆ। ਵਾਰ-ਵਾਰ ਅਸਫ਼ਲ ਹੋਣ ਮਗਰੋਂ ਵੀ ਇਹ ਹਾਰ ਨਹੀਂ ਮੰਨਦੀਆਂ, ਥੱਕ-ਹਾਰ ਕੇ ਬੈਠਦੀਆਂ ਨਹੀਂ। ਲਹਿਰਾਂ ਦੀ ਉਸ ਨਿਧੜਕ ਗਤੀ ਨੇ, ਉਨ੍ਹਾਂ ਦੇ ਉਤਸ਼ਾਹ ਤੇ ਹੌਸਲੇ ਨੇ ਉਸ ਨੂੰ ਸ਼ਕਤੀ ਦਿੱਤੀ। ਉਸ ਨੇ ਆਪਣੇ ਸਿਰ ਨੂੰ ਹਲਕਾ ਜਿਹਾ ਝਟਕਾ ਦਿੱਤਾ ਅਤੇ ਬੋਲਿਆ, ''ਮੈਂ ਮਰਾਂਗਾ ਨਹੀਂ ਮੈਂ ਜ਼ਿੰਦਾ ਰਹਿਣਾ ਹੈ।''

ਰੋਟੀ ਲਿਆਉਣ ਵਾਲੇ ਜਮਾਂਦਾਰ ਨੇ ਸ਼ਾਇਦ ਅਧਿਕਾਰੀਆਂ ਤੱਕ ਸੁਲੇਮਾਨ ਸ਼ਾਹ ਦੀ ਫ਼ਰਿਆਦ ਪਹੁੰਚਾ ਦਿੱਤੀ ਸੀ। ਉਸ ਦੇ ਜਾਣ ਤੋਂ ਕੁਝ ਦੇਰ ਮਗਰੋਂ ਉਸ ਨੂੰ ਤਸਲਾ, ਕਟੋਰੀ, ਚਾਦਰ, ਪਾਣੀ ਦਾ ਘੜਾ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਮਿਲ ਗਈਆਂ ਸਨ। ਪੂਰੇ ਦੋ ਹਫ਼ਤੇ ਉਸ ਕੋਠੜੀ ਵਿਚ ਗੁਜ਼ਾਰਨ ਤੋਂ ਮਗਰੋਂ ਉਸ ਦੀ ਡਾਕਟਰੀ ਜਾਂਚ ਲਈ ਉਸ ਨੂੰ ਪਿੰਜਰੇ ਤੋਂ ਬਾਹਰ ਕੱਢ ਦਿੱਤਾ ਗਿਆ।

ਉਨ੍ਹੀਂ ਦਿਨੀਂ ਭਾਰਤ ਤੋਂ ਅੰਡੇਮਾਨ ਆਉਣ ਵਾਲੇ ਹਰ ਕੈਦੀ ਨੂੰ ਤਿੰਨ ਮਹੀਨੇ ਜੇਲ੍ਹ ਵਿਚ ਰੱਖ ਕੇ ਬਾਹਰ ਕੱਢ ਦਿੱਤਾ ਜਾਂਦਾ ਸੀ। ਜੇਲ੍ਹ ਤੋਂ ਬਾਹਰ ਕੱਢਣ ਤੋਂ ਭਾਵ ਇਹ ਨਹੀਂ ਸੀ ਕਿ ਉਸ ਉਪਰ ਪਾਬੰਦੀਆਂ ਨਹੀਂ ਰੱਖਦੇ ਸਨ। ਰਾਤ ਦੇ ਅੱਠ ਵਜੇ ਤੋਂ ਸਵੇਰੇ ਪੰਜ ਵਜੇ ਤੱਕ ਉਸ ਨੂੰ ਪਹਾੜੀ ਉਪਰ ਬਣੀਆਂ ਕੋਠੜੀਆਂ ਵਿਚ ਬੰਦ ਰਹਿਣਾ ਪੈਂਦਾ ਸੀ, ਛੁੱਟੀ ਵਾਲੇ ਦਿਨ ਕਿਤੇ ਜਾਣ ਲਈ ਉਸ ਨੂੰ ਲਿਖਤੀ ਆਗਿਆ ਲੈਣੀ ਪੈਂਦੀ ਸੀ। ਟੋਕੇ ਜਾਣ ਉਤੇ ਉਸ ਨੂੰ ਆਪਣਾ ਕੈਦੀ ਨੰਬਰ ਅਤੇ ਆਗਿਆ ਪੱਤਰ ਦਿਖਾਉਣਾ ਪੈਂਦਾ ਸੀ, ਦਿਨ ਵਿਚ ਦਸ ਘੰਟੇ ਕੰਮ ਕਰਨਾ ਪੈਂਦਾ ਸੀ-ਜੰਗਲ ਕੱਟਣਾ, ਸੜਕ 'ਤੇ ਰੋੜੀ ਕੁੱਟਣਾ, ਮਿੱਟੀ ਢੋਣਾ, ਅਧਿਕਾਰੀਆਂ ਦੇ ਘਰਾਂ ਵਿਚ ਬਰਤਨ ਸਾਫ ਕਰਨਾ, ਸਾਹਿਬ ਲੋਕਾਂ ਦੀ ਰਿਕਸ਼ਾ ਖਿੱਚਣਾ ਆਦਿ।

ਸੁਲੇਮਾਨ ਨੂੰ ਜਦੋਂ ਪਹਿਲੀ ਵਾਰ ਬਾਹਰ ਕੱਢਿਆ ਗਿਆ ਤਾਂ ਉਸ ਨੇ ਸੁੱਖ ਦਾ ਸਾਹ ਲਿਆ। ਜੇਲ੍ਹ ਦੀ ਹਵਾ ਵਿਚ ਅਤੇ ਬਾਹਰ ਦੀ ਹਵਾ ਵਿਚ ਕੁਝ ਨਾ ਕੁਝ ਫ਼ਰਕ ਤਾਂ ਹੁੰਦਾ ਹੀ ਹੈ। ਬਾਹਰ ਆ ਕੇ ਉਸ ਦੀ ਸਥਿਤੀ ਇਕ ਤਰ੍ਹਾਂ ਨਾਲ ਇਕ ਕਮਾਉਣ ਵਾਲੇ ਮਜ਼ਦੂਰ ਵਾਂਗ ਹੋ ਗਈ-ਗਿਆਰਾਂ ਰੁਪਏ ਮਹੀਨੇ ਦੇ ਤਨਖਾਹੀਏ ਨੌਕਰ ਵਾਂਗ। ਇਨ੍ਹਾਂ ਗਿਆਰਾਂ ਰੁਪਇਆਂ ਨਾਲ ਖਾਣ-ਪੀਣ ਦਾ ਸਮਾਨ ਆਦਿ ਲੈ ਕੇ ਉਹ ਆਪਣੀ ਇੱਛਾ ਅਨੁਸਾਰ ਖਾਣਾ ਬਣਾ ਸਕਦਾ ਸੀ ਅਤੇ ਮਨਚਾਹੇ ਕੱਪੜੇ ਪਾ ਸਕਦਾ ਸੀ। ਖਾਣਾ ਆਦਿ ਬਣਾਉਣ ਲਈ ਬੈਰਕਾਂ ਦੇ ਕੈਦੀ ਆਪਸ ਵਿਚ ਦੋ-ਦੋ ਤਿੰਨ-ਤਿੰਨ ਦੀਆਂ ਟੋਲੀਆਂ ਬਣਾ ਲੈਂਦੇ ਸਨ। ਸੁਲੇਮਾਨ ਸ਼ਾਹ ਨੂੰ ਵੀ ਇਕ ਸਾਥੀ ਮਿਲ ਗਿਆ। ਪੰਜਾਬ ਦੇ ਇਕ ਕ੍ਰਾਂਤੀਕਾਰੀ ਬਾਬੇ ਨਾਲ ਉਸ ਦੀ ਜੋੜੀ ਬਣ ਗਈ।

ਬਾਬਾ ਜੀ ਸਿਆਸੀ ਵਿਅਕਤੀ ਸਨ ਅਤੇ ਸੁਲੇਮਾਨ ਨੂੰ ਵੀ ਸਰਕਾਰ ਨੇ ਸਿਆਸੀ ਬੰਦੀ ਹੀ ਮੰਨਿਆ ਸੀ। ਦੋਹਾਂ ਵਿਰੁੱਧ ਇਕ ਹੀ ਦੋਸ਼ ਸੀ-ਸਮਰਾਟ ਵਿਰੁੱਧ ਯੁੱਧ। ਬਾਬਾ ਜੀ ਦੇ ਸੰਪਰਕ ਵਿਚ ਸੁਲੇਮਾਨ ਨੇ ਆਪਣੇ-ਆਪ ਅਤੇ ਆਪਣੇ ਦੇਸ਼ ਨੂੰ ਪਹਿਚਾਣਿਆ। ਉਸ ਦੀ ਅੰਗਰੇਜ਼-ਵਿਰੋਧੀ ਭਾਵਨਾ ਦਾ ਕੇਂਦਰ ਧਰਮ ਤੋਂ ਹਟ ਕੇ ਦੇਸ਼ ਉਤੇ ਆ ਗਿਆ। ਉਸ ਦੇ ਦਿਲ ਵਿਚ ਆਪਣੇ ਕੰਮ ਅਤੇ ਆਪਣੇ ਵਿਅਕਤੀਤਵ ਪ੍ਰਤੀ ਇਕ ਸਵੈਮਾਨ ਜਾਗ ਪਿਆ।

ਬੰਦੀ ਅਤੇ ਸਵੈਮਾਨ? ਕੈਦੀ ਦਾ ਵੀ ਕੋਈ ਵਿਅਕਤੀਤਵ ਹੁੰਦਾ ਹੈ? ਬਾਬਾ ਜੀ ਦੇ ਨਾਲ ਉਹ ਜਿੰਨਾ ਸਿਰ ਚੁੱਕ ਕੇ ਤੁਰਿਆ ਉਨਾ ਹੀ ਅਧਿਕਾਰੀਆਂ ਦੀ ਨਜ਼ਰ ਵਿਚ ਰੜਕਦਾ ਗਿਆ। ਇਕ ਦਿਨ ਜਦ ਉਨ੍ਹਾਂ ਦੋਹਾਂ ਨੂੰ ਸੜਕ ਦੀ ਰੋੜੀ ਕੁੱਟਣ ਉਤੇ ਲਾਇਆ ਗਿਆ ਤਾਂ ਉਨ੍ਹਾਂ ਨੇ ਉਸ ਨੂੰ ਸਿਆਸੀ ਬੰਦਿਆਂ ਦੇ ਆਤਮ ਸਨਮਾਨ ਦੇ ਵਿਰੁੱਧ ਕਹਿ ਕੇ ਕੰਮ ਤੋਂ ਇਨਕਾਰ ਕਰ ਦਿੱਤਾ। ਕੰਮ ਤੋਂ ਇਨਕਾਰ ਕਰਨਾ ਜੁਰਮ ਸੀ। ਫੇਰ ਵੀ ਪਹਿਲਾ ਅਪਰਾਧ ਹੋਣ ਕਾਰਨ ਸਜ਼ਾ ਵਜੋਂ ਉਨ੍ਹਾਂ ਨੂੰ ਸਿਰਫ ਤੀਹ ਦਿਨ ਲਈ ਫੇਰ ਜੇਲ੍ਹ ਵਾਪਸ ਭੇਜ ਦਿੱਤਾ ਗਿਆ।

ਟਾਪੂ ਦੇ ਜੋ ਬੰਦੀ ਹੁਕਮਾਂ ਦੀ ਉਲੰਘਣਾ ਕਰਕੇ ਜਾਂ ਕੰਮ ਤੋਂ ਇਨਕਾਰ ਕਰਨ ਉਤੇ ਸਜ਼ਾ ਕੱਟਣ ਲਈ ਜੇਲ੍ਹ ਵਾਪਸ ਆਉਂਦੇ ਸਨ, ਉਨ੍ਹਾਂ ਉਪਰ ਉਥੇ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਜਾਂਦਾ ਸੀ। ਮੁੱਖ ਉਦੇਸ਼ ਹੁੰਦਾ ਸੀ ਕਿ ਉਨ੍ਹਾਂ ਦੀ ਆਕੜ ਭੰਨਣਾ। ਜੇਲ੍ਹ ਵਿਚ ਦਾਖ਼ਲ ਹੁੰਦਿਆਂ ਹੀ ਸੁਲੇਮਾਨ ਸ਼ਾਹ ਅਤੇ ਬਾਬਾ ਜੀ ਦਾ ਨਵੀਆਂ ਤਾਜ਼ੀਆਂ ਕੱਢੀਆਂ ਗਈਆਂ ਗਾਲ੍ਹਾਂ ਅਤੇ ਠੋਕਰਾਂ ਨਾਲ ਸੁਆਗਤ ਹੋਇਆ। ਸੁਲੇਮਾਨ ਸ਼ਾਹ ਮਾਰ ਖਾ ਸਕਦਾ ਸੀ, ਪਰ ਗਾਲ੍ਹਾਂ ਦਾ ਉਹ ਆਦੀ ਨਹੀਂ ਸੀ ਅਤੇ ਹੱਥਕੜੀਆਂ ਨਾਲ ਜੇਕਰ ਉਸ ਦੇ ਹੱਥ ਬੱਝੇ ਨਾ ਹੁੰਦੇ ਤਾਂ ਪੱਕਾ ਹੀ ਉਹ ਕੁਝ ਕਰ ਦਿੰਦਾ। ਉਸ ਨੇ ਗੋਰੇ ਅਧਿਕਾਰੀ ਵੱਲ ਦੇਖ ਕੇ ਦੰਦ ਕਰੀਚੇ ਅਤੇ ਚੁੱਪਚਾਪ ਵਾਰਡਰ ਨਾਲ ਅੰਦਰ ਚਲਾ ਗਿਆ। ਦੋਹਾਂ ਨੂੰ ਹੱਥਕੜੀਆਂ ਨਾਲ ਵੱਖ-ਵੱਖ ਪਿੰਜਰਿਆਂ ਵਿਚ ਬੰਦ ਕਰ ਦਿੱਤਾ ਗਿਆ।

ਇਸ ਵਾਰ ਉਸ ਨੂੰ ਜਿਸ ਕੋਠੜੀ ਵਿਚ ਰੱਖਿਆ ਗਿਆ, ਉਸ ਵਿਚ ਮੱਛਰ, ਖਟਮਲ, ਜੂੰਆਂ ਅਤੇ ਪਿੱਸੂਆਂ ਦਾ ਸਾਮਰਾਜ ਸੀ। ਸੁਲੇਮਾਨ ਨੇ ਇਕ ਹਫ਼ਤੇ ਤੱਕ ਜਾਗ ਕੇ, ਬੈਠ ਕੇ, ਟਹਿਲ ਕੇ ਉਨ੍ਹਾਂ ਸਾਰਿਆਂ ਦਾ ਮੁਕਾਬਲਾ ਕੀਤਾ ਅਤੇ ਫੇਰ ਹਾਰ ਮੰਨ ਲਈ। ਉਸ ਨੂੰ ਬੁਖਾਰ ਹੋ ਗਿਆ। ਬੁਖ਼ਾਰ ਦੀ ਹਾਲਤ ਵਿਚ ਵੀ ਦੋ ਦਿਨਾਂ ਤੱਕ ਕਿਸੇ ਨੇ ਉਸ ਦੀ ਸਾਰ ਨਾ ਲਈ।

ਇਸ ਜ਼ਿੰਦਗੀ ਨਾਲੋਂ ਤਾਂ ਮੌਤ ਚੰਗੀ ਹੈ, ਉਸ ਮਨ ਹੀ ਮਨ 'ਚ ਸੋਚਿਆ। ਦੂਸਰੇ ਹੀ ਪਲ ਉਸ ਨੂੰ ਆਪਣੀ ਕਮਜ਼ੋਰੀ ਦਾ ਅਹਿਸਾਸ ਹੋਇਆ ਅਤੇ ਬੁਖਾਰ ਦੀ ਹਾਲਤ ਵਿਚ ਵੀ ਉਹ ਉਠ ਕੇ ਬੈਠ ਗਿਆ। ਉਸ ਨੇ ਆਪਣੇ ਸਿਰ ਨੂੰ ਇਕ ਜ਼ੋਰ ਦਾ ਝਟਕਾ ਦਿੱਤਾ, ਜਿਵੇਂ ਕਮਜ਼ੋਰ ਵਿਚਾਰਾਂ ਨੂੰ ਝਾੜ ਕੇ ਵੱਖ ਕਰ ਦੇਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਅਤੇ ਫੇਰ ਮੂੰਹ ਉਤੇ ਹੱਥ ਫੇਰਦੇ ਹੋਏ ਆਪਣੇ ਆਪ ਹੀ ਬੋਲ ਪਿਆ, ''ਮੈਨੂੰ ਮੌਤ ਨਹੀਂ ਜ਼ਿੰਦਗੀ ਚਾਹੀਦੀ ਹੈ।''

ਦੋ ਦਿਨ ਬਾਅਦ ਡਾਕਟਰ ਤੱਕ ਉਸ ਦੀ ਬਿਮਾਰੀ ਦਾ ਹਾਲ ਪਹੁੰਚਿਆ ਅਤੇ ਉਸ ਨੂੰ ਜੇਲ੍ਹ ਦੇ ਹਸਪਤਾਲ ਵਿਚ ਭਰਤੀ ਕਰ ਲਿਆ ਗਿਆ। ਉਹ ਹਸਪਤਾਲ ਸੀ ਪਰ ਸੀ ਤਾਂ ਜੇਲ੍ਹ ਦਾ ਹੀ। ਉਥੇ ਬਿਸਤਰਾ ਅਤੇ ਇਲਾਜ ਸਿਰਫ ਉਨ੍ਹਾਂ ਕੈਦੀਆਂ ਨੂੰ ਮਿਲਦਾ ਸੀ, ਜਿਨ੍ਹਾਂ ਵਿਚ ਡਾਕਟਰ ਅਤੇ ਕੰਪਾਉਂਡਰ ਨੂੰ ਕੁਝ ਚੜ੍ਹਾਵਾ ਚੜ੍ਹਾਉਣ ਦੀ ਸਮਰਥਾ ਹੁੰਦੀ ਸੀ। ਸੁਲੇਮਾਨ ਸ਼ਾਹ ਨੂੰ ਗੰਦੇ ਵਾਰਡ ਦੇ ਇਕ ਗੰਦੇ ਕੋਨੇ ਵਿਚ ਜ਼ਮੀਨ ਉਤੇ ਪਾ ਦਿੱਤਾ ਗਿਆ।

ਉਸ ਤੋਂ ਕੁਝ ਹੀ ਦੂਰ ਇਕ ਹੋਰ ਕੈਦੀ ਜ਼ਮੀਨ ਉਤੇ ਪਿਆ ਤੜਫ਼ ਰਿਹਾ ਸੀ। ਉਸ ਨੇ ਅੱਖਾਂ ਖੋਲ੍ਹ ਕੇ ਸੁਲੇਮਾਨ ਵੱਲ ਦੇਖਿਆ, ਜੀਭ ਨਾਲ ਬੁੱਲ੍ਹ ਤਰ ਕੀਤੇ ਅਤੇ ਹੌਲੀ ਜਿਹੇ ਬੋਲਿਆ, ''ਪਾਣੀ।'' ਸੁਲੇਮਾਨ ਨੇ ਚਾਹਿਆ ਕਿ ਉਠ ਕੇ ਉਸ ਵਿਚਾਰੇ ਲਈ ਪਾਣੀ ਲੈ ਆਵੇ, ਪਰ ਕੰਪਾਉਂਡਰ ਨੂੰ ਆਉਂਦਾ ਵੇਖ ਕੇ ਆਪਣੀ ਥਾਂ 'ਤੇ ਵਾਪਸ ਬੈਠ ਗਿਆ।

ਕੰਪਾਉਂਡਰ ਰਾਮਾਸਵਾਮੀ ਵੀ ਸ਼ੁਰੂ ਵਿਚ ਕੈਦੀ ਦੇ ਰੂਪ ਵਿਚ ਅੰਡੇਮਾਨ ਆਇਆ ਸੀ। ਜੇਲ੍ਹ ਦੇ ਹਸਪਤਾਲ ਵਿਚ ਉਸ ਨੂੰ ਕੰਮ ਮਿਲ ਗਿਆ। ਉਥੇ ਹੀ ਉਸ ਨੇ ਕੰਪਾਉਂਡਰੀ ਸਿੱਖੀ ਅਤੇ ਸਜ਼ਾ ਦਾ ਸਮਾਂ ਖ਼ਤਮ ਹੋ ਜਾਣ ਤੋਂ ਬਾਅਦ ਦੇਸ਼ ਵਾਪਸ ਨਾ ਜਾ ਕੇ ਉਥੇ ਹੀ ਵਸ ਗਿਆ ਸੀ। ਉਸ ਨੇ ਦੋ-ਇਕ ਮਰੀਜ਼ਾਂ ਨੂੰ ਦਵਾਈ ਪਿਲਾਈ, ਦੋ-ਚਾਰ ਦਾ ਹਾਲ ਪੁੱਛਿਆ ਅਤੇ ਚਲਾ ਗਿਆ। ਕੈਦੀ ਦਰਦ ਨਾਲ ਤੜਫਦਾ ਰਿਹਾ। ਕੁਝ ਦੇਰ ਬਾਅਦ ਇਕ ਜ਼ੋਰ ਦੀ ਚੀਕ ਨਾਲ ਉਸ ਨੇ ਹੱਥ-ਪੈਰ ਸਿਕੋੜ ਲਏ, ਫਿਰ ਅੰਗੜਾਈ ਲਈ, ਹੱਥ-ਪੈਰ ਮਾਰੇ ਅਤੇ ਜ਼ਮੀਨ ਉਤੇ ਅੱਡੀਆਂ ਰਗੜਣ ਲੱਗਾ।

ਕਾਲਾ ਪਾਣੀ ਵਿਚ ਉਨ੍ਹੀਂ ਦਿਨੀਂ ਬੀਮਾਰ ਪੈਣ ਉਤੇ ਜ਼ਿਆਦਾਤਰ ਕੈਦੀਆਂ ਦਾ ਪਹਿਲਾ ਇਲਾਜ ਹੁੰਦਾ ਸੀ, ਕੁਝ ਭੱਦੀਆਂ ਗਾਲ੍ਹਾਂ ਅਤੇ ਲੋੜ ਪੈਣ 'ਤੇ ਦੋ-ਚਾਰ ਲੱਤਾਂ-ਮੁੱਕੇ। ਧਾਰਨਾ ਇਹ ਸੀ ਕਿ ਜ਼ਿਆਦਾਤਰ ਕੈਦੀ ਕੰਮ ਤੋਂ ਬਚਣ ਲਈ ਬੀਮਾਰੀ ਦਾ ਬਹਾਨਾ ਕਰਕੇ, ਬੀਮਾਰ ਨਹੀਂ ਹੁੰਦੇ, ਪੇਟ ਦੇ ਦਰਦ ਨੂੰ ਜਾਂ ਸਰੀਰ ਦੇ ਕਿਸੇ ਦੂਸਰੇ ਵਿਚ ਦਰਦ ਨੂੰ ਤਾਂ ਸੌ ਫੀਸਦੀ ਬਹਾਨਾ ਹੀ ਮੰਨਿਆ ਜਾਂਦਾ ਸੀ।

ਕੈਦੀ ਦੇ ਚੀਕਣ ਦੀ ਖ਼ਬਰ ਸੁਣ ਕੇ ਕੰਪਾਉਂਡਰ ਭੱਜ ਕੇ ਆਇਆ। ''ਕਿਉਂ ਸ਼ੋਰ ਮਚਾ ਰਿਹਾ ਹੈਂ ਸਾਲੇ ਰਾਗੀਏ?'' ਉਸ ਨੇ ਦੂਰ ਤੋਂ ਗੁੱਸੇ ਭਰੀ ਆਵਾਜ਼ ਵਿਚ ਝਿੜਕਿਆ। ਕੈਦੀ ਚੀਕਦਾ ਰਿਹਾ, ਤੜਫਦਾ ਰਿਹਾ। ਕੰਪਾਉਂਡਰ ਦੀਆਂ ਤਿਉੜੀਆਂ ਚੜ੍ਹ ਗਈਆਂ। ਉਸ ਨੇ ਦੋ ਕਦਮ ਅੱਗੇ ਵਧ ਕੇ ਹਾਕਮਾਨਾ ਰੋਹਬਦਾਰ ਆਵਾਜ਼ ਵਿਚ ਕਿਹਾ, ''ਨਾਟਕ ਨਹੀਂ ਚਾਹਤਾ, ਸ਼ੋਰ ਨਹੀਂ ਚਾਹਤਾ, ਬਵਾਲ ਨਹੀਂ ਚਾਹਤਾ, ਹਮ ਜਾਨਨਾ ਚਾਹਤਾ ਕਯਾ ਤਕਲੀਫ਼ ਹੈ।'' ''ਹੇ ਰੱਬਾ! ਹੇ ਰਾਮ!'' ਕੈਦੀ ਨੇ ਪੈਰ ਸਿਕੋੜੇ ਅਤੇ ਦੋਹਾਂ ਹੱਥਾਂ ਨਾਲ ਪੇਟ ਦਬ ਲਿਆ।

''ਓਏ ਬੋਲਦਾ ਕਿ ਨਹੀਂ ਰੱਬ ਦੇ ਪੁੱਤਰ।'' ਰਾਮਾਸਵਾਮੀ ਦਾ ਸਬਰ ਜਾਂਦਾ ਰਿਹਾ ਅਤੇ ਉਸ ਨੇ ਆਪਣੇ ਮਜ਼ਬੂਤ ਬੂਟ ਨਾਲ ਉਸ ਦੀ ਕਮਰ ਉਤੇ ਇਕ ਜ਼ੋਰ ਦੀ ਠੋਕਰ ਮਾਰੀ। ਕੈਦੀ ਨੇ ਇਕ ਹੁਬਕੀ ਵਿਚ ਬਹੁਤ ਸਾਰਾ ਖ਼ੂਨ ਉਗਲ ਦਿੱਤਾ, ਹੋਰ ਹੁਬਕੀ ਹੋਰ ਖ਼ੂਨ। ਚੀਕ ਚਿਹਾੜਾ ਬੰਦ ਹੋ ਗਿਆ, ਸਾਹਾਂ ਦੀ ਲੜੀ ਰੁਕ ਗਈ, ਅੱਖਾਂ ਉਲਟ ਗਈਆਂ, ਰਾਗੀਏ ਦਾ ਰੌਲਾ ਰੁਕ ਗਿਆ।

''ਮਰ ਗਿਆ ਸਾਲਾ!'' ਕਹਿ ਕੇ ਰਾਮਾਸਵਾਮੀ ਨੇ ਕੋਲ ਖੜ੍ਹੇ ਸਫਾਈ ਵਾਲੇ ਨੂੰ ਇਸ਼ਾਰਾ ਕੀਤਾ ਅਤੇ ਉਸ ਨੇ ਅੱਗੇ ਵਧ ਕੇ ਚਾਦਰ ਨਾਲ ਕੈਦੀ ਦਾ ਸਰੀਰ ਕੱਜ ਦਿੱਤਾ। ਕੰਪਾਊਂਡਰ ਆਪਣੀਆਂ ਕਿਤਾਬਾਂ ਦੀ ਖਾਨਾ-ਪੂਰਤੀ ਕਰਕੇ ਚਲਾ ਗਿਆ।

ਸੁਲੇਮਾਨ ਸ਼ਾਹ ਦੇ ਚਿੱਤ 'ਚ ਆਇਆ ਕਿ ਉਠ ਕੇ ਕੰਪਾਊਂਡਰ ਦਾ ਵੀ ਉਸੇ ਕੈਦੀ ਨਾਲ ਟਿਕਟ ਕਟਵਾ ਦੇਵੇ ਅਤੇ ਜੇਕਰ ਉਹ ਬੀਮਾਰ ਨਾ ਹੁੰਦਾ ਤਾਂ ਕੁਝ ਵੀ ਕਰ ਦਿੰਦਾ। ਉਸ ਦੀਆਂ ਅੱਖਾਂ ਰਾਮਾਸਵਾਮੀ ਦਾ ਉਸ ਵੇਲੇ ਤੱਕ ਪਿੱਛਾ ਕਰਦੀਆਂ ਰਹੀਆਂ, ਜਦ ਤੱਕ ਉਹ ਵਾਰਡ ਦੇ ਬਾਹਰ ਨਹੀਂ ਹੋ ਗਿਆ। ਫੇਰ ਉਸ ਨੇ ਥੋੜ੍ਹੀ ਦੂਰ ਪਏ ਉਸ ਕੈਦੀ ਦੀ ਲਾਸ਼ ਵੱਲ ਦੇਖਿਆ। ਵਤਨ ਤੋਂ ਦੂਰ ਆਪਣੇ ਸੱਜਣਾਂ ਤੋਂ ਵੱਖ ਇਕ ਬੇਸਹਾਰੇ ਕੈਦੀ ਦੀ ਲਾਵਾਰਿਸ ਮਿੱਟੀ, ਹਸਪਤਾਲ ਦੀ ਚਾਦਰ ਵਿਚ ਲਿਪਟੀ ਪਈ ਸੀ ਅਤੇ ਉਸ ਦੇ ਮੂੰਹ ਵਿਚੋਂ ਨਿਕਲੇ ਖੂਨ ਉਤੇ ਮੱਖੀਆਂ ਭਿਣਕ ਰਹੀਆਂ ਸਨ।

ਸੁਲੇਮਾਨ ਸ਼ਾਹ ਲਈ ਮੌਤ ਕੋਈ ਨਵੀਂ ਚੀਜ਼ ਨਹੀਂ ਸੀ। ਯੁੱਧ ਵਿਚ ਉਸ ਨੇ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ ਮਰਦੇ ਦੇਖਿਆ ਸੀ। ਉਸ ਨੇ ਖੁਦ ਨਾ ਜਾਣੇ ਕਿੰਨੇ ਵਿਅਕਤੀਆਂ ਨੂੰ ਮਾਰਿਆ ਸੀ ਤੇ ਜ਼ਖ਼ਮੀ ਕੀਤਾ ਸੀ। ਪਰ ਉਹ ਯੁੱਧ ਸੀ ਅਤੇ ਉਸ ਵਿਚ ਸੁਲੇਮਾਨ ਗਿਆ ਹੀ ਸੀ ਜਾਨ ਲੈਣ ਅਤੇ ਜਾਨ ਦੇਣ, ਹਾਂ ਉਸ ਯੁੱਧ ਵਿਚ ਜਰਮਨੀ ਅਤੇ ਤੁਰਕੀ ਦੀ ਹਾਰ ਨਾਲ ਇਕ ਜ਼ਖ਼ਮ ਜ਼ਰੂਰ ਆਇਆ ਸੀ। ਉਹ ਖੁਦਾ, ਮਜ਼ਹਬ, ਇਨਸਾਫ ਅਤੇ ਸੱਚਾਈ ਦੇ ਨਾਂ ਉਤੇ ਲੜਨ ਗਿਆ ਸੀ ਅਤੇ ਉਸ ਨੂੰ ਪੂਰਾ ਵਿਸ਼ਵਾਸ ਸੀ ਕਿ ਪਾਕਿ ਪਰਵਰਦਿਗਾਰ ਫਤਿਹ ਦਾ ਸਿਹਰਾ ਸੱਚਾਈ ਉਤੇ ਚੱਲਣ ਵਾਲੇ ਨੇਕ ਬੰਦਿਆਂ ਨੂੰ ਹੀ ਬਖਸ਼ੇਗਾ। ਪਰ ਅਖੀਰ ਵਿਚ ਜਦ ਅੰਗਰੇਜ਼ ਜਿੱਤੇ ਅਤੇ ਤੁਰਕੀ ਦੀ ਹਾਰੀ ਸਰਕਾਰ ਨੇ ਉਸ ਨੂੰ ਉਸ ਦੇ ਕੁਝ ਬਚੇ-ਖੁਚੇ ਸਾਥੀਆਂ ਨਾਲ ਅੰਗਰੇਜ਼ਾਂ ਨੂੰ ਸੌਂਪ ਦਿੱਤਾ ਤਾਂ ਥੋੜ੍ਹੀ ਦੇਰ ਲਈ ਉਸ ਦਾ ਵਿਸ਼ਵਾਸ ਡਾਵਾਂਡੋਲ ਹੋ ਗਿਆ ਸੀ ਅਤੇ ਉਸ ਦੀ ਥਾਂ 'ਤੇ ਇਕ ਬਹੁਤ ਵੱਡਾ ਪ੍ਰਸ਼ਨ ਆ ਕੇ ਉਸ ਦੇ ਸਾਹਮਣੇ ਖੜ੍ਹਾ ਹੋ ਗਿਆ ਸੀ ਕਿ ਕੀ ਅੱਲ੍ਹਾ ਪਰਵਰਦਿਗਾਰ ਵੀ ਇਨਸਾਫ ਅਤੇ ਸੱਚਾਈ ਲਈ ਲੜਨ ਵਾਲੇ ਆਪਣੇ ਬੰਦਿਆਂ ਦਾ ਸਾਥ ਛੱਡ ਦਿੰਦਾ ਹੈ? ਕੀ ਉਸਦੇ ਦਰਬਾਰ ਵਿਚ ਵੀ ਸੁਣਵਾਈ ਸਿਰਫ ਸਮਰਥ ਲੋਕਾਂ ਦੀ ਹੀ ਹੁੰਦੀ ਹੈ? ਪਰ ਦੂਸਰੇ ਹੀ ਪਲ ਜਦੋਂ ਉਸ ਦਾ ਧਾਰਮਿਕ ਦਿਲ ਆਪਣੇ ਨਾਸਤਿਕਵਾਦੀ ਪ੍ਰਸ਼ਨ ਉਤੇ ਕੰਬ ਗਿਆ ਤਾਂ ਉਸ ਨੇ ਇਹ ਕਹਿ ਕੇ ਆਪਣੇ-ਆਪ ਨੂੰ ਢਾਰਸ ਦਿੱਤੀ ਕਿ ''ਉਹ ਜੋ ਵੀ ਕਰਦਾ ਹੈ ਸਾਡੀ ਭਲਾਈ ਲਈ ਹੀ ਕਰਦਾ ਹੈ।''

ਫੇਰ ਜਦੋਂ ਉਸ ਨੂੰ ਸਜ਼ਾ ਹੋਈ ਅਤੇ ਜੇਲ੍ਹ ਵਿਚ ਕਦਮ-ਕਦਮ ਉਤੇ ਲੱਤਾਂ-ਮੁੱਕੇ ਅਤੇ ਗਾਲ੍ਹਾਂ ਖਾ ਕੇ ਬੇਇੱਜ਼ਤ ਹੋਣਾ ਪਿਆ ਤਾਂ ਹਰ ਵਾਰੀ ਉਹੀ ਸਵਾਲ ਉਭਰ ਕੇ ਉਸ ਦੇ ਸਾਹਮਣੇ ਆਇਆ। ਉਸ ਦੀ ਉਸ ਵੇਲੇ ਤੱਕ ਦੀ ਜ਼ਿੰਦਗੀ ਪਾਕਿ ਸੀ, ਪਾਣੀ ਦੇ ਸਾਫ ਨਿਰਮਲ ਝਰਨੇ ਵਾਂਗ। ਨਾ ਕਿਸੇ ਦੀ ਬੁਰਾਈ, ਨਾ ਵਿਗਾੜ, ਨਾ ਕੋਈ ਬੁਰੀ ਆਦਤ, ਨਾ ਕੋਈ ਇੱਲਤ। ਫੇਰ ਵੀ ਪਰਵਰਦਿਗਾਰ ਉਸ ਉਤੇ ਰਹਿਮ ਕਿਉਂ ਨਹੀਂ ਕਰਦਾ? ਉਸ ਦੀ ਫਰਿਆਦ ਕਿਉਂ ਨਹੀਂ ਸੁਣਦਾ? ਇਹ ਪ੍ਰਸ਼ਨ ਉਸ ਨੂੰ ਪ੍ਰੇਸ਼ਾਨ ਕਰਨ ਲੱਗਾ। ਪਹਿਲੀ ਵਾਰ ਦਿਮਾਗ ਵਿਚ ਉਸ ਸਵਾਲ ਦੇ ਉਠਦੇ ਹੀ ਉਸ ਨੂੰ ਜੋ ਇਕ ਤਰ੍ਹਾਂ ਦਾ ਡਰ ਲੱਗਿਆ ਸੀ, ਹੌਲੀ-ਹੌਲੀ ਉਹ ਡਰ ਵੀ ਜਾਂਦਾ ਰਿਹਾ। ਉਸ ਨੂੰ ਲੱਗਿਆ ਜਿਵੇਂ ਹਾਲਾਤ ਨੇ ਮਿਲ ਕੇ ਉਸ ਦੇ ਖ਼ਿਲਾਫ਼ ਇਕ ਬਹੁਤ ਵੱਡਾ ਜਾਲ ਬੁਣ ਦਿੱਤਾ ਹੈ ਅਤੇ ਜਾਣੇ-ਅਣਜਾਣੇ ਉਸ ਦਾ ਖੁਦਾ ਉਸ ਦਾ ਭਗਵਾਨ ਵੀ ਉਨ੍ਹਾਂ ਹਾਲਾਤ ਦਾ ਹੀ ਸਾਥ ਦੇ ਰਿਹਾ ਹੈ ਕਿਉਂਕਿ ਉਹ ਮਜ਼ਬੂਤ ਹਨ, ਸ਼ਕਤੀਸ਼ਾਲੀ ਹਨ।

ਉਕਤ ਦਿਮਾਗੀ ਪਿੱਠਭੂਮੀ ਵਿਚ ਜਦ ਉਸ ਨੇ ਕੈਦੀ ਨੂੰ ਠੋਕਰ ਦੀ ਮਾਰ ਨਾਲ ਕੁੱਤੇ ਦੀ ਮੌਤ ਮਰਦੇ ਦੇਖਿਆ ਤਾਂ ਉਸ ਦਾ ਰਿਹਾ-ਸਿਹਾ ਵਿਸ਼ਵਾਸ ਵੀ ਟੁੱਟ ਗਿਆ ਅਤੇ ਉਸ ਦਾ ਮਨ ਬਾਬਾ ਜੀ ਨਾਲ ਮਿਲਣ ਲਈ ਬੇਚੈਨ ਹੋ ਗਿਆ।

''ਭਗਵਾਨ ਨੇ ਵਿਚਾਰੇ ਦੀ ਆਹ ਸੁਣ ਲਈ ਅਤੇ ਤਕਲੀਫ਼ਾਂ ਤੋਂ ਮੁਕਤੀ ਦੁਆ ਕੇ ਆਪਣੇ ਕੋਲ ਬੁਲਾ ਲਿਆ।'' ਇਕ ਬੀਮਾਰ ਕੈਦੀ ਨੇ ਦਾਰਸ਼ਨਿਕ ਭਾਵ ਨਾਲ ਡੂੰਘਾ ਸਾਹ ਲੈ ਕੇ ਕਿਹਾ।

''ਬਕਵਾਸ!'' ਸੁਲੇਮਾਨ ਮਨ ਹੀ ਮਨ 'ਚ ਬੋਲਿਆ। ਭਗਵਾਨ ਸਿਰਫ ਸਮਰਥ ਅਤੇ ਸ਼ਕਤੀਸ਼ਾਲੀ ਦਾ ਹੀ ਸਾਥ ਦਿੰਦਾ ਹੈ। ਕਮਜ਼ੋਰ ਲਈ ਭਗਵਾਨ ਸ਼ਬਦ ਸਿਰਫ ਖੁਦ ਨੂੰ ਧੋਖਾ ਦੇਣਾ ਹੈ।ਕੈਦੀ ਦੀ ਮੌਤ ਤੋਂ ਕੁਝ ਦਿਨਾਂ ਬਾਅਦ ਤੱਕ ਹਸਪਤਾਲ ਦੇ ਸਾਰੇ ਕੰਮਾਂ ਵਿਚ ਬੜੀ ਚੌਕਸੀ ਰਹੀ ਅਤੇ ਮਰੀਜ਼ਾਂ ਨੂੰ ਦਵਾਈ, ਇਲਾਜ ਆਦਿ ਠੀਕ ਤਰ੍ਹਾਂ ਨਾਲ ਮਿਲਣ ਲੱਗਾ। ਸੁਲੇਮਾਨ ਵੀ ਰਾਜ਼ੀ ਹੋ ਗਿਆ ਅਤੇ ਆਪਣੀ ਸਜ਼ਾ ਦੇ ਤੀਹ ਦਿਨ ਪੂਰੇ ਕਰ ਕੇ ਬਾਬਾ ਜੀ ਨਾਲ ਜੇਲ੍ਹ ਤੋਂ ਨਿਕਲ ਕੇ ਫੇਰ ਬਾਹਰ ਦੀ ਵੱਡੀ ਜੇਲ੍ਹ ਵਿਚ ਆ ਗਿਆ।

ਇਸ ਵਾਰ ਉਨ੍ਹਾਂ ਦੋਵਾਂ ਨੂੰ ਰਿਕਸ਼ਾ ਖਿੱਚਣ ਉਤੇ ਲਾਇਆ ਗਿਆ। ਪਹਾੜੀ ਇਲਾਕੇ ਵਿਚ ਉੱਚੀ-ਨੀਵੀਂ ਜ਼ਮੀਨ ਉਤੇ ਰਿਕਸ਼ਾ ਖਿੱਚਣਾ ਕਿਸੇ ਇਕ ਵਿਅਕਤੀ ਦੇ ਵੱਸ ਦਾ ਕੰਮ ਨਹੀਂ ਸੀ। ਇਕ ਵਿਅਕਤੀ ਰਿਕਸ਼ੇ ਨੂੰ ਅੱਗੇ ਤੋਂ ਖਿੱਚਦਾ ਅਤੇ ਦੂਸਰਾ ਪਿੱਛੇ ਤੋਂ ਧੱਕਾ ਦਿੰਦਾ। ਪਹਾੜੀ ਤੋਂ ਥੱਲੇ ਉਤਰਦੇ ਹੋਏ ਪਿੱਛੇ ਵਾਲਾ ਆਦਮੀ ਉਸ ਨੂੰ ਬੇਕਾਬੂ ਹੋਣ ਤੋਂ ਰੋਕਣ ਲਈ ਪਿੱਛੇ ਖਿੱਚਦਾ ਅਤੇ ਗੋਰਾ ਅੰਗਰੇਜ਼ ਹੱਥ ਵਿਚ ਚਾਬੁਕ ਲੈ ਕੇ ਲਹਿਰਾਉਂਦਾ, ਜਿਵੇਂ ਘੋੜੇ ਨੂੰ ਹੱਕ ਰਿਹਾ ਹੋਵੇ। ਕੈਦੀਆਂ ਦੀ ਪਿੱਠ ਉਤੇ ਕੋੜੇ ਵਰ੍ਹਦੇ ਰਹਿੰਦੇ ਅਤੇ ਉਹ ਆਪਣਾ ਕੰਮ ਕਰਦੇ ਰਹਿੰਦੇ।

ਸੁਲੇਮਾਨ ਸ਼ਾਹ ਅਤੇ ਬਾਬਾ ਜੀ ਵੀ ਇਕ ਰਿਕਸ਼ੇ ਵਿਚ ਜੋਤ ਦਿੱਤੇ ਗਏ। ਬਿਮਾਰੀ ਤੋਂ ਉਠਣ ਦੇ ਬਾਵਜੂਦ ਸੁਲੇਮਾਨ ਸ਼ਾਹ ਬਾਬਾ ਜੀ ਨਾਲੋਂ ਤਕੜਾ ਸੀ। ਰਿਕਸ਼ੇ ਨੂੰ ਥੱਲੇ ਤੋਂ ਉਪਰ ਲੈ ਜਾਂਦੇ ਹੋਏ ਉਹ ਪਿੱਛੇ ਰਹਿ ਕੇ ਉਸ ਦਾ ਸਾਰਾ ਬੋਝ ਆਪਣੇ ਉਪਰ ਲੈ ਲੈਂਦਾ ਅਤੇ ਉਪਰ ਤੋਂ ਥੱਲੇ ਜਾਂਦੇ ਹੋਏ ਉਹ ਅੱਗੇ ਹੋ ਜਾਂਦਾ। ਇਕ ਦਿਨ, ਦੋ ਦਿਨ, ਤਿੰਨ ਦਿਨ। ਫੇਰ ਬਾਬਾ ਜੀ ਨੂੰ ਇਕ ਉਪਾਅ ਸੁੱਝਿਆ। ਜਿਸ ਵੇਲੇ ਬਾਬਾ ਜੀ ਦਾ ਰਿਕਸ਼ਾ ਪਹਾੜੀ ਦੀ ਚੋਟੀ ਉਤੇ ਪਹੁੰਚਿਆ ਤਾਂ ਉਨ੍ਹਾਂ ਦੇ ਇਸ਼ਾਰੇ ਉਤੇ ਸੁਲੇਮਾਨ ਸ਼ਾਹ ਵੱਖਰਾ ਹੋ ਗਿਆ ਅਤੇ ਬਾਬਾ ਜੀ ਨੇ ਦੋਵੇਂ ਹੱਥ ਉਪਰ ਚੁੱਕ ਦਿੱਤੇ। ਢਲਵੀਂ ਜ਼ਮੀਨ ਉਤੇ ਰਿਕਸ਼ਾ ਤੇਜ਼ੀ ਨਾਲ ਥੱਲੇ ਵੱਲ ਸਰਕ ਗਿਆ ਅਤੇ ਇਕ ਚੱਟਾਨ ਨਾਲ ਟਕਰਾ ਗਿਆ। ਗੋਰਾ ਲਹੂਲੁਹਾਨ ਹੋ ਗਿਆ।

ਇਹ ਇਕ ਗੰਭੀਰ ਅਪਰਾਧ ਸੀ। ਦੋਹਾਂ ਨੂੰ ਤੀਹ-ਤੀਹ ਬੈਤਾਂ ਦੀ ਸਜ਼ਾ ਦੇ ਕੇ ਤਿੰਨ ਮਹੀਨੇ ਲਈ ਜੇਲ੍ਹ ਵਾਪਸ ਭੇਜ ਦਿੱਤਾ ਗਿਆ। ਫੇਰ ਉਹੀ ਗੰਦੀ ਕੋਠੜੀ, ਉਹੀ ਕੁੱਟਮਾਰ, ਫੇਰ ਉਹੀ ਗਾਲੀ-ਗਲੋਚ। ਸੁਲੇਮਾਨ ਸ਼ਾਹ ਤਕੜਾ ਸੀ। ਉਸ ਨੇ ਬੈਤਾਂ ਦੀ ਸਜ਼ਾ ਸਹਾਰ ਲਈ, ਪਰ ਬਾਬਾ ਜੀ ਦੀ ਸਿਹਤ ਖਰਾਬ ਹੋ ਗਈ। ਤਿੰਨ ਮਹੀਨੇ ਬਾਅਦ ਜਦ ਉਹ ਫੇਰ ਇਕ ਦੂਜੇ ਨੂੰ ਮਿਲੇ ਤਾਂ ਉਹ ਬਾਬਾ ਜੀ ਨੂੰ ਦੇਖ ਕੇ ਰੋ ਪਿਆ। ਉਨ੍ਹਾਂ ਦਾ ਸਰੀਰ ਇਕ ਢਾਂਚਾ ਰਹਿ ਗਿਆ ਸੀ। ਉਨ੍ਹਾਂ ਦੀਆਂ ਗੱਲ੍ਹਾਂ ਦੀਆਂ ਹੱਡੀਆਂ ਉਭਰ ਆਈਆਂ ਸਨ, ਮੱਥੇ ਦੀਆਂ ਤਿੰਨ ਲਕੀਰਾਂ ਹੋਰ ਡੂੰਘੀਆਂ ਹੋ ਗਈਆਂ ਸਨ, ਅੱਖਾਂ ਧਸ ਗਈਆਂ ਸਨ ਅਤੇ ਕਠੋਰ ਸਜ਼ਾਵਾਂ ਨਾਲ ਹਮੇਸ਼ਾ ਮੁਸਕਰਾਉਂਦੇ ਰਹਿਣ ਵਾਲੇ ਬੁੱਲ੍ਹਾਂ ਉਪਰ ਪਪੜੀ ਜੰਮ ਗਈ ਸੀ। ਸੁਲੇਮਾਨ ਨੇ ਬਾਬਾ ਜੀ ਦੀ ਦੇਖਭਾਲ ਵਿਚ ਕੋਈ ਕਸਰ ਨਾ ਛੱਡੀ ਅਤੇ ਇਕ ਦਿਨ ਜਦ ਦੀਵੇ ਦਾ ਤੇਲ ਖ਼ਤਮ ਹੋ ਗਿਆ ਤਾਂ ਉਸ ਦੀ ਲੋਅ ਨੇ ਵੀ ਉਸ ਦਾ ਸਾਥ ਛੱਡ ਦਿੱਤਾ। ਸੁਲੇਮਾਨ ਨੂੰ ਇਕੱਲਾ ਛੱਡ ਕੇ ਬਾਬਾ ਜੀ ਤੁਰ ਗਏ।

ਲਾਸ਼ ਦੀ ਡਾਕਟਰੀ ਜਾਂਚ ਤੋਂ ਬਾਅਦ ਅਧਿਕਾਰੀਆਂ ਨੇ ਦੇਹ ਸਸਕਾਰ ਲਈ ਕੁਝ ਕੈਦੀਆਂ ਨੂੰ ਲੋੜੀਂਦੇ ਖਰਚੇ ਨਾਲ ਦਿਨ ਭਰ ਦੀ ਛੁੱਟੀ ਦੇ ਦਿੱਤੀ ਸੀ। ਉਨ੍ਹਾਂ ਨੇ ਸਾਗਰ ਕਿਨਾਰੇ ਚਿਤਾ ਬਣਾਈ। ਮਿੱਟੀ ਨੂੰ ਅੱਗ ਦਿੱਤੀ ਅਤੇ ਆਪਣਾ ਕੰਮ ਪੂਰਾ ਕਰ ਕੇ ਚਲੇ ਗਏ। ਸੁਲੇਮਾਨ ਸ਼ਾਹ ਪੱਥਰ ਦੀ ਚੱਟਾਨ ਉਪਰ ਬੈਠਾ ਚਿਤਾ ਨੂੰ ਦੇਖਦਾ ਰਿਹਾ। ਲੱਕੜੀਆਂ ਬਲ ਰਹੀਆਂ ਸਨ, ਧੂੰਆਂ ਉਠ ਰਿਹਾ ਸੀ। ਤਦੇ ਇਕ ਵੱਡੀ ਸਾਰੀ ਲਹਿਰ ਆਈ। ਪਹਿਲਾਂ ਉਸ ਨੇ ਬਾਬਾ ਜੀ ਦੇ ਅੱਧਜਲੇ ਪੈਰ ਚੁੰਮੇ ਅਤੇ ਫੇਰ ਇਕ ਜ਼ੋਰ ਦੇ ਹਿਲੋਰੇ ਨਾਲ ਉਨ੍ਹਾਂ ਦੀਆਂ ਅਸਥੀਆਂ ਨੂੰ ਆਪਣੀ ਗੋਦ ਵਿਚ ਸਮੇਟ ਲਿਆ। ਚਿਤਾ ਬੁਝ ਗਈ, ਅੱਧ-ਜਲੀਆਂ ਲੱਕੜੀਆਂ ਬਿਖਰ ਗਈਆਂ ਅਤੇ ਬਾਬਾ ਜੀ ਸਾਗਰ ਦੇ ਗਰਭ ਵਿਚ ਵਿਲੀਨ ਹੋ ਗਏ। ਸੁਲੇਮਾਨ ਸ਼ਾਹ ਇਕ ਨੰਨ੍ਹੇ ਬੱਚੇ ਵਾਂਗ ਹੁਬਕੀਆਂ ਲੈ ਕੇ ਰੋ ਪਿਆ।

ਇਕ ਹੋਰ ਲਹਿਰ ਆਈ, ਉਸ ਨੇ ਪਹਿਲਾਂ ਚੱਟਾਨ ਨੂੰ ਪਲੋਸਿਆ, ਫੇਰ ਸੁਲੇਮਾਨ ਦੇ ਪੈਰ ਧੋਤੇ ਅਤੇ ਫੇਰ ਖਾਰੇ ਪਾਣੀ ਦੇ ਕੁਝ ਛਿੱਟਿਆਂ ਨੇ ਉਛਲ ਕੇ ਉਸ ਦਾ ਮੱਥਾ ਚੁੰਮ ਲਿਆ। ਸੁਲੇਮਾਨ ਨੂੰ ਲੱਗਾ ਜਿਵੇਂ ਬਾਬਾ ਜੀ ਉਸ ਦੇ ਹੰਝੂ ਪੂੰਝ ਕੇ ਵਾਪਸ ਚਲੇ ਗਏ ਹੋਣ।

ਦਿਨ ਲੰਘ ਚੁੱਕਿਆ ਸੀ, ਪਰ ਪੱਛਮੀ ਅਕਾਸ਼ ਤੋਂ ਰਾਤ ਨੇ ਉਸ ਦੀ ਸੁਨਹਿਰੀ ਚਾਦਰ ਨਹੀਂ ਖੋਹੀ ਸੀ ਅਤੇ ਵਿਸ਼ਾਲ ਸਾਗਰ ਦੇ ਕਾਲੇ ਪਾਣੀ ਨੇ ਵੀ ਦਿਨ ਦੀ ਵਿਦਾਈ ਵੇਲੇ ਥੋੜ੍ਹੀ ਦੇਰ ਲਈ ਸੁਨਹਿਰੇ ਕੱਪੜੇ ਪਾ ਲਏ ਸਨ। ਸੁਲੇਮਾਨ ਨੇ ਝੁਕ ਕੇ ਖਾਰੇ ਪਾਣੀ ਦਾ ਬੁੱਕ ਭਰਿਆ, ਵੁਜ਼ੂ ਕੀਤਾ, ਪੱਛਮ ਵੱਲ ਖੜ੍ਹਾ ਹੋ ਕੇ ਮਨ ਹੀ ਮਨ ਕੁਝ ਬੋਲਿਆ ਅਤੇ ਫੇਰ ਆਪਣੀ ਕੋਠੜੀ ਵੱਲ ਚਲਾ ਗਿਆ। ਸੂਰਜ ਡੁੱਬ ਚੁੱਕਾ ਸੀ। ਰਾਤ ਦੀ ਚਾਦਰ ਦਾ ਪੂਰਬੀ ਹਿੱਸਾ ਕੁਝ-ਕੁਝ ਕਾਲਾ ਹੋ ਰਿਹਾ ਸੀ। ਹੁਣੇ-ਹੁਣੇ ਸੌਂ ਕੇ ਉਠਣ ਵਾਲੇ ਦੋ-ਚਾਰ ਤਾਰੇ ਆਕਾਸ਼ ਵਿਚ ਟਿਮਟਿਮਾ ਰਹੇ ਸਨ, ਆਪਣੇ ਨਿਸ਼ਾਨੇ ਤੋਂ ਭਟਕਿਆ ਇਕ ਪੰਛੀ ਆਲ੍ਹਣੇ ਦੀ ਤਲਾਸ਼ ਵਿਚ ਇਕੱਲਾ ਦੌੜਿਆ ਜਾ ਰਿਹਾ ਸੀ ਅਤੇ ਸੁਲੇਮਾਨ ਸ਼ਾਹ ਹੌਲੀ ਚਾਲ ਨਾਲ ਆਪਣੀ ਕੋਠੜੀ ਵੱਲ ਜਾ ਰਿਹਾ ਸੀ-ਇਕੱਲਾ, ਬਿਲਕੁਲ ਇਕੱਲਾ।

ਬਾਬਾ ਜੀ ਸੁਲੇਮਾਨ ਸ਼ਾਹ ਦੇ ਦੋਸਤ ਹੀ ਨਹੀਂ ਸਨ, ਉਹ ਉਸ ਦੇ ਗੁਰੂ ਅਤੇ ਸਰਪ੍ਰਸਤ ਵੀ ਸਨ। ਉਸ ਨੇ ਜੀਵਨ ਵਿਚ ਪਹਿਲੀ ਵਾਰ ਆਪਣੇ ਆਪ ਨੂੰ ਇਕੱਲਾ ਮਹਿਸੂਸ ਕੀਤਾ। ਉਸ ਰਾਤ ਉਹ ਬੈਠਾ-ਬੈਠਾ ਬਾਬਾ ਜੀ ਬਾਰੇ ਹੀ ਸੋਚਦਾ ਰਿਹਾ। ਭਗਵਾਨ ਅਤੇ ਮਜ਼ਬ ਉਸ ਦਾ ਰਸਤਾ ਛੱਡ ਚੁੱਕੇ ਸਨ ਅਤੇ ਦੇਸ਼ ਦੀ ਤਸਵੀਰ ਅਜੇ ਉਸ ਦੇ ਸਾਹਮਣੇ ਪੂਰੀ ਤਰ੍ਹਾਂ ਉਭਰੀ ਨਹੀਂ ਸੀ। ਗੁਲਾਮੀ ਇਕ ਸਰਾਪ ਹੈ, ਪਰ ਇਸ ਸਰਾਪ ਤੋਂ ਮੁਕਤੀ ਕਿਵੇਂ ਮਿਲੇਗੀ, ਇਹ ਅਜੇ ਉਹ ਸਮਝਿਆ ਨਹੀਂ ਸੀ। ਉਸ ਦੀ ਸਥਿਤੀ ਬਹੁਤ ਕੁਝ ਉਸ ਪੰਖੇਰੂ ਵਰਗੀ ਹੋ ਗਈ ਸੀ, ਜਿਸ ਦਾ ਪੁਰਾਣਾ ਆਲ੍ਹਣਾ ਉਜੜ ਜਾਵੇ ਅਤੇ ਨਵਾਂ ਆਲ੍ਹਣਾ ਬਣਨ ਤੋਂ ਪਹਿਲਾਂ ਉਸ ਉਤੇ ਬਿਜਲੀ ਡਿੱਗ ਜਾਵੇ। ਉਸ ਨੂੰ ਲੱਗਾ ਜਿਵੇਂ ਬਾਬਾ ਜੀ ਨਾਲ ਉਸ ਦਾ ਆਪਣਾ ਭਵਿੱਖ ਸਮੁੰਦਰ ਵਿਚ ਡੁੱਬ ਗਿਆ ਹੋਵੇ।

ਬਾਬਾ ਜੀ ਦੇ ਚਲੇ ਜਾਣ ਤੋਂ ਬਾਅਦ ਸੁਲੇਮਾਨ ਕੁਝ ਦਿਨ ਬੜਾ ਉਦਾਸ ਅਤੇ ਉਖੜਿਆ-ਉਖੜਿਆ ਰਿਹਾ। ਫੇਰ ਉਸ ਨੇ ਸਥਿਤੀਆਂ ਨਾਲ ਸਮਝੌਤਾ ਕਰ ਲਿਆ। ਉਸ ਨੇ ਲੜਨਾ-ਭਿੜਨਾ ਅਤੇ ਕੰਮ ਤੋਂ ਇਨਕਾਰ ਕਰਨਾ ਬੰਦ ਕਰ ਦਿੱਤਾ ਅਤੇ ਇਕ ਚੰਗੇ ਕੈਦੀ ਵਾਂਗ ਵਿਹਾਰ ਕਰਨ ਲੱਗਾ। ਅਧਿਕਾਰੀਆਂ ਨੇ ਸਮਝਿਆ ਸਬਕ ਸਿੱਖ ਕੇ ਸੁਲੇਮਾਨ ਨੂੰ ਅਕਲ ਆ ਗਈ ਹੈ। ਉਪਰੋਂ ਜਿੰਨਾ ਉਹ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰਦਾ, ਅੰਦਰਲੀ ਅੱਗ ਓਨਾ ਹੀ ਜ਼ੋਰ ਫੜਦੀ ਗਈ। ਬਾਬਾ ਜੀ ਪ੍ਰਤੀ ਕੀਤਾ ਗਿਆ ਵਿਹਾਰ ਉਸ ਨੂੰ ਚੁਭ ਰਿਹਾ ਸੀ। ਪਰ ਉਹ ਸਮਝ ਨਹੀਂ ਸਕਿਆ ਕਿ ਉਸ ਦਾ ਬਦਲਾ ਉਹ ਕਿਸ ਤੋਂ ਅਤੇ ਕਿਸ ਤਰ੍ਹਾਂ ਲਵੇ। ਹੌਲੀ-ਹੌਲੀ ਉਹ ਆਪਣੀ ਹੀ ਅੱਗ ਵਿਚ ਝੁਲਸਣ ਲੱਗਾ।

ਤਦੇ ਇਕ ਦਿਨ ਉਸ ਨੇ ਸੁਣਿਆ ਕਿ ਸਰਕਾਰ ਸਵੈ-ਇੱਛਾ ਨਾਲ ਵਾਪਸ ਜਾਣ ਵਾਲੇ ਸਾਰੇ ਰਾਜਨੀਤਿਕ ਬੰਦੀਆਂ ਨੂੰ ਦੇਸ਼ ਵਾਪਸ ਭੇਜ ਰਹੀ ਹੈ ਅਤੇ ਉਸ ਨੇ ਇਹ ਕਹਿ ਕੇ ਕਿ ਵਤਨ ਦੀ ਮਿੱਟੀ ਨਾਲ ਬਣੀ ਜੇਲ੍ਹ ਵੀ ਪ੍ਰਦੇਸ਼ ਦੀ ਖੁੱਲ੍ਹੀ ਹਵਾ ਨਾਲੋਂ ਹਜ਼ਾਰਾਂ ਗੁਣਾ ਚੰਗੀ ਹੈ, ਆਪਣਾ ਨਾਂ ਦੇਸ਼ ਵਾਪਸ ਜਾਣ ਵਾਲਿਆਂ ਵਿਚ ਲਿਖਵਾ ਦਿੱਤਾ।

ਜਿਉਂ-ਜਿਉਂ ਕਾਲਾਪਾਣੀ ਤੋਂ ਉਸ ਦੀ ਵਾਪਸੀ ਦਾ ਦਿਨ ਨਜ਼ਦੀਕ ਆਉਂਦਾ ਗਿਆ, ਤਿਉਂ-ਤਿਉਂ ਉਸ ਦੇ ਦਿਲ ਦੀ ਖੁਸ਼ੀ ਇਕ ਪਾਗਲਪਨ ਵਾਂਗ ਉਸ ਦਾ ਸਾਥ ਛੱਡਣ ਲੱਗੀ ਅਤੇ ਉਸ ਦੀ ਥਾਂ ਇਕ ਡੂੰਘੀ ਉਦਾਸੀ ਉਸ ਉਪਰ ਹਾਵੀ ਹੁੰਦੀ ਗਈ ਅਤੇ ਫੇਰ ਇਕ ਸ਼ਾਮ ਸਰਕਾਰੀ ਕੰਮ ਤੋਂ ਛੁੱਟੀ ਮਿਲਦੇ ਹੀ ਉਹ ਪੱਛਮੀ ਤੱਟ ਦੀ ਉਸੇ ਚੱਟਾਨ ਉਤੇ ਜਾ ਕੇ ਬੈਠ ਗਿਆ, ਜਿਥੇ ਬਾਬਾ ਜੀ ਨੇ ਆਖਰੀ ਵਾਰ ਖਾਰੇ ਪਾਣੀ ਨਾਲ ਉਸ ਦੇ ਅੱਥਰੂ ਪੂੰਝੇ ਸਨ। ਉਹੀ ਸਾਗਰ, ਉਹੀ ਲਹਿਰਾਂ, ਉਹੀ ਗੜਗੜਾਹਟ, ਉਹੀ ਚੱਟਾਨ, ਉਹੀ ਡੁੱਬਦਾ ਹੋਇਆ ਸੂਰਜ, ਉਹੀ ਸੁਨਹਿਰਾ ਆਕਾਸ਼, ਕਾਲੇਪਾਣੀ ਉਪਰ ਉਸ ਆਕਾਸ਼ ਦਾ ਉਹੀ ਸੁਨਹਿਰਾ ਪ੍ਰਛਾਵਾਂ, ਝੁੰਡ ਤੋਂ ਵਿਛੜੇ ਕਿਸੇ ਪੰਛੀ ਵਾਂਗ ਉਹੀ ਦਰਦ ਭਰੀ ਆਵਾਜ਼। ਉਥੇ ਪਹੁੰਚਦੇ-ਪਹੁੰਚਦੇ ਸੁਲੇਮਾਨ ਦੇ ਸਾਹਮਣੇ ਬਾਬਾ ਜੀ ਦਾ ਪੂਰਾ ਚਿੱਤਰ ਘੁੰਮ ਗਿਆ। ਉਨ੍ਹਾਂ ਦਾ ਗਿਆਨ, ਉਨ੍ਹਾਂ ਦੀ ਸੂਝ-ਬੂਝ, ਉਨ੍ਹਾਂ ਦੀ ਦੇਸ਼ ਭਗਤੀ, ਉਨ੍ਹਾਂ ਦੀਆਂ ਕੁਰਬਾਨੀਆਂ, ਅੰਗਰੇਜ਼ਾਂ ਨਾਲ ਜੂਝਣ ਦੇ ਉਨ੍ਹਾਂ ਦੇ ਹੌਂਸਲੇ, ਉਨ੍ਹਾਂ ਦੀ ਧਰਮ ਨਿਰਪੱਖਤਾ ਅਤੇ ਉਸ ਸਭ ਤੋਂ ਉਪਰ ਸੁਲੇਮਾਨ ਪ੍ਰਤੀ ਉਨ੍ਹਾਂ ਦਾ ਪਿਤਾ ਵਰਗਾ ਵਿਹਾਰ, ਉਨ੍ਹਾਂ ਦਾ ਸਨੇਹ ਅਤੇ ਪਿਆਰ, ਬੈਤਾਂ ਦੀ ਸਜ਼ਾ, ਉਨ੍ਹਾਂ ਦੀ ਬਿਮਾਰੀ ਅਤੇ ਮੌਤ, ਜਲਦੀ ਹੋਈ ਚਿਤਾ, ਧੂੰਆਂ ਅਤੇ ਲਪਟਾਂ, ਵਧਦਾ ਹੋਇਆ ਪਾਣੀ, ਲਹਿਰਾਂ, ਮੁੱਠੀ ਭਰ ਭਿੱਜੀ ਹੋਈ ਸੁਆਹ, ਫੇਰ ਉਹ ਵੀ ਨਹੀਂ। ਉਸ ਦੀ ਉਦਾਸੀ ਹੋਰ ਡੂੰਘੀ ਹੁੰਦੀ ਗਈ ਅਤੇ



ਉਹ ਚੱਟਾਨ ਉਪਰ ਬੈਠਾ ਕਾਫੀ ਦੇਰ ਤੱਕ ਅੱਗੇ ਦਾ ਰਸਤਾ ਲੱਭਦਾ ਰਿਹਾ। ਕੁਝ ਦੇਰ ਬੈਠੇ ਰਹਿਣ ਤੋਂ ਬਾਅਦ ਆਪਣੀ ਆਦਤ ਅਨੁਸਾਰ ਉਸ ਨੇ ਸਿਰ ਨੂੰ ਝਟਕਾ ਦਿੱਤਾ ਅਤੇ ਉਠ ਕੇ ਖੜ੍ਹਾ ਹੋ ਗਿਆ।

''ਸੁਲੇਮਾਨ ਤੇਰਾ ਬਦਲਾ ਲਏਗਾ ਬਾਬਾ'', ਉਸ ਨੇ ਹੌਲੀ ਜਿਹੀ ਕਿਹਾ ਅਤੇ ਆਪਣੀ ਕੋਠੜੀ ਵੱਲ ਚਲਾ ਗਿਆ।

ਚਾਰ-ਛੇ ਦਿਨਾਂ ਬਾਅਦ ਕਾਲੇਪਾਣੀ ਤੋਂ ਵਿਦਾ ਹੋਣ ਦਾ ਵੇਲਾ ਵੀ ਆ ਗਿਆ। ਫੇਰ 'ਮਹਾਰਾਜਾ' ਜਹਾਜ਼ ਦਾ ਗੰਦਾ ਤੰਗ ਪਿੰਜਰਾ, ਚਾਰ ਦਿਨ ਦੀ ਲੰਬੀ ਯਾਤਰਾ, ਕਲਕੱਤਾ, ਲਾਹੌਰ ਅਤੇ ਫੇਰ ਮੁਲਤਾਨ ਦੀ ਕੇਂਦਰੀ ਜੇਲ੍ਹ। ਸੁਲੇਮਾਨ ਹੁਣ ਆਪਣੇ ਦੇਸ਼ ਵਿਚ ਸੀ-ਬਾਬਾ ਜੀ ਦੇ ਵਤਨ ਵਿਚ। ਉਸ ਨੇ ਤੈਅ ਕੀਤਾ ਕਿ ਜੇਲ੍ਹ ਅਧਿਕਾਰੀਆਂ ਨਾਲ ਝਗੜਾ ਨਹੀਂ ਕਰੇਗਾ, ਬੀਮਾਰ ਨਹੀਂ ਹੋਵੇਗਾ, ਵੱਧ ਤੋਂ ਵੱਧ ਛੋਟ ਦੇ ਦਿਨ ਹਾਸਿਲ ਕਰੇਗਾ ਅਤੇ ਇਸ ਤਰ੍ਹਾਂ ਬੁੱਢੇ ਹੋਣ ਤੋਂ ਪਹਿਲਾਂ ਹੀ ਜੇਲ੍ਹ ਤੋਂ ਬਾਹਰ ਹੋ ਜਾਵੇਗਾ। ਉਸ ਨੇ ਆਪਣੀ ਜ਼ਿੰਦਗੀ ਦੇ ਪੰਤਾਲੀ ਸਾਲ ਵੀ ਪੂਰੇ ਨਹੀਂ ਕੀਤੇ ਸਨ ਤਾਂ ਉਸ ਇਕੋ ਸੁਆਲ ਪੁੱਛਿਆ, ''ਮੈਂ ਬੁੱਢਾ ਤਾਂ ਨਹੀਂ ਹੋਇਆ ਹਾਂ?'' ਅਤੇ ਜਦ ਉਸ ਦੇ ਇਕ ਦੋਸਤ ਨੇ ਹੱਸਦੇ ਹੋਏ ਕਿਹਾ, ''ਅੱਜ ਨਹੀਂ ਹੋਏ ਤਾਂ ਕੱਲ੍ਹ ਹੋ ਜਾਵੋਗੇ, ਜਵਾਨੀ ਵੀ ਕਿਸੇ ਦਾ ਸਾਥ ਦਿੰਦੀ ਹੈ?'' ਤਾਂ ਉਹ ਡੂੰਘੀ ਚਿੰਤਾ ਵਿਚ ਡੁੱਬ ਗਿਆ। ਸਮਾਂ ਕਿਸੇ ਉਤੇ ਤਰਸ ਨਹੀਂ ਖਾਂਦਾ। ਉਸ ਨੇ ਸੁਲੇਮਾਨ ਉਤੇ ਵੀ ਰਹਿਮ ਨਹੀਂ ਕੀਤਾ। ਘੰਟੇ ਦੀ ਹਰੇਕ ਸੱਟ ਉਸ ਦੀ ਜ਼ਿੰਦਗੀ ਦਾ ਹਿੱਸਾ ਘੱਟ ਕਰਦੀ ਗਈ। ਸਾਲ ਤੇ ਸਾਲ ਲੰਘਦੇ ਗਏ, ਜਵਾਨੀ ਜਾਣ ਲਈ ਕਾਹਲੀ ਹੋ ਗਈ, ਬੁਢਾਪਾ ਆਉਣ ਲਈ ਬੇਕਰਾਰ ਹੋ ਗਿਆ। ਸੁਲੇਮਾਨ ਜਾਣਦਾ ਸੀ ਕਿ ਜਵਾਨੀ ਜਾ ਕੇ ਕਦੇ ਵਾਪਸ ਨਹੀਂ ਆਉਂਦੀ, ਬੁਢਾਪਾ ਆ ਕੇ ਕਦੇ ਵਾਪਸ ਨਹੀਂ ਜਾਂਦਾ ਅਤੇ ਉਹ ਜਵਾਨ ਰਹਿੰਦਿਆਂ ਹੀ ਬਾਹਰ ਜਾਣਾ ਚਾਹੁੰਦਾ ਸੀ। ਛੁੱਟਦੇ-ਛੁੱਟਦੇ ਕਿਤੇ ਬੁੱਢਾ ਨਾ ਹੋ ਜਾਵੇ, ਇਹੀ ਚਿੰਤਾ ਉਸ ਨੂੰ ਪ੍ਰੇਸ਼ਾਨ ਕਰਨ ਲੱਗੀ। ਸਮੇਂ ਅਤੇ ਚਿੰਤਾ ਦਾ ਮੇਲ ਹੋ ਗਿਆ ਅਤੇ ਦੋਹਾਂ ਨੇ ਮਿਲ ਕੇ ਬੁਢਾਪੇ ਦਾ ਰਸਤਾ ਆਸਾਨ ਕਰ ਦਿੱਤਾ। ਜ਼ਮਾਨੇ ਨੇ ਉਸ ਦੀ ਜ਼ਿੰਦਗੀ ਤੋਂ ਦਸ ਸਾਲ ਖੋਹ ਲਏ ਅਤੇ ਉਸ ਦੀ ਉਮਰ ਵਿਚ ਜੋੜ ਦਿੱਤੇ। ਸੁਲੇਮਾਨ ਨੇ 55 ਵਰ੍ਹੇ ਪੂਰੇ ਕਰ ਲਏ। ਉਹ ਕਮਜ਼ੋਰ ਹੋਣ ਲੱਗਾ।

ਤਦ 1939 ਦੇ ਅਖ਼ੀਰ ਵਿਚ ਆਪਣੇ ਤਿੰਨ ਹੋਰ ਸਾਥੀਆਂ ਨਾਲ ਮੈਨੂੰ ਵੀ ਲਾਹੌਰ ਤੋਂ ਮੁਲਤਾਨ ਪਹੁੰਚਾ ਦਿੱਤਾ ਗਿਆ। ਉਹੀ 14 ਨੰਬਰ ਹਾਤੇ ਵਿਚ, ਜਿਸ ਨੂੰ ਕੈਦੀ ਆਪਣੀ ਜ਼ੁਬਾਨ ਵਿਚ ਕਸੂਰੀ ਲਾਈਨ ਕਹਿੰਦੇ ਸਨ, ਸੁਲੇਮਾਨ ਸ਼ਾਹ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ। ਉਸ ਵੇਲੇ ਉਹ ਕੈਦੀ ਜਮਾਂਦਾਰ ਦੀ ਹੈਸੀਅਤ ਨਾਲ ਚੌਦਾਂ ਨੰਬਰ ਦਾ ਇੰਚਾਰਜ ਸੀ। ਆਮ ਤੌਰ 'ਤੇ ਜੇਲ੍ਹਾਂ ਵਿਚ ਕੈਦੀ ਜਮਾਂਦਾਰ ਅਧਿਕਾਰੀਆਂ ਦੇ ਚਮਚੇ ਹੁੰਦੇ ਹਨ ਅਤੇ ਉਨ੍ਹਾਂ ਦੇ ਇਸ਼ਾਰਿਆਂ ਉਪਰ ਕੈਦੀਆਂ ਨੂੰ ਤੰਗ ਕਰਨ ਵਿਚ ਜਾਂ ਕੁੱਟਮਾਰ ਕਰਨ ਵਿਚ ਸਭ ਤੋਂ ਅੱਗੇ ਰਹਿੰਦੇ ਹਨ। ਸੁਲੇਮਾਨ ਸ਼ਾਹ ਨੂੰ ਵੀ ਅਸੀਂ ਇਕ ਅਜਿਹਾ ਹੀ ਕੈਦੀ ਜਮਾਂਦਾਰ ਸਮਝ ਲਿਆ। ਸ਼ੁਰੂ ਵਿਚ ਸੁਲੇਮਾਨ ਵੀ ਸਾਡੇ ਨਾਲੋਂ ਦੂਰ ਹੀ ਰਿਹਾ, ਪਰ ਕੁਝ ਦਿਨਾਂ ਬਾਅਦ ਜਦ ਕਾਇਦੇ-ਕਾਨੂੰਨ ਕੁਝ ਢਿੱਲੇ ਪੈ ਗਏ ਅਤੇ ਸਖ਼ਤੀ ਘੱਟ ਹੋ ਗਈ ਤਾਂ ਉਸ ਨੇ ਸਾਡੇ ਕੋਲ ਬੈਠਣਾ ਸ਼ੁਰੂ ਕਰ ਦਿੱਤਾ।ਉਸ ਨੇ ਭਗਤ ਸਿੰਘ ਦਾ ਨਾਂ ਸੁਣਿਆ ਸੀ। ਇਕ ਦਿਨ ਉਸ ਨੇ ਬੇਨਤੀ ਕੀਤੀ ਕਿ ਮੈਂ ਉਸ ਨੂੰ ਭਗਤ ਸਿੰਘ ਦੀ ਗੱਲ ਸਮਝਾਵਾਂ। ਫੇਰ ਉਸ ਨੇ ਆਪਣੀ ਕਹਾਣੀ ਸੁਣਾਈ, ਹੱਜ ਯਾਤਰਾ, ਲੜਾਈ, ਗ੍ਰਿਫਤਾਰੀ, ਕਾਲਾ ਪਾਣੀ, ਬਾਬਾ ਜੀ, ਉਨ੍ਹਾਂ ਦੀ ਮੌਤ, ਦੇਸ਼ ਵਾਪਸੀ ਆਦਿ। ਬਾਬਾ ਜੀ ਦਾ ਜ਼ਿਕਰ ਆਉਣ ਨਾਲ ਉਸ ਦਾ ਗਲਾ ਭਰ ਗਿਆ ਅਤੇ ਉਹ ਕਾਫੀ ਦੇਰ ਤੱਕ ਚੁੱਪ ਬੈਠਾ ਆਸਮਾਨ ਵੱਲ ਵੇਖਦਾ ਰਿਹਾ।

ਦੂਜੀ ਰਾਤ ਜਦੋਂ ਉਹ ਮੇਰੀ ਕੋਠੜੀ ਸਾਹਮਣੇ ਆ ਕੇ ਬੈਠਿਆ ਤਾਂ ਚੰਨ ਆਪਣੀ ਪੂਰੀ ਉਚਾਈ ਉਤੇ ਸੀ। ਉਸ ਨੇ ਆਪਣੀ ਕਾਲੀ ਪੱਗ ਉਤਾਰ ਕੇ ਜ਼ਮੀਨ ਉਤੇ ਰੱਖ ਦਿੱਤੀ ਅਤੇ ਜੰਗਲੇ ਦਾ ਸਹਾਰਾ ਲੈ ਕੇ ਬੈਠ ਗਿਆ। ਕੁਝ ਦੇਰ ਬਾਅਦ ਚੁੱਪ ਤੋੜਦੇ ਹੋਏ ਉਸ ਨੇ ਕਿਹਾ, ''ਦਿਲ ਵਿਚ ਇਕ ਤਮੰਨਾ ਹੈ ਭਾਈ, ਪਰ ਡਰ ਹੈ ਕਿ ਛੁਟਣ ਤੋਂ ਪਹਿਲਾਂ ਕਿਤੇ ਬੁੱਢਾ ਨਾ ਹੋ ਜਾਵਾਂ।'' ਫੇਰ ਰੁਕ ਕੇ ਖੁਦ ਹੀ ਬੋਲਿਆ, ''ਮੈਂ ਚਾਹੁੰਦਾ ਹਾਂ ਕਿ ਜੇਲ੍ਹ ਤੋਂ ਰਿਹਾਅ ਹੋਣ ਤੱਕ ਮੇਰੇ ਸਰੀਰ ਵਿਚ ਏਨੀ ਤਾਕਤ ਬਣੀ ਰਹੇ ਕਿ ਮੈਂ ਇਕ ਅੰਗਰੇਜ਼ ਨੂੰ ਆਪਣੇ ਮੋਢੇ ਉਤੇ ਲੱਦ ਕੇ ਮੀਲ ਭੱਜ ਸਕਾਂ।''

''ਕੀ ਕਰੇਂਗਾ ਅੰਗਰੇਜ਼ ਨੂੰ ਲੈ ਜਾ ਕੇ?'' ਮੈਂ ਪੁੱਛਿਆ।

''ਉਸ ਨੂੰ ਬੰਨ੍ਹ ਕੇ ਆਪਣੇ ਇਲਾਕੇ ਵਿਚ ਲੈ ਜਾਵਾਂਗਾ, ਇਕ ਤੰਗ ਕੋਠੜੀ ਵਿਚ ਉਸ ਨੂੰ ਕੈਦ ਕਰਾਂਗਾ, ਕੈਦੀਆਂ ਵਰਗੇ ਕੱਪੜੇ ਅਤੇ ਕੈਦੀਆਂ ਵਰਗੀ ਰੋਟੀ ਦਿਆਂਗਾ, ਹਰ ਉਹ ਸਜ਼ਾ ਦਿਆਂਗਾ ਜੋ ਇਸ ਹਕੂਮਤ ਕਾਰਨ ਮੈਨੂੰ ਭੁਗਤਣੀ ਪਈ ਹੈ ਅਤੇ ਇਹ ਸਭ ਕਰਨ ਤੋਂ ਬਾਅਦ ਬਾਬਾ ਜੀ ਦੇ ਖੂਨ ਦਾ ਬਦਲਾ ਲਵਾਂਗਾ।''

''ਭਾਵ।''

''ਉਸ ਨੂੰ ਗੋਲੀ ਨਾਲ ਉਡਾ ਕੇ ਨਰਕ ਭੇਜ ਦਿਆਂਗਾ।''

ਸੁਲੇਮਾਨ ਦਾ ਹਰ ਸ਼ਬਦ ਉਸ ਦੇ ਅੰਦਰੂਨੀ ਭਾਵਾਂ ਦਾ ਜਿਉਂਦਾ-ਜਾਗਦਾ ਪ੍ਰਤੀਕ ਸੀ। ਉਹ ਇਉਂ ਗੱਲ ਕਰ ਰਿਹਾ ਸੀ, ਜਿਵੇਂ ਉਸ ਦੇ ਜੀਵਨ ਦੇ ਸਾਰੇ ਅਰਮਾਨ ਉਸੇ ਇਕ ਬਿੰਦੂ ਉਤੇ ਕੇਂਦਰਤਿ ਹੋ ਕੇ ਰਹਿ ਗਏ ਹੋਣ ਅਤੇ ਉਸ ਉਦੇਸ਼ ਤੋਂ ਇਲਾਵਾ ਕੋਈ ਹੋਰ ਸਾਰਥਕਤਾ ਉਸ ਦੇ ਜੀਵਨ ਵਿਚ ਨਹੀਂ ਸੀ। ਸਰੀਰ ਵਿਚ ਤਾਕਤ ਰਹਿੰਦੇ ਹੀ ਮੈਂ ਬਾਹਰ ਜਾਣਾ ਚਾਹੁੰਦਾ ਹਾਂ। ਕਮਜ਼ੋਰ ਹੋ ਜਾਣ ਤੋਂ ਬਾਅਦ ਮੇਰੇ ਲਈ ਜ਼ਿੰਦਗੀ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਵੇਗੀ। ਉਹ ਕਹਿੰਦਾ ਗਿਆ, ''ਬੁੱਢਾ ਹੋ ਕੇ ਬਾਹਰ ਨਿਕਲਣ ਤੋਂ ਇਹ ਚੰਗਾ ਹੋਵੇਗਾ ਕਿ ਮੈਨੂੰ ਇਸੇ ਚਾਰ ਦੀਵਾਰੀ ਅੰਦਰ ਕਿਤੇ ਦੋ ਗਜ਼ ਜ਼ਮੀਨ ਮਿਲ ਜਾਵੇ।''

ਸੁਲੇਮਾਨ ਬੇਹੱਦ ਭਾਵੁਕ ਹੋ ਗਿਆ ਸੀ ਅਤੇ ਇਹ ਜਾਣਦੇ ਹੋਏ ਵੀ ਕਿ ਉਸ ਨੇ ਆਪਣੇ ਲਈ ਜੋ ਰਸਤਾ ਤੈਅ ਕੀਤਾ ਹੋਇਆ ਹੈ, ਉਸ ਨਾਲ ਦੇਸ਼ ਦਾ ਕੋਈ ਭਲਾ ਨਹੀਂ ਹੋ ਸਕੇਗਾ, ਮੈਂ ਉਸ ਨੂੰ ਛੇੜਨਾ ਜਾਂ ਉਸ ਦੇ ਸੰਕਲਪ ਨੂੰ ਕਿਸੇ ਤਰ੍ਹਾਂ ਦੀ ਤਕਲੀਫ਼ ਪਹੁੰਚਾਉਣਾ ਉਚਿਤ ਨਹੀਂ ਸਮਝਿਆ। ਉਸ ਗੱਲਬਾਤ ਤੋਂ ਕੁਝ ਦਿਨ ਬਾਅਦ ਹੀ ਮੈਂ ਸੁਲਤਾਨ ਤੋਂ ਮਦਰਾਸ ਅਤੇ ਫਿਰ ਕਾਲਾਪਾਣੀ ਚਲਾ ਗਿਆ ਅਤੇ 1937 ਵਿਚ ਜਦ ਉਥੋਂ ਲਾਹੌਰ ਵਾਪਸ ਆਇਆ ਤਾਂ ਪਤਾ ਚੱਲਿਆ ਕਿ ਸੁਲੇਮਾਨ ਅਜੇ ਵੀ ਜੇਲ੍ਹ ਵਿਚ ਹੀ ਹੈ। ਸਮਾਂ ਅਤੇ ਲੰਬੀ ਜੇਲ੍ਹ ਨੇ ਉਸ ਦੀ ਸ਼ਕਤੀ ਖੋਹ ਲਈ ਅਤੇ ਜਦੋਂ ਉਸ ਨੂੰ ਪਤਾ ਚੱਲਿਆ ਕਿ ਉਹ ਸੱਚਮੁੱਚ ਬੁੱਢਾ ਹੋ ਗਿਆ ਹੈ ਤਾਂ ਉਸ ਨੇ ਉਮਰ ਸਾਹਮਣੇ ਸਿਰ ਝੁਕਾ ਦਿੱਤਾ। ਉਹ ਗੰਭੀਰ, ਗੁੰਮਸੁੰਮ ਅਤੇ ਉਦਾਸ-ਉਦਾਸ ਜਿਹਾ ਰਹਿਣ ਲੱਗਾ। ਹੌਲੀ-ਹੌਲੀ ਉਦਾਸੀ ਦੀ ਥਾਂ ਸਨਕ ਨੇ ਲੈ ਲਈ। ਉਹ ਹਰ ਕਿਸੇ ਤੋਂ ਪੁੱਛਦਾ ਕਿ ਮੈਂ ਬੁੱਢਾ ਹੋ ਗਿਆ ਹਾਂ ਅਤੇ ਜਵਾਬ ਵਿਚ ਜੇਕਰ ਕੋਈ ਹਾਂ ਕਹਿ ਦਿੰਦਾ ਤਾਂ ਉਹ ਮੂੰਹ ਫੇਰ ਕੇ ਹੁਬਕੀਆਂ ਲੈਂਦਾ ਅਤੇ ਨਾ ਕਹਿਣ ਉਤੇ ਇਉਂ ਮੁਸਕਰਾਉਂਦਾ ਜਿਵੇਂ ਕਿਸੇ ਨੇ ਉਸ ਦਾ ਝੂਠ ਫੜ ਲਿਆ ਹੋਵੇ।

ਫੇਰ ਇਕ ਦਿਨ ਉਸ ਨੇ ਜੇਲ੍ਹ ਦੇ ਅੰਗਰੇਜ਼ ਸੁਪਰਡੈਂਟ ਉਤੇ ਥੁੱਕ ਦਿੱਤਾ ਅਤੇ ਜੇਲ੍ਹ ਦੇ ਡਾਕਟਰ ਨੇ ਉਸ ਨੂੰ ਪਾਗਲ ਐਲਾਨ ਕੇ ਹਸਪਤਾਲ ਦੀ ਇਕ ਗੰਦੀ ਕੋਠੜੀ ਵਿਚ ਬੰਦ ਕਰ ਦਿੱਤਾ।

ਸੁਲੇਮਾਨ ਸ਼ਾਹ ਸੱਚਮੁੱਚ ਬੁੱਢਾ ਹੋ ਗਿਆ ਸੀ ਅਤੇ ਜਦੋਂ ਉਸ ਨੇ ਸਮਝ ਲਿਆ ਕਿ ਹੁਣ ਉਹ ਕਿਸੇ ਅੰਗਰੇਜ਼ ਨੂੰ ਚੁੱਕ ਕੇ ਭੱਜਣ ਦੇ ਯੋਗ ਨਹੀਂ ਰਿਹਾ ਤਾਂ ਇਕ ਦਿਨ ਪਾਗਲਾਂ ਦੀ ਉਸੇ ਕੋਠੜੀ ਵਿਚ ਉਸ ਨੇ ਅੱਖਾਂ ਬੰਦ ਕਰ ਲਈਆਂ ਅਤੇ ਇਸ ਤਰ੍ਹਾਂ ਜੇਲ੍ਹ ਅੰਦਰ ਹੀ ਆਪਣੇ ਲਈ ਦੋ ਗਜ਼ ਜ਼ਮੀਨ ਦੀ ਵਿਵਸਥਾ ਕਰ ਲਈ। ਜੇਲ੍ਹ ਦੇ ਬਗੀਚੇ ਦੇ ਇਕ ਕੋਨੇ ਵਿਚ, ਜਿਥੇ ਲਾਵਾਰਿਸ ਕੈਦੀਆਂ ਦੇ ਮਰਨ ਉਤੇ ਉਨ੍ਹਾਂ ਨੂੰ ਜਲਾਇਆ ਜਾਂ ਦਫ਼ਨਾਇਆ ਜਾਂਦਾ ਹੈ, ਉਸ ਨੂੰ ਵੀ ਥੋੜ੍ਹੀ ਜਿਹੀ ਮਿੱਟੀ ਹੇਠਾਂ ਦਫ਼ਨਾ ਦਿੱਤਾ ਗਿਆ। ਸੁਲੇਮਾਨ ਸ਼ਾਹ ਦੇਸ਼ ਦੀ ਆਜ਼ਾਦੀ ਦਾ ਇਕ ਅਣਜਾਣਿਆ ਸਿਪਾਹੀ ਸੀ। ਲਾਹੌਰ ਜੇਲ੍ਹ ਦੀ ਕਿਸੇ ਅਣਜਾਣੀ ਥਾਂ ਉਤੇ ਸ਼ਾਇਦ ਹੁਣ ਵੀ ਉਸ ਦਾ ਪਿੰਜਰ ਉਸ ਦੇ ਸਾਰੇ ਅਰਮਾਨਾਂ ਨਾਲ ਸੌਂ ਰਿਹਾ ਹੋਵੇ। ਇਕ ਵਤਨ-ਪ੍ਰਸਤ ਦੀਆਂ ਹੱਡੀਆਂ ਦਾ ਢਾਂਚਾ ਜਿਸ ਨੂੰ ਨਾ ਕਬਰ ਨਸੀਬ ਹੋਈ, ਨਾ ਮਜ਼ਾਰ, ਨਾ ਫੁੱਲ, ਨਾ ਦੀਵਾ।

------0--------

# Matrimonial

### ਵਰ ਦੀ ਲੋੜ

**Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.**
**Email: baljitsall62@hotmail.com**

### ਕੰਨਿਆ ਦੀ ਲੋੜ

Jat Sikh parents from U.S, seeking match for their U.S born son, handsome, 29, 6'-0", running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields.
E-mail: rnnahal@gmail.com

### ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

### ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੌਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

### ਕੰਨਿਆ ਦੀ ਲੋੜ

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

-------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ email : ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Classified **Plus**

## Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

## HOUSE FOR RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.




## City Estates

**All Types of Property, Plots & Kothis available for Sale & Purchase in Chandigarh/Mohali/ Panchkula.**

For More Info Contact: SCO 123, Phase 7, Mohali (Punjab)
**011 91 98147 11263 or 011 91 98729 73304**







## Car for Sale



**FORD ECONOLINE-E-250 2003**
**$7800.00**

- ✓ 153,000 Kms
- ✓ Alarm
- ✓ Extended Cargo
- ✓ AC
- ✓ Excellent Condition
- ✓ Winter Tires
- ✓ Remote Starter
- ✓ CD Player


## *Laddi Padda* Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।




**Cell: 780-909-5154**


Laddi Padda

**9222-51 Avenue, Edmonton, AB T6E 5L8**
**Phone: 780-439-9818, Fax: 780-439-1257**

# ਵੇਖਿਆ ਸ਼ਹਿਰ ਬੰਬਈ...

ਕਿਸੇ ਵੀ ਇਕ ਗਾਣੇ ਦੇ ਮੁਖੜੇ ਤੋਂ ਬਾਅਦ ਤਿੰਨ, ਚਾਰ ਜਾਂ ਕਈ ਵਾਰੀ ਪੰਜ ਅੰਤਰੇ ਹੁੰਦੇ ਹਨ, ਜਿਹਨਾਂ ਨੂੰ ਤਿੰਨ ਤੋਂ ਪੰਜ ਮਿੰਟਾਂ ਵਿਚ ਫਿੱਟ ਕਰਨਾ ਹੁੰਦਾ ਹੈ। ਇਨ੍ਹਾਂ ਅੰਤਰਿਆਂ ਦੇ ਵਿਚਕਾਰ ਫਿਰ ਇੰਟਰਲੂਡ ਵੀ ਹੁੰਦਾ ਹੈ, ਜਿਹੜਾ ਸੰਗੀਤ ਇਕ ਅੰਤਰੇ ਦੇ ਖ਼ਤਮ ਹੋਣ ਤੋਂ ਬਾਅਦ ਤੇ ਦੂਸਰੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਵੱਜਦਾ ਹੈ। ਏਨੀਆਂ ਮਿਹਨਤਾਂ ਨਾਲ ਤਿਆਰ ਕੀਤਾ ਗਾਣਾ ਜਾਂ ਤਾਂ ਫਿਰ 'ਸੁਪਰ ਹਿੱਟ' ਹੋ ਜਾਂਦਾ ਹੈ, ਬੱਚੇ ਬੱਚੇ ਦੀ ਜ਼ਬਾਨ 'ਤੇ ਚੜ੍ਹ ਜਾਂਦਾ ਹੈ, ਸਦਾ ਬਹਾਰ ਬਣ ਜਾਂਦਾ ਹੈ ਤੇ ਜਾਂ ਫਿਰ ਫਿਲਮ ਉਤਰਨ ਦੇ ਨਾਲ ਹੀ ਉਹ ਵੀ ਮਰ ਜਾਂਦਾ ਹੈ।

ਐਸੀਆਂ ਅਣਗਿਣਤ ਫਿਲਮਾਂ ਹਨ ਜਿਹੜੀਆਂ ਬਿਲਕੁਲ ਹੀ ਚਲੀਆਂ ਨਹੀਂ, ਫਲਾਪ ਹੋਈਆਂ ਹਨ, ਪਰ ਉਹਨਾਂ ਦਾ ਸੰਗੀਤ, ਗਾਣੇ ਪੰਦਰਾਂ ਵੀਹ ਸਾਲ ਬਾਅਦ ਵੀ ਲੋਕਾਂ ਦੀ ਜ਼ੁਬਾਨ 'ਤੇ ਰਹਿੰਦੇ ਹਨ ਤੇ ਕਈ ਵਾਰੀ ਮਾੜੀ ਬਣੀ ਫਿਲਮ ਦੇ ਸੁਪਰ ਹਿੱਟ ਗਾਣੇ ਹੀ ਉਸ ਫਿਲਮ ਨੂੰ ਕਾਮਯਾਬ ਕਰ ਦਿੰਦੇ ਹਨ, ਦਰਸ਼ਕ ਵਾਰ ਵਾਰ ਸਿਰਫ ਗਾਣੇ ਸੁਣਨ ਲਈ ਹੀ ਥੀਏਟਰ ਜਾਂਦਾ ਹੈ। ਇਸੇ ਤਰ੍ਹਾਂ ਕਦੇ ਇਕ ਚੰਗੀ ਕਹਾਣੀ ਨੂੰ ਤੋਰ ਰਹੀ ਫਿਲਮ ਵਿਚ ਜ਼ਬਰਦਸਤੀ ਜਦ ਗਾਣਾ ਫਿਟ ਕੀਤਾ ਜਾਂਦਾ ਹੈ ਤਾਂ ਦਰਸ਼ਕ ਸ਼ੂ ਸ਼ੂ ਕਰਨ ਲਈ ਪਿਸ਼ਾਬ ਘਰ ਅੰਦਰ ਕਤਾਰਾਂ ਬੰਨ੍ਹ ਲੈਂਦੇ ਹਨ।

ਗੱਲ ਗਾਣਾ ਬਣਾਉਣ ਦੀ ਹੋ ਰਹੀ ਸੀ, ਅਸੀਂ ਸਾਰੇ ਰਲਕੇ ਟਿਊਨ ਬਣਾ ਰਹੇ ਸਾਂ,

'ਚੌਥੀ ਦੁਨੀਆਂ, ਹਾਏ ਯੇਹ ਚੌਥੀ ਦੁਨੀਆਂ
ਦਰਦ-ਏ-ਦਿਲ ਕੋਈ ਲਗਾਏ
ਕੋਈ ਗਮ ਉਠਾਏ, ਆਂਸੂ ਬਹਾਏ
ਕੋਈ ਹੰਸਤਾ ਹੂਆ ਸੂਲੀ ਚੜ੍ਹ ਜਾਏ
ਹਾਏ ਯੇਹ ਕੈਸੀ ਦੁਨੀਆਂ
ਚੌਥੀ ਦੁਨੀਆ
ਯੇਹ ਚੌਥੀ ਦੁਨੀਆਂ

ਮੈਂ ਗਮ ਵੀ ਉਠਾ ਰਿਹਾ ਸਾਂ, ਸੂਲੀ 'ਤੇ ਵੀ ਚੜ੍ਹਿਆ ਹੋਇਆ ਸਾਂ ਤੇ ਵਿਖਾਵੇ ਲਈ ਹੱਸ ਵੀ ਰਿਹਾ ਸਾਂ। ਲੱਗਦਾ ਸੀ ਕਿ ਇਹ ਸਾਰਾ ਗਾਣਾ ਮੇਰੇ 'ਤੇ ਹੀ ਫਿੱਟ ਹੋਈ ਜਾ ਰਿਹਾ ਹੈ।

ਇਸ ਤਰ੍ਹਾਂ ਕਰਦਿਆਂ ਕਰਦਿਆਂ ਅਸੀਂ ਦੋ ਗਾਣੇ ਰਿਕਾਰਡ ਕਰਵਾ ਲਏ ਤੇ ਫਿਰ ਮਿਊਜ਼ਿਕ ਕੰਪਨੀ ਨੂੰ ਵੇਚਣ ਲਈ ਗਾਹਕ ਲੱਭਣ ਲੱਗੇ ਪਰ ਕੋਈ ਵੀ ਕੰਪਨੀ ਫਿਲਮ ਦੇ ਮਿਊਜ਼ਿਕ ਰਾਈਟਸ ਖਰੀਦਣ ਲਈ ਤਿਆਰ ਨਹੀਂ ਸੀ ਹੋ ਰਹੀ। ਅਸੀਂ ਦੋਹਾਂ ਗਾਣਿਆਂ ਦੀਆਂ ਕੈਸੇਟਾਂ ਲੈ ਕੇ ਹਰ ਮਿਊਜ਼ਿਕ ਕੰਪਨੀ ਦੇ ਦਰ ਖੜਕਾਏ, ਕਮਿਸ਼ਨ ਏਜੰਟਾਂ ਦੇ ਨਾਲ ਦਫਤਰਾਂ ਦੇ ਬਾਹਰ ਦੋ ਦੋ ਘੰਟੇ ਬੈਠੇ ਰਹਿਣਾ ਤਾਂ ਕਿ ਮੈਨੇਜਰ ਸਾਡਾ ਗਾਣਾ ਹੀ ਸੁਣ ਲਵੇ- ਸਾਡੀ ਝੋਲੀ ਖੈਰ ਪਾ ਦੇਵੇ। ਕਈਆਂ ਨੇ ਗਾਣੇ ਸੁਣ ਕੇ ਕੈਸੇਟਾਂ ਵਾਪਸ ਕਰ ਦੇਣੀਆਂ, ਅਸੀਂ ਉਹਨਾਂ ਦੇ ਮੂੰਹ ਵੱਲ ਵੇਖਣਾ - ਜਵਾਬ ਮਿਲ ਚੁੱਕਾ ਹੁੰਦਾ ਸੀ।

ਆਮ ਤੌਰ 'ਤੇ ਹੁੰਦਾ ਇਹ ਹੀ ਹੈ ਕਿ ਇਕ ਐਸਟੈਬਲਿਸ਼ਟ ਪ੍ਰੋਡਕਸ਼ਨ ਹਾਊਸ ਦੀ ਬਣ ਰਹੀ ਫਿਲਮ ਦਾ ਸੰਗੀਤ ਮਿਊਜ਼ਿਕ ਕੰਪਨੀ ਵਾਲੇ ਪਹਿਲੇ ਹੀ ਖਰੀਦ ਲੈਂਦੇ ਹਨ ਤੇ ਗਾਣਿਆਂ ਦੀ ਰੀਕਾਰਡਿੰਗ ਵੇਲੇ ਸਾਰਾ ਖਰਚਾ ਵਗੈਰਾ ਉਹ ਹੀ ਅਪਣੀ ਕਿਸ਼ਤ ਦੇ ਤੌਰ 'ਤੇ ਕਰਦੇ ਰਹਿੰਦੇ ਹਨ। ਅਸੀਂ ਇਹ ਗਾਣੇ ਰਿਕਾਰਡ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਆਸ਼ਾ ਭੌਂਸਲੇ, ਸਾਧਨਾ ਸਰਗਮ ਤੇ ਉਦਿਤ ਨਰਾਇਣ ਕੋਲੋਂ ਰਿਕਾਰਡਿੰਗ ਕਰਵਾਈ ਸੀ, ਜਿਹਨਾਂ ਉੱਪਰ ਤਿੰਨ ਲੱਖ ਰੁਪਏ ਦੇ ਕਰੀਬ ਖਰਚਾ ਹੋ ਗਿਆ ਸੀ।

ਇਹਨਾਂ ਦੋ ਸਾਲਾਂ ਵਿਚ ਬੰਬਈ ਦੀ ਫਿਲਮੀ ਦੁਨੀਆ ਵਿਚ ਮੇਰੇ ਹੋਰ ਵੀ ਕਈ ਜਾਣਕਾਰ ਹੋ ਗਏ ਸਨ। ਫਿਲਮ ਬਾਰੇ ਅਪਣੇ ਫਿਕਰ ਮੈਂ ਉਹਨਾਂ ਨਾਲ ਸਾਂਝੇ ਕਰਨੇ ਸ਼ੁਰੂ ਕਰ ਦਿੱਤੇ। ਜਿਸ ਕਿਸੇ ਨੂੰ ਵੀ ਮੈਂ ਇਹ ਫਿਲਮ ਵਿਖਾਵਾਂ ਉਸਦਾ ਉਤਰਿਆ ਚਿਹਰਾ ਵੇਖ ਕੇ ਮੇਰਾ ਰੰਗ ਹੋਰ ਉੱਡ ਜਾਂਦਾ। ਸਾਵਣ ਕੁਮਾਰ ਨਾਲ ਗੱਲ ਕੀਤੀ ਤੇ ਉਸ ਨੇ ਅਪਣੀ ਸਹੀ ਸਲਾਹ ਦੇਣ ਲਈ ਕਿਹਾ ਕਿ ਮੈਂ ਕੀ ਕਰਾਂ... ਮੈਂ ਲੁੱਟਿਆ ਜਾ ਰਿਹਾ ਹਾਂ, ਫਿਲਮ ਦਾ ਕੋਈ ਮੂੰਹ ਮੱਥਾ ਬਣ ਨਹੀਂ ਰਿਹਾ।

ਸਾਵਣ ਕੁਮਾਰ ਬੜਾ ਹੰਢਿਆ, ਚਲਾਕ ਤੇ ਸ਼ੈਤਾਨ ਪ੍ਰੋਡਿਊਸਰ ਡਾਇਰੈਕਟਰ ਹੈ। ਉਸ ਦਾ ਫਿਲਮ ਇੰਡਸਟਰੀ ਵਿਚ ਇਕ ਬਹੁਤ ਵੱਡਾ ਨਾਂ ਸੀ। ਕਈ ਹਿੱਟ ਫਿਲਮਾਂ ਉਸ ਦਿੱਤੀਆਂ ਸਨ, ਜਿਨ੍ਹਾਂ ਵਿਚ ਫਿਲਮ 'ਸੌਤਨ' ਦਾ ਨਾਂ ਵੀ ਆਉਂਦਾ ਹੈ ਤੇ ਅੱਜ ਕੱਲ੍ਹ ਉਹ 'ਸੌਤਨ ਕੀ ਬੇਟੀ' ਬਣਾ ਰਿਹਾ ਸੀ। ਕਈ ਬੇਟੀਆਂ ਆਉਂਦੀਆਂ ਰਹਿੰਦੀਆਂ ਸਨ ਉਸ ਕੋਲ ਹੀਰੋਇਨ ਦੇ ਰੋਲ ਲਈ।

ਸਾਵਣ ਕੁਮਾਰ ਦਾ ਜੁਹੂ ਵਿਚ ਦਫਤਰ ਸੀ, ਜਿੱਥੇ ਹਰ ਸ਼ਾਮ ਵਧੀਆ ਮਹਿਫਲ ਲੱਗਦੀ ਸੀ। ਸਾਵਣ ਕੁਮਾਰ ਵੀ ਛੜਾ ਤੇ ਛੜਿਆਂ ਦਾ ਅੱਡਾ ਤਾਂ ਹੋਣਾ ਹੀ ਸੀ। ਹਰ ਸ਼ਾਮ ਤਾਸ਼ ਖੇਡੀ ਜਾਂਦੀ, ਵਿਸਕੀ ਦਾ ਦੌਰ ਚੱਲਦਾ, ਸਾਵਣ ਕੁਮਾਰ ਨਾਲ ਹਰ ਦੋ ਚਾਰ ਦਿਨ ਬਾਅਦ ਇਕ ਨਵੀਂ ਕੁੜੀ ਹੁੰਦੀ, ਜਿਸ ਨੂੰ ਉਸ ਆਪਣੀ ਅਗਲੀ ਫਿਲਮ ਵਿਚ ਹੀਰੋਇਨ ਬਣਾਉਣ ਦਾ ਲਾਲਚ ਦਿੱਤਾ ਹੁੰਦਾ।

ਅਪਣੀਆਂ ਫਿਲਮਾਂ ਦੇ ਗੀਤ ਉਹ ਆਪ ਹੀ ਲਿਖਦਾ ਆ ਰਿਹਾ ਹੈ। ਸੌਤਨ ਫਿਲਮ ਦਾ ਇਹ ਗਾਣਾ 'ਮੈਂਨੇ ਤੁਝੇ ਚਾਹੇ ਪੇ ਬੁਲਾਇਆ ਹੈ' ਕਿੰਨਾ ਹਿੱਟ ਹੋਇਆ ਸੀ। ਮਸ਼ਹੂਰ ਮਿਊਜ਼ਿਕ ਡਾਇਰੈਕਟਰ ਊਸ਼ਾ ਖੰਨਾ ਨਾਲ ਕਦੇ ਉਸ ਵਿਆਹ ਕਰਵਾਇਆ ਸੀ ਤੇ ਫਿਰ ਤਲਾਕ। ਮੀਨਾ ਕੁਮਾਰੀ ਜਦ ਧਰਮਿੰਦਰ ਦੇ ਇਸ਼ਕ ਤੋਂ ਨਾਕਾਮ ਹੋ ਗਈ ਸੀ ਤਾਂ ਉਸ ਇਕ ਬੋਤਲ ਦਾ ਸਹਾਰਾ ਲਿਆ ਸੀ ਤੇ ਦੂਸਰਾ ਸਾਵਣ ਕੁਮਾਰ ਦਾ। ਉਰਦੂ ਸ਼ੇਅਰੋ ਸ਼ਾਇਰੀ ਦਾ ਉਹ ਮਾਸਟਰ ਹੈ ਤੇ ਉੱਧਰ ਮੀਨਾ ਕੁਮਾਰੀ ਵੀ ਸ਼ਾਇਰਾ, ਦੋਹਾਂ ਦੀ ਖੂਬ ਦੋਸਤੀ ਹੋ ਗਈ ਸੀ।

ਮੀਨਾ ਕੁਮਾਰੀ ਧਰਮਿੰਦਰ ਦੇ ਇਸ਼ਕ ਚੱਕਰ ਵਿਚ ਅਪਣੇ ਪਤੀ ਕਮਾਲ ਅਮਰੋਹੀ ਨੂੰ ਛੱਡ ਕੇ ਵੱਖਰਾ ਰਹਿ ਰਹੀ ਸੀ। ਦੋਹਾਂ ਦਾ ਇਸ਼ਕ ਫਿਲਮ 'ਫੂਲ ਔਰ ਪੱਥਰ' ਦੀ ਸ਼ੂਟਿੰਗ ਵੇਲੇ ਹੀ ਸ਼ੁਰੂ ਹੋ ਗਿਆ ਸੀ ਤੇ ਜਦ ਫਿਲਮ ਸੁਪਰ ਹਿੱਟ ਹੋ ਗਈ ਤੇ ਇਸ਼ਕ ਵੀ ਸੁਪਰ ਹਿੱਟ ਹੋ ਗਿਆ। ਧਰਮਿੰਦਰ, ਪੰਜਾਬ ਦਾ ਸ਼ੇਰ ਪੁੱਤਰ, ਖੂਬਸੂਰਤ, ਸਖਤ ਬਾਹਵਾਂ ਦੀ ਜਕੜ, ਮੀਨਾ ਕੁਮਾਰੀ ਬਚ ਕੇ ਕਿਵੇਂ ਜਾ ਸਕਦੀ ਸੀ। ਫਿਰ ਇਕ ਦਿਨ ਇਹ ਜਕੜ ਢਿੱਲੀ ਪੈ ਗਈ, ਧਰਮਿੰਦਰ ਪਿੱਛੇ ਕਈ ਹੋਰ ਖੂਬਸੂਰਤ ਕੁੜੀਆਂ ਦੀ ਲਾਈਨ ਲੱਗੀ ਰਹਿੰਦੀ ਸੀ... ਅੰਤ ਤਾਂ ਹੋਣਾ ਹੀ ਸੀ ਇਸ ਇਸ਼ਕ ਦਾ ਇਕ ਦਿਨ। ਮੀਨਾ ਕੁਮਾਰੀ ਨੂੰ ਬਹੁਤ ਗਹਿਰੀ ਸੱਟ ਲੱਗੀ ਸੀ ਤੇ ਇਹ ਹੀ ਮੌਕਾ ਸੀ ਜਦ ਸਾਵਣ ਕੁਮਾਰ ਉਸਦੇ ਜ਼ਖ਼ਮਾਂ 'ਤੇ ਅਪਣਾ ਹੱਥ ਫੇਰ ਮਰਹਮ ਬਣਿਆ ਸੀ।

ਦੋਨਾਂ ਦੀ ਦੋਸਤੀ ਖੂਬ ਚੱਲ ਨਿਕਲੀ। ਇਕ ਹੁਸੀਨ ਹੀਰੋਇਨ, ਸ਼ਾਇਰਾ, ਮਦਿਰਾ, ਜਵਾਨੀ ਤੇ ਹੁਸਨ... ਸ਼ਰਾਬ ਤੇ ਸ਼ਬਾਬ ਦਾ ਮੇਲ। ਸਾਵਣ ਕੁਮਾਰ ਉਦੋਂ ਨਵਾਂ ਰਾਜਸਥਾਨ ਤੋਂ ਬੰਬਈ ਆਇਆ ਸੀ ਤੇ ਆਉਂਦਿਆਂ ਹੀ ਇਹ ਸਭ ਕੁਝ ਮਿਲ ਗਿਆ ਤੇ ਫਿਰ ਉਹ ਕਿਸੇ ਦੇ ਇਮੋਸ਼ਨਜ਼ ਨਾਲ ਖੇਡਣ ਦਾ ਮਾਹਿਰ, ਗੱਲਾਂ ਦਾ ਬਾਦਸ਼ਾਹ, ਉਰਦੂ ਸ਼ੇਅਰਾਂ ਦਾ ਬਾਦਸ਼ਾਹ। ਮੀਨਾ ਕੁਮਾਰੀ ਦੇ ਟੁੱਟੇ ਦਿਲ ਨੂੰ ਹੋਰ ਕੀ ਚਾਹੀਦਾ ਸੀ, ਸਿਰਫ ਸਹਾਰਾ, ਕਿਸੇ ਦੇ ਮੋਢਿਆਂ 'ਤੇ ਸਿਰ ਸੁੱਟ ਕੇ ਹੰਝੂ ਕੇਰਨ ਦੇ ਕੁਝ ਪਲ। ਇਹ ਸਭ ਉਸ ਨੂੰ ਸਾਵਣ ਵਿਚ ਮਿਲ ਗਏ ਸਨ ਤੇ ਸਾਵਣ ਨੂੰ ਅਗਲੀ ਪੌੜੀ ਚੜ੍ਹਨ ਲਈ ਮੀਨਾ ਕੁਮਾਰੀ ਤੋਂ ਵਧ ਸਹਾਰਾ ਹੋਰ ਕੌਣ ਦੇ ਸਕਦਾ ਸੀ।

ਹੌਲੀ-ਹੌਲੀ ਸਾਵਣ ਸੈੱਟ ਹੋ ਗਿਆ, ਬੜਾ ਕਾਮਯਾਬ ਫਿਲਮ ਪ੍ਰੋਡਿਊਸਰ ਡਾਇਰੈਕਟਰ। ਉਸ ਅਪਣੀਆਂ ਫਿਲਮਾਂ ਵਿਚ ਕਈ ਨਵੀਆਂ ਕੁੜੀਆਂ ਨੂੰ ਲਿਆ ਕੇ ਸਟਾਰ ਬਣਾਇਆ। ਇਸੇ ਕਰਕੇ ਹੀ ਉਸਦੇ ਦਫਤਰ ਵਿਚ ਨਵੀਆਂ ਕੁੜੀਆਂ ਦੀ ਲਾਈਨ ਲੱਗੀ ਰਹਿੰਦੀ ਸੀ। ਭਾਰਤ ਦੇ ਅੱਜ ਦੇ ਸਭ ਤੋਂ ਵੱਡੇ ਉਦਯੋਗਪਤੀ ਅਨਿਲ ਅੰਬਾਨੀ ਦੀ ਪਤਨੀ ਟੀਨਾ ਮੁਨੀਮ ਵੀ ਉਸਦੀ ਹੀ ਖੋਜ ਸੀ, ਜਿਹੜੀ ਬਾਅਦ ਵਿਚ ਦੇਵ ਆਨੰਦ ਦੀ ਫਿਲਮ 'ਦੇਸ ਪਰਦੇਸ' ਵਿਚ ਹੀਰੋਇਨ ਬਣ ਕੇ ਹੋਰ ਵੀ ਵੱਡੀ ਸਟਾਰ ਬਣ ਗਈ ਸੀ।

ਇਸ ਤੋਂ ਇਲਾਵਾ ਮਸ਼ਹੂਰ ਹੀਰੋਇਨਾਂ ਰੇਖਾ, ਜਯਾ ਪ੍ਰਦਾ ਤੇ ਸੁਨੀਲ ਦੱਤ, ਸ਼ਤਰੂਘਨ ਸਿਨਹਾ ਤੇ ਜਤਿੰਦਰ ਉਸਦੇ ਖਾਸ ਦੋਸਤਾਂ ਵਿਚੋਂ ਸਨ। ਮੈਂ ਸਾਵਣ ਨਾਲ ਇਨ੍ਹਾਂ ਸਭਨਾਂ ਦੀਆਂ ਪਾਰਟੀਆਂ ਵਿਚ ਸ਼ਾਮਲ ਹੁੰਦਾ, ਪਾਰਟੀਆਂ ਦੀ ਚਹਿਲ ਪਹਿਲ, ਹੱਥ ਵਿਚ 'ਬਲੈਕ ਲੇਬਲ' ਦਾ ਪੈੱਗ ਤੇ ਸਾਹਮਣੇ ਖੂਬਸੂਰਤ ਹੀਰੋਇਨਾਂ ਦਾ ਸਾਥ, ਮੇਰੇ ਦੁਖੀ ਮਨ ਨੂੰ ਕੁਝ ਸਹਾਰਾ ਮਿਲਦਾ, ਇਕ ਸ਼ਾਮ ਲਈ... ਕੁਝ ਪਲਾਂ ਲਈ... ਮੈਂ ਇਕ ਸਹੀ ਸਰਕਲ ਵਿੱਚ ਘੁੰਮ ਰਿਹਾ ਮਹਿਸੂਸ ਕਰਦਾ ਰਹਿੰਦਾ ਸਾਂ।

ਇਸੇ ਦੋਸਤੀ ਕਰਕੇ ਮੈਂ ਸਾਵਣ ਨੂੰ ਅਪਣੀ ਫਿਲਮ ਵਿਖਾਈ। ਉਸ ਨੇ ਵੀ ਜਦ ਇਹ ਕਿਹਾ ਕਿ ਇਹ ਫੀਚਰ ਫਿਲਮ ਤਾਂ ਲੱਗਦੀ ਹੀ ਨਹੀਂ, ਤੂੰ ਇਸ ਉੱਪਰ ਹੋਰ ਪੈਸਾ ਨਾ ਖਰਚ ਤਾਂ ਮੇਰਾ ਸਿਰ ਚਕਰਾ ਗਿਆ। 'ਫਿਰ ਦਸ ਮੈਂ ਹੁਣ ਕੀ ਕਰਾਂ', ਮੈਂ ਪਰੇਸ਼ਾਨ ਹੁੰਦਿਆਂ ਪੁੱਛਿਆ।

'ਇਸਦਾ ਤਾਂ ਹੁਣ ਇਕੋ ਹੀ ਹੱਲ ਹੋ ਸਕਦਾ ਕਿ ਤੂੰ ਡਾਇਰੈਕਟਰ ਬਦਲ ਲੈ, ਨਵੇਂ ਡਾਇਰੈਕਟਰ ਨੂੰ ਕਹਾਣੀ ਦੱਸ, ਫਿਲਮ ਵਿਖਾ, ਉਹ ਇਸ ਵਿਚੋਂ ਜਿੰਨੀ ਕੱਢ ਸਕਦਾ ਹੋਵੇ ਕੱਢ ਲਵੇ ਤੇ ਬਾਕੀ ਦੇ ਸੀਨਾਂ ਦੀ ਨਵੀਂ ਸ਼ੂਟਿੰਗ ਹੋਵੇ ਤਾਂ ਹੀ ਤੇਰੀ ਇਹ ਫਿਲਮ ਅੱਗੇ ਵਧ ਸਕਦੀ ਹੈ। ਬਾਕੀ ਗਾਣੇ ਮੈਂ ਤੈਨੂੰ ਇਕ ਦੋ ਲਿਖ ਦਿੰਦਾ ਹਾਂ ਤੇ ਜੇ ਡਾਇਰੈਕਟ ਕਰਨ ਲਈ ਕਹੇਂ ਤਾਂ ਮੈਂ ਡਾਇਰੈਕਟ ਵੀ ਕਰ ਦਿਆਂਗਾ।'

ਫਿਰ ਕਹਿਣ ਲੱਗਾ, 'ਪਰ ਇਸ ਤੋਂ ਚੰਗਾ ਕਿ ਤੂੰ ਆਪ ਹੀ ਡਾਇਰੈਕਟ ਕਰ ਲੈ, ਤੈਨੂੰ ਮੈਂ ਦੋ ਤਿੰਨ ਚੰਗੇ ਅਸਿਸਟੈਂਟ ਡਾਇਰੈਕਟਰ ਦੇ ਦਿੰਦਾ ਹਾਂ, ਸਾਰਾ ਕੰਮ ਤਾਂ ਉਹ ਹੀ ਕਰਨਗੇ, ਨਾਂ ਤੇਰਾ ਡਾਇਰੈਕਟਰ ਦੇ ਤੌਰ 'ਤੇ ਵਜੇਗਾ। ਇਸ ਤਰ੍ਹਾਂ ਜੇ ਤੇਰੀ ਫਿਲਮ ਹਿੱਟ ਹੋ ਗਈ ਤਾਂ ਸਮਝੋ ਤੂੰ ਵੀ ਹਿੱਟ ਡਾਇਰੈਕਟਰ ਹੋ ਜਾਵੇਂਗਾ, ਇਹ ਹੀਰੋਇਨਾਂ ਤੇਰੇ ਪਿੱਛੇ ਵੀ ਭੱਜੀਆਂ ਫਿਰਨਗੀਆਂ..... ਨਵੀਆਂ ਕੁੜੀਆਂ ਦੀ ਲਾਈਨ ਲੱਗੇਗੀ।

ਸ਼ਾਮ ਨੂੰ ਮੇਰੇ ਫਲੈਟ ਵਿਚ ਇਕ ਮਹਿਫਲ ਸਜੀ। ਹੁਣ ਤੱਕ ਫਿਲਮ ਵਿਚ ਕੰਮ ਕਰਨ ਦੇ ਲਾਲਚ ਕਰਕੇ ਮੇਰੇ ਵੀ ਕਈ ਚਮਚੇ ਬਣ ਗਏ ਸਨ। ਗਲਾਸ ਟਕਰਾਉਂਦਿਆਂ ਉਹਨਾਂ ਵੀ ਮੇਰੀ ਹਾਂ ਵਿਚ ਹਾਂ ਮਿਲਾਈ ਤੇ ਕਿਹਾ:-

'ਗੱਲ ਤਾਂ ਠੀਕ ਹੈ ਸੱਗੂ ਸਾਹਿਬ, ਤੁਸੀਂ ਆਪ ਹੀ ਫਿਲਮ ਡਾਇਰੈਕਟ ਕਰੋ, ਨਾਲੇ ਡਾਇਰੈਕਟਰ ਪੂਰੀ ਫਿਲਮ ਆਪ ਥੋੜ੍ਹੇ ਡਾਇਰੈਕਟ ਕਰਦਾ ਹੈ, ਅਸਲ ਵਿਚ ਸਾਰਾ ਕੰਮ ਤਾਂ ਅਸਿਸਟੈਂਟ ਹੀ ਕਰਦੇ ਨੇ ਤੇ ਫਿਰ ਅੱਧਾ ਡਾਇਰੈਕਟਰ ਤਾਂ ਕੈਮਰਾਮੈਨ ਹੁੰਦਾ ਹੈ, ਜਿਸ ਨੇ ਸੀਨ ਨੂੰ ਸਮਝਣਾ ਹੁੰਦਾ ਹੈ, ਇਮੋਸ਼ਨਜ਼ ਨੂੰ ਸਮਝਣਾ ਹੁੰਦਾ ਹੈ ਤੇ ਲੈਨਜ਼ਾਂ ਵਿਚੋਂ ਐਂਗਲ ਵੇਖ ਕੇ ਕੈਮਰੇ ਵਿਚ ਬੰਦ ਕਰਨਾ ਹੁੰਦਾ ਹੈ। ਤੁਸੀਂ ਹਰਮੀਤ ਨੂੰ ਕੈਮਰਾਮੈਨ ਲੈ ਲਵੋ, ਤੁਹਾਡਾ ਉਹ ਦੋਸਤ ਵੀ ਹੈ। ਇਹਨਾਂ ਬੁੱਢਿਆਂ ਨੂੰ ਕੱਢੋ ਬਾਹਰ ਤੇ ਪਾ ਦਿਉ ਨਵਾਂ ਖੂਨ ਫਿਲਮ ਵਿਚ... ਨਾਂ ਵੀ ਇਸਦਾ ਬਦਲ ਦੇਵੋ... ਚੌਥੀ ਦੁਨੀਆ ਕੋਈ ਚੰਗਾ ਨਾਂ ਵੀ ਨਹੀਂ ਲੱਗਦਾ... ਤੁਸੀਂ ਰੱਖੋ ਇਹਦਾ ਨਾਂ- 'ਨਵੀਂ ਦੁਨੀਆ'।

ਇਹਨਾਂ ਚਮਚਿਆਂ ਦੀ ਮਿਹਰਬਾਨੀ ਨਾਲ ਮੈਂ ਵੀ ਹੁਣ ਅਪਣੇ ਆਪ ਨੂੰ ਡਾਇਰੈਕਟਰ ਸਮਝ ਰਿਹਾ ਸਾਂ, ਦੋ ਪੈੱਗ ਹੋਰ ਚੜ੍ਹਾ ਲਏ ਸਨ। ਸ਼ੂਟਿੰਗ ਕਰ ਰਿਹਾ ਸਾਂ, ਹੀਰੋ ਹੀਰੋਇਨਾਂ ਨੂੰ ਨਚਾ ਰਿਹਾ ਸਾਂ। ਨਵੀਆਂ ਕੁੜੀਆਂ ਵਿਚ ਘਿਰਿਆ ਆਟੋਗਰਾਫ ਦੇ ਰਿਹਾ ਸਾਂ... ਬੰਬਈ ਸ਼ਹਿਰ... ਫਿਲਮ ਡਾਇਰੈਕਟਰ... ਗੁਰਚਰਨ ਸੱਗੂ।

ਸਵੇਰ ਨੂੰ ਜਦ ਹੋਸ਼ ਆਈ ਤਾਂ ਮੈਂ ਠੰਡੇ ਪਾਣੀ ਨਾਲ ਨ੍ਹਾਤਾ। ਟੂਟੀਆਂ ਵਿਚੋਂ ਪਾਣੀ ਦਾ ਪਰੈਸ਼ਰ ਵੀ ਕੁਝ ਜ਼ਿਆਦਾ ਹੀ ਉਸ ਸਵੇਰ ਆ ਰਿਹਾ ਸੀ। ਮੈਂ ਕਿੰਨੀ ਦੇਰ ਬਾਥਰੂਮ ਵਿਚ ਬੈਠ ਰਿਹਾ, ਪਤਾ ਨਹੀਂ ਠੰਡੇ ਪਾਣੀ ਦੀਆਂ ਕਿੰਨੀਆਂ ਬਾਲਟੀਆਂ ਮੈਂ ਅਪਣੇ ਸਿਰ ਵਿਚ ਪਾ ਲਈਆਂ ਸਨ... ਸਿਰ ਨੂੰ ਵਾਰ-ਵਾਰ ਮਲ ਰਿਹਾ ਸਾਂ, ਅੱਖਾਂ ਵਿਚ ਠੰਡੇ ਪਾਣੀ ਦੇ ਛਿੱਟੇ ਮਾਰ ਰਿਹਾ ਸਾਂ, ਨਾਸਾਂ ਨੂੰ ਸੁਣਕ ਰਿਹਾ ਸਾਂ, ਕੰਨਾਂ ਵਿਚ ਉਂਗਲੀਆਂ ਘੁੰਮਾ ਕੇ ਸਾਫ ਕਰ ਰਿਹਾ ਸਾਂ।

ਬਾਥ ਵਿਚੋਂ ਨਿਕਲ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ, ਅਰਦਾਸ ਕੀਤੀ, ਦਿਮਾਗ ਜ਼ਰਾ ਠੰਡਾ ਹੋਇਆ ਤਾਂ ਅਪਣੇ ਆਪ ਨੂੰ ਕਿਹਾ,




'ਅੰਤਿਮ ਨਿਆਏ' ਫਿਲਮ ਦੇ ਮਹੂਰਤ ਵੇਲੇ ਗੁਰਚਰਨ ਸੱਗੂ ਫਿਲਮ ਦੇ ਕਲਾਕਾਰਾਂ ਨਾਲ।



ਗੁਰਚਰਨ ਸੱਗੂ

'ਮਿਸਟਰ ਸੱਗੂ ਇਹ ਡਾਇਰੈਕਟਰੀ ਦਾ ਭੂਤ ਅੰਦਰੋਂ ਕੱਢ, ਤੇ ਕਿਸੇ ਵੀ ਤਰ੍ਹਾਂ ਹੋਰ ਡਾਇਰੈਕਟਰ ਨੂੰ ਲੈ ਕੇ ਫਿਲਮ ਖਤਮ ਕਰ। ਤੂੰ ਪਹਿਲੇ ਹੀ ਚੱਕਰ ਵਿਚ ਫਸਿਆ ਹੋਇਆ ਏਂ, ਇਸ ਨਵੇਂ ਚੱਕਰ ਵਿਚ ਹੋਰ ਨਾ ਪੈ, ਡਾਇਰੈਕਟਰੀ ਦੇ ਚੱਕਰ ਵਿਚ ਪੈ ਗਿਆ ਤਾਂ ਨਵਾਂ ਪੰਗਾ ਖੜ੍ਹਾ ਕਰ ਲਵੇਂਗਾ, ਹੋਰ ਉਲਝ ਜਾਵੇਂਗਾ... ਇਸ ਵਿਚੋਂ ਨਿਕਲ... ਤੇ ਜਲਦੀ ਨਿਕਲ। ਫਿਲਮ ਦੀ ਨਵੀਂ ਸੋਚ ਸੋਚਦਿਆਂ ਇਕ ਦਿਨ ਕਿਸੇ ਮੇਰੀ ਮੁਲਾਕਾਤ ਸੁਖਵੰਤ ਢੱਡਾ ਨਾਲ ਕਰਵਾ ਦਿੱਤੀ। ਸੁਖਵੰਤ ਢੱਡਾ ਜਿਸ ਨੇ ਕੁਝ ਸਮਾਂ ਪਹਿਲਾਂ ਰਾਜਿੰਦਰ ਸਿੰਘ ਬੇਦੀ ਦੇ ਪੰਜਾਬੀ ਨਾਵਲ 'ਇਕ ਚਾਦਰ ਅਧੋਰਾਣੀ' ਨੂੰ ਲੈ ਕੇ ਹਿੰਦੀ ਫਿਲਮ 'ਏਕ ਚਾਦਰ ਮੈਲੀ' ਬਣਾਈ ਸੀ। ਇਸ ਫਿਲਮ ਦੀ ਕਾਸਟ ਵੀ ਵੱਡੀ ਸੀ, ਹੇਮਾ ਮਾਲਿਨੀ, ਰਿਸ਼ੀ ਕਪੂਰ ਤੇ ਕੁਲਭੂਸ਼ਨ ਖਰਬੰਦਾ।

ਮੈਂ ਸਮਝਿਆ ਇਹ ਬੰਦਾ ਹੈ ਵੀ ਪੰਜਾਬੀ, ਵੱਡੇ ਐਕਟਰਾਂ ਨੂੰ ਲੈ ਕੇ ਫਿਲਮ ਬਣਾ ਚੁੱਕਿਆ ਹੈ, ਤਜਰਬਾ ਹੈ ਇਸ ਕੋਲ। ਇਸ ਦੀ ਇੰਡਸਟਰੀ ਵਿਚ ਵਾਕਫੀਅਤ ਵੀ ਹੈ, ਇਹ ਹੀ ਫਿਲਮ ਖਤਮ ਕਰਨ ਲਈ ਮੇਰਾ ਸਹਾਈ ਹੋ ਸਕਦਾ ਹੈ, ਇਹ ਮੇਰੀ ਮਜਬੂਰੀ ਨੂੰ ਸਮਝ ਵੀ ਸਕਦਾ ਹੈ, ਫਿਲਮ ਨੂੰ ਬਚਾ ਵੀ ਸਕਦਾ ਹੈ, ਜ਼ਿਆਦਾ ਕੱਟ ਵੱਢ ਨਹੀਂ ਕਰੇਗਾ ਸਗੋਂ ਨਵੇਂ ਸੀਨ ਪਾ ਕੇ ਫਿਲਮ ਨੂੰ ਰੋਚਿਕ ਬਣਾ ਦੇਵੇਗਾ।

ਮੈਂ 'ਏਕ ਚਾਦਰ ਮੈਲੀ' ਦੀ ਕੈਸਿਟ ਮੰਗਵਾ ਕੇ ਤਿੰਨ ਚਾਰ ਵਾਰ ਵੇਖੀ, ਸੀਨਾਂ ਦੀ ਫਿਨਿਸ਼ਿੰਗ ਅੱਛੀ ਲੱਗੀ, ਡਾਇਲਾਗ ਅੱਛੇ ਲੱਗੇ ਤੇ ਸੁਖਵੰਤ ਨੂੰ ਸਾਈਨ ਕਰਨ ਦਾ ਮਨ ਬਣਾ ਲਿਆ।

ਇਕ ਥੀਏਟਰ ਕਿਰਾਏ 'ਤੇ ਲੈ ਕੇ ਉਸ ਨੂੰ ਫਿਲਮ ਵਿਖਾਉਣ ਲੈ ਗਿਆ। ਮੈਂ ਨਾਲ ਦੀ ਸੀਟ 'ਤੇ ਬੈਠਾ ਹੋਇਆ ਸਾਂ, ਹਰ ਸੀਨ 'ਤੇ ਉਸਦਾ ਰੀਐਕਸ਼ਨ ਨੋਟ ਕਰ ਰਿਹਾ ਸਾਂ ਤੇ ਆਪਣੇ ਆਪ ਨੂੰ ਹੌਸਲਾ ਦੇਈ ਜਾ ਰਿਹਾ ਸਾਂ ਕਿ ਉਹ ਸੀਨ ਨੂੰ ਨੋਟ ਪੇਪਰ 'ਤੇ ਲਿਖ ਰਿਹਾ ਸੀ। ਫਿਲਮ ਖਤਮ ਹੋਈ ਕੋਈ ਸ਼ਾਮ ਦੇ ਸੱਤ ਵਜੇ। ਅਸੀਂ ਸਾਰੇ ਮੇਰੇ ਫਲੈਟ ਵਿਚ ਵਾਪਸ ਆ ਗਏ। ਵਿਸਕੀ ਦੀ ਬੋਤਲ ਆ ਗਈ; ਕਬਾਬ, ਚਿਕਨ ਟਿੱਕਾ ਤੇ ਤੰਦੂਰੀ ਮੱਛੀ ਵੀ ਆ ਗਈ। ਅਸੀਂ ਪੈੱਗ ਚੁੱਕੇ , ਟਕਰਾਏ ਤੇ ਚੀਅਰਜ਼ ਕੀਤਾ। ਸੁਖਵੰਤ ਨੇ ਨੋਟ ਕੀਤੇ ਪੁਆਇੰਟ ਮੈਨੂੰ ਦੱਸਦਿਆਂ ਕਿਹਾ:-

'ਸੱਗੂ ਸਾਹਿਬ, ਫਿਲਮ ਏਨੀ ਮਾੜੀ ਨਹੀਂ ਜਿੰਨਾ ਤੁਸੀਂ ਫਿਕਰ ਕਰਦੇ ਹੋ, ਇਨ੍ਹਾਂ ਰੀਲਾਂ ਵਿਚੋਂ ਸੱਤ ਅੱਠ ਬੜੀ ਅੱਛੀ ਤਰ੍ਹਾਂ ਬਚਾਈਆਂ ਜਾ ਸਕਦੀਆਂ ਨੇ। ਮੈਂ ਤੁਹਾਡੀ ਇਹ ਹੀ ਫਿਲਮ ਕੰਪਲੀਟ ਕਰਾਂਗਾ, ਫਿਲਮ ਬਚਾਵਾਂਗਾ, ਤੁਹਾਡੀ ਇਹ ਚੌਥੀ ਦੁਨੀਆ-ਤੁਹਾਨੂੰ ਡੁੱਬਣ ਨਹੀਂ ਦੇਣਾ ਮੈਂ। ਜੈਕੀ ਸ਼ਰਾਫ ਨੂੰ ਮੈਂ ਜਾਣਦਾ ਹਾਂ, ਆਪਾਂ ਕੱਲ੍ਹ ਹੀ ਜਾ ਕੇ ਉਸ ਨੂੰ ਮਿਲ ਲਵਾਂਗੇ ਤੇ ਦਸ ਆਵਾਂਗੇ ਕਿ ਇਹ ਫਿਲਮ ਮੈਂ 'ਟੇਕ ਓਵਰ' ਕਰ ਲਈ ਹੈ। ਆਪਾਂ ਇਸ ਵਿਚ ਨਵੇਂ ਧਮਾਕੇਦਾਰ ਸੀਨ ਪਾਵਾਂਗੇ, ਨਵਾਂ ਮਿਊਜ਼ਿਕ ਪਾਵਾਂਗੇ, ਨਵੇਂ ਗੀਤ, ਨਵੀਂ ਆਊਟਡੋਰ ਸ਼ੂਟਿੰਗ, ਫਿਲਮ ਹਿੱਟ ਹੀ ਹਿੱਟ-ਆਪਣੀ ਫਿਲਮਾਂ ਵਿਚ ਟੌਪ ਦੀ ਜੋੜੀ ਪ੍ਰੋਡਿਊਸਰ ਡਾਇਰੈਕਟਰ ਦੀ ਬਣ ਜਾਵੇਗੀ ਇਕ ਦਿਨ... ਹਿੱਟ ਹੀ ਹਿੱਟ।

ਅਸੀਂ ਗਲਾਸਾਂ ਨਾਲ ਗਲਾਸ ਟਕਰਾਏ, ਫਿਰ ਚੀਅਰਜ਼ ਕੀਤਾ। ਫਿਲਮ ਨੂੰ ਜਲਦੀ ਖਤਮ ਕਰਨ ਦਾ ਪ੍ਰਣ ਕਰਕੇ ਇਕ ਨਵੀਂ ਸੋਚ ਨਾਲ ਰਾਤ ਦੇ ਬਾਰਾਂ ਵਜੇ ਲਾਗਲੇ ਰੈਸਟੋਰੈਂਟ ਵਿਚ ਖਾਣਾ ਖਾਣ ਲਈ ਨਿਕਲ ਗਏ।

ਅਗਲੇ ਦੋ ਚਾਰ ਦਿਨਾਂ ਵਿਚ ਅਸੀਂ ਜੈਕੀ ਸ਼ਰਾਫ ਤੇ ਨੀਲਮ ਨੂੰ ਮਿਲ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ। ਉਹਨਾਂ ਕੋਈ ਇਤਰਾਜ਼ ਨਾ ਕੀਤਾ, ਉਹ ਤਾਂ ਪਹਿਲੇ ਹੀ ਸੁਨੀਲ ਘੋਸ਼ ਦੀ ਡਾਇਰੈਕਟਰੀ ਤੋਂ ਖੁਸ਼ ਸਨ। ਵੈਸੇ ਵੀ ਉਹਨਾਂ ਤਾਂ ਪੈਸੇ ਲੈਣੇ ਸਨ ਤੇ ਪੈਸੇ ਉਹਨਾਂ ਨੂੰ ਫਿਲਮ ਦਾ ਕੰਮ ਖਤਮ ਕਰਕੇ ਹੀ ਮਿਲਣੇ ਸਨ। ਇਸੇ ਤਰ੍ਹਾਂ ਸੁਖਵੰਤ ਨੇ ਕੈਮਰਾਮੈਨ ਤੇ ਯੂਨਿਟ ਦੇ ਹੋਰ ਮੈਂਬਰ ਵੀ ਇਕ ਇਕ ਕਰਕੇ ਬਦਲ ਦਿੱਤੇ।

(ਚਲਦਾ)

# ਆਸਕਰ ਜੇਤੂ ਫਿਲਮਾਂ ਅਤੇ ਸਾਡੀ ਦੁਨੀਆ

ਰਾਮਜੀ ਤਿਵਾੜੀ



ਆਸਕਰ ਪੁਰਸਕਾਰਾਂ ਦਾ ਠੱਪਾ ਲੱਗਣਾ ਇਸ ਗੱਲ ਲਈ ਕਾਫੀ ਮੰਨਿਆ ਜਾਂਦਾ ਹੈ ਕਿ ਵਿਸ਼ਵੀ ਪੱਧਰ 'ਤੇ ਇਸ ਫਿਲਮ ਦੀ ਮੰਗ ਭਵਿੱਖ ਵਿਚ ਵੀ ਹਮੇਸ਼ਾ ਬਣੀ ਰਹੇਗੀ। ਜਿੱਤਣ ਵਾਲੀਆਂ ਫਿਲਮਾਂ ਤੋਂ ਇਲਾਵਾ ਇਹ ਗੱਲ ਆਸਕਰ ਲਈ ਨਾਮਜ਼ਦ ਫਿਲਮਾਂ ਉਤੇ ਵੀ ਲਾਗੂ ਹੁੰਦੀ ਹੈ। ਸਾਲ 2008 ਵਿਚ ਇਸ ਪੁਰਸਕਾਰ ਨੂੰ ਜਿੱਤਣ ਵਾਲੀ ਫਿਲਮ 'ਸਲਮਡਾਗ ਕਰੋੜਪਤੀ' ਅਤੇ ਉਸ ਵਿਚ ਬਿਹਤਰੀਨ ਸੰਗੀਤਕਾਰ ਦਾ ਪੁਰਸਕਾਰ ਜਿੱਤਣ ਵਾਲੇ ਏ.ਆਰ ਰਹਿਮਾਨ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਅੱਜ ਇਸ ਗੱਲ 'ਤੇ ਘੱਟ ਹੀ ਬਹਿਸ ਹੁੰਦੀ ਹੈ ਕਿ 'ਜੈ ਹੋ' ਨਾ ਤਾਂ ਗੁਲਜ਼ਾਰ ਦਾ ਸਰਵੋਤਮ ਗੀਤ ਹੈ ਅਤੇ ਨਾ ਹੀ ਉਸ ਵਿਚ ਦਿੱਤਾ ਗਿਆ ਸੰਗੀਤ ਏ.ਆਰ. ਰਹਿਮਾਨ ਦੀ ਸਮਰਥਾ ਦੀ ਬੁਲੰਦੀ ਹੈ। ਰਹੀ ਗੱਲ ਫਿਲਮ ਦੀ ਤਾਂ ਉਸ ਨੂੰ ਵੀ ਸਿਰਫ ਇਸ ਲਈ ਆਲੋਚਨਾਤਮਕ ਢੰਗ ਨਾਲ ਵਿਸ਼ਲੇਸ਼ਿਤ ਨਹੀਂ ਕੀਤਾ ਜਾਂਦਾ ਕਿਉਂਕਿ ਉਸ ਨੇ ਆਸਕਰ ਪੁਰਸਕਾਰ ਜਿੱਤਿਆ ਹੈ। ਨਹੀਂ ਤਾਂ ਤੁਸੀਂ ਇਹ ਜਾਣਦੇ ਹੀ ਹੋ ਕਿ ਉਹ ਫਿਲਮ ਸਮਾਜ ਅਤੇ ਜੀਵਨ ਦੀ ਬਰਾਬਰ ਧਾਰਾ ਦੀ ਕਹਾਣੀ ਨਹੀਂ ਕਹਿੰਦੀ। ਵਰਤਮਾਨ ਵਿਵਸਥਾ ਇਸ ਡਰ ਨਾਲ ਕੰਬਦੀ ਰਹਿੰਦੀ ਹੈ ਕਿ ਆਮ ਆਦਮੀ ਦੇ ਮਨ ਵਿਚ ਇਸ ਵਿਵਸਥਾ ਪ੍ਰਤੀ ਜਿਹੜਾ ਰੋਸ ਅਤੇ ਗੁੱਸਾ ਪੈਦਾ ਹੋਇਆ ਹੈ, ਉਹ ਕਿਤੇ ਫੁੱਟ ਨਾ ਜਾਵੇ। ਇਸ ਲਈ ਉਹ ਸਾਨੂੰ ਸੁਫਨੇ ਵਿਚ ਰੱਖਣਾ ਜ਼ਰੂਰੀ ਸਮਝਦੀ ਹੈ ਕਿ ਤੁਸੀਂ ਵੀ ਸਿੰਘਾਸਨ ਦੀ ਉਸ ਕਤਾਰ ਵਿਚ ਪਹੁੰਚ ਸਕਦੇ ਹੋ, ਬਸ਼ਰਤੇ ਕਿ ਤੁਹਾਡੀ ਕਿਸਮਤ ਤੁਹਾਡਾ ਸਾਥ ਦੇਵੇ।

ਪੂਰੀ ਦੁਨੀਆ ਵਿਚ ਆਸਕਰ ਪੁਰਸਕਾਰਾਂ ਪ੍ਰਤੀ ਮੋਹ ਅਤੇ ਭਰਮ ਪਾਇਆ ਜਾਂਦਾ ਹੈ, ਜਦੋਂ ਕਿ ਹਕੀਕਤ ਇਹ ਹੈ ਕਿ ਇਹ ਪੁਰਸਕਾਰ ਅਮਰੀਕੀ ਫਿਲਮ ਉਦਯੋਗ 'ਹਾਲੀਵੁੱਡ' ਦੇ ਪੁਰਸਕਾਰ ਹਨ, ਜਿਸ ਨੂੰ 'ਅਕੈਡਮੀ ਆਫ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਜ਼' ਵੱਲੋਂ ਹਰ ਸਾਲ ਪ੍ਰਦਾਨ ਕੀਤਾ ਜਾਂਦਾ ਹੈ। ਇਨ੍ਹਾਂ ਦੀ ਸ਼ੁਰੂਆਤ 1929 ਵਿਚ ਕੀਤੀ ਗਈ ਸੀ। ਇਸ ਵਿਚ ਨਾਮਜ਼ਦਗੀ ਲਈ ਇਹ ਜ਼ਰੂਰੀ ਹੈ ਕਿ ਉਹ ਫਿਲਮ ਲਾਸ ਐਂਜਲਿਸ ਦੇ ਕੈਲੀਫੋਰਨੀਆ ਸ਼ਹਿਰ ਵਿਚ ਉਸ ਸਾਲ ਜਨਵਰੀ ਤੋਂ ਦਸੰਬਰ ਦੇ ਮੱਧ ਵਿਚ ਰਿਲੀਜ਼ ਹੋਵੇ। ਮੋਸ਼ਨ ਪਿਕਚਰਸ ਅਕਾਦਮੀ ਦੇ ਮੈਂਬਰ ਹੀ ਇਸ ਦੀ ਚੋਣ ਕਮੇਟੀ ਦੇ ਮੈਂਬਰ ਹੁੰਦੇ ਹਨ, ਜਿਨ੍ਹਾਂ ਦੀ ਗਿਣਤੀ ਲਗਪਗ 6000 ਹੈ। ਹਾਲੇ ਤੱਕ 84 ਸਾਲਾਂ ਦੇ ਇਤਿਹਾਸ ਵਿਚ ਸਰਵੋਤਮ ਫਿਲਮ ਦਾ ਪੁਰਸਕਾਰ ਜਿੱਤਣ ਵਾਲੀਆਂ ਸਿਰਫ ਅੱਠ ਹੀ ਫਿਲਮਾਂ ਅਜਿਹੀਆਂ ਹਨ, ਜੋ ਹਾਲੀਵੁੱਡ ਤੋਂ ਬਾਹਰ ਬਣੀਆਂ ਹਨ ਅਤੇ ਹੈਰਾਨੀਜਨਕ ਢੰਗ ਨਾਲ ਬਾਹਰ ਵਾਲੇ ਇਸ ਦੇਸ਼ ਦਾ ਨਾਮ ਬ੍ਰਿਟੇਨ ਹੀ ਹੈ। ਇਹ ਪੁਰਸਕਾਰ ਕੁੱਲ 24 ਸ਼੍ਰੇਣੀਆਂ ਵਿਚ ਦਿੱਤੇ ਜਾਂਦੇ ਹਨ, ਜਿਸ ਵਿਚ ਇਕ ਸ਼੍ਰੇਣੀ ਵਿਦੇਸ਼ੀ ਫਿਲਮਾਂ ਦੀ ਵੀ ਹੈ। ਪਹਿਲਾਂ ਇਸ ਸ਼੍ਰੇਣੀ ਵਿਚ 5 ਫਿਲਮਾਂ ਦੀ ਚੋਣ ਹੁੰਦੀ ਸੀ, ਜਿਸ ਨੂੰ ਅੱਜ-ਕੱਲ੍ਹ ਵਧਾ ਕੇ 10 ਕਰ ਦਿੱਤਾ ਗਿਆ ਹੈ।

ਇਨ੍ਹਾਂ ਸਵਾਲਾਂ ਨੂੰ ਦੇਖਣ ਤੋਂ ਪਹਿਲਾਂ ਸਾਨੂੰ ਫਿਲਮਾਂ ਦੀ ਬਣਤਰ ਅਤੇ ਉਦੇਸ਼ ਨੂੰ ਵੀ ਦੇਖ ਲੈਣਾ ਚਾਹੀਦਾ ਹੈ। ਆਖਿਰ ਇਨ੍ਹਾਂ ਦੇ ਬਣਨ ਅਤੇ ਦੇਖੇ ਜਾਣ ਦੇ ਪਿੱਛੇ ਕਿਹੜੀ ਮਾਨਸਿਕਤਾ ਕੰਮ ਕਰਦੀ ਹੈ। ਉਹ ਕਿਹੜੀ ਚੀਜ਼ ਹੈ ਜੋ ਤੁਹਾਨੂੰ ਸਿਨੇਮਾ ਘਰਾਂ ਤੱਕ ਖਿੱਚ ਲੈ ਜਾਂਦੀ ਹੈ। ਕੀ ਇਹ ਮਨੋਰੰਜਨ ਤੱਕ ਸੀਮਤ ਹੈ? ਜਾਂ ਫਿਰ ਇਨ੍ਹਾਂ ਦੇ ਬਣਾਉਣ ਵਿਚ ਵਰਤੀ ਗਈ ਤਕਨੀਕ ਦਾ ਆਕ੍ਰਸ਼ਣ ਤੁਹਾਨੂੰ ਖਿੱਚਦਾ ਹੈ? ਇਹ ਅਦਾਕਾਰੀ ਹੈ ਜਾਂ ਕਹਾਣੀ, ਗੀਤ ਹੈ ਜਾਂ ਸੰਗੀਤ ਜਿਸ ਨੂੰ ਦੇਖਣ ਲਈ ਤੁਹਾਡਾ ਮਨ ਉਤਸ਼ਾਹਿਤ ਹੁੰਦਾ ਹੈ? ਦਰਅਸਲ ਫਿਲਮਾਂ ਇਨ੍ਹਾਂ ਸਭ ਦੇ ਹੁੰਦੇ ਹੋਏ ਕੁਝ ਹੋਰ ਗੱਲਾਂ ਲਈ ਵੀ ਦੇਖੀਆਂ ਅਤੇ ਬਣਾਈਆਂ ਜਾਂਦੀਆਂ ਹਨ। ਉਹ ਆਪਣੇ ਸਮੇਂ ਅਤੇ ਸਮਾਜ ਦਾ ਸ਼ੀਸ਼ਾ ਹੁੰਦੀਆਂ ਹਨ, ਜਿਸ ਵਿਚ ਇਕ ਪਾਸੇ ਸਮਾਜ ਆਪਣਾ ਇਤਿਹਾਸਕ ਚਿਹਰਾ ਦੇਖਦਾ ਹੈ, ਤਾਂ ਦੂਸਰੇ ਪਾਸੇ ਉਸ ਚਿਹਰੇ ਨੂੰ ਭਵਿੱਖ ਵਿਚ ਬਿਹਤਰ ਬਣਾਉਣ ਦਾ ਸੁਪਨਾ ਵੀ ਸਿਰਜਦਾ ਹੈ।

ਇਨ੍ਹਾਂ ਪੁਰਸਕਾਰਾਂ ਦੀ ਗਲੋਬਲ ਪਹਿਚਾਣ ਅਤੇ ਮਨਜ਼ੂਰੀ ਦੇ ਆਧਾਰ 'ਤੇ ਜੇਕਰ ਅਸੀਂ ਇਸ ਦੀ ਪੜਤਾਲ ਕਰਦੇ ਹਾਂ ਕਿ ਇਨ੍ਹਾਂ ਦੇ 84 ਸਾਲਾਂ ਦੇ ਇਤਿਹਾਸ ਵਿਚ ਸਾਡੇ ਸਮੇਂ ਅਤੇ ਸਮਾਜ ਦੀ ਕੋਈ ਤਸਵੀਰ ਬਣਦੀ ਵੀ ਹੈ ਜਾਂ ਨਹੀਂ, ਤਾਂ ਸਾਡੇ ਨਿਰਾਸ਼ਾ ਹੀ ਹੱਥ ਲੱਗਦੀ ਹੈ। ਸਰਵੋਤਮ ਫਿਲਮਾਂ ਦੇ ਆਧਾਰ 'ਤੇ ਇਨ੍ਹਾਂ ਸਾਲਾਂ ਦੀ ਦੁਨੀਆ 'ਤੇ ਜਦੋਂ ਅਸੀਂ ਨਜ਼ਰ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ 1929 ਤੋਂ ਲੈ ਕੇ 1945 ਤੱਕ ਦੇ 16 ਸਾਲਾਂ ਨੂੰ ਛੱਡ ਕੇ, ਬਾਕੀ ਸਮੇਂ ਵਿਚ ਦੁਨੀਆ 'ਤੇ ਅਮਰੀਕੀ ਸਰਦਾਰੀ ਅਤੇ ਕਬਜ਼ਾ ਹੀ ਦਿਖਾਈ ਦਿੰਦਾ ਹੈ।

ਇਕ ਅਜਿਹਾ ਦੇਸ਼ ਜੋ ਹਰ ਘਟਨਾ ਨੂੰ ਆਪਣੀ ਹੋਂਦ ਨਾਲ ਜੋੜ ਕੇ ਦੇਖਣ ਦਾ ਆਦੀ ਹੋਵੇ, ਉਸ ਦੀਆਂ ਫਿਲਮਾਂ ਨੂੰ ਦੇਖਣ ਦਾ ਆਧਾਰ ਵੀ ਗਲੋਬਲ ਹੀ ਹੋਣਾ ਚਾਹੀਦਾ ਹੈ। ਅਸੀਂ ਅਜਿਹੀ ਉਮੀਦ ਕਿਸੇ ਤੀਸਰੀ ਦੁਨੀਆ ਦੇ ਫਿਲਮੀ ਉਦਯੋਗ ਤੋਂ ਨਹੀਂ ਕਰ ਸਕਦੇ ਕਿਉਂਕਿ ਇਨ੍ਹਾਂ ਦੇਸ਼ ਦਾ ਦੁਨੀਆਵੀ ਦਖ਼ਲ ਬੇਹੱਦ ਸੀਮਤ ਅਤੇ ਸਥਾਨਕ ਹੁੰਦਾ ਹੈ। ਅਮਰੀਕਾ ਦੀ ਗੱਲ ਆਉਂਦੇ ਹੀ ਸਾਡੇ ਦਿਮਾਗ ਵਿਚ ਦੁਨੀਆ ਦੇ ਚੌਧਰੀ ਬਣਨ ਵਾਲੀ ਉਸ ਦੀ ਤਸਵੀਰ ਸਾਹਮਣੇ ਉਭਰਦੀ ਹੈ। ਸੰਪਤੀ, ਸੱਤਾ ਅਤੇ ਅਮੀਰੀ ਦੀ ਚੋਟੀ 'ਤੇ ਬੈਠੇ ਹੋਣ ਦੀ ਤ੍ਰਾਸਦੀ ਉਸ ਦੇ ਪੈਰਾਂ ਵਿਚ ਚੱਕਰ ਬਣਾਉਂਦੀ ਹੈ ਅਤੇ ਉਹ ਦੇਸ਼ ਉਸ ਨੂੰ ਹੋਰ ਜ਼ਿਆਦਾ ਸੁਰੱਖਿਅਤ ਕਰਨ ਦੀ ਭਾਲ ਵਿਚ 'ਹੋਰ ਜ਼ਿਆਦਾ-ਹੋਰ ਜ਼ਿਆਦਾ' ਵਟੋਰਨ ਨੂੰ ਹੀ ਆਪਣਾ ਮਕਸਦ ਮੰਨਣ ਲੱਗਦਾ ਹੈ।

ਫਿਲਮ ਪੁਰਸਕਾਰਾਂ ਦੀ ਸ਼ੁਰੂਆਤ ਤੋਂ ਬਾਅਦ ਦੀ ਸਭ ਤੋਂ ਵੱਡੀ ਘਟਨਾ ਦੂਸਰੇ ਵਿਸ਼ਵ ਯੁੱਧ ਦਾ ਪਾਗਲਪਨ ਅਤੇ ਉਸ ਖ਼ਤਮ ਹੁੰਦੇ ਯੁੱਧ 'ਤੇ ਅਮਰੀਕੀ ਪ੍ਰਮਾਣੂ ਬੰਬ ਦੇ ਭੌਤਿਕ ਪ੍ਰਯੋਗ ਦੀ ਕੋਸ਼ਿਸ਼ ਹੈ, ਪਰ ਆਕਸਰ ਜੇਤੂ ਫਿਲਮਾਂ ਦੀ ਸੂਚੀ ਦੇਖਣ 'ਤੇ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਵਿਚ ਇਸ ਪਿੱਠਭੂਮੀ 'ਤੇ ਬਣੀਆਂ ਫਿਲਮਾਂ ਲਗਪਗ ਗਾਇਬ ਹਨ ਅਤੇ ਜਿਹੜੀਆਂ ਤਿੰਨ ਫਿਲਮਾਂ ਇਸ ਯੁੱਧ ਨਾਲ ਕਿਤੇ ਨਹੀਂ ਜੁੜਦੀਆਂ, ਉਹ ਵੀ ਉਨ੍ਹਾਂ ਜ਼ਾਲਿਮ ਅਤੇ ਮਾੜੇ ਕੰਮਾਂ ਨੂੰ ਦੂਰ ਤੋਂ ਹੀ ਛੂਹ ਕੇ ਗੁਜ਼ਰ ਜਾਂਦੀਆਂ ਹਨ। 1946 ਦੀ ਫਿਲਮ 'ਬੈਸਟ ਈਅਰਸ ਆਫ ਆਵਰ ਲਾਈਫਸ' ਹੋਵੇ ਜਾਂ 1957 ਦੀ ਫਿਲਮ 'ਦਿ ਬ੍ਰਿਜ ਆਨ ਦਿ ਰਿਵਰ ਕਵਾਈ', ਦੋਨਾਂ ਵਿਚੋਂ ਕਿਸੇ ਵੀ ਫਿਲਮ ਤੋਂ ਯੁੱਧ ਦੀ ਤਸਵੀਰ ਸਾਫ਼ ਨਹੀਂ ਹੁੰਦੀ। ਤੀਸਰੀ ਫਿਲਮ 'ਸ਼ਿੰਡਲਰਸ ਲਿਸਟ' ਹੈ, ਜਿਹੜੀ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਦ੍ਰਿਸ਼ਾਂ ਨਾਲ ਮਨੁੱਖੀ ਕਦਰਾਂ-ਕੀਮਤਾਂ ਦੇ ਬਚੇ ਹੋਣ ਨੂੰ ਉਜਾਗਰ ਕਰਦੀ ਹੋਈ ਇਕ ਅਦਭੁਤ ਫਿਲਮ ਹੈ, ਪਰ ਇਸ ਵਿਚ ਅਮਰੀਕਾ ਕਿਤੇ ਨਹੀਂ ਆਉਂਦਾ। ਉਥੇ ਵਿਸ਼ਵ ਯੁੱਧ ਦੇ ਦੋ ਸਭ ਤੋਂ ਅਹਿਮ ਪੜਾਅ ਵੀ ਇਸ ਸੂਚੀ ਤੋਂ ਗਾਇਬ ਹੀ ਦਿਖਾਈ ਦਿੰਦੇ ਹਨ। ਲੇਨਿਨਗ੍ਰਾਦ ਦੀ ਹਿਟਲਰ ਦੁਆਰਾ ਕੀਤੀ ਗਈ ਘੇਰਾਬੰਦੀ, ਜਿਥੋਂ ਯੁੱਧ ਫੈਸਲਾਕੁੰਨ ਮੋੜ ਲੈਂਦਾ ਹੈ ਅਤੇ ਹਿਰੋਸ਼ੀਮਾ-ਨਾਗਾਸਾਕੀ 'ਤੇ ਸੁੱਟੇ ਗਏ ਪ੍ਰਮਾਣੂ ਬੰਬਾਂ ਦੀ ਕਹਾਣੀ, ਜਿਸ ਦਾ ਭਵਿੱਖ ਦੀ ਦੁਨੀਆ 'ਤੇ ਪ੍ਰਭਾਵ ਬੇਹੱਦ ਅਹਿਮ ਮੰਨਿਆ ਜਾਂਦਾ ਹੈ, ਕਿਉਂਕਿ ਇਹ ਮਨੁੱਖੀ ਜਾਤੀ ਦੀ ਹੋਂਦ ਨਾਲ ਜੁੜਿਆ ਹੋਇਆ ਸਵਾਲ ਹੈ, ਦੇ ਦ੍ਰਿਸ਼ ਕਿਸੇ ਵੀ ਫਿਲਮ ਦੇ ਕੈਮਰੇ ਵਿਚ ਦਰਜ ਦਿਖਾਈ ਨਹੀਂ ਦਿੰਦੇ ਹਨ।

ਇਸੇ ਤਰ੍ਹਾਂ ਤੀਸਰੀ ਦੁਨੀਆ ਦੀ ਆਜ਼ਾਦੀ ਦਾ ਸੰਘਰਸ਼ ਵੀ ਇਸ ਸੂਚੀ ਤੋਂ ਲਗਪਗ ਗਾਇਬ ਹੈ। ਇਥੇ ਰਿਚਰਡ ਐਟਨਬਰੋ ਵੱਲੋਂ ਨਿਰਦੇਸ਼ਿਤ ਫਿਲਮ 'ਗਾਂਧੀ' ਜੇਕਰ ਸਨਮਾਨਿਤ ਦਿਖਾਈ ਵੀ ਦਿੰਦੀ ਹੈ ਤਾਂ ਇਸ ਲਈ ਕਿ ਉਸ ਵਿਚ ਲੱਗੇ ਦਾਗ-ਧੱਬੇ ਬ੍ਰਿਟਿਸ਼ ਸਮਾਜ ਨੂੰ ਕਲੰਕਿਤ ਕਰਦੇ ਹਨ ਨਾ ਕਿ ਅਮਰੀਕੀ ਚਿਹਰੇ ਨੂੰ। ਇਸ ਸੂਚੀ ਵਿਚ ਦੱਖਣੀ ਅਮਰੀਕਾ ਨੂੰ ਆਪਣੇ ਪੰਜਿਆਂ ਵਿਚ ਕਸਣ ਲਈ ਚੱਲੀਆਂ ਗਈਆਂ ਅਮਰੀਕੀ ਚਾਲਾਂ ਵੀ ਸਿਰੇ ਤੋਂ ਗਾਇਬ ਹਨ। ਉਥੇ ਨਾ ਤਾਂ ਕਿਊਬਾ ਆਉਂਦਾ ਹੈ ਨਾ ਹੀ ਨਿਕਾਰਾਗੁਆ। ਇਨ੍ਹਾਂ ਵਿਚ ਤਾਂ ਇਹ ਵੀ ਨਹੀਂ ਪਤਾ ਲਗੱਦਾ ਕਿ ਇਸ ਮਹਾਦੀਪ ਵਿਚ ਪਿੱਠੂ ਤਾਨਾਸ਼ਾਹਾਂ ਦੇ ਮਾਧਿਅਮ ਨਾਲ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਅਮਰੀਕੀ ਖੇਡ ਕਿੰਨੀ ਭਿਆਨਕ ਹੈ। ਪੂਰੇ ਅਫਰੀਕਾ ਨੂੰ ਕਬੀਲਾਈ ਝਗੜਿਆਂ ਵਿਚ ਉਲਝਾ ਕੇ ਉਥੋਂ ਦੇ ਖਣਿਜ ਉਤਪਾਦਾਂ ਨੂੰ ਕਿਸ ਤਰ੍ਹਾਂ ਆਪਣੇ ਦੇਸ਼ ਦੀਆਂ ਬਹੁਰਾਸ਼ਟਰੀ ਕੰਪਨੀਆਂ ਨੂੰ ਸੌਂਪ ਦਿੱਤਾ ਗਿਆ ਹੈ, ਇਸ ਦੀ ਹਵਾ ਤੱਕ ਨਹੀਂ ਲੱਗਦੀ। ਅਫਰੀਕਾ ਕੇਂਦਰਿਤ (1985) ਕੀਨੀਆ ਵੱਲ ਨਜ਼ਰ ਤਾਂ ਉਠਦੀ ਹੈ, ਪਰ ਇਸ ਵਿਚ ਅਮਰੀਕਾ ਨਹੀਂ ਆਉਂਦਾ। ਉਥੇ ਚੀਨ ਕ੍ਰਾਂਤੀ ਉਤੇ ਵੀ ਆਸਕਰ ਦੀ ਨਜ਼ਰ ਬੇਹੱਦ ਦੂਰ ਹੈ। 1987 ਦੀ ਜੇਤੂ ਫਿਲਮ 'ਦਿ ਲਾਸਟ ਐਂਮਪਰਰ' ਉਸ ਪ੍ਰਕਿਰਿਆ ਨੂੰ ਨਹੀਂ ਸਮਝਦੀ, ਜਿਸ ਨੇ ਚੀਨੀ ਕ੍ਰਾਂਤੀ ਨੂੰ ਜਨਮ ਦਿੱਤਾ।

ਹੁਣ ਅਸੀਂ ਉਸ ਸਭ ਤੋਂ ਅਹਿਮ ਦੌਰ 'ਤੇ ਆਉਂਦੇ ਹਾਂ, ਜਿਸ ਨੇ ਅਮਰੀਕਾ ਨੂੰ ਅੰਦਰ ਤੱਕ ਹਿਲਾ ਦਿੱਤਾ ਸੀ ਅਤੇ ਉਹ ਸੀ 'ਵੀਅਤਨਾਮ ਦਾ ਯੁੱਧ'। ਇਸ 'ਤੇ ਬਣੀਆਂ ਦੋ ਫਿਲਮਾਂ 1978 ਦੀ 'ਡੀਅਰ ਹੰਟਰ' ਅਤੇ 1986 ਦੀ 'ਪਲਾਟੂਨ' ਨੂੰ ਆਸਕਰ ਪੁਰਕਸਾਰ ਮਿਲੇ ਹਨ। 'ਡੀਅਰ ਹੰਟਰ' ਵੀਅਤਨਾਮ ਯੁੱਧ ਦੇ ਅਮਰੀਕਾ ਉਤੇ ਪੈਣ ਵਾਲੇ ਪ੍ਰਭਾਵ ਨੂੰ ਅਮਰੀਕੀ ਸਮਾਜ ਦੇ ਮਾਧਿਅਮ ਨਾਲ ਦੇਖਦੀ ਹੈ ਅਤੇ ਉਥੇ ਜੇਕਰ ਵੀਅਤਨਾਮ ਦਾ ਮੋਰਚਾ ਆਉਂਦਾ ਵੀ ਹੈ, ਤਾਂ ਉਹ ਇਕ ਟ੍ਰੇਲਰ ਦੇ ਰੂਪ ਵਿਚ ਗੁਜ਼ਰ ਜਾਂਦਾ ਹੈ। ਉਸ ਨਾਲ ਸਾਨੂੰ ਉਸ ਦੀਆਂ ਜ਼ਮੀਨੀ ਹਕੀਕਤਾਂ ਪਤਾ ਨਹੀਂ ਚੱਲ ਪਾਉਂਦੀਆਂ। ਅਲਬੱਤਾ 'ਪਲਾਟੂਨ' ਵੀਅਤਨਾਮ ਵਿਚ ਚਲਦੀ ਹੋਈ ਫਿਲਮ ਹੈ, ਪਰ ਇਥੇ ਵੀ ਕੈਮਰਾ ਅਮਰੀਕੀ ਸੈਨਿਕਾਂ ਦੇ ਸੰਘਰਸ਼ਾਂ ਦੀਆਂ ਕਹਾਣੀਆਂ 'ਤੇ ਹੀ ਕੇਂਦਰਿਤ ਰਹਿੰਦਾ ਹੈ। ਉਹ ਇਹ ਗੋਲ ਕਰ ਜਾਂਦਾ ਹੈ ਕਿ 'ਸ਼ੇਰ' ਅਤੇ 'ਮੇਮਨੇ' ਦੇ ਇਸ ਯੁੱਧ ਵਿਚ ਜਦੋਂ 'ਸ਼ੇਰ' ਨੇ ਇੰਨੇ ਜ਼ਖ਼ਮ ਖਾਏ ਸਨ ਤਦ 'ਮੇਮਨੇ' ਦਾ ਕੀ ਹੋਇਆ ਹੋਵੇਗਾ।

ਇਸ ਸਦੀ ਦੇ ਸ਼ੁਰੂ ਵਿਚ ਹੀ 9/11 ਦੀ ਘਟਨਾ ਵਾਪਰ ਜਾਂਦੀ ਹੈ, ਜਿਸ ਵਿਚ ਅਮਰੀਕਾ ਪਹਿਲੀ ਵਾਰ ਅੱਤਵਾਦ ਦੇ ਦਰਖਤ ਦੇ ਉਸ ਫਲ ਨੂੰ ਖਾਂਦਾ ਹੈ, ਜਿਸ ਨੂੰ ਉਸ ਨੇ ਸ਼ੀਤ ਯੁੱਧ ਦੌਰਾਨ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚ ਬੀਜਿਆ ਸੀ। ਜਿਸ ਅਫਗਾਨਿਸਤਾਨ ਦੀਆਂ ਪਹਾੜੀਆਂ ਅਤੇ ਪਾਕਿਸਤਾਨ ਦੇ ਪੱਛਮੀ ਸਰਹੱਦ ਸੂਬੇ ਦੀਆਂ ਖਾਈਆਂ ਵਿਚ ਉਹ 'ਅੱਤਵਾਦ ਵਿਰੁੱਧ ਫੈਸਲਾਕੁੰਨ ਯੁੱਧ' ਲੜ ਰਿਹਾ ਹੈ, ਉਥੋਂ ਦੀਆਂ ਫਸਲਾਂ ਨੂੰ ਆਖਿਰ ਕਿਸ ਨੇ ਬੀਜਿਆ? ਫਿਰ ਅੱਜ ਜਦੋਂ ਉਹ ਖੜ੍ਹੀਆਂ ਹੋ ਕੇ ਲਹਿਰਾ ਰਹੀਆਂ ਹਨ ਤਾਂ ਉਸ ਨੂੰ ਕੰਬਣੀ ਕਿਉਂ ਛਿੜ ਰਹੀ ਹੈ? ਆਸਕਰ ਪੁਰਸਕਾਰਾਂ ਦੀ ਸੂਚੀ ਇਸ ਸਮੁੱਚੇ ਦ੍ਰਿਸ਼ ਨੂੰ ਵੀ ਸਾਫ਼ ਨਜ਼ਰ ਅੰਦਾਜ਼ ਕਰ ਦਿੰਦੀ ਹੈ।

ਆਸਕਰ ਦੀ ਇਸ ਸੂਚੀ ਵਿਚ ਕਾਮੇਡੀ ਅਤੇ ਇਤਿਹਾਸਕ ਫਿਲਮਾਂ ਦੀ ਭਰਮਾਰ ਹੈ। ਪਰ ਇਹ ਕਾਮੇਡੀ ਦੂਸਰੇ ਦੀ ਤਿਲਕਣ ਨਾਲ ਪੈਦਾ ਹੋਈ ਕਾਮੇਡੀ ਹੈ। ਉਸ ਵਿਚ ਇਹ ਹਿੰਮਤ ਨਹੀਂ ਕਿ ਉਹ ਆਪਣੇ ਉਪਰ ਹੀ ਹਸੇ।

ਆਸਕਰ ਜੇਤੂ ਫਿਲਮਾਂ ਨੂੰ ਦੇਖਣ ਤੋਂ ਬਾਅਦ ਤੁਸੀਂ ਇਸ ਦੁਨੀਆ ਅਤੇ ਸਮਾਜ ਦੀ ਆਮ ਸਮਝ ਵੀ ਵਿਕਸਤ ਨਹੀਂ ਕਰ ਪਾਓਗੇ ਅਤੇ ਨਾ ਹੀ ਇਨ੍ਹਾਂ ਤੋਂ ਤੁਸੀਂ ਕੋਈ ਅਜਿਹੀ ਤਸਵੀਰ ਹੀ ਬਣਾ ਪਾਓਗੇ, ਜਿਸ ਨੂੰ ਪਿਛਲੀ ਸਦੀ ਨੇ ਆਪਣੇ ਰੰਗਾਂ ਅਤੇ ਖ਼ੂਨ ਦੇ ਛਿੱਟਿਆਂ ਨਾਲ ਭਰਿਆ ਹੈ। ਇਥੇ ਅਮਰੀਕਾ ਦਾ ਚਿਹਰਾ ਹੀ ਦਿਖਦਾ ਹੈ, ਜੋ ਸਾਨੂੰ ਸਵਾਲ ਕਰਦਾ ਹੈ ਕਿ 'ਆਖਿਰ ਪੂਰੀ ਦੁਨੀਆ ਸਾਡੇ ਤੋਂ ਨਫ਼ਰਤ ਕਿਉਂ ਕਰਦੀ ਹੈ?' ਜਵਾਬ ਜਾਨਣ ਤੋਂ ਪਹਿਲਾਂ ਉਸ ਦਾ ਹੰਕਾਰ ਸਾਹਮਣੇ ਆ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਬਿਹਤਰ ਸਮਝਦਾ ਹੋਇਆ, ਉਠ ਕੇ ਚਲਾ ਜਾਂਦਾ ਹੈ। ਜੇਕਰ ਅਮਰੀਕਾ ਆਪਣੇ ਆਪ ਨੂੰ ਦੁਨੀਆ ਦਾ ਚੌਧਰੀ ਅਤੇ ਮੋਹਰੀ ਸਮਝਦਾ ਹੈ ਤਾਂ ਉਸ ਦੀਆਂ ਫਿਲਮਾਂ ਵਿਚ ਵੀ ਸਾਡੀ ਇਸ ਦੁਨੀਆ ਦੀ ਝਲਕ ਮਿਲਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਫਿਲਮਾਂ ਨੂੰ ਪੁਰਸਕਾਰ ਮਿਲਣਾ ਚਾਹੀਦਾ ਹੈ, ਜਿਸ ਵਿਚ ਇਹ ਚਿਹਰਾ ਸਾਫ਼ ਅਤੇ ਸਪਸ਼ਟ ਦਿਖਾਈ ਦਿੰਦਾ ਹੈ।

ਜੇਕਰ ਤੁਸੀਂ ਦੁਨੀਆ ਦੀ ਤਸਵੀਰ ਨੂੰ ਫਿਲਮਾਂ ਰਾਹੀਂ ਜਾਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਜਾਪਾਨ ਤੋਂ ਲੈ ਕੇ ਅਮਰੀਕਾ ਤੱਕ ਦੀ ਯਾਤਰਾ ਕਰਨੀ ਪਵੇਗੀ। ਇਸ ਵਿਚ ਸਾਰੇ ਪੜਾਅ ਆਉਣਗੇ ਅਤੇ ਤੁਹਾਨੂੰ ਉਥੇ ਰੁਕ ਕੇ ਉਸ ਨੂੰ ਦੇਖਣਾ ਅਤੇ ਸਮਝਣਾ ਹੋਵੇਗਾ। ਜ਼ਾਹਿਰ ਹੈ ਕਿ ਅਮਰੀਕਾ ਵੀ ਇਸ ਵਿਚ ਇਕ ਪੜਾਅ ਹੋਣਾ ਚਾਹੀਦਾ ਹੈ। ਕੀ ਤੁਸੀਂ ਜਾਣਦੇ ਹੋ ਕਿ ਇਕ ਔਸਤ ਅਮਰੀਕੀ ਦੁਨੀਆ ਦੀਆਂ ਫਿਲਮਾਂ ਦੇ ਬਾਰੇ ਕੀ ਰਾਏ ਰੱਖਦਾ ਹੈ? ਉਹ ਕਿਸ ਹੰਕਾਰ ਨਾਲ ਉਸ ਨੂੰ ਅਣਗੌਲਿਆ ਕਰਦਾ ਹੈ? ਉਹ ਤਾਂ ਤੀਸਰੀ ਦੁਨੀਆ ਦੀਆਂ ਫਿਲਮਾਂ ਨੂੰ, ਉਸ ਦੇ ਸਮਾਜ ਵਾਂਗ ਹੀ, ਦੇਖਣ ਯੋਗ ਵੀ ਨਹੀਂ ਸਮਝਦਾ। ਦੂਸਰੇ ਪਾਸੇ ਅਸੀਂ ਹਾਂ ਕਿ ਉਸ ਨੂੰ ਦੇਖੇ ਬਿਨਾਂ ਪਤਲੇ ਹੋਈ ਜਾ ਰਹੇ ਹਾਂ। ਇਹ ਠੀਕ ਹੈ ਕਿ ਉਨ੍ਹਾਂ ਦੀਆਂ ਫਿਲਮਾਂ ਬੇਹਤਰ ਤਕਨੀਕ ਵਾਲੀਆਂ ਹੁੰਦੀਆਂ ਹਨ ਅਤੇ ਉਸ ਦੀ ਵਿੱਤੀ ਤਾਕਤ ਉਨ੍ਹਾਂ ਨੂੰ ਬਣਾਉਣ ਦਾ ਇਕ ਮਜ਼ਬੂਤ ਆਧਾਰ ਵੀ ਮੁਹੱਈਆ ਕਰਦੀ ਹੈ, ਪਰ ਕੀ ਵਿੱਤ ਅਤੇ ਤਕਨੀਕ ਦੇ ਆਧਾਰ 'ਤੇ ਹੀ ਕੋਈ ਫਿਲਮ ਵਧੀਆ ਜਾਂ ਕਮਜ਼ੋਰ ਹੋ ਸਕਦੀ ਹੈ?

ਸਾਡੇ ਆਪਣੇ ਵਿਹੜੇ ਵਿਚ ਸੱਤਿਆਜੀਤ ਰਾਏ, ਵਿਮਲ ਰਾਏ, ਸ਼ਿਆਮ ਬੈਨੇਗਲ, ਗੌਤਮ ਘੋਸ਼, ਅਡੂਰ ਗੋਪਾਲਕ੍ਰਿਸ਼ਨ ਆਦਿ ਵਰਗੇ ਕਈ ਅਹਿਮ ਫਿਲਮਕਾਰ ਹਨ, ਜਿਨ੍ਹਾਂ ਦੀਆਂ ਫਿਲਮਾਂ ਦੁਨੀਆ ਭਰ ਵਿਚ ਦੇਖੀਆਂ ਅਤੇ ਸਲਾਹੀਆਂ ਜਾਂਦੀਆਂ ਹਨ। ਜਾਪਾਨ, ਇਰਾਨ, ਤੁਰਕੀ, ਇਟਲੀ, ਪੁਰਤਗਾਲ, ਚੀਨ ਅਤੇ ਫਰਾਂਸ ਵਰਗੇ ਦੇਸ਼ਾਂ ਦੀਆਂ ਫਿਲਮਾਂ ਅੱਜ ਦੁਨੀਆ ਭਰ ਵਿਚ ਵਿਰਾਸਤ ਦੇ ਰੂਪ ਵਿਚ ਦੇਖੀਆਂ-ਪਰਖੀਆਂ ਜਾਂਦੀਆਂ ਹਨ। ਅੱਜ ਹਾਲੀਵੁੱਡ ਦੀ ਹਾਲਤ ਮਾਡਰਨ ਸਾਹਿਤ ਵਰਗੀ ਹੋ ਗਈ ਹੈ, ਜਿਸ ਵਿਚ ਚਰਚਾ ਦਾ ਕੇਂਦਰ ਮਹਾਨਗਰ ਤਾਂ ਹੁੰਦਾ ਹੈ, ਪ੍ਰੰਤੂ ਰਚਨਾਤਮਕਤਾ ਦਾ ਨਹੀਂ।

ਇਸ ਵਿਹੜੇ ਤੋਂ ਬਾਹਰ ਨਿਕਲ ਕੇ ਤੁਸੀਂ ਸਿਧੇ ਪੱਛਮ ਵੱਲ ਆਪਣੇ ਕਦਮ ਨਾ ਪੁੱਟਣਾ। ਦੁਨੀਆ ਦੇ ਸਤਰੰਗੀ ਫਿਲਮਕਾਰ ਤੁਹਾਨੂੰ ਆਪਣੀ ਸਾਧਨਾ ਵਿਚ ਲੀਨ ਮਿਲਣਗੇ ਤਾਂ ਅਗਲੇ ਸਾਲ ਨਾਮਜ਼ਦਗੀ ਅਤੇ ਉਸ ਦੇ ਐਲਾਨ ਦੇ ਸਮੇਂ ਤੁਸੀਂ ਆਸਕਰ ਪੁਰਸਕਾਰਾਂ ਨੂੰ ਇਕ ਦੇਸ਼ ਦੇ ਫਿਲਮੀ ਉਦਯੋਗ ਦੇ ਪੁਰਸਕਾਰਾਂ ਦੇ ਰੂਪ ਵਿਚ ਹੀ ਦੇਖੋ ਅਤੇ ਸਰਵੋਤਮ ਸਿਨੇਮਾ ਨੂੰ ਦੇਖਣ ਦੀ ਇੱਛਾ ਮਨ ਵਿਚ ਆਉਂਦੇ ਹੀ ਭਾਰਤ ਦੀਆਂ ਹੋਰ ਭਾਸ਼ਾਵਾਂ ਤੋਂ ਲੰਘਦੇ ਹੋਏ ਦੁਨੀਆ ਭਰ ਦੇ ਸਿਨੇਮਾ ਦੀਆਂ ਗਲੀਆਂ ਨੂੰ ਵੀ ਛਾਣੋ। ਉਹ ਸਮਾਂ ਤੁਹਾਡੇ ਸਿਨੇਮਾ ਸ਼ੌਕ ਦੇ ਨਾਲ-ਨਾਲ ਖ਼ੁਦ ਸਿਨੇਮਾ ਲਈ ਵੀ ਸ਼ੁੱਭ ਹੋਵੇਗਾ।



# Royal

Royal Executive Homes

# Town Houses in Wildwood

Hurry 70% Sold



Available from **1232 sq** ft. to **1589 sq** ft. with attached Single and Double Garage. Starting price: **$ 299,900**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud
- Anthony Henday




SHOW HOME OPENING APRIL 2012

**For Show Home Hours: Contact 780-965-7390**

Wild Wood TOWN HOUSES
1820, 34th Ave
Edmonton.

780-965-7390
780-906-4497
royalexecutivehomes@hotmail.com



Jessy Parihar Ranjit Deol

**Sales Contact :**
**Mariola @ 780-970-0120**



ਅਲਬਰਟਾ ਸੂਬੇ ਦੀ ਬੇਹਤਰੀ, ਵਧੀਆ ਸਿਹਤ ਸੇਵਾਵਾਂ, ਸਿਖਿਆ ਅਤੇ ਬੱਚਿਆਂ ਦੇ ਉੱਜਲ ਭਵਿੱਖ ਲਈ ਚੁਣੋ

✓ ਸੁਹੇਲ ਕਾਦਰੀ

*"By being accessible, I will stand up for you and be your voice."*

Sohail Quadri

PC Alberta Candidate, Edmonton-Mill Woods

Quadri.votepc.ca

Residents of Mill Woods have often asked me what my priorities are. I have answered that my focus will be keeping our province on the right track by investing in healthcare, education and our children's future.

As your elected MLA, I will be vigilant and considerate of all the issues, while handling them responsibly. I am ready to work in a change-driven environment in order to respond in a timely manner. I will be part of a team which believes in transpar ency and integrity in governing Alberta.

PC Alberta

Authorized by the Progressive Conservative Association of Alberta
9823 – 103 St. NW, Edmonton, AB T5K 0X5. 780-423-1624

BRIDGEPORT HOMES LTD.

BEST PRICES IN TOWN
WE ASSURE BEATING MARKET PRICE

Now Lots available for big houses
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ ਗੱਲਬਾਤ ਕਰੋ

780-935-7718



Lots available for bi-Level homes in Silverberry Area



For more information call: Dolly Chauhan @ 780-935-7718